Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO WCOST
Call Sukhi Gill:510-207-9067
Jassi Gill
CA DRE Lic.#01180969
CA DRE# 00966763



Hardeep S. Rai
ਇੰਮੀਗ੍ਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 46, November 12, 2011 | 20451 N Plum Grove Rd. Palatine, IL 60074 | Ph:847-359-0746, Fax:847-705-9388

# ਮਨਪ੍ਰੀਤ ਦੇ ਸਿਆਸੀ ਜਲੌਅ ਤੋਂ ਵਿਰੋਧੀ ਫਿਕਰਮੰਦ

## ਅਮਰਿੰਦਰ ਤੇ ਬਾਦਲਕੇ ਹੋਏ ਪੱਬਾਂ ਭਾਰ, ਬਸਪਾ ਦਾ ਫੈਸਲਾ ਹੋਵੇਗਾ ਅਹਿਮ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਸਿਆਸੀ ਪਿੜ ਪੂਰੀ ਤਰ੍ਹਾਂ ਭਖ ਗਿਆ ਹੈ। ਸਾਰੀਆਂ ਸਿਆਸੀ ਪਾਰਟੀਆਂ ਆਪਣੀ ਮੁਹਿੰਮ ਨੂੰ ਤੇਜ਼ ਕਰ ਰਹੀਆਂ ਹਨ ਜਿਸ ਨਾਲ ਭਵਿੱਖ ਦਾ ਦ੍ਰਿਸ਼ ਵੀ ਸਾਫ ਹੋਣ ਲੱਗਾ ਹੈ। ਅਕਾਲੀ ਦਲ (ਬ) ਤੋਂ ਬਾਗੀ ਹੋਇਆ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਭਤੀਜਾ ਮਨਪ੍ਰੀਤ ਸਿੰਘ ਬਾਦਲ ਕੁਝ ਹੀ ਮਹੀਨਿਆਂ 'ਚ ਆਪਣੇ ਕਾਫ਼ਲੇ ਨੂੰ ਵਿਸ਼ਾਲ ਰੂਪ ਦੇਣ 'ਚ ਕਾਮਯਾਬ ਹੋ ਗਿਆ ਹੈ। ਸਿਆਸੀ ਮਾਹਿਰ ਭਾਵੇਂ ਮਨਪ੍ਰੀਤ ਬਾਦਲ ਦੀਆਂ ਕੋਸ਼ਿਸ਼ਾਂ ਨਾਲ ਬਣੇ ਸਾਂਝੇ ਮੋਰਚੇ ਨੂੰ ਅਜੇ ਬਹੁਤੀ ਅਹਿਮੀਅਤ ਦੇਣ ਲਈ ਤਿਆਰ ਨਹੀਂ ਪਰ ਮੋਗਾ 'ਚ ਉਸ ਵਲੋਂ ਕੀਤੀ 6 ਨਵੰਬਰ ਦੀ ਰੈਲੀ ਨੇ ਸੱਤਾਧਾਰੀ ਅਕਾਲੀ ਦਲ-ਭਾਜਪਾ ਗਠਜੋੜ ਅਤੇ ਕਾਂਗਰਸ ਦੀ ਨੀਂਦ ਉਡਾ ਦਿੱਤੀ ਹੈ।

ਇਸ ਵਾਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕੀਤੀਆਂ ਜਾ ਰਹੀਆਂ ਰੈਲੀਆਂ 'ਚ ਕਾਂਗਰਸ ਵੱਲੋਂ ਪੰਥਕ ਮੁੱਦੇ ਉਭਾਰੇ ਜਾ ਰਹੇ ਹਨ ਜਿਨ੍ਹਾਂ ਬਾਰੇ ਕੋਈ ਸਪਸ਼ਟੀਕਰਨ ਦੇਣਾ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਲਈ ਔਖਾ ਹੋ ਰਿਹਾ ਹੈ। ਸੱਤਾਧਾਰੀ ਅਕਾਲੀ ਦਲ-ਭਾਜਪਾ ਗੱਠਜੋੜ ਦਾਅਵਾ ਕਰ ਰਿਹਾ ਹੈ ਕਿ ਚੋਣਾਂ ਵਿਕਾਸ ਤੇ ਯੂ.ਪੀ.ਏ. ਸਰਕਾਰ ਦੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ ਪਰ ਕਾਂਗਰਸ ਵੱਲੋਂ ਜਿੱਥੇ ਵਿਕਾਸ ਬਾਰੇ ਅੰਕੜੇ ਪੇਸ਼ ਕਰਕੇ ਸਰਕਾਰ ਤੋਂ ਇਹ ਮੁੱਦਾ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਥੇ ਗੁਰਦੁਆਰਿਆਂ 'ਚ ਫੈਲੇ ਭ੍ਰਿਸ਼ਟਾਚਾਰ ਤੇ ਪੰਥਕ ਮੁੱਦਿਆਂ ਵੱਲ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਬੇਰੁਖੀ ਨੂੰ ਉਜਾਗਰ ਕਰਕੇ ਪੰਥਕ ਵੋਟ 'ਚ ਸੰਨ੍ਹ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਵਿਧਾਨ ਸਭਾ ਚੋਣਾਂ ਵਿਚ ਹੁਣ ਕੁਝ ਸਮਾਂ ਹੀ ਰਹਿ ਗਿਆ ਹੈ ਅਤੇ 'ਪੰਜਾਬ ਮੁਕਾਬਲੇ' ਲਈ ਉਭਰੇ ਤਿੰਨ ਧੜੇ ਨਵੰਬਰ ਚੜ੍ਹਦਿਆਂ ਹੀ ਚੋਣ ਦੰਗਲ 'ਚ ਕੁੱਦ ਪਏ ਹਨ। ਉਂਜ ਇਸ ਵਾਰ ਕਿਸੇ ਵੀ ਧਿਰ ਦੇ ਹੱਕ ਵਿਚ ਫਿਲਹਾਲ ਕੋਈ ਹਵਾ ਨਹੀਂ ਬਣੀ ਹੈ। ਸਿਆਸੀ ਪੱਧਰ ਉਪਰ ਅਕਾਲੀ ਦਲ ਨੇ ਦਮਦਮੀ ਟਕਸਾਲ, ਸੰਤ ਸਮਾਜ, ਫੈਡਰੇਸ਼ਨਾਂ ਤੇ ਹੋਰ ਕਈ ਨਿੱਕੇ-ਨਿੱਕੇ ਸਿੱਖ ਗਰੁੱਪਾਂ ਨਾਲ ਆਪਣੀ ਸਾਂਝ ਵਧਾ ਕੇ ਸਿੱਖਾਂ ਅੰਦਰ

(ਬਾਕੀ ਸਫਾ 8 'ਤੇ)



*ਬਸਪਾ ਸੁਪਰੀਮੋ ਮਾਇਆਵਤੀ, ਕੈਪਟਨ ਅਮਰਿੰਦਰ ਸਿੰਘ, ਮਨਪ੍ਰੀਤ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ*



*ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ*

# ਯੂਬਾ ਸਿਟੀ ਵਿਚ ਸਜਿਆ 32ਵਾਂ ਮਹਾਨ ਨਗਰ ਕੀਰਤਨ

**ਯੂਬਾ ਸਿਟੀ:** ਗੁਰੂ ਗ੍ਰੰਥ ਸਾਹਿਬ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਪਿਛਲੇ 31 ਸਾਲਾਂ ਤੋਂ ਹਰ ਸਾਲ ਇਥੇ ਸਜਾਇਆ ਜਾ ਰਿਹਾ ਇਕ ਹੋਰ ਨਗਰ ਕੀਰਤਨ ਲੰਘੇ ਐਤਵਾਰ ਨੂੰ ਯੂਬਾ ਸਿਟੀ ਦੇ ਇਤਿਹਾਸ ਵਿਚ ਜੁੜ ਗਿਆ। ਗੁਰਦੁਆਰਾ ਟਾਇਰਾ ਬਿਊਨਾ ਦੇ ਆਲੇ-ਦੁਆਲੇ ਦੂਰ ਦੂਰ ਤਕ ਰੰਗ-ਬਰੰਗੀਆਂ ਦਸਤਾਰਾਂ, ਦੁਪੱਟਿਆਂ ਅਤੇ ਪੁਸ਼ਾਕਾਂ ਵਿਚ ਸੱਜੀਆਂ ਸੰਗਤਾਂ, ਫਿਜ਼ਾ ਵਿਚ ਗੂੰਜਦੇ ਇਲਾਹੀ ਬਾਣੀ ਦੇ ਪਾਵਨ ਸ਼ਬਦ ਅਤੇ ਆਸੇ-ਪਾਸੇ ਚਲ ਰਹੇ ਲੰਗਰਾਂ ਵਿਚੋਂ ਮੱਕੀ ਦੀ ਰੋਟੀ ਤੇ ਸਰੋਂ ਦੇ ਸਾਗ ਜਾਂ ਗੰਨੇ ਦਾ ਤਾਜਾ ਰਸ ਛਕਣ ਦੀਆਂ ਕੀਤੀਆਂ ਜਾ ਰਹੀਆਂ ਬੇਨਤੀਆਂ-ਪਰਦੇਸ ਦੀ ਧਰਤੀ ਉਤੇ ਪੰਜਾਬ ਸਿਰਜਿਆ ਨਜ਼ਰ ਆਉਂਦਾ ਸੀ। ਸੰਗਤਾਂ ਦੂਰੋਂ-ਨੇੜਿਓਂ ਆਈਆਂ, ਸ਼ਬਦ ਕੀਰਤਨ ਹੋਇਆ, ਸਿੱਖੀ ਨਾਲ ਜੁੜਨ ਦੀਆਂ ਅਪੀਲਾਂ ਵੀ ਹੋਈਆਂ-ਪਰ ਸਿੱਖੀ ਦਾ ਸੁਨੇਹਾ ਵੰਡਣ ਦੇ ਮਾਮਲੇ ਵਿਚ ਇਸ ਵਾਰ ਦਾ ਨਗਰ ਕੀਰਤਨ ਵੀ ਪਹਿਲਾਂ ਵਰਗਾ ਹੀ ਸੀ। ਬਹੁਤੇ ਲੋਕਾਂ ਦੀ ਹਾਜਰੀ ਕਿਸੇ ਮੇਲੇ ਤੋਂ ਵਖਰੀ ਨਹੀਂ ਸੀ। ਹਾਂ ਇਹ ਜਰੂਰ ਹੋਇਆ ਕਿ ਮੌਸਮ ਵਿਭਾਗ ਦੀਆਂ ਸਭ ਚੇਤਾਵਨੀਆਂ ਦੇ ਬਾਵਜੂਦ ਮੀਂਹ-ਕਣੀ ਤੋਂ ਬਚਾਅ ਰਿਹਾ ਅਤੇ ਸਭ ਅੰਦੇਸ਼ਿਆਂ ਦੇ ਉਲਟ ਧੜਿਆਂ ਦੀ ਲੜਾਈ ਤੋਂ ਵੀ ਗੁਰੂ ਦੀ ਮਿਹਰ ਨਾਲ ਬਚਾਅ ਹੀ ਰਿਹਾ। ਚੇਤੇ ਰਹੇ ਪਿਛਲੇ ਸਾਲ ਮੀਂਹ ਨੇ ਵੀ ਬਥੇਰੀ ਬੇਸਵਾਦੀ ਕੀਤੀ ਸੀ ਅਤੇ ਲੜਾਈ-ਝਗੜੇ ਨੇ ਵੀ। ਪਰ ਇਨ੍ਹਾਂ ਦੋਹਾਂ ਅੰਦੇਸ਼ਿਆਂ ਕਰ ਕੇ ਨਗਰ ਕੀਰਤਨ ਵਿਚ

(ਬਾਕੀ ਸਫਾ 12 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
Successful Shortsale
AMAN HUNDAL
Broker / Associate
Century 21
M&M and Associates
209.918.6464
ahundal@c21mm.com



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Warmers
Chaffing Dishes
China & Silverware
Linen Rental
Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com



# ਸਭਨਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਦੀ ਲਖ ਲਖ ਵਧਾਈ

# Bankruptcy *Divorce *Personal Injury *Evictions

*Bankruptcy (Ch 7) ਬੈਂਕਰਪਸੀ (ਚੈਪਟਰ 7)
> Wipe Out Credit Card Debt
> Stop Creditor Phone Calls
*Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
*Family Law (Divorce, Child Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)
> Child/Spousal Support > Guardianships
> Grandparents's Rights
*Evictions
> Landloard-Teant > Unlawful Detainer

New Location in Sacramento

*Free Consultation*

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Notary Services Available



*Kirandeep K Sihota Esq. and Lance V Friel, Esq.*


# Pacific Coast Law Firm P.C.

**(916)443-1190**
9245 Laguna Springs Dr., Ste. 200,
Elk Grove, CA 95758

**Now Serving Two Locations**
www.pacificcoastlawfirm.com

**(209) 475-6001**
2351 W. March Lane Suite A,
Stockton, CA 95207






# ਉਤਰੀ ਕੈਲੀਫੋਰਨੀਆ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ


**ਉਤਰੀ ਕੈਲੀਫੋਰਨੀਆ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਨ੍ਹਾਂ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਕਲ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਦੇਸੀ ਨੁਸਖੇ, ਸੇਕ, ਰੀਡ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਇਸ ਡਾਕਟਰ ਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ। ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ, ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ: 209 464 7738


ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ

**209-464-7738, 916-564-5551**



ਜਦੋਂ ਮੈਂ ਪਹਿਲੀ ਵਾਰ ਇਥੇ ਆਇਆ, ਮੈਂ ਢੇਰੀ ਢਾਹੀ ਬੈਠਾ ਸਾਂ। ਲਗਾਤਾਰ ਹੁੰਦੀ ਦਰਦ ਮੇਰੀ ਜਾਨ ਕੱਢਦੀ ਸੀ ਅਤੇ ਮੈਥੋਂ ਰੋਜ਼ਮੱਰਾ ਦੇ ਕੰਮ ਕਾਜ ਵੀ ਨਹੀਂ ਸਨ ਹੁੰਦੇ। ਨੌਂ ਮਹੀਨੇ ਪਹਿਲਾਂ ਹੀ ਮੇਰੀ ਸਰਜਰੀ ਹੋ ਕੇ ਹਟੀ ਸੀ। ਸ਼ੁਰੂ ਵਿਚ ਮੈਨੂੰ ਕੁਝ ਆਰਾਮ ਵੀ ਜਾਪਿਆ ਪਰ ਇਹ ਬਹੁਤਾ ਚਿਰ ਨਾ ਰਿਹਾ। ਸਰਜਰੀ ਕਰਨ ਵਾਲੇ ਮੈਡੀਕਲ ਡਾਕਟਰ ਨੇ ਸਰਜਰੀ ਪਿਛੋਂ ਇਹ ਕਹਿ ਕੇ ਹੱਥ ਝਾੜ ਦਿੱਤੇ ਕਿ ਮੈਂ ਹੋਰ ਕੁਝ ਨਹੀਂ ਕਰ ਸਕਦਾ। ਮੈਨੂੰ ਬਹੁਤ ਨਿਰਾਸ਼ਾ ਹੋਈ ਅਤੇ ਮੈਂ ਡਰ ਵੀ ਗਿਆ। ਦਰਦ ਤੋਂ ਕੁਝ ਰਾਹਤ ਹਾਸਲ ਕਰਨ ਲਈ ਮੈਂ ਬੜੀਆਂ ਤਾਕਤਵਰ ਦਰਦ ਨਿਵਾਰਕ ਦਵਾਈਆਂ ਲੈ ਰਿਹਾ ਸਾਂ। ਫਿਰ ਮੈਂ ਇਸ ਕਲੀਨਿਕ ਬਾਰੇ ਅਖਬਾਰ ਵਿਚ ਪੜ੍ਹਿਆ ਅਤੇ ਫੈਸਲਾ ਕੀਤਾ ਕਿ ਸਲਾਹ ਲੈਣ ਵਿਚ ਭਲਾ ਕੀ ਹਰਜ ਹੈ! ਮੈਨੂੰ ਥੋੜ੍ਹੀ ਸ਼ੰਕਾ ਸੀ ਪਰ ਮੇਰੇ ਕੋਲ ਹੋਰ ਰਾਹ ਵੀ ਨਹੀਂ ਸੀ। ਜੁਲਾਈ ਮਹੀਨੇ ਮੈਂ ਇਲਾਜ ਸ਼ੁਰੂ ਕੀਤਾ ਅਤੇ ਹੁਣ ਮੈਂ ਭਾਵੇਂ ਪੂਰੀ ਤਰ੍ਹਾਂ ਦਰਦ ਤੋਂ ਛੁਟਕਾਰਾ ਨਹੀਂ ਪਾ ਸਕਿਆ ਪਰ ਪਹਿਲਾਂ ਦੇ ਮੁਕਾਬਲੇ 75% ਬਿਹਤਰ ਹਾਂ। ਇਕ ਵੱਡੀ ਆਸ ਨਜ਼ਰ ਆਉਂਦੀ ਹੈ ਕਿ ਮੈਂ ਛੇਤੀ ਹੀ ਦਰਦ ਤੋਂ ਖਹਿੜਾ ਛੁਡਾ ਲਵਾਂਗਾ। *-ਐਡਵਿਨ ਗੁਡਮੈਨ, ਟਰੀ ਟਰਿਮਰ, ਉਮਰ 47 ਸਾਲ।*

---



ਮੈਨੂੰ ਸੰਨ 2007 ਤੋਂ ਲੱਕ ਦਰਦ ਸੀ। ਮੈਂ ਕਾਇਜ਼ਰ ਹਸਪਤਾਲ ਇਲਾਜ ਲਈ ਜਾਂਦੀ ਸੀ ਜਿਥੇ ਡਾਕਟਰਾਂ ਨੇ ਮੈਨੂੰ ਭਾਂਤ ਸੁਭਾਂਤੀਆਂ ਦਵਾਈਆਂ ਦਿੱਤੀਆਂ ਅਤੇ ਐਪੀਡਿਊਰਲ ਇੰਜੈਕਸ਼ਨ ਦਿੱਤੇ ਪਰ ਕੋਈ ਫਰਕ ਨਾ ਪਿਆ। ਮੈਂ ਸਟਾਕਟਨ ਰਿਕਾਰਡ ਅਖਬਾਰ ਵਿਚ ਇਸ ਕਲੀਨਿਕ ਬਾਰੇ ਪੜ੍ਹਿਆ ਅਤੇ ਆਪਣੇ ਡਾਕਟਰ ਨਾਲ ਰੀੜ੍ਹ ਦੀ ਹੱਡੀ ਦੇ ਡੀਕੰਪਰੈਸ਼ਨ ਬਾਰੇ ਗੱਲ ਕੀਤੀ ਪਰ ਉਸ ਨੇ ਕਿਹਾ ਕਿ ਉਹ ਮੇਰੇ ਲਈ ਠੀਕ ਨਹੀਂ ਹੋਵੇਗੀ। ਮੈਂ ਸਿਹਤ ਬਾਰੇ ਆਪਣੀ ਵਕੀਲ ਆਪ ਬਣਨ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ, ਡੀ ਸੀ ਨੂੰ ਮਿਲੀ। ਜਦੋਂ ਮੈਂ ਉਨ੍ਹਾਂ ਦੀ ਕਲੀਨਿਕ ਗਈ ਮੈਂ ਖੂੰਡੀ ਦੇ ਸਹਾਰੇ ਚਲਦੀ ਸਾਂ ਅਤੇ ਮੇਰੀ ਪੀੜ੍ਹ ਦਸ ਦੇ ਸਕੇਲ ਉਤੇ ਦਸ ਸੀ। ਦੋ ਹਫਤਿਆਂ ਦੇ ਇਲਾਜ ਪਿਛੋਂ ਮੈਨੂੰ ਆਪਣੀ ਖੂੰਡੀ ਦੀ ਕੋਈ ਲੋੜ ਨਾ ਰਹੀ। ਹੁਣ ਮੈਂ ਆਪਣੀ 70% ਪੀੜ ਤੋਂ ਛੁਟਕਾਰਾ ਹਾਸਲ ਕਰ ਚੁਕੀ ਹਾਂ। ਮੇਰਾ ਤੁਰਨਾ-ਫਿਰਨਾ ਵੀ ਕਾਫੀ ਸੌਖਾ ਹੋ ਗਿਆ ਹੈ। ਮੇਰੀ ਸਭਨਾਂ ਨੂੰ ਸਲਾਹ ਹੈ, ਆਪਣੀ ਤੰਦਰੁਸਤ ਜ਼ਿੰਦਗੀ ਬਿਨਾ ਕਿਸੇ ਦਵਾਈ, ਸਰਜਰੀ ਅਤੇ ਦਰਦ ਦੇ ਮੁੜ ਹਾਸਲ ਕਰ ਲਈ ਤੁਰਤ ਡਾ. ਸਿਹੋਤਾ ਨੂੰ ਮਿਲੋ। ਮੈਂ ਸਮਝਦੀ ਹਾਂ ਕਿ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦਾ ਹਮਦਰਦਾਨਾ ਵਿਹਾਰ ਅਤੇ ਪੇਸ਼ੇਵਾਰਾਨਾ ਪਹੁੰਚ ਇਸ ਕਲੀਨਿਕ ਦੀ ਇਲਾਜ ਪ੍ਰਣਾਲੀ ਦਾ ਇਕ ਹਿੱਸਾ ਹੈ। *-ਈਸਾ ਐਸ., ਡਿਟੈਨਸ਼ਨ ਅਫਸਰ, ਉਮਰ 61 ਸਾਲ।*

## ਹੁਣ ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ

***Northern California*** ਕਲੀਨਿਕ **2531** N. California Street (North California St. & Ellis St.) ਵਿਖੇ ਹੈ, ਹਾਰਡਿੰਗ ਵੇਅ ਤੇ ਅਲਪਾਈਨ ਐਵਨਿਊ ਵਿਚਾਲੇ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ।

***New location***
**Sacramento**
1600 Sacramento Inn Way Suite 122, next to Arden Fair Mall

ਨੋਟ (1):ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਨੋਟ (2): ਜੇ ਤੁਸੀਂ ਅਪੁਆਇੰਟਮੈਂਟ 21 ਅਕਤੂਬਰ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਹੋਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸ ਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright © 2009 CMC, LLC

# ਅਦਾਰਾ ਪੰਜਾਬ ਟਾਈਮਜ਼ ਦੇ ਸਮੂਹ ਸਟਾਫ, ਕਾਲਮਨਵੀਸਾਂ, ਸਲਾਹਕਾਰ ਕਮੇਟੀ ਦੇ ਮੈਂਬਰਾਂ ਅਤੇ ਸ਼ੁਭ ਚਿੰਤਕਾਂ ਵਲੋਂ ਸਭ ਨੂੰ

# ਗੁਰੂ ਨਾਨਕ ਗੁਰਪੁਰਬ ਦੀ ਲਖ ਲਖ ਵਧਾਈ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ, ਪ੍ਰੋ ਜੋਗਿੰਦਰ ਸਿੰਘ ਰਮਦੇਵ, ਅਮੋਲਕ ਸਿੰਘ ਗਾਖਲ, ਡਾ. ਨਵਦੀਪ ਕੌਰ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਬਲਵਿੰਦਰ ਸਿੰਘ ਸੰਧੂ, ਸੰਨੀ ਧੂੜ ਅਤੇ ਜੈਦੇਵ ਸਿੰਘ ਭੱਠਲ



ਹਰਜੀਤ ਸਿੰਘ ਸਾਹੀ, ਸਰਵਣ ਸਿੰਘ ਟਿਵਾਣਾ, ਸ਼ਮਸ਼ੇਰ ਸਿੰਘ ਬੋਪਾਰਾਏ, ਦਰਸ਼ਨ ਸਿੰਘ ਦਰੜ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਗੁਰਿੰਦਰ ਸਿੰਘ ਗਿੱਲ, ਜਗਦੀਸ਼ਰ ਸਿੰਘ ਕਲੇਰ ਤੇ ਹੈਪੀ ਹੀਰ

## ਸਹਿਯੋਗੀ ਸੱਜਣ



ਦਰਸ਼ਨ ਸਿੰਘ ਗਰੇਵਾਲ, ਜੱਸੀ ਗਿੱਲ, ਡਾ. ਹਰਗੁਰਮੁਖਪਾਲ ਸਿੰਘ, ਪ੍ਰੀਤਮ ਸਿੰਘ ਗਰੇਵਾਲ, ਸਵਰਨ ਸਿੰਘ ਸੇਖੋਂ, ਸਰਬਜੀਤ ਥਿਆੜਾ, ਦਲਬੀਰ ਸਿੰਘ ਗਿੱਲ, ਗੁਰਮੀਤ ਸਿੰਘ ਖਾਲਸਾ, ਗੁਰਸ਼ਰਨ ਥਿੰਦ, ਗੁਰਮੁਖ ਸਿੰਘ ਭੁੱਲਰ, ਹਰਜਿੰਦਰ ਸਿੰਘ ਖਹਿਰਾ, ਜੈਰਾਮ ਸਿੰਘ ਕਾਹਲੋਂ



ਗੁਲਜ਼ਾਰ ਸਿੰਘ ਮੁਲਤਾਨੀ, ਸੰਨੀ ਕੁਲਾਰ, ਬਲਕਾਰ ਸਿੰਘ ਢਿੱਲੋਂ, ਅਜੈਬ ਸਿੰਘ ਲਾਖਨ, ਸੰਤੋਖ ਸਿੰਘ ਡੀ ਸੀ, ਹਰਜਿੰਦਰ ਸਿੰਘ ਸੰਧੂ, ਸੁਰਿੰਦਰ ਸਿੰਘ ਗਰਚਾ, ਬਹਾਦਰ ਸਿੰਘ, ਨਰਿੰਦਰ ਮੁੰਦਰ, ਗਿਆਨ ਸਿੰਘ ਸੀਹਰਾ, ਬਲਜੀਤ ਸਿੱਧੂ, ਰਾਜਿੰਦਰ ਸਿਆਨ

## ਸਾਡੇ ਕਾਲਮਨਵੀਸ



ਤਰਲੋਚਨ ਸਿੰਘ, ਐਸ. ਅਸ਼ੋਕ ਭੌਰਾ, ਡਾ. ਗੁਰਨਾਮ ਕੌਰ, ਬਲਜੀਤ ਬਾਸੀ, ਦਲਜੀਤ ਅਮੀ, ਜਤਿੰਦਰ ਮੌਹਰ, ਕੁਲਵੰਤ ਸਿੰਘ ਰੋਮਾਣਾ, ਮੇਜਰ ਕੁਲਾਰ, ਇਕਬਾਲ ਜੱਬੋਵਾਲ, ਸਵਰਨ ਟਹਿਣਾ, ਨਿੰਮਾ ਡੱਲੇਵਾਲਾ, ਸੁਰਜੀਤ ਕੌਰ

**ਪੰਜਾਬ ਟਾਈਮਜ਼ ਦੀ 12ਵੀਂ ਵਰ੍ਹੇਗੰਢ ਮੌਕੇ ਪੰਜਾਬ ਟਾਈਮਜ਼ ਨਾਈਟ 31 ਮਾਰਚ 2012** (ਇੰਡੀਆ ਹਾਊਸ, ਸ਼ਾਮਬਰਗ)

**ਪੰਜਾਬ ਟਾਈਮਜ਼** ਬੇਲਾਗ, ਬੇਬਾਕ ਅਤੇ ਨਿਧੜਕ ਪੱਤਰਕਾਰੀ ਦਾ ਮੁੱਦਈ

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website: www.punjabtimesusa.com*

# ਗੁਰੂ ਨਾਨਕ ਪੁਰਬ ਦੀ ਸਮੂਹ ਸੰਗਤਾਂ ਨੂੰ ਕੋਟਾਨਿ ਕੋਟਿ ਵਧਾਈ

## ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਪੂਰੀ ਸ਼ਰਧਾ ਭਾਵਨਾ ਨਾਲ ਸਜਾਉਣ ਅਤੇ ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਲਈ ਯੂਬਾ ਸਿਟੀ ਦੀ ਸਮੂਹ ਸੰਗਤ ਦਾ

# ਬਹੁਤ ਬਹੁਤ ਧੰਨਵਾਦ






ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਵਿੰਦਰ ਸਿੰਘ ਕਰੀਹਾ ਵਧਾਈ ਦੇ ਹੱਕਦਾਰ ਹਨ ਜਿਨ੍ਹਾਂ ਨੇ ਇਕ ਸੱਚੇ ਸਿੱਖ ਵਜੋਂ ਪੂਰੀ ਤਰ੍ਹਾਂ ਗੁਰੂ ਅਤੇ ਗੁਰੂ ਕੀਆਂ ਸੰਗਤਾਂ ਨੂੰ ਸਮਰਪਿਤ ਹੋ ਕੇ ਅਤੇ ਸਭ ਨੂੰ ਨਾਲ ਲੈ ਕੇ ਇਸ ਨਗਰ ਕੀਰਤਨ ਨੂੰ ਸਫਲ ਬਣਾਉਣ ਵਿਚ ਅਣਥਕ ਘਾਲਣਾ ਘਾਲੀ।

ਵਲੋਂ

## ਪੰਜਾਬੀ ਲੋਕ ਚੇਤਨਾ ਗਰੁਪ, ਅਮਰੀਕਾ (ਕੈਲੀਫੋਰਨੀਆ ਇਕਾਈ)

**Punjabi People‘s Awareness Group of USA (California Chapter)**

ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ।

ਵਲੀ ਕੰਧਾਰੀ ਜਹਿਆਂ ਦਾ ਹੰਕਾਰ ਤੋੜਨ ਵਾਲੇ
ਅਤੇ ਕੌਡੇ ਰਾਖ਼ਸ਼ ਨੂੰ ਸਿੱਧੇ ਰਾਹ ਪਾਉਣ ਵਾਲੇ

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਿੱਖ ਸੰਗਤ ਨੂੰ

# ਲਖ ਲਖ ਵਧਾਈ ਹੋਵੇ ਜੀ



ਸ. ਭੁਪਿੰਦਰ ਸਿੰਘ (ਬੌਬ) ਢਿੱਲੋਂ

## BHUPINDER SINGH (BOB) DHILLON

Chairman, Planning Commission, City of San Jose
General Secretary of Sikh Gurudwara, San Jose (CA)

## ਸਦਮੇ

### ਸ਼ਰਨਜੀਤ ਸਿੰਘ ਸੈਣੀ ਨਹੀਂ ਰਹੇ

**ਬੇਕਰਜ਼ਫੀਲਡ (ਕਰਮਜੀਤ ਕੰਗ):** ਪੰਜਾਬੀ ਭਾਈਚਾਰੇ ਦੇ ਜਾਣੇ-ਪਛਾਣੇ, ਹਰਮਨ ਪਿਆਰੇ ਤੇ ਹਸਮੁਖ ਸੁਭਾਅ ਦੇ ਮਾਲਕ ਸਿਮੀਵੈਲੀ (ਲਾਸ ਏਂਜਲਸ) ਵਸਦੇ ਸ੍ਰੀ ਸ਼ਰਨਜੀਤ ਸਿੰਘ ਸੈਣੀ ਲੰਘੀ 31 ਅਕਤੂਬਰ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ 62 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪਤਨੀ ਅਤੇ ਦੋ ਬੇਟੇ ਛੱਡ ਗਏ ਹਨ। ਸ੍ਰੀ ਸੈਣੀ ਇੰਡੀਆ ਆਪਣੇ ਪਿੰਡ ਘਨੌਲੀ,



ਜ਼ਿਲਾ ਰੋਪੜ ਗਏ ਹੋਏ ਸਨ ਜਿਥੇ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਹਸਪਤਾਲ ਲੈਜਾਂਦਿਆਂ ਰਾਹ ਵਿਚ ਹੀ ਉਹ ਦਮ ਤੋੜ ਗਏ। ਸ੍ਰੀ ਸੈਣੀ ਦਾ ਸਸਕਾਰ ਪਿੰਡ ਘਨੌਲੀ ਵਿਚ ਕਰ ਦਿੱਤਾ ਗਿਆ। ਉਨ੍ਹਾਂ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਆਉਂਦੀ 12 ਨਵੰਬਰ ਸਨਿਚਰਵਾਰ ਨੂੰ ਬਾਅਦ ਦੁਪਹਿਰ ਇਕ ਵਜੇ ਗੁਰਦੁਆਰਾ ਲੰਕਰਸ਼ਿਮ (ਲਾਸ ਏਂਜਲਸ) ਵਿਖੇ ਹੋਣਗੇ। ਹੋਰ ਜਾਣਕਾਰੀ ਲਈ ਪਰਿਵਾਰ ਨਾਲ ਸੰਪਰਕ ਪਰਮਿੰਦਰ ਸਿੰਘ ਫੋਨ 805-587-2998 ਰਾਹੀਂ ਕੀਤਾ ਜਾ ਸਕਦਾ ਹੈ।

### ਬੀਬੀ ਸੁਖਜਿੰਦਰ ਕੌਰ ਜੌਹਲ ਸੁਰਗਵਾਸ

**ਯੂਬਾ ਸਿਟੀ:** ਬੀਬੀ ਸੁਖਜਿੰਦਰ ਕੌਰ ਜੌਹਲ ਸੁਪਤਨੀ ਸ. ਗੁਰਦੇਵ ਸਿੰਘ ਜੌਹਲ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਕੇ ਲੰਘੀ 3 ਨਵੰਬਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 74 ਸਾਲਾਂ ਦੇ ਸਨ।



ਬੀਬੀ ਜੌਹਲ ਦਾ ਅੰਤਿਮ ਸੰਸਕਾਰ ਸਨਿਚਰਵਾਰ 12 ਨਵੰਬਰ ਨੂੰ ਇਥੇ (317 ਐਲਮੰਡ ਸਟਰੀਟ) ਵਿਖੇ 11 ਤੋਂ 1 ਵਜੇ ਤਕ ਹੋਵੇਗਾ ਅਤ ਅੰਤਿਮ ਅਰਦਾਸ ਉਸੇ ਦਿਨ ਗੁਰਦੁਆਰਾ ਬੋਗ ਰੋਡ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ 530-682-9781 ਤੇ ਕੀਤਾ ਜਾ ਸਕਦਾ ਹੈ।

# ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਧਾਨ ਤੇ ਸਕੱਤਰ ਨੂੰ ਨੋਟਿਸ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧਕੀ ਮਾਮਲਿਆਂ ਨੂੰ ਲੈ ਕੇ ਚਲ ਰਹੇ ਅਦਾਲਤੀ ਕੇਸਾਂ ਵਿਚ ਉਸ ਸਮੇਂ ਨਵਾਂ ਮੋੜ ਆਇਆ ਜਦੋਂ ਗੁਰੂਘਰ ਦਾ ਪ੍ਰਬੰਧ ਚਲਾਉਂਦੀ ਸਿੱਖ ਰਿਲੀਜੀਅਸ ਸੁਸਾਇਟੀ ਦੇ ਕੋਈ ਸੌ ਸੰਗਤ ਮੈਂਬਰਾਂ ਦੀ ਤਰਫੋਂ ਸੁਖਜਿੰਦਰ ਸਿੰਘ ਰੰਧਾਵਾ, ਗੁਰਮੀਤ ਸਿੰਘ ਭੋਲਾ, ਗਾਜੀ ਸਿੰਘ, ਪ੍ਰਦੀਪ ਸਿੰਘ ਅਤੇ ਹਰਮਿੰਦਰ ਸਿੰਘ ਨੇ ਆਪਣੇ ਵਕੀਲ ਐਂਡਰੀਊ ਫਿੱਕੋ ਰਾਹੀਂ ਸੁਸਾਇਟੀ ਦੇ ਪ੍ਰਧਾਨ ਸ. ਹਰਕੀਰਤ ਸਿੰਘ ਸੰਧੂ ਅਤੇ ਐਗਜੈਕਟਿਵ ਸੈਕਟਰੀ ਬੀਬੀ ਸੁਖਦੇਵ ਕੌਰ ਘੁੰਮਣ ਨੂੰ ਨੋਟਿਸ ਭੇਜ ਕੇ ਆਪਣੀਆਂ ਜਿੰਮੇਵਾਰੀਆਂ ਸਹੀ ਢੰਗ ਨਾਲ ਨਾ ਨਿਭਾਉਣ ਦੇ ਦੋਸ਼ ਲਾਏ।

ਵਕੀਲ ਰਾਹੀਂ ਭੇਜੇ ਗਏ ਇਸ ਨੋਟਿਸ ਵਿਚ ਪ੍ਰਧਾਨ ਅਤੇ ਐਗਜੈਕਟਿਵ ਸੈਕਟਰੀ ਉਪਰ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਨੇ ਸਿੱਖ ਸੰਗਤ ਇੰਟੈਗਰਿਟੀ ਐਸੋਸੀਏਸ਼ਨ ਵਲੋਂ ਅਦਾਲਤ ਵਿਚ ਦਾਇਰ ਕੀਤੇ ਗਏ ਇਕ ਕੇਸ ਵਿਚ ਪ੍ਰਤੀਵਾਦੀਆਂ ਨੂੰ ਕੇਸ ਲੜਨ ਲਈ ਵਕੀਲਾਂ ਦੀ ਫੀਸ ਅਤੇ ਹੋਰ ਅਦਾਲਤੀ ਖਰਚਿਆਂ ਵਾਸਤੇ ਗੁਰੂਘਰ ਦੀ ਗੋਲਕ ਵਿਚੋਂ ਪੈਸਾ ਦੇਣ ਦੀ ਪ੍ਰਵਾਨਗੀ ਦਿਤੀ ਹੈ ਜੋ ਕਿ ਸਹੀ ਨਹੀਂ ਹੈ। ਜ਼ਿਕਰਯੋਗ ਹੈ ਕਿ ਸਿੱਖ ਇੰਟੈਗਰਿਟੀ ਐਸੋਸੀਏਸ਼ਨ ਵਲੋਂ ਅਦਾਲਤ ਵਿਚ ਕੇਸ ਸੁਸਾਇਟੀ ਦੀਆਂ ਸੰਨ 2010 ਵਿਚ ਹੋਈਆਂ ਚੋਣਾਂ ਦੌਰਾਨ ਹੋਈ ਕਥਿਤ ਹੇਰਾਫੇਰੀ ਅਤੇ ਬੋਰਡ ਦੀ ਖਾਲੀ ਹੋਈ ਸੀਟ ਉਤੇ ਇੰਦਰਜੀਤ ਸਿੰਘ ਮੱਕੜ ਨੂੰ ਬੋਰਡ ਵਿਚ ਸ਼ਾਮਲ ਨਾ ਕੀਤੇ ਜਾਣ ਦੇ ਮਾਮਲੇ ਨੂੰ ਲੈ ਕੇ ਕੀਤਾ ਗਿਆ ਸੀ। ਅਦਾਲਤ ਦੇ ਹੁਕਮਾਂ 'ਤੇ ਸ. ਮੱਕੜ ਨੂੰ ਬੋਰਡ ਵਿਚ ਸ਼ਾਮਲ ਕੀਤਾ ਜਾ ਚੁਕਾ ਹੈ। ਭੇਜੇ ਗਏ ਨੋਟਿਸ ਵਿਚ ਕਿਹਾ ਗਿਆ ਹੈ ਕਿ ਉਪਰੋਕਤ ਅਦਾਲਤੀ ਕੇਸ ਲਈ ਖਰਚੇ ਦੀ ਅਦਾਇਗੀ ਸੁਸਾਇਟੀ ਦੇ ਫੰਡ ਵਿਚੋਂ ਕਰਨ ਦੀ ਪ੍ਰਵਾਨਗੀ ਦੇ ਕੇ ਪ੍ਰਧਾਨ ਅਤੇ ਐਗਜੈਕਟਿਵ ਸੈਕਟਰੀ ਨੇ ਆਪਣੀ ਬਣਦੀ ਜਿੰਮੇਵਾਰੀ ਵਿਚ ਕੁਤਾਹੀ ਕੀਤੀ ਹੈ।

ਨੋਟਿਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਸੁਸਾਇਟੀ ਵਿਰੁਧ ਕੀਤੇ ਗਏ ਕੇਸ ਵਿਚਲੇ ਦੋਸ਼ਾਂ ਅਤੇ ਇਸ ਦੀ ਵਿਤੀ ਹਾਲਤ ਨੂੰ ਮੁਖ ਰਖਦਿਆਂ ਬਹੁਤੇ ਮੈਂਬਰ ਇਸ ਗੱਲ ਨਾਲ ਸਹਿਮਤ ਹਨ ਕਿ ਅਦਾਲਤੀ ਕੇਸ ਦਾ ਜਿੰਨੀ ਜਲਦੀ ਹੋ ਸਕੇ ਨਿਪਟਾਰਾ ਕਰ ਕੇ ਸੁਸਾਇਟੀ ਦਾ ਪੈਸਾ ਬਚਾਇਆ ਜਾਵੇ ਤਾਂ ਜੋ ਇਹ ਗੁਰੂਘਰ ਦੇ ਹੋਰਨਾਂ ਕੰਮਾਂ ਉਤੇ ਖਰਚ ਕੀਤਾ ਜਾ ਸਕੇ। ਇਹ ਵੀ ਕਿਹਾ ਗਿਆ ਹੈ ਕਿ ਪ੍ਰਧਾਨ ਹੁੰਦਿਆਂ ਸ. ਸੰਧੂ ਨੂੰ ਸੁਸਾਇਟੀ ਦੇ ਹਿਤਾਂ ਦੀ ਪੂਰੀ ਜਿੰਮੇਵਾਰੀ ਨਾਲ ਪਾਲਣਾ ਕਰਨੀ ਚਾਹੀਦੀ ਹੈ, ਖਾਸ ਕਰ ਕੇ ਇਸ ਗੱਲ ਨੂੰ ਮੁਖ ਰਖਦਿਆਂ ਕਿ ਸੁਸਾਇਟੀ ਵਿਰੁਧ ਕੀਤੇ ਗਏ ਕੇਸ ਵਿਚ ਇਹ ਦੋਸ਼ ਲਾਇਆ ਗਿਆ ਹੈ ਕਿ ਪ੍ਰਤੀਵਾਦੀਆਂ ਨੇ ਸੁਸਾਇਟੀ ਦੇ ਹਿਤਾਂ ਦੀ ਇਮਾਨਦਾਰੀ ਨਾਲ ਪਾਲਣਾ ਨਹੀਂ ਕੀਤੀ। ਦੋਸ਼ ਹੈ ਕਿ ਪ੍ਰਤੀਵਾਦੀ ਕੇਸ ਦਾ ਨਿਪਟਾਰਾ ਕਰਨ ਦੀ ਥਾਂ ਦੋਸ਼ਾਂ ਦਾ ਖੰਡਨ ਕਰਨ ਅਤੇ ਕੇਸ ਨੂੰ ਲਮਕਾਉਣ ਉਤੇ ਜੋਰ ਲਾਈ ਜਾ ਰਹੇ ਹਨ ਅਤੇ ਸੁਸਾਇਟੀ ਦਾ ਪੈਸਾ ਅਦਾਲਤੀ ਖਰਚਿਆਂ ਉਪਰ ਅਜਾਈਂ ਹੋ ਰਿਹਾ ਹੈ।

ਨੋਟਿਸ ਵਿਚ ਸੁਸਾਇਟੀ ਦੇ ਦੋਵਾਂ ਅਹੁਦੇਦਾਰਾਂ ਨੂੰ ਚੇਤੇ ਕਰਵਾਇਆ ਗਿਆ ਹੈ ਕਿ ਅਦਾਲਤੀ ਖਰਚਿਆਂ ਦੀ ਅਦਾਇਗੀ ਸਿਰਫ ਉਸ ਸੂਰਤ ਵਿਚ ਹੀ ਕੀਤੀ ਜਾਣੀ ਬਣਦੀ ਹੈ ਜੇ ਸੁਸਾਇਟੀ ਦੇ ਵਿਧਾਨ ਦੀਆਂ ਸਾਰੀਆਂ ਵਿਵਸਥਾਵਾਂ ਅਤੇ ਗੈਰਮੁਨਾਫਾ ਸੰਸਥਾਵਾਂ ਨਾਲ ਸਬੰਧਤ ਕਾਇਦੇ-ਕਾਨੂੰਨਾਂ ਦੀ ਸਹੀ ਤਰੀਕੇ ਨਾਲ ਪਾਲਣਾ ਕੀਤੀ ਗਈ ਹੋਵੇ। ਇਹ ਵੀ ਕਿਹਾ ਗਿਆ ਹੈ ਕਿ ਹੁਣ ਤਕ ਦੇ ਹਾਲਾਤ ਦਾ ਜਾਇਜ਼ਾ ਲੈਣ ਤੋਂ ਇਹ ਜਾਹਰ ਨਹੀਂ ਹੁੰਦਾ ਕਿ ਕਾਇਦੇ ਕਾਨੂੰਨਾਂ ਦੀ ਸਹੀ ਢੰਗ ਨਾਲ ਪਾਲਣਾ ਕੀਤੀ ਗਈ ਸੀ, ਸੋ ਜਾਹਰ ਹੈ ਕਿ ਚਲ ਰਹੇ ਮੁਕੱਦਮੇ ਲਈ ਸੁਸਾਇਟੀ ਦਾ ਪੈਸਾ ਖਰਚਣ ਦੀ ਪ੍ਰਵਾਨਗੀ ਦੇ ਕੇ ਉਪਰੋਕਤ ਦੋਨਾਂ ਅਹੁਦੇਦਾਰਾਂ ਨੇ ਆਪਣੀ ਵਿਧਾਨਕ ਜਿੰਮੇਵਾਰੀ ਨਿਭਾਉਣ ਵਿਚ ਕੁਤਾਹੀ ਕੀਤੀ ਹੈ।

ਭੇਜੇ ਗਏ ਨੋਟਿਸ ਵਿਚ ਪ੍ਰਧਾਨ ਅਤੇ ਕਾਰਜਕਾਰੀ ਸਕੱਤਰ ਉਤੇ ਬੋਰਡ ਮੀਟਿੰਗਾਂ ਲਈ ਏਜੰਡਾ ਮੈਂਬਰਾਂ ਨੂੰ ਭੇਜੇ ਬਿਨਾ ਮੀਟਿੰਗਾਂ ਕਰਨ, ਬੋਰਡ ਮੀਟਿੰਗਾਂ ਲਈ 7 ਮੈਂਬਰਾਂ ਦਾ ਕੋਰਮ ਪੂਰਾ ਕੀਤੇ ਬਿਨਾ ਫੈਸਲੇ ਲੈਣ, ਕੋਰਮ ਪੂਰਾ ਨਾ ਹੋਣ ਤੇ ਬੋਰਡ ਮੀਟਿੰਗਾਂ ਵਿਚ ਹਾਜਰ ਨਾ ਹੋਏ ਮੈਂਬਰਾਂ ਦੇ ਦਸਤਖਤ ਮੀਟਿੰਗ ਤੋਂ ਬਾਅਦ ਕਰਵਾਉਣ, ਉਸਾਰੀ ਪ੍ਰਾਜੈਕਟ ਲਈ ਧਨ ਦਾ ਬੰਦੋਬਸਤ ਕਰਨ ਲਈ ਬੋਰਡ ਦੀ ਪ੍ਰਵਾਨਗੀ ਤੋਂ ਬਿਨਾ 10 ਲੱਖ ਡਾਲਰ ਦਾ ਉਸਾਰੀ ਠੇਕਾ ਦੇਣ, ਗਲਤ ਤਰੀਕੇ ਨਾਲ ਮੈਂਬਰਸ਼ਿਪ ਅਰਜੀਆਂ ਭਰਨ ਅਤੇ ਸੁਸਾਇਟੀ ਦੇ ਵਿਧਾਨ ਦੀ ਉਲੰਘਣਾ ਕਰ ਕੇ 2011 ਵਿਚ ਮੈਂਬਰਸ਼ਿਪ ਦੀ ਪ੍ਰਵਾਨਗੀ ਦੇਣ ਅਤੇ ਸੁਸਾਇਟੀ ਦੇ ਮੈਂਬਰਾਂ ਨੂੰ ਇਸ ਦੇ ਵਿਤੀ ਖਾਤੇ ਚੈਕ ਕਰਨ ਦੀ ਇਜ਼ਾਜਤ ਨਾ ਦੇਣ ਦੇ ਦੋਸ਼ ਲਾਏ ਗਏ ਹਨ। ਇਸ ਤੋਂ ਇਲਾਵਾ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਦੋਨਾਂ ਅਹੁਦੇਦਾਰਾਂ ਨੇ ਮੌਜੂਦਾ ਉਸਾਰੀ ਪ੍ਰਾਜੈਕਟ ਦੇ ਕਾਂਟਰੈਕਟਰ ਸਰਬੀਰ ਸਾਰੰਗ ਦੇ ਕੰਮ ਦੀ ਨਿਗਰਾਨੀ ਕਰਨ ਲਈ ਇਸੇ ਪ੍ਰਾਜੈਕਟ ਲਈ ਅਸਫਲ ਬਿਡਰ (ਬੋਲੀਕਾਰ) ਅਮਰੀਸ਼ ਪਟੇਲ ਨੂੰ ਨਿਯੁਕਤ ਕਰ ਕੇ ਵੀ ਗਲਤ ਕੰਮ ਕੀਤਾ ਹੈ ਕਿਉਂਕਿ ਇਕ ਤਾਂ ਉਸ ਦਾ ਹਿਤਾਂ ਦਾ ਟਕਰਾਓ ਹੈ ਕਿਉਂਕਿ ਉਸ ਨੇ ਉਸੇ ਪ੍ਰਾਜੈਕਟ ਲਈ ਆਪਣੀ ਬਿਡ ਦਿਤੀ ਸੀ। ਇਸ ਤੋਂ ਬਿਨਾ ਸ੍ਰੀ ਪਟੇਲ ਦੀ ਨਿਯੁਕਤੀ ਅਣਉਚਿਤ ਅਤੇ ਗੈਰਜ਼ਰੂਰੀ ਇਸ ਕਰਕੇ ਵੀ ਹੈ ਕਿ ਇਸ ਦੀ ਨਾ ਕੋਈ ਲੋੜ ਸੀ ਅਤੇ ਨਾ ਹੀ ਇਸ ਦੀ ਪ੍ਰਵਾਨਗੀ ਲਈ ਗਈ। ਇਸ ਤਰ੍ਹਾਂ ਉਸਾਰੀ ਦੇ ਇਸ ਪ੍ਰਾਜੈਕਟ ਦੌਰਾਨ ਸ੍ਰੀ ਪਟੇਲ ਵਲੋਂ ਨਾ ਸਿਰਫ ਕਈ ਉਲਝਣਾਂ ਖੜ੍ਹੀਆਂ ਕੀਤੀਆਂ ਜਾ ਸਕਦੀਆਂ ਹਨ ਸਗੋਂ ਗੈਰਜ਼ਰੂਰੀ ਖਰਚਿਆਂ ਅਤੇ ਮੁਕੱਦਮਿਆਂ ਲਈ ਰਾਹ ਵੀ ਖੁਲ੍ਹ ਸਕਦਾ ਹੈ। ਇਹ ਵੀ ਕਿਹਾ ਗਿਆ ਹੈ ਕਿ ਵਾਰ ਵਾਰ ਮੰਗੇ ਜਾਣ ਉਤੇ ਵੀ ਸ੍ਰੀ ਪਟੇਲ ਨੂੰ ਕੰਟਰੈਕਟ ਦਿੱਤੇ ਜਾਣ ਸਬੰਧੀ ਬੋਰਡ ਦੀ ਮੀਟਿੰਗ ਦੇ ਮਿਨਟ ਨਹੀਂ ਦਿੱਤੇ ਗਏ।

ਵਕੀਲ ਨੇ ਕਿਹਾ ਹੈ ਕਿ ਉਸ ਦੇ ਮੁਅਕਿਲਾਂ ਵਲੋਂ ਲਾਏ ਗਏ ਦੋਸ਼ ਗੰਭੀਰ ਹਨ ਅਤੇ ਉਸ ਨੇ ਇਹ ਨੋਟਿਸ ਇਨ੍ਹਾਂ ਦੇ ਨਿਪਟਾਰੇ ਲਈ ਭੇਜਿਆ ਹੈ ਅਤੇ ਇਸ ਖਾਤਰ 14 ਨਵੰਬਰ 2011 ਤੱਕ ਦਾ ਸਮਾਂ ਦਿੱਤਾ ਹੈ, ਨਹੀਂ ਤਾਂ ਅੱਗੋਂ ਕਾਨੂੰਨੀ ਕਾਰਵਾਈ ਜ਼ਰੂਰੀ ਹੋਵੇਗੀ।

ਦੂਜੇ ਪਾਸੇ ਪ੍ਰਧਾਨ ਸ. ਸੰਧੂ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਕੁਝ ਵੀ ਵਿਧਾਨ ਤੋਂ ਬਾਹਰ ਜਾ ਕੇ ਨਹੀਂ ਕੀਤਾ ਗਿਆ ਅਤੇ ਇਹ ਦੋਸ਼ ਵੀ ਕੋਈ ਨਵੇਂ ਨਹੀਂ ਹਨ। ਇਹ ਸਾਰੇ ਮਾਮਲੇ ਪਹਿਲਾਂ ਹੀ ਅਦਾਲਤ ਵਿਚ ਚੱਲ ਰਹੇ ਕੇਸ ਵਿਚ ਸ਼ਾਮਲ ਹਨ ਅਤੇ ਉਨ੍ਹਾਂ ਦਾ ਵਕੀਲ ਇਨ੍ਹਾਂ ਦਾ ਜਵਾਬ ਦੇਵੇਗਾ। ਕੋਈ ਵੀ ਮੀਟਿੰਗ ਕੋਰਮ ਪੂਰਾ ਕੀਤੇ ਬਿਨਾ ਨਹੀਂ ਕੀਤੀ ਗਈ ਅਤੇ ਕੋਈ ਵੀ ਕੰਮ ਸੁਸਾਇਟੀ ਦੇ ਵਿਧਾਨ ਤੋਂ ਬਾਹਰ ਜਾ ਕੇ ਨਹੀਂ ਕੀਤਾ ਗਿਆ। ਇਸੇ ਦੌਰਾਨ ਇਸ ਸਬੰਧੀ ਕਾਰਜਕਾਰੀ ਸਕੱਤਰ ਬੀਬੀ ਘੁਮਾਣ ਨਾਲ ਸੰਪਰਕ ਨਹੀਂ ਹੋ ਸਕਿਆ।

## ਅਮਰੀਕਾ ਵੱਲੋਂ ਤਿੱਬਤੀਆਂ ਦੇ ਹੱਕ 'ਚ ਨਾਅਰਾ

**ਵਾਸ਼ਿੰਗਟਨ:** ਤਿੱਬਤੀਆਂ ਵੱਲੋਂ ਆਤਮਦਾਹ ਦੀਆਂ ਘਟਨਾਵਾਂ ਕਾਰਨ ਚੀਨ ਵਿਚ ਨਸਲੀ ਤਣਾਅ ਜੱਗ ਜ਼ਾਹਰ ਹੋਣ ਤੋਂ ਬਾਅਦ ਅਮਰੀਕਾ ਨੇ ਚੀਨ ਨੂੰ ਤਿੱਬਤ ਵਿਚ ਆਪਣੀਆਂ ਮਾਰੂ ਨੀਤੀਆਂ 'ਤੇ ਵਿਚਾਰ ਕਰਨ ਤੇ ਮਨੁੱਖੀ ਅਧਿਕਾਰਾਂ ਨੂੰ ਧਿਆਨ ਵਿਚ ਰੱਖਦਿਆਂ ਤਿੱਬਤੀਆਂ ਨੂੰ ਦਰਪੇਸ਼ ਸਮੱਸਿਆਵਾਂ ਦੂਰ ਕਰਨ ਵੱਲ ਧਿਆਨ ਦੇਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਚੀਨ ਦੇ ਦੱਖਣੀ-ਪੱਛਮੀ ਸੂਬੇ ਸਿਨਹੁਆ ਵਿਖੇ ਇਕ ਮਹਿਲਾ ਭਿਖਸ਼ੂ ਨੇ ਨਸਲੀ ਹਿੰਸਾ ਦੇ ਰੋਸ ਵਜੋਂ ਆਤਮਦਾਹ ਕਰ ਲਿਆ ਜੋ ਪਿਛਲੇ ਕੁਝ ਮਹੀਨਿਆਂ ਦੌਰਾਨ ਚੀਨ ਵਿਚ ਤਿੱਬਤੀਆਂ ਵੱਲੋਂ ਅਜਿਹੀ 11ਵੀਂ ਘਟਨਾ ਸੀ।


Law Offices of Gill & Heridis

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

Call for free initial consultation

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440



ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਰਾਮੂਵਾਲੀਆ ਅਕਾਲੀ ਦਲ ਦੀ ਤੱਕੜੀ 'ਚ ਤੁਲਣ ਲਈ ਤਿਆਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਆਪਣੀ ਕਿਸੇ ਪਾਸੇ ਵੀ ਦਾਲ ਗਲਦੀ ਨਾ ਵੇਖ ਕੇ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਵੱਲੋਂ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੇ ਸੰਕੇਤ ਦੇਣ ਦੇ ਨਾਲ ਹੀ ਪਾਰਟੀ ਵਿਚ ਬਗਾਵਤ ਹੋ ਗਈ ਹੈ।


## ਲੋਕ ਭਲਾਈ ਪਾਰਟੀ ਵਿਚ ਬਗਾਵਤ

ਪਾਰਟੀ ਨੂੰ ਅਕਾਲੀ ਦਲ 'ਚ ਸ਼ਾਮਲ ਕਰਨ ਦੀ ਚਰਚਾ ਕਰਕੇ ਜਲੰਧਰ ਵਿਚ ਪਾਰਟੀ ਦੇ ਡੈਲੀਗੇਟ ਇਜਲਾਸ 'ਚ ਵਾਹਵਾ ਹੰਗਾਮਾ ਹੋ ਗਿਆ। ਹੰਗਾਮੇ ਕਾਰਨ ਸ. ਰਾਮੂਵਾਲੀਆ ਨੇ ਵਿਧਾਨ ਸਭਾ ਚੋਣਾਂ 'ਚ ਗਠਜੋੜ ਦੇ ਫੈਸਲੇ ਨੂੰ ਹਾਲ ਦੀ ਘੜੀ ਟਾਲ ਦਿੱਤਾ ਹੈ।

ਅਸਲ 'ਚ ਤੀਜਾ ਬਦਲ ਉਸਾਰਨ ਲਈ ਡੇਢ ਦਹਾਕਾ ਪਹਿਲਾਂ ਹੋਂਦ ਵਿਚ ਆਈ ਲੋਕ ਭਲਾਈ ਪਾਰਟੀ ਦਾ ਵਜੂਦ ਹੁਣ ਖ਼ਤਮ ਹੋਣ ਕਿਨਾਰੇ ਹੈ। ਸ. ਰਾਮੂਵਾਲੀਆ ਨੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ 1985 ਵਿਚ ਆਖਰੀ ਚੋਣ ਸੰਗਰੂਰ ਵਿਧਾਨ ਸਭਾ ਤੋਂ ਲੜੀ ਸੀ, ਉਸ ਤੋਂ ਬਾਅਦ ਉਨ੍ਹਾਂ ਲੋਕ ਭਲਾਈ ਪਾਰਟੀ ਵੱਲੋਂ ਸਾਲ 2004 ਤੇ 2009 ਦੀਆਂ ਚੋਣਾਂ ਕ੍ਰਮਵਾਰ ਲੁਧਿਆਣਾ ਤੇ ਸੰਗਰੂਰ ਲੋਕ ਸਭਾ ਹਲਕੇ ਤੋਂ ਲੜੀਆਂ ਪਰ ਉਨ੍ਹਾਂ ਨੂੰ ਕਾਮਯਾਬੀ ਨਹੀਂ ਮਿਲੀ। ਸਾਲ 2002 ਤੇ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਉਮੀਦਵਾਰ ਖੜ੍ਹੇ ਕੀਤੇ ਪਰ ਪਾਰਟੀ ਦੇ ਪੱਲੇ ਨਿਰਾਸ਼ਾ ਹੀ ਪਈ। ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਸ ਪਾਰਟੀ ਨੂੰ ਸਿਰਫ .32 ਫੀਸਦੀ ਹੀ ਵੋਟ ਮਿਲੇ ਸਨ।

ਮੌਜੂਦਾ ਹਾਲਾਤ ਨੂੰ ਵੇਖਦਿਆਂ ਸ. ਰਾਮੂਵਾਲੀਆ ਨੇ ਐਲਾਨ ਕੀਤਾ ਹੈ ਕਿ ਪਾਰਟੀ ਆਪਣੇ ਪ੍ਰਭਾਵ ਵਾਲੇ 62 ਵਿਧਾਨ ਸਭਾ ਹਲਕਿਆਂ 'ਚ ਜਾਵੇਗੀ। ਇਨ੍ਹਾਂ ਹਲਕਿਆਂ ਤੋਂ ਸਿਆਸੀ ਹਾਲਤ ਬਾਰੇ ਰਿਪੋਰਟ ਮਿਲਣ ਤੋਂ ਬਾਅਦ ਹੀ ਫੈਸਲਾ ਕੀਤਾ ਜਾਵੇਗਾ ਕਿ ਪਾਰਟੀ ਨੇ ਭਵਿੱਖ 'ਚ ਕਿਹੜਾ ਰੁਖ਼ ਅਖਤਿਆਰ ਕਰਨਾ ਹੈ। ਸੱਤ ਨਵੰਬਰ ਨੂੰ ਡੈਲੀਗੇਟ ਇਜਲਾਸ 'ਚ ਹੋਏ ਹੰਗਾਮੇ ਬਾਰੇ ਪਾਰਟੀ ਦੇ ਕਿਸੇ ਆਗੂ ਨੇ ਸੋਚਿਆ ਤੱਕ ਨਹੀਂ ਸੀ ਕਿ ਪਾਰਟੀ ਅੰਦਰ ਹੀ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਪ੍ਰਤੀ ਇੰਨਾ ਗੁੱਸਾ ਹੈ। ਅੰਦਰੋਂ ਪਏ ਦਬਾਅ ਕਾਰਨ ਹੀ ਪਾਰਟੀ ਦਾ ਰਲੇਵਾਂ ਹਾਲ ਦੀ ਘੜੀ ਰੁਕ ਗਿਆ ਹੈ।

ਪਾਰਟੀ ਸੂਤਰਾਂ ਅਨੁਸਾਰ ਵਿਧਾਨ ਸਭਾ ਹਲਕਿਆਂ ਦੀ ਸਿਆਸੀ ਹਾਲਤ ਜਾਣਨ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਰਾਜਸੀ ਮਸ਼ਕ ਨੂੰ ਹਫਤੇ ਦੇ ਅੰਦਰ-ਅੰਦਰ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ। ਹੇਠਲੇ ਪੱਧਰ ਤੋਂ ਆਉਣ ਵਾਲੀ ਰਿਪੋਰਟ ਦਾ ਮੰਥਨ ਪਾਰਟੀ ਦੀ ਉਚ ਪੱਧਰੀ ਕਮੇਟੀ 'ਚ ਕੀਤਾ ਜਾਵੇਗਾ। ਲੋਕ ਭਲਾਈ ਪਾਰਟੀ ਜਿਨ੍ਹਾਂ 62 ਹਲਕਿਆਂ 'ਚ ਆਪਣਾ ਅਸਰ ਰਸੂਖ ਹੋਣ ਦਾ ਦਾਅਵਾ ਕਰਦੀ ਹੈ, ਉਨ੍ਹਾਂ 'ਚ 39 ਹਲਕੇ ਮਾਲਵੇ ਦੇ, 9 ਦੁਆਬੇ ਦੇ ਤੇ 11 ਹਲਕੇ ਮਾਝੇ ਦੇ ਹਨ।



*ਜਲੰਧਰ ਵਿਚ ਪਾਰਟੀ ਇਜਲਾਸ ਨੂੰ ਸੰਬੋਧਨ ਕਰ ਰਹੇ ਬਲਵੰਤ ਸਿੰਘ ਰਾਮੂਵਾਲੀਆ*

ਇਥੇ ਦੇਸ਼ ਭਗਤ ਯਾਦਗਰ ਹਾਲ 'ਚ ਹੋਏ ਇਜਲਾਸ 'ਚ ਪਾਰਟੀ ਦੇ ਡੈਲੀਗੇਟਾਂ ਨੇ ਪਾਰਟੀ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ 'ਤੇ ਇਸ ਗੱਲ ਦਾ ਦਬਾਅ ਪਾਇਆ ਕਿ ਪਾਰਟੀ ਦੀ ਹੋਂਦ ਕਾਇਮ ਰੱਖੀ ਜਾਵੇ। ਸ. ਰਾਮੂਵਾਲੀਆ ਨੇ ਇਹ ਗੱਲ ਵੀ ਸਪੱਸ਼ਟ ਕੀਤੀ ਕਿ ਲੋਕ ਭਲਾਈ ਪਾਰਟੀ ਮਨਪ੍ਰੀਤ ਬਾਦਲ ਨੂੰ ਛੱਡ ਕੇ ਕਿਸੇ ਵੀ ਹੋਰ ਪਾਰਟੀ ਨਾਲ ਗਠਜੋੜ ਕਰ ਸਕਦੀ ਹੈ। ਡੈਲੀਗੇਟਾਂ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ ਨਾਲ ਜਾਣ ਦੀ ਬਜਾਏ ਮਨਪ੍ਰੀਤ ਦੀ ਅਗਵਾਈ ਹੇਠ ਬਣੇ ਸਾਂਝੇ ਮੋਰਚੇ ਦਾ ਸਾਥ ਦੇਣ ਦੀ ਵੀ ਆਵਾਜ਼ ਬੁਲੰਦ ਕੀਤੀ ਜਦਕਿ ਪਾਰਟੀ ਪ੍ਰਧਾਨ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਹੇਜ ਜਤਲਾਉਂਦਿਆਂ ਕਾਂਗਰਸ ਵਿਰੁੱਧ ਜ਼ਿਆਦਾ ਗੁੱਸਾ ਕੱਢਿਆ।

ਹੰਗਾਮਾ ਉਸ ਵੇਲੇ ਹੋਇਆ ਜਦੋਂ ਇਹ ਵਿਚਾਰ ਹੋ ਰਹੀ ਸੀ ਕਿ ਕਿਸ ਪਾਰਟੀ ਨਾਲ ਗਠਜੋੜ ਕੀਤਾ ਜਾਵੇ। ਕੁਝ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਨਾਂ ਸੁਝਾਉਣ 'ਤੇ ਮਨਪ੍ਰੀਤ ਸਿੰਘ ਬਾਦਲ ਪੱਖੀ ਆਗੂਆਂ ਵੱਲੋਂ ਇਸ ਦਾ ਜ਼ੋਰਦਾਰ ਵਿਰੋਧ ਕਰਦਿਆਂ ਇਜਲਾਸ ਦਾ ਬਾਈਕਾਟ ਕਰ ਦਿੱਤਾ। ਜਥੇਦਾਰ ਰਣਜੀਤ ਸਿੰਘ, ਪ੍ਰੇਮ ਕੁਮਾਰ ਤੇ ਹੋਰ ਆਗੂਆਂ ਦੀ ਅਗਵਾਈ ਹੇਠ ਬਾਈਕਾਟ ਕਰਨ ਵਾਲੇ ਡੈਲੀਗੇਟਾਂ ਨੇ ਦੋਸ਼ ਲਾਇਆ ਕਿ ਪਾਰਟੀ ਹਾਈਕਮਾਨ ਵੱਲੋਂ ਅਕਾਲੀ ਦਲ ਨਾਲ ਅੰਦਰੋਗਤੀ ਸਮਝੌਤਾ ਕਰ ਲਿਆ ਗਿਆ ਹੈ ਤੇ ਹੁਣ ਸਿਰਫ ਅੱਖਾਂ ਹੀ ਪੂੰਝੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੇ ਉਪਰਲੇ ਆਗੂਆਂ ਨੇ ਤਾਂ ਰਲੇਵੇਂ ਦੀ ਵੀ ਤਿਆਰੀ ਕਰ ਲਈ ਸੀ।

ਮਾਹੌਲ ਵਿਗੜਦਾ ਦੇਖ ਕੇ ਪਾਰਟੀ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਆਪ ਹਾਲਤ ਨੂੰ ਸੰਭਾਲਦਿਆਂ ਕਿਹਾ ਕਿ ਜੋ ਕੁਝ ਕਿਹਾ ਗਿਆ, ਉਹ ਸ਼ਬਦ ਵਾਪਸ ਲਏ ਜਾਂਦੇ ਹਨ। ਉਨ੍ਹਾਂ ਪਾਰਟੀ ਆਗੂਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਪਾਰਟੀ ਪਹਿਲਾਂ ਵੀ ਚਾਰ ਵਾਰ ਹਾਰ ਦਾ ਮੂੰਹ ਦੇਖ ਚੁੱਕੀ ਹੈ। ਸ. ਰਾਮੂਵਾਲੀਆ ਨੇ ਕਾਂਗਰਸ ਵਿਰੁਧ ਆਪਣੀ ਭੜਾਸ ਕੱਢਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੇ ਹਰ ਵਾਰ ਉਨ੍ਹਾਂ ਨਾਲ ਧੋਖਾ ਕੀਤਾ ਹੈ।

ਇਸ ਤੋਂ ਪਹਿਲਾਂ ਵੱਖ-ਵੱਖ ਬੁਲਾਰਿਆਂ ਨੇ ਪਾਰਟੀ ਪ੍ਰਧਾਨ ਦੀ ਇਸ ਰਾਏ ਨਾਲ ਸਹਿਮਤੀ ਪ੍ਰਗਟਾਈ ਕਿ ਆਉਂਦੀਆਂ ਚੋਣਾਂ 'ਚ ਪਾਰਟੀ ਵੱਲੋਂ ਇਕੱਲਿਆਂ ਕੋਈ ਵੱਡੀ ਪ੍ਰਾਪਤੀ ਕੀਤੀ ਜਾਣੀ ਸੰਭਵ ਨਹੀਂ ਹੈ ਤੇ ਸੂਬੇ ਦੇ ਮੌਜੂਦਾ ਸਿਆਸੀ ਹਾਲਾਤ ਦੇ ਮੱਦੇਨਜ਼ਰ ਗਠਜੋੜ ਕਰਨ 'ਚ ਕੋਈ ਹਰਜ ਨਹੀਂ ਪਰ ਪਾਰਟੀ ਦੀ ਹੋਂਦ ਹਰ ਹਾਲ 'ਚ ਕਾਇਮ ਰੱਖੀ ਜਾਣੀ ਚਾਹੀਦੀ ਹੈ; ਹਾਲਾਂਕਿ ਕੁਝ ਇਕ ਬੁਲਾਰਿਆਂ ਨੇ ਕਾਂਗਰਸ ਤੇ ਅਕਾਲੀ ਦਲ ਨੂੰ ਭ੍ਰਿਸ਼ਟ ਪਾਰਟੀਆਂ ਦੱਸਦਿਆਂ ਉਨ੍ਹਾਂ ਨਾਲ ਨਾ ਜਾਣ ਤੇ ਮਨਪ੍ਰੀਤ ਨਾਲ ਜਾਣ ਦੀ ਗੱਲ ਵੀ ਉਠਾਈ।

ਸ. ਰਾਮੂਵਾਲੀਆ ਨੇ ਕਿਹਾ ਕਿ ਪਾਰਟੀ ਨੂੰ ਬਣਿਆਂ ਦੋ ਦਹਾਕਿਆਂ ਤੋਂ ਉਪਰ ਦਾ ਸਮਾਂ ਹੋ ਚੁੱਕਾ ਹੈ ਤੇ ਉਨ੍ਹਾਂ ਨੇ ਲੋਕਾਂ ਦੇ ਉਹ ਕੰਮ ਕਰਵਾਏ ਹਨ ਜਿਹੜੀਆਂ ਸਰਕਾਰਾਂ ਵੀ ਨਹੀਂ ਕਰਵਾ ਸਕਦੀਆਂ। ਉਨ੍ਹਾਂ ਕਿਹਾ ਕਿ ਸੱਤਾ 'ਚ ਭਾਈਵਾਲੀ ਤੋਂ ਬਿਨਾਂ ਲੋਕਾਂ ਦਾ ਭਲਾ ਨਹੀਂ ਕੀਤਾ ਜਾ ਸਕਦਾ ਤੇ ਇਸੇ ਲਈ ਪਾਰਟੀ ਵੱਲੋਂ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਕੱਲਿਆਂ ਚੋਣ ਲੜਨ ਨਾਲੋਂ ਇਸ ਵਾਰ ਕਿਸੇ ਹਮਖਿਆਲ ਪਾਰਟੀ ਨਾਲ ਚੋਣ ਗਠਜੋੜ ਕਰਕੇ ਚੋਣ ਮੈਦਾਨ 'ਚ ਉਤਰਿਆ ਜਾਵੇ ਪਰ ਉਨ੍ਹਾਂ ਮਨਪ੍ਰੀਤ ਦੀ ਅਗਵਾਈ ਵਾਲੇ ਸਾਂਝੇ ਮੋਰਚੇ ਨਾਲ ਜਾਣ ਤੋਂ ਇਹ ਕਹਿ ਕੇ ਇਨਕਾਰ ਕੀਤਾ ਕਿ ਇਤਿਹਾਸ ਗਵਾਹ ਹੈ ਕਿ ਪੰਜਾਬ 'ਚ ਤੀਸਰੇ ਮੋਰਚੇ ਦਾ ਕੋਈ ਭਵਿੱਖ ਨਹੀਂ ਤੇ ਲੋਕ ਵੱਡੀਆਂ ਪਾਰਟੀਆਂ ਅਕਾਲੀ ਦਲ ਤੇ ਕਾਂਗਰਸ ਨੂੰ ਹੀ ਚੁਣਦੇ ਹਨ।

## ਪਿੰਡ ਬੋਦਲਾਂ 'ਚ ਕਬੱਡੀ ਮੇਲਾ 9 ਦਸੰਬਰ ਤੋਂ

**ਹੁਸ਼ਿਆਰਪੁਰ (ਪੰਜਾਬ ਟਾਈਮਜ਼ ਬਿਊਰੋ):** ਪਿੰਡ ਬੋਦਲਾਂ (ਗਰਨਾ ਸਾਹਿਬ) ਵਿਚ 9 ਤੋਂ 11 ਦਸੰਬਰ ਤਕ ਇਕ ਵਿਸ਼ਾਲ ਕਬੱਡੀ ਟੂਰਨਾਮੈਂਟ ਸੁਖਵਿੰਦਰ ਸਿੰਘ ਡਿੰਪਲ ਦੀ ਸਰਪ੍ਰਸਤੀ ਹੇਠ ਪਿੰਡ ਬੋਦਲਾਂ ਦੇ ਅਮਰੀਕਾ ਅਤੇ ਕੈਨੇਡਾ ਵਸਦੇ ਗਰਾਈਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਪੰਜਾਬ ਦੀਆਂ ਨਾਮੀ ਕਬੱਡੀ ਟੀਮਾਂ ਕਬੱਡੀ ਦੇ ਜੌਹਰ ਦਿਖਾਉਣਗੀਆਂ। ਇਹ ਮੇਲਾ ਹਰ ਸਾਲ ਪਰਦੇਸਾਂ ਵਿਚ ਵਸਦੇ ਇਸ ਪਿੰਡ ਦੇ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ।

ਕਬੱਡੀ ਮੇਲੇ ਸਬੰਧੀ ਹੋਰ ਜਾਣਕਾਰੀ ਲੈਣ ਲਈ ਸੁਖਵਿੰਦਰ ਸਿੰਘ ਡਿੰਪਲ ਨਾਲ ਫੋਨ 91-94658-40175 ਜਾਂ ਅਮਰੀਕਾ ਵਿਚ ਸੁਖਵਿੰਦਰ ਸਿੰਘ ਬੋਦਲਾਂ ਫੋਨ 360-281-2624 ਤੇ ਸੰਪਰਕ ਕੀਤਾ ਜਾ ਸਕਦਾ ਹੈ।




Amardeep Singh
Ph:916-712-2735
DRE#01357217

**Buy a Home With Zero Cash! No Money Down!**

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242




**$149,000**
**Antelope – $604**
Great schools, separate family & living. Quite Street. Pvt. back yard. Walking distance to plazas. **FREE INFO: 1-888-450-6603**, ID#4212



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $2,750**
With the help of Statewide Team, I am proud owner of two rentals in Sacramento. Each month I am making over $2,750 after all expenses. I live in Bay area and was nervous to invest in Sacramento. Statewide not only educated me but helped me in preparing the properties and finding good tenants. Great investment for my kids education.
*-Mr. Sood.*



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$151,000**
**Antelope - $615**
Charming home. Excellent school district. Open lay out. Eat in Kitchen. Beautiful Neighborhood. **FREE INFO: 1-888-450-6603**, ID#4248



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana
**California:**
Shiara Dhindsa
Photographer
661-703-6664
**Bay Area**
Charanjit Singh Pannu
408-608-4961
**Sacramento**
Gurbarinder Singh Raja
916-533-2678
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਯੂ.ਪੀ.ਏ. ਸਰਕਾਰ ਲਈ ਮਮਤਾ ਬਣੀ ਮੁਸੀਬਤ

**ਨਵੀਂ ਦਿੱਲੀ:** ਤ੍ਰਿਣਮੂਲ ਕਾਂਗਰਸ ਦੀ ਸੁਪਰੀਮੋ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਤੇਲ ਕੀਮਤਾਂ ਦੇ ਵਾਧੇ ਤੋਂ ਖਫ਼ਾ ਹੋ ਕੇ ਯੂ.ਪੀ.ਏ. ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇਕਰ ਡੀਜ਼ਲ, ਮਿੱਟੀ ਦਾ ਤੇਲ ਤੇ ਰਸੋਈ ਗੈਸ ਦੀਆਂ ਕੀਮਤਾਂ ਵਧਾਈਆਂ ਤਾਂ ਉਨ੍ਹਾਂ ਦੀ ਪਾਰਟੀ ਸਰਕਾਰ ਤੋਂ ਵੱਖ ਹੋ ਜਾਵੇਗੀ। ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵੱਲੋਂ ਤੇਲ ਕੰਪਨੀਆਂ ਦੀ ਵਾਗਡੋਰ ਖੁੱਲ੍ਹੀ ਛੱਡਣ ਤੋਂ ਬਾਅਦ ਦੇਸ਼ 'ਚ ਆਏ ਦਿਨ ਤੇਲ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਪਿਛਲੇ ਦਿਨੀਂ ਤੇਲ ਕੰਪਨੀਆਂ ਨੇ ਕੌਮਾਂਤਰੀ ਮੰਡੀ 'ਚ ਕੱਚਾ ਤੇਲ ਮਹਿੰਗਾ ਹੋਣ ਦਾ ਬਹਾਨਾ ਬਣਾਉਂਦਿਆਂ ਪੈਟਰੋਲ ਦੀਆਂ ਕੀਮਤਾਂ 'ਚ 1.80 ਰੁਪਏ ਵਾਧਾ ਕੀਤਾ ਜਿਸ ਨਾਲ ਪੈਟਰੋਲ ਦੀ ਕੀਮਤ 75 ਰੁਪਏ ਪ੍ਰਤੀ ਲੀਟਰ ਤੋਂ ਵੀ ਟੱਪ ਗਈ ਹੈ।

ਹੁਣ ਤੱਕ ਸਰਕਾਰ ਇਹ ਕਹਿ ਕੇ ਪੱਲਾ ਝਾੜ ਲੈਂਦੀ ਸੀ ਕਿ ਤੇਲ ਕੀਮਤਾਂ ਵਧਾਉਣ ਜਾਂ



*ਮਮਤਾ ਬੈਨਰਜੀ*

ਘਟਾਉਣ ਦਾ ਫ਼ੈਸਲਾ ਸਰਕਾਰ ਦੇ ਹੱਥ ਨਹੀਂ ਪਰ ਮਮਤਾ ਦੀ ਘੁਰਕੀ ਨੇ ਸਰਕਾਰ ਨੂੰ ਕਸੂਤਾ ਫਸਾ ਦਿੱਤਾ ਹੈ ਕਿਉਂਕਿ ਅਗਲੇ ਦਿਨਾਂ 'ਚ ਡੀਜ਼ਲ, ਮਿੱਟੀ ਦਾ ਤੇਲ ਤੇ ਰਸੋਈ ਗੈਸ ਦੀਆਂ ਕੀਮਤਾਂ 'ਚ ਵਾਧਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ। ਸਰਕਾਰ ਦਾ ਕਹਿਣਾ ਹੈ ਕਿ ਡੀਜ਼ਲ, ਮਿੱਟੀ ਦਾ ਤੇਲ ਤੇ ਰਸੋਈ ਗੈਸ 'ਤੇ ਵੱਡੀ ਸਬਸਿਡੀ ਦਿੱਤੀ ਜਾ ਰਹੀ ਹੈ ਜਿਸ ਦਾ ਬੋਝ ਸਹਿਣਾ ਸਰਕਾਰ ਲਈ ਔਖਾ ਹੈ। ਇਸ ਮਾਮਲੇ ਨੂੰ ਲੈ ਕੇ ਭਾਵੇਂ ਵਿਰੋਧੀ ਧਿਰਾਂ ਵੱਲੋਂ ਵੀ ਰੌਲਾ ਪਾਇਆ ਜਾ ਰਿਹਾ ਹੈ ਪਰ ਸਰਕਾਰ ਨੂੰ ਮਮਤਾ ਦੀ ਘੁਰਕੀ ਨੇ ਹੀ ਸੋਚਣ ਲਈ ਮਜਬੂਰ ਕੀਤਾ ਹੈ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰਾਂ ਵਿਚਾਲੇ ਪੈਟਰੋਲ ਦੀਆਂ ਕੀਮਤਾਂ ਘਟਾਉਣ ਬਾਰੇ 8 ਨਵੰਬਰ ਨੂੰ ਹੋਈ ਮੀਟਿੰਗ ਬੇਸਿੱਟਾ ਰਹੀ ਕਿਉਂਕਿ ਪ੍ਰਧਾਨ ਮੰਤਰੀ ਨੇ ਕੀਮਤਾਂ ਘਟਾਉਣ ਲਈ ਕੋਈ ਵਾਅਦਾ ਨਹੀਂ ਕੀਤਾ। ਉਂਜ, ਪ੍ਰਧਾਨ ਮੰਤਰੀ ਨੇ ਤ੍ਰਿਣਮੂਲ ਦੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਡੀਜ਼ਲ, ਮਿੱਟੀ ਦੇ ਤੇਲ ਤੇ ਰਸੋਈ ਗੈਸ ਦੀਆਂ ਕੀਮਤਾਂ ਨਹੀਂ ਵਧਾਏਗੀ ਤੇ ਨਾ ਹੀ ਕੇਂਦਰ ਸਰਕਾਰ ਦੇ ਵਿਚਾਰ ਅਧੀਨ ਅਜਿਹੀ ਕੋਈ ਤਜਵੀਜ਼ ਹੈ।

ਪੈਟਰੋਲੀਅਮ ਤੇ ਕੁਦਰਤੀ ਗੈਸਾਂ ਬਾਰੇ ਕੇਂਦਰੀ ਮੰਤਰੀ ਜੈਪਾਲ ਰੈਡੀ ਨੇ ਅਜੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਪਾਰਲੀਮੈਂਟ ਦੇ ਸਰਦ ਰੁੱਤ ਦੇ ਸੈਸ਼ਨ ਤੋਂ ਪਹਿਲਾਂ ਮੰਤਰੀਆਂ ਦੇ ਗਰੁੱਪ ਦੀ ਮੀਟਿੰਗ ਹੋਵੇਗੀ ਜਿਸ ਵਿਚ ਰਸੋਈ ਗੈਸ, ਮਿੱਟੀ ਦੇ ਤੇਲ ਤੇ ਡੀਜ਼ਲ ਦੀਆਂ ਕੀਮਤਾਂ ਵਧਾਉਣ 'ਤੇ ਵਿਚਾਰ ਕੀਤੀ ਜਾਵੇਗੀ ਪਰ ਹੁਣ ਪ੍ਰਧਾਨ ਮੰਤਰੀ ਦੇ ਭਰੋਸੇ ਤੋਂ ਜਾਪਦਾ ਹੈ ਕਿ ਇਨ੍ਹਾਂ ਦੀਆਂ ਕੀਮਤਾਂ ਵਿਚ ਵਾਧਾ ਨਹੀਂ ਕੀਤਾ ਜਾਵੇਗਾ।

ਮੀਟਿੰਗ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਦੇ ਆਗੂ ਸੰਦੀਪ ਬੰਦੋਪਾਧਿਆਏ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਾਲ ਘੰਟੇ ਦੀ ਮੀਟਿੰਗ ਹੋਈ ਹੈ ਜਿਸ ਵਿਚ ਪ੍ਰਧਾਨ ਮੰਤਰੀ ਨੇ ਵਫਦ ਨੂੰ ਦੱਸਿਆ ਕਿ ਕੌਮਾਂਤਰੀ ਮੰਡੀ ਵਿਚ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਧਣ ਕਰਕੇ ਹੀ ਕੇਂਦਰ ਸਰਕਾਰ ਨੂੰ ਪੈਟਰੋਲ ਦੀ ਕੀਮਤ ਵਧਾਉਣੀ ਪਈ ਹੈ। ਪ੍ਰਧਾਨ ਮੰਤਰੀ ਨੇ ਪੈਟਰੋਲ ਦੀਆਂ ਕੀਮਤਾਂ ਘਟਾਉਣ ਬਾਰੇ ਕੋਈ ਭਰੋਸਾ ਨਹੀਂ ਦਿੱਤਾ ਪਰ ਇਸ ਬਾਰੇ ਆਪਣੀ ਚਿੰਤਾ ਜ਼ਰੂਰ ਜ਼ਾਹਿਰ ਕੀਤੀ ਹੈ। ਦੋਵਾਂ ਧਿਰਾਂ ਵਿਚਾਲੇ ਸਬੰਧ ਹੋਰ ਬਿਹਤਰ ਬਣਾਉਣ ਤੇ ਤ੍ਰਿਣਮੂਲ ਕਾਂਗਰਸ ਨੂੰ ਅਹਿਮ ਫੈਸਲਿਆਂ ਵਿਚ ਸ਼ਾਮਲ ਕਰਨ ਬਾਰੇ ਚਰਚਾ ਕੀਤੀ ਗਈ ਹੈ।

ਤ੍ਰਿਣਮੂਲ ਕਾਂਗਰਸ ਕੀਮਤਾਂ ਵਿਚ ਵਾਧੇ ਦੇ ਮੁੱਦੇ ਨੂੰ ਪੱਛਮੀ ਬੰਗਾਲ ਲਈ ਵੀਹ ਹਜ਼ਾਰ ਕਰੋੜ ਰੁਪਏ ਦਾ ਪੈਕੇਜ ਲੈਣ ਲਈ ਵਰਤ ਰਹੀ ਹੈ ਤੇ ਇਸ ਬਾਰੇ ਦੋਵਾਂ ਧਿਰਾਂ ਵਿਚਾਲੇ ਕੋਈ ਸਹਿਮਤੀ ਹੋ ਗਈ ਤੇ ਇਸ ਕਰਕੇ ਹੀ ਤ੍ਰਿਣਮੂਲ ਕਾਂਗਰਸ ਨੇ ਕੇਂਦਰ ਸਰਕਾਰ ਤੋਂ ਹਮਾਇਤ ਵਾਪਸ ਲੈਣ ਦੇ ਫੈਸਲੇ ਨੂੰ ਟਾਲ ਦਿੱਤਾ ਹੈ। ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰਾਂ ਵਿਚਾਲੇ ਮੀਟਿੰਗ ਨਾਲ ਦੋਵਾਂ ਧਿਰਾਂ ਵਿਚਾਲੇ ਸੰਕਟ ਟਲ ਗਿਆ ਹੈ।

ਪੈਟਰੋਲ ਦੀਆਂ ਕੀਮਤਾਂ ਵਿਚ ਵਾਧੇ ਤੋਂ ਬਾਅਦ ਪੈਦਾ ਹੋਈ ਸਥਿਤੀ ਬਾਰੇ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਇਕ ਦਿਨ ਪਹਿਲਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਨਾਲ ਗੱਲਬਾਤ ਕੀਤੀ ਸੀ ਜਿਸ ਵਿਚ ਸੂਬੇ ਨੂੰ ਵਿੱਤੀ ਪੈਕੇਜ ਦੇਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਦੋਵਾਂ ਧਿਰਾਂ ਵਿਚਾਲੇ ਪੈਟਰੋਲ ਦੀਆਂ ਕੀਮਤਾਂ ਤੋਂ ਵੱਧ ਪੱਛਮੀ ਬੰਗਾਲ ਨੂੰ ਪੈਕੇਜ ਦੇਣ ਤੇ ਬਿਹਤਰ ਸਬੰਧ ਕਾਇਮ ਕਰਨ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ।

## ਪਰਵਾਸੀ ਭਾਰਤੀ ਨੂੰ 15 ਡਾਲਰ ਲਈ ਮਾਰ ਮੁਕਾਇਆ

**ਨਿਊ ਯਾਰਕ:** ਇਥੇ ਦੋ ਵਿਅਕਤੀਆਂ ਨੇ 15 ਡਾਲਰ ਖਾਤਰ ਭਾਰਤੀ ਮੂਲ ਦੇ ਵਿਅਕਤੀ ਨੂੰ ਕੁੱਟ-ਕੁੱਟ ਕੇ ਜਾਨੋਂ ਮਾਰ ਦਿੱਤਾ। ਇਨ੍ਹਾਂ ਹਮਲਾਵਰਾਂ ਨੇ ਉਕਤ ਵਿਅਕਤੀ ਤੋਂ 15 ਡਾਲਰ ਖੋਹਣ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਉਸ ਦੀ ਮੌਤ ਹੋ ਗਈ। ਕੋਲਕਾਤਾ ਦੇ ਰਹਿਣ ਵਾਲੇ ਬਿਮਲ ਚੰਦਰ ਨੂੰ ਦੋ ਵਿਅਕਤੀਆਂ ਇੰਨੀ ਬੁਰੀ ਤਰ੍ਹਾਂ ਕੁੱਟਿਆ ਕਿ ਉਸ ਦੀ ਮੌਤ ਹੋ ਗਈ।

ਸ੍ਰੀ ਚੰਦਰ ਨਿਊ ਯਾਰਕ ਦੇ ਬਰੋਨੈਕਸ ਇਲਾਕੇ 'ਚ ਆਪਣੀ ਪਤਨੀ ਤੇ ਨਾਬਾਲਗ ਲੜਕੀ ਨਾਲ ਰਹਿ ਰਿਹਾ ਸੀ। ਬੀਤੇ ਦਿਨ ਉਹ ਨੇੜਲੇ ਸਟੋਰ ਤੋਂ ਪੈਕਿੰਗ ਟੇਪ ਖਰੀਦ ਕੇ ਵਾਪਸ ਘਰ ਆ ਰਿਹਾ ਸੀ। ਦੋ ਵਿਅਕਤੀ ਉਸ ਦੇ ਪਿੱਛੇ ਆਏ ਤੇ ਉਸ 'ਤੇ ਹਮਲਾ ਕਰ ਦਿੱਤਾ।

# ਬਰਾਡਸ਼ਾਹ ਗੁਰੂ ਘਰ ਵਿਖੇ ਫਲੂ ਸ਼ਾਟ ਕੈਂਪ 13 ਨੂੰ

**ਸੈਕਰਾਮੈਂਟੋ (ਬਿਊਰੋ):** ਭਾਈ ਘਨਈਆ ਮਿਸ਼ਨ ਸੈਕਰਾਮੈਂਟੋ ਵਲੋਂ ਸਥਾਨਕ ਗੁਰਦੁਆਰਾ ਬਰਾਡਸ਼ਾਹ ਵਿਖੇ ਆਉਂਦੀ 13 ਨਵੰਬਰ, ਐਤਵਾਰ ਨੂੰ ਲੋੜਵੰਦ ਸੱਜਣਾਂ ਨੂੰ ਫਰੀ ਅਤੇ ਬਹੁਤ ਹੀ ਘੱਟ ਕੀਮਤ ਉਤੇ ਫਲੂ ਸ਼ਾਟ ਲਾਏ ਜਾਣਗੇ। ਫਲੂ ਸ਼ਾਟ ਕੈਂਪ ਲਈ ਰਜਿਸਟਰੇਸ਼ਨ ਦੁਪਹਿਰ 12 ਵਜੇ ਸ਼ੁਰੂ ਹੋਵੇਗੀ ਅਤੇ ਡਾ. ਨਰਿੰਦਰ ਸਿੰਘ ਪਰਹਾਰ ਅਤੇ ਉਨ੍ਹਾਂ ਦੀ ਟੀਮ ਵਲੋਂ ਫਲੂ ਸ਼ਾਟ ਬਾਅਦ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਲਾਏ ਜਾਣਗੇ। ਸੁਸਾਇਟੀ ਦੇ ਬੁਲਾਰੇ ਸ. ਮਨਜੀਤ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰਦੁਆਰਾ ਬਰਾਡਸ਼ਾਹ ਦੇ ਪ੍ਰਬੰਧਕਾਂ ਵਲੋਂ ਭਾਈ ਘਨਈਆ ਮਿਸ਼ਨ ਨੂੰ ਹਮੇਸ਼ਾ ਹੀ ਬਹੁਤ ਸਹਾਇਤਾ ਦਿੱਤੀ ਜਾਂਦੀ ਰਹੀ ਹੈ। ਇਸੇ ਕਰਕੇ ਮਿਸ਼ਨ ਵਲੋਂ ਪਹਿਲਾ ਕੈਂਪ ਇਥੇ ਹੀ ਲਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਉਪਰੰਤ ਹੋਰ ਗੁਰੂ ਘਰਾਂ ਵਿਚ ਵੀ ਅਜਿਹੇ ਕੈਂਪ ਲਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਮਿਸ਼ਨ ਵਲੋਂ ਨਵੰਬਰ-ਦਸੰਬਰ ਮਹੀਨੇ ਹਰ ਗੁਰੂ ਘਰ ਵਿਚ ਫੂਡ ਡਰਾਈਵ ਲਈ ਸਟਾਲ ਲਾਏ ਜਾਣਗੇ ਤਾਂ ਕਿ ਗੁਰੂ ਨਾਨਕ ਦੇਵ ਜੀ ਵਲੋਂ ਅਰੰਭ ਕੀਤੀ ਗਈ ਲੰਗਰ ਦੀ ਪ੍ਰਥਾ ਨੂੰ ਹਰ ਦੇਸ਼ ਵਿਚ ਜਾਰੀ ਰੱਖ ਸਕੀਏ। ਉਨ੍ਹਾਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਫੂਡ ਡਰਾਈਵ ਵਿਚ ਵਧ ਚੜ੍ਹ ਕੇ ਹਿੱਸਾ ਪਾਉਣ। ਸ. ਮਨਜੀਤ ਸਿੰਘ ਨੇ ਕਿਹਾ ਕਿ ਇਸਾਈ ਭਾਈਚਾਰੇ ਵਲੋਂ ਹਰ ਸਾਲ ਕ੍ਰਿਸਮਸ ਮੌਕੇ ਲੋੜਵੰਦਾਂ ਲਈ ਫੂਡ ਡਰਾਈਵ ਚਲਾਈ ਜਾਂਦੀ ਹੈ। ਅਸੀਂ ਵੀ ਲੰਗਰ ਦੀ ਸਿੱਖ ਪਰੰਪਰਾ ਨੂੰ ਮੁੱਖ ਰੱਖਦਿਆਂ ਫੂਡ ਬੈਂਕ ਅਤੇ ਫੂਡ ਲਿੰਕ ਸੰਸਥਾ ਨਾਲ ਸੰਪਰਕ ਕੀਤਾ ਹੈ। ਉਨ੍ਹਾਂ ਵਲੋਂ ਗੁਰੂ ਘਰਾਂ ਵਿਚ ਖੁਰਾਕੀ ਵਸਤਾਂ ਇਕੱਠੀਆਂ ਕਰਨ ਲਈ ਡਰੰਮ ਆਦਿ ਦਿੱਤੇ ਜਾਣਗੇ ਜੋ ਉਹ ਆਪ ਹੀ ਚੁੱਕ ਕੇ ਲੈ ਜਾਣਗੇ। ਮਿਸ਼ਨ ਸਬੰਧੀ ਹੋਰ ਜਾਣਕਾਰੀ ਲਈ ਮਨਜੀਤ ਸਿੰਘ ਫੋਨ 916-391-7447, ਅਜੀਤ ਸਿੰਘ ਚੌਹਾਨ 916-613-9184, ਸੰਤੋਖ ਸਿੰਘ ਫੋਨ 916-218-8489 ਜਾਂ ਸ਼ੇਰ ਸਿੰਘ ਫੋਨ 916-955-8102 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮਨਪ੍ਰੀਤ ਦੇ ਸਿਆਸੀ ਜਲੌਅ ਤੋਂ ਵਿਰੋਧੀ ਫਿਕਰਮੰਦ

ਧਾਂਕ ਜਮਾਉਣ ਦੀ ਕੋਸ਼ਿਸ਼ ਕੀਤੀ ਹੈ। ਸ਼ਹਿਰੀ ਖੇਤਰਾਂ ਅੰਦਰ ਅਕਾਲੀ ਦਲ ਦਾ ਦਖ਼ਲ ਵਧਾਉਣ ਲਈ ਇਸ ਸਮੇਂ ਇਕ ਦਰਜਨ ਤੋਂ ਵਧੇਰੇ ਹਿੰਦੂ ਆਗੂਆਂ ਨੂੰ ਪਾਰਟੀ ਵੱਲੋਂ ਅਹਿਮੀਅਤ ਦਿੱਤੀ ਜਾ ਰਹੀ ਹੈ।

ਵਿਸ਼ਵ ਕਬੱਡੀ ਕੱਪ ਨਾਲ ਪੇਂਡੂ ਨੌਜਵਾਨੀ ਦੀ ਲਾਮਬੰਦੀ ਕਰਨ ਦੀ ਕੋਸ਼ਿਸ਼ ਜਾਰੀ ਹੈ ਪਰ ਅਕਾਲੀ ਦਲ ਦੀ ਸਮੁੱਚੀ ਯੋਜਨਾਬੰਦੀ ਵਿਚ ਸਿੱਖ ਜਗਤ ਨੂੰ ਹਲੂਣਾ ਦੇਣ ਲਈ ਕੋਈ ਉਭਰਵਾਂ ਨਾਹਰਾ ਜਾਂ ਮੁੱਦਾ ਨਜ਼ਰ ਨਹੀਂ ਆ ਰਿਹਾ; ਹਾਲਾਂਕਿ 'ਖ਼ਾਲਸਾ ਵਿਰਾਸਤੀ ਕੰਪਲੈਕਸ' ਦੇ ਉਦਘਾਟਨ ਲਈ ਪ੍ਰਧਾਨ ਮੰਤਰੀ ਵੱਲੋਂ ਵਾਅਦਾ ਕਰਕੇ ਨਾ ਆਉਣ ਦੀ ਆਲੋਚਨਾ ਕਰਕੇ ਤੇ ਛੋਟੇ ਤੇ ਵੱਡੇ ਘੱਲੂਘਾਰਿਆਂ ਦੀਆਂ ਸ਼ਹੀਦੀ ਯਾਦਗਾਰਾਂ ਦੇ ਉਦਘਾਟਨ ਕਰਕੇ ਇਸ ਵਲੋਂ ਸਿੱਖ ਮਨਾਂ ਨੂੰ ਟੁੰਬਣ ਦਾ ਯਤਨ ਕੀਤਾ ਜਾ ਰਿਹਾ ਹੈ ਪਰ ਫਿਰ ਵੀ ਸਿੱਖ ਮਸਲੇ ਕੋਈ ਕੇਂਦਰ ਬਿੰਦੂ ਨਹੀਂ ਬਣ ਰਹੇ।

ਦੂਜੇ ਪਾਸੇ ਕਾਂਗਰਸ ਵੱਲੋਂ ਪਹਿਲੀ ਨਵੰਬਰ ਤੋਂ ਮਾਲਵੇ 'ਚੋਂ ਆਰੰਭ ਕੀਤੀ 'ਪੰਜਾਬ ਬਚਾਓ ਮੁਹਿੰਮ' ਨੂੰ ਜਲੰਧਰ ਵਿਚ ਭਾਵੇਂ ਧੱਕਾ ਲੱਗਾ ਪਰ ਮਾਲਵੇ ਤੇ ਮਾਝੇ 'ਚ ਮਿਲੇ ਹੁੰਗਾਰੇ ਨੇ ਪਾਰਟੀ ਨੂੰ ਮੁੜ ਹੁਲਾਰਾ ਦਿੱਤਾ ਹੈ। ਸ੍ਰੀਮਤੀ ਸੋਨੀਆ ਗਾਂਧੀ ਦੀ ਪਹਿਲਕਦਮੀ 'ਤੇ ਹੁਣ ਸੀਨੀਅਰ ਲੀਡਰਸ਼ਿਪ ਇਕਜੁੱਟ ਤੇ ਇਕਸੁਰ ਹੋ ਕੇ ਚੱਲ ਰਹੀ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਾਂ ਆਗੂਆਂ ਦੀ ਸੁਰ ਸਰਕਾਰ ਦੇ ਭ੍ਰਿਸ਼ਟਾਚਾਰ ਤੇ ਕਾਂਗਰਸ ਵਰਕਰਾਂ ਨਾਲ ਵਧੀਕੀਆਂ 'ਤੇ ਹੀ ਟਿਕੀ ਹੋਈ ਹੈ, ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਧਾਰਮਿਕ ਮੁੱਦਿਆਂ ਨੂੰ ਵੀ ਜ਼ੋਰ ਸ਼ੋਰ ਨਾਲ ਉਠਾਇਆ ਜਾ ਰਿਹਾ ਹੈ।

ਉਧਰ, ਢੁੱਡੀਕੇ ਰੈਲੀ ਨੇ ਇਕ ਵਾਰ ਮੁੜ ਇਹ ਦਿਖਾ ਦਿੱਤਾ ਹੈ ਕਿ ਮਨਪ੍ਰੀਤ ਸਿੰਘ ਬਾਦਲ ਦੀ ਲੋਕਪ੍ਰਿਅਤਾ ਕਾਇਮ ਹੈ। ਖੱਬੇ ਪੱਖੀਆਂ ਨਾਲ ਤੀਜਾ ਮੋਰਚਾ ਬਣਾ ਕੇ ਉਨ੍ਹਾਂ ਆਪਣੀ ਆਜ਼ਾਦ ਹੋਂਦ ਦੀ ਇਕ ਵਾਰ ਫਿਰ ਝਲਕ ਦਿੱਤੀ ਹੈ। ਬਹੁਜਨ ਸਮਾਜ ਪਾਰਟੀ (ਬਸਪਾ) ਦੇ ਵੀ ਸਾਂਝੇ ਮੋਰਚੇ ਵਿਚ ਸ਼ਾਮਲ ਹੋਣ ਦੀਆਂ ਕਾਫ਼ੀ ਸੰਭਾਵਨਾਵਾਂ ਹਨ। ਪਾਰਟੀ ਮੁਖੀ ਮਾਇਆਵਤੀ ਦੇ ਨਜ਼ਦੀਕੀ ਆਗੂ, ਮਨਪ੍ਰੀਤ ਨਾਲ ਮੁਲਾਕਾਤ ਵੀ ਕਰ ਚੁੱਕੇ ਹਨ। ਜੇਕਰ ਇਹ ਗੱਲਬਾਤ ਸਿਰੇ ਚੜ੍ਹ ਜਾਂਦੀ ਹੈ ਤਾਂ ਕਈ ਖੇਤਰਾਂ ਵਿਚ ਮੌਜੂਦਾ ਸਿਆਸੀ ਤਵਾਜ਼ਨ ਬਦਲ ਸਕਦੇ ਹਨ; ਖਾਸ ਕਰ ਦੁਆਬਾ ਖੇਤਰ ਵਿਚ ਜਿਥੇ ਖੱਬੇ ਪੱਖੀ ਅਤੇ ਬਸਪਾ ਦਾ ਕਾਫ਼ੀ ਹਲਕਿਆਂ ਵਿਚ ਚੰਗਾ ਆਧਾਰ ਹੈ।

ਮਾਲਵਾ ਖੇਤਰ 'ਚ ਸਿਆਸੀ ਦ੍ਰਿਸ਼ ਕੁਝ ਵੱਖਰਾ ਬਣ ਸਕਦਾ ਹੈ। ਮਾਲਵੇ ਦੇ 70 ਹਲਕਿਆਂ ਵਿਚੋਂ ਘੱਟੋ-ਘੱਟ ਅੱਧੇ ਹਲਕੇ ਅਜਿਹੇ ਹਨ ਜਿਥੇ ਪੀਪਲਜ਼ ਪਾਰਟੀ ਦਾ ਚੰਗਾ ਰਸੂਖ ਹੈ ਪਰ ਇਨ੍ਹਾਂ ਹਲਕਿਆਂ 'ਚ ਖੱਬੇ ਪੱਖੀਆਂ ਤੇ ਬਸਪਾ ਦਾ ਬਹੁਤ ਜ਼ਿਆਦਾ ਪ੍ਰਭਾਵ ਨਹੀਂ। ਪੀਪਲਜ਼ ਪਾਰਟੀ 'ਚ ਵੱਡਾ ਹਿੱਸਾ ਅਕਾਲੀ ਦਲ ਦਾ ਹੀ ਹੈ ਤੇ ਮਾਲਵਾ ਖੇਤਰ ਦੇ ਬਹੁਤੇ ਹਲਕਿਆਂ 'ਚ ਕਾਂਗਰਸ ਦੀ ਬਜਾਏ ਤੀਜਾ ਮੋਰਚਾ ਅਕਾਲੀ-ਭਾਜਪਾ ਗਠਜੋੜ ਲਈ ਵੱਡੀ ਚੁਣੌਤੀ ਬਣ ਸਕਦਾ ਹੈ। ਸ. ਮਨਪ੍ਰੀਤ ਸਿੰਘ ਬਾਦਲ ਵੱਲੋਂ ਨਿਜ਼ਾਮ ਬਦਲਣ ਤੇ ਕਾਨੂੰਨ ਦਾ ਰਾਜ ਲਿਆਉਣ ਸਮੇਤ ਸ਼ੋਹਰਤ ਤੇ ਫੋਕੀ ਟੌਹਰ ਵਾਲੇ ਸਿਆਸੀ ਸੱਭਿਆਚਾਰ ਤੋਂ ਲੋਕਾਂ ਨੂੰ ਮੁਕਤ ਕਰਨ ਦੇ ਦਿਤੇ ਗਏ ਨਾਹਰੇ ਨੌਜਵਾਨਾਂ ਤੇ ਆਮ ਲੋਕਾਂ ਨੂੰ ਪ੍ਰਭਾਵਿਤ ਕਰ ਰਹੇ ਹਨ।

# ਹਰਚਰਨ ਸਿੰਘ ਬਾਗੜੀ ਦਾ ਕਾਵਿ ਸੰਗ੍ਰਿਹ ਰਿਲੀਜ਼

**ਸਿਆਟਲ (ਬਿਊਰੋ):** ਪੰਜਾਬੀ ਲਿਖਾਰੀ ਸਭਾ, ਸਿਆਟਲ ਦੀ ਇਕ ਵਿਸ਼ੇਸ਼ ਮੀਟਿੰਗ ਵਿਚ ਸ. ਹਰਚਰਨ ਸਿੰਘ ਬਾਗੜੀ ਦਾ ਨਵ ਪ੍ਰਕਾਸ਼ਤ ਕਾਵਿ ਸੰਗ੍ਰਿਹ "ਕਿਸ ਬਿਧ ਲਈ ਆਜ਼ਾਦੀ" ਰਿਲੀਜ਼ ਕੀਤਾ ਗਿਆ। ਇਸ ਪੁਸਤਕ ਵਿਚ ਲੇਖਕ ਨੇ ਇਕ ਨਿਵੇਕਲੇ ਅੰਦਾਜ਼ ਵਿਚ ਸਿੱਖ ਇਤਿਹਾਸ ਨੂੰ ਕਲਮਬੱਧ ਕੀਤਾ ਹੈ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਦੇ ਸਮੇਂ ਨੂੰ ਕਾਵਿ ਰੂਪ ਵਿਚ ਬੰਨ੍ਹਿਆ ਹੈ।

ਇਸ ਸਮਾਗਮ ਮੌਕੇ ਹੋਏ ਕਵੀ ਦਰਬਾਰ ਵਿਚ ਹੋਰਨਾਂ ਤੋਂ ਇਲਾਵਾ ਸ਼ਾਇਰ ਹਰਭਜਨ ਸਿੰਘ ਬੈਂਸ, ਹਰਦਿਆਲ ਸਿੰਘ ਚੀਮਾ, ਅਵਤਾਰ ਸਿੰਘ ਆਦਮਪੁਰੀ, ਸ਼ਿੰਗਾਰਾ ਸਿੰਘ ਸਿੱਧੂ, ਦਿਲਬਾਗ ਸਿੰਘ, ਈਸ਼ਰ ਸਿੰਘ ਗਰਚਾ, ਜਸਵੀਰ ਸਹੋਤਾ ਤਲਵਣੀਆ, ਰਣਜੀਤ ਤੇਜੀ, ਹਰਪਾਲ ਸਿੱਧੂ, ਇੰਦਰਜੀਤ ਸਿੰਘ ਬੱਲੋਵਾਲੀਆ, ਮਨਜੀਤ ਕੌਰ ਗਿੱਲ, ਹਰਮੇਸ਼ ਮਾਹੀ, ਨੇਤਰਪਾਲ ਕੌਰ ਪਰਿਹਾਰ, ਦਲਜੀਤ ਕੌਰ ਚੀਮਾ, ਮਲਕੀਤ ਕੌਰ, ਪਰਮਿੰਦਰ ਕੌਰ ਬਾਗੜੀ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ।

ਇਸ ਮੌਕੇ ਬੋਲਦਿਆਂ ਸ. ਦਿਲਬਾਗ ਸਿੰਘ ਨੇ ਸਿਆਟਲ ਵਿਚ ਸ਼ੁਰੂ ਹੋਈ ਡਾ. ਬੀ ਆਰ ਅੰਬੇਦਕਰ ਸਿੱਖ ਫਾਊਂਡੇਸ਼ਨ ਨੂੰ ਭਾਰਤੀ ਸਮਾਜ ਵਿਚ ਆਈ ਵਾਇਰਸ ਲਈ ਐਂਟੀਵਾਇਰਸ ਦੱਸਿਆ। ਇਸ ਮੌਕੇ ਡਾ. ਜਸਵਿੰਦਰ ਸਿੰਘ ਗਰੇਵਾਲ, ਡਾ. ਹਰਚੰਦ ਸਿੰਘ ਡੈਂਟਿਸਟ, ਡਾ. ਸਰਬਜੀਤ ਸਿੰਘ ਵਿਰਕ, ਮਹਿੰਦਰ ਮਾਹੀ, ਪਰਮਿੰਦਰ ਸਾਹਨੇਵਾਲ ਅਤੇ ਹੋਰ ਸੱਜਣ ਹਾਜ਼ਰ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ਼ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਸਿੱਖ ਭਾਈਚਾਰੇ ਵਲੋਂ ਕੈਨੇਡੀਅਨ ਸੰਸਦ ਅੱਗੇ ਵਿਸ਼ਾਲ ਰੈਲੀ

**ਓਟਵਾ, ਕੈਨੇਡਾ (ਬਿਊਰੋ):** ਨਵੰਬਰ 1984 ਦੇ ਪੀੜਤਾਂ ਦੀ ਯਾਦ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਕੈਨੇਡੀਅਨ ਸਿੱਖਾਂ ਨੇ ਕੈਨੇਡਾ ਦੀ ਸੰਸਦ ਅੱਗੇ ਇਕਜੁਟਤਾ ਨਾਲ ਵਿਸ਼ਾਲ ਰੈਲੀ ਕੀਤੀ ਜਿਨ੍ਹਾਂ ਦਾ ਕੈਨੇਡਾ ਦੇ ਸੰਸਦ ਮੈਂਬਰਾਂ ਨੇ ਗਰਮ ਜੋਸ਼ੀ ਨਾਲ ਸਵਾਗਤ ਕੀਤਾ। ਸੰਸਦ ਮੈਂਬਰਾਂ ਨੇ ਇਸ ਗੱਲ ਨੂੰ





ਸਵੀਕਾਰ ਕੀਤਾ ਕਿ ਅਜਿਹੀ ਹਿੰਸਾ ਦੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜਾ ਕਰਕੇ ਇਨਸਾਫ ਲੈਣ ਦੀ ਸਖਤ ਲੋੜ ਹੈ।

ਕੈਨੇਡਾ ਦੀ ਸੰਸਦ ਦੇ ਬਾਹਰ ਕੀਤੀ ਗਈ ਇਸ ਮੰਗ ਦੀ ਗੂੰਜ ਹਾਊਸ ਆਫ ਕਾਮਨਜ਼ ਦੇ ਚੈਂਬਰਾਂ ਵਿਚ ਵੀ ਸੁਣਾਈ ਦਿੱਤੀ ਜਦੋਂ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਪਰਮ ਗਿਲ (ਬਰੈਂਪਟਨ-ਸਪਰਿੰਗਡੇਲ) ਨੇ ਨਵੰਬਰ 1984 ਦੇ ਪੀੜਤਾਂ ਨੂੰ ਇਨਸਾਫ ਤੋਂ ਕੀਤੇ ਜਾ ਰਹੇ ਇਨਕਾਰ ਦੇ ਮੁੱਦੇ ਨੂੰ ਉਠਾਇਆ ਤੇ ਪੀੜਤਾਂ ਨੂੰ ਪੂਰੀ ਤਰਾਂ ਇਸਨਾਫ ਮਿਲਣ ਤਕ ਉਨ੍ਹਾਂ ਨਾਲ ਡਟ ਕੇ ਖੜਨ ਦੀ ਦ੍ਰਿੜਤਾ ਪ੍ਰਗਟਾਈ। ਪਰਮ ਗਿਲ ਨੇ ਕਿਹਾ ਕਿ 'ਮਾਨਯੋਗ ਸਪੀਕਰ 27 ਸਾਲ ਹੋ ਗਏ ਹਨ ਜਦੋ ਅੱਜ ਦੇ ਦਿਨ ਇੰਦਰਾ ਗਾਂਧੀ ਦੀ ਹਤਿਆ ਤੋਂ ਬਾਅਦ ਦਿੱਲੀ ਅਤੇ ਭਾਰਤ ਦੇ ਹੋਰ ਹਿਸਿਆਂ ਵਿਚ ਸੜਕਾਂ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਮਰਦ ਔਰਤਾਂ ਤੇ ਬੱਚਿਆਂ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਇਸ ਹਿੰਸਾ ਦੌਰਾਨ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਹਿੰਦੂ, ਮੁਸਲਮਾਨ, ਇਸਾਈ ਤੇ ਹੋਰਨਾਂ ਨੇ ਆਪਣੇ ਗੁਆਂਢੀ ਸਿੱਖਾਂ ਨੂੰ ਪਨਾਹ ਦਿੱਤੀ ਤੇ ਹਿੰਸਕ ਭੀੜਾਂ ਤੋਂ ਬਚਾਇਆ ਸੀ। 2005 ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦੇਸ਼ ਦੀ ਤਰਫੋਂ ਮੁਆਫੀ ਮੰਗਦਿਆਂ ਕਿਹਾ ਸੀ ਕਿ ਜੋ ਕੁਝ 1984 ਵਿਚ ਹੋਇਆ ਉਹ ਸਾਡੇ ਸੰਵਿਧਾਨ ਵਿਚ ਦਰਜ ਕੌਮੀਅਤ ਦੀ ਧਾਰਨਾ ਦੇ ਉਲਟ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਜਿਹਾ ਕੁਝ ਵਾਪਰਿਆ ਜਿਸ ਲਈ ਮੈਂ ਆਪਣਾ ਸਿਰ ਸ਼ਰਮ ਨਾਲ ਝੁਕਾਉਂਦਾ ਹਾਂ। ਪਿਛਲੇ ਸਾਲ ਆਪਣੇ ਕੈਨੇਡਾ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਨੇ ਇਹ ਵੀ ਸੰਕੇਤ ਦਿੱਤਾ ਸੀ ਕਿ ਅਜਿਹੇ ਅਪਰਾਧਾਂ ਦੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜਾ ਕੀਤਾ ਜਾਣਾ ਚਾਹੀਦਾ ਹੈ ਤੇ ਮੈਂ ਉਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਹਾਂ।

ਲਿਬਰਲ ਪਾਰਟੀ ਦੇ ਐਮ ਪੀ ਜਿਮ ਕੈਰੇਗੇਨਸ, ਜੋ ਮਲਟੀਕਲਚਰਿਜ਼ਮ ਦੇ ਆਲੋਚਕ ਹਨ, ਨੇ ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਹੜੀਆਂ ਕੌਮਾਂ ਨਸਲਕੁਸ਼ੀ ਹੰਢਾ ਚੁਕੀਆਂ ਹਨ, ਉਹ ਲੰਮੇ ਸਫਰ ਤੈਅ ਕਰਨ ਲਈ ਮਜ਼ਬੂਰ ਹੁੰਦੀਆਂ ਹਨ। ਮੇਰਾ ਸਬੰਧ ਅਰਮੇਨੀਆ ਨਾਲ ਵੀ ਹੈ ਜਿਨ੍ਹਾਂ ਦੀ ਨਸਲਕੁਸ਼ੀ ਨੂੰ ਇਸ ਹਾਊਸ ਵਿਚ 2008 ਵਿਚ ਸਵੀਕਾਰ ਕੀਤਾ ਗਿਆ ਸੀ। ਮੈਂ ਸਮਝਦਾ ਹਾਂ ਕਿ ਇਹ ਲੰਮਾ ਸੰਘਰਸ਼ ਹੈ ਮੈਂ ਹਮੇਸ਼ਾ ਤੁਹਾਡੇ ਨਾਲ ਸੀ ਨਾਲ ਹਾਂ ਤੇ ਨਾਲ ਹੀ ਰਹਾਂਗਾ।

ਸੀਨੀਅਰ ਲਿਬਰਲ ਆਗੂ ਅਤੇ ਕੈਨੇਡਾ ਦੀ ਸਾਬਕਾ ਉਪ ਪ੍ਰਧਾਨ ਮੰਤਰੀ ਸ਼ੀਲਾ ਕਾਪਸ ਨੇ ਇਸ ਮੌਕੇ ਬੋਲਦਿਆਂ ਸੰਘਰਸ਼ ਵਿਚੋਂ ਹੀ ਚੰਗੀਆਂ ਲੋਕ ਨੀਤੀਆਂ ਨਿਕਲਦੀਆਂ ਹਨ। ਸਿੱਖ ਭਾਈਚਾਰੇ ਨੂੰ ਸਿਰਫ ਚੋਣਾਂ ਵੇਲੇ ਹੀ ਨਹੀਂ ਸਗੋਂ ਚੋਣਾਂ ਦੇ ਦਰਮਿਆਨ ਵੀ ਰਾਜਨੀਤੀ ਵਿਚ ਸਰਗਰਮ ਰਹਿਣਾ ਚਾਹੀਦਾ ਹੈ।

ਪੰਜਾਬ ਤੋਂ ਉਚੇਚੇ ਤੌਰ 'ਤੇ ਆਏ ਭਾਰਤੀ ਸੁਪਰੀਮ ਕੋਰਟ ਦੇ ਐਡਵੋਕੇਟ ਤੇ ਸਿੱਖਸ ਫਾਰ ਜਸਟਿਸ ਦੇ ਚੀਫ ਲੀਗਲ ਕੌਂਸਲ ਨਵਕਿਰਨ ਸਿੰਘ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਨਸਾਫ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਇਸ ਗੱਲ ਨੂੰ ਸਵੀਕਾਰ ਕੀਤਾ ਜਾਣਾ ਬਹੁਤ ਵੱਡਾ ਅਗਾਂਹਵਧੂ ਕਦਮ ਹੈ। ਪਿਛਲੇ ਲੰਮੇ ਸਮੇਂ ਤੋਂ ਅਜਿਹੇ ਅਪਰਾਧਾਂ ਦੇ ਦੋਸ਼ੀਆਂ ਨੂੰ ਭਾਰਤ ਦੇ ਸਿਆਸੀ ਤਾਣੇ-ਬਾਣੇ ਦੇ ਪਿਛੇ ਆਪਣੇ ਆਪ ਨੂੰ ਲੁਕਾਉਣਾ ਬੜਾ ਆਸਾਨ ਸੀ ਪਰ ਅੱਜ ਕੈਨੇਡਾ ਦੇ ਸੰਸਦ ਮੈਂਬਰ ਭਾਰਤ ਵਿਚ ਇਸ ਮੁੱਦੇ ਨੂੰ ਉਠਾਉਣ ਲਈ ਜਨਤਕ ਤੌਰ 'ਤੇ ਅਤੇ ਪਰਦੇ ਦੇ ਪਿਛੇ ਰਹਿ ਕੇ ਮਦਦ ਕਰ ਰਹੇ ਹਨ।

ਮਨੁੱਖੀ ਅਧਿਕਾਰਾਂ ਬਾਰੇ ਵਕੀਲ ਤੇ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਨਵੰਬਰ 1984 ਵਿਚ ਵਾਪਰੇ ਸਿੱਖ ਨਸਲਕੁਸ਼ੀ ਕਾਂਡ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ ਤੇ ਨਾ ਹੀ ਅਸੀ ਇਨਸਾਫ ਮੰਗਣ ਦੀ ਪੈਰਵਾਈ ਕਰਨੀ ਛੱਡਾਂਗੇ। ਪਿਛਲੇ ਕੁਝ ਮਹੀਨਿਆਂ ਵਿਚ ਨਵੰਬਰ 1984 ਦੀਆਂ ਘਟਨਾਵਾਂ ਨਾਲ ਸਬੰਧਤ ਸਬੂਤਾਂ ਦੇ ਸਨਸਨੀਖੇਜ ਖੁਲਾਸੇ ਹੋਏ ਹਨ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਘੱਟ ਗਿਣਤੀ ਭਾਈਚਾਰਾ ਸਿੱਖਾਂ 'ਤੇ ਜਾਣਬੁਝ ਕੇ, ਸੋਚੀ ਸਮਝੀ ਸਾਜਿਸ਼ ਤਾਹਿਤ ਯੋਜਨਾਬੱਧ ਤਰੀਕੇ ਨਾਲ ਹਮਲੇ ਕੀਤੇ ਗਏ ਸੀ। ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਕੈਨੇਡੀਅਨ ਸਿੱਖਾਂ ਨੇ ਸਿੱਖ ਨਸਲਕੁਸ਼ੀ ਦੇ ਮੁੱਦੇ 'ਤੇ ਬਹਿਸ ਕਰਵਾਕੇ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਪੀੜਤਾਂ ਦਾ ਸਾਥ ਦੇਣ ਲਈ ਨਵੀਂ ਚੁਣੀ ਗਈ ਸੰਸਦ 'ਤੇ ਦਬਾਅ ਪਾਉਣ ਵਾਸਤੇ ਦਸਤਖਤੀ ਮੁਹਿੰਮ ਵਿਢੀ ਹੋਈ ਹੈ। ਸਿੱਖਸ ਫਾਰ ਜਸਟਿਸ ਨੇ ਸੰਸਦ ਵਿਚ ਨਸਲਕੁਸ਼ੀ ਦਾ ਮਤਾ ਲਿਆਉਣ ਦੀ ਸਿੱਖ ਭਾਈਚਾਰੇ ਦੀ ਮੰਗ ਦੇ ਸਮਰਥਨ ਵਿਚ 100,000 ਦਸਤਖਤ ਇਕੱਠੇ ਕਰਨ ਦਾ ਨਿਸ਼ਾਨਾ ਮਿਥਿਆ ਹੈ।

ਜਥੇਬੰਦੀ ਦੇ ਯੂਥ ਕੋਆਰਡੀਨੇਟਰ ਜਤਿੰਦਰ ਸਿੰਘ ਗਰੇਵਾਲ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੰਝ ਲਗਦਾ ਹੈ ਕਿ ਅਸੀਂ ਕੈਨੇਡਾ ਦੇ ਸਿਆਸਤਦਾਨਾਂ ਦੇ ਨਾਲ ਅਤੇ ਕੌਮਾਂਤਰੀ ਪਧਰ 'ਤੇ ਅੱਗੇ ਵੱਧ ਰਹੇ ਹਾਂ ਜਿਨ੍ਹਾਂ ਨੇ ਇਸ ਗਲ ਨੂੰ ਸਵੀਕਾਰ ਕੀਤਾ ਕਿ ਇਨਸਾਫ ਮਿਲਣਾ ਚਾਹੀਦਾ ਹੈ। ਉਨ੍ਹਾਂ ਦੀ ਮੁੱਖ ਮੰਗ ਹੈ ਕਿ ਸੰਸਦ ਵਿਚ ਇਕ ਮਤਾ ਪੇਸ਼ ਕੀਤਾ ਜਾਵੇ ਤਾਂ ਜੋ ਇਹ ਬਹਿਸ ਕੀਤੀ ਜਾਵੇ ਕਿ ਕੀ ਨਵੰਬਰ 1984 ਦੌਰਾਨ ਭਾਰਤ ਵਿਚ ਸਿੱਖਾਂ ਦਾ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਕਤਲੇਆਮ ਨਸਲਕੁਸ਼ੀ ਸੀ ਜਿਵੇਂ ਕਿ ਨਸਲਕੁਸ਼ੀ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਦੀ ਧਾਰਾ 2 ਵਿਚ ਵਖਿਆਨ ਕੀਤਾ ਗਿਆ ਹੈ।

ਉਂਟਾਰੀਓ ਗੁਰਦੁਆਰਾ ਕਮੇਟੀ ਦੇ ਬੁਲਾਰੇ ਅਮਰਜੀਤ ਸਿੰਘ ਮਾਨ, ਲਿਬਰਲ ਖੇਮਿਆਂ ਵਿਚ ਸਰਗਰਮ ਹਰਪ੍ਰੀਤ ਸਿੰਘ ਹੰਸਰਾ, ਉਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਦੇ ਚੇਅਰਮੈਨ ਭੁਪਿੰਦਰ ਸਿੰਘ ਉਭੀ, ਸਿੱਖ ਵਰਕਿੰਗ ਗਰੁਪ ਦੇ ਸਰਗਰਮ ਆਗੂ ਮਨੋਹਰ ਸਿੰਘ ਬਲ, ਸੁਖਮਿੰਦਰ ਸਿੰਘ ਹੰਸਰਾ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਸੀਂ ਸਿਰਫ ਇਹੀ ਚਾਹੁੰਦੇ ਹਾਂ ਕਿ ਕੈਨੇਡੀਅਨ ਪਾਰਲੀਮੈਂਟ ਇਸ ਗੱਲ 'ਤੇ ਬਹਿਸ ਕਰੇ ਅਤੇ ਨਿਰਧਾਰਿਤ ਕਰੇ ਕਿ ਨਵੰਬਰ 1984 ਵਿਚ ਸਿੱਖਾਂ ਦੀ ਨਸਲਕੁਸ਼ੀ ਹੋਈ ਸੀ।



ਰੇਡੀਓ ਅੱਜ ਦੀ ਆਵਾਜ ਦੇ ਸੰਚਾਲਕ ਅਤੇ ਯੂਨਾਈਟਿਡ ਫਰੰਟ ਆਫ ਸਿੱਖਸ ਦੇ ਨੁਮਾਇੰਦੇ ਸ. ਸੁਖਦੇਵ ਸਿੰਘ ਗਿੱਲ ਨੇ ਕਿਹਾ ਕਿ 25 ਸਾਲ ਤਾਂ ਇਸ ਨੂੰ ਸਿੱਖ ਵਿਰੋਧੀ ਦੰਗੇ ਕਹਿ ਕੇ ਭੁਲੇਖੇ ਪਾਏ ਜਾਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਮੈਨੂੰ ਮਾਣ ਹੈ ਕਿ ਮੈਂ ਇਸ ਪਾਰਲੀਮੈਂਟ ਦੇ ਸਾਹਮਣੇ ਖੜਾ ਹਾਂ ਜਿਥੇ ਡੈਮੋਕਰੈਸੀ ਦੀ ਸਹੀ ਤਸਵੀਰ ਵੇਖੀ ਜਾ ਸਕਦੀ ਹੈ।

ਮੌਂਟਰੀਅਲ ਦੇ ਸੀਨੀਅਰ ਸਿੱਖ ਆਗੂ ਚਤਰ ਸਿੰਘ ਸੈਣੀ, ਸਿੱਖ ਐਕਟੀਵਿਸਟ ਨੈਟਵਰਕ ਤੋਂ ਗੁਰਰਤਨ ਸਿੰਘ, ਮੌਂਟਰੀਅਲ ਤੋਂ ਸੁਰਜੀਤ ਸਿੰਘ ਭਾਊ, ਔਟਵਾ ਤੋਂ ਕੌਮੀ ਸੇਵਾਦਾਰ ਦਲੀਪ ਸਿੰਘ ਪਰਵਾਨਾ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ। ਪ੍ਰਭਸਰਵਣ ਸਿੰਘ ਪੰਨੂ ਨੇ ਮੰਚ ਸੰਚਾਲਨ ਕੀਤਾ। ਰੈਲੀ ਨੂੰ ਕੈਨੇਡਾ ਦੀਆਂ ਸਮੂਹ ਸਿੱਖ ਜਥੇਬੰਦੀਆਂ ਵਲੋਂ ਸਮਰਥਨ ਦਿੱਤਾ ਗਿਆ।







# ਸਾਂਝੇ ਮੋਰਚੇ ਵੱਲੋਂ ਪੰਜਾਬੀਆਂ ਨੂੰ 'ਤਖ਼ਤਾ ਪਲਟਣ' ਦਾ ਸੱਦਾ

## ■ 'ਇੱਜ਼ਤ ਸੰਭਾਲ ਯਾਤਰਾ' ਦਾ ਆਗ਼ਾਜ਼ ■ 16 ਨੁਕਾਤੀ ਪ੍ਰੋਗਰਾਮ ਦਾ ਐਲਾਨ

**ਮੋਗਾ (ਪੰਜਾਬ ਟਾਈਮਜ਼ ਬਿਊਰੋ):** ਚਾਰ ਸਿਆਸੀ ਪਾਰਟੀਆਂ ਪੀਪਲਜ਼ ਪਾਰਟੀ ਆਫ਼ ਪੰਜਾਬ, ਸੀ.ਪੀ.ਆਈ., ਸੀ.ਪੀ.ਐਮ. ਤੇ ਅਕਾਲੀ ਦਲ ਲੌਂਗੋਵਾਲ ਦੇ ਅਧਾਰਤ ਸਾਂਝੇ ਮੋਰਚੇ ਨੇ 6 ਨਵੰਬਰ ਨੂੰ ਸ਼ਹੀਦ ਲਾਲਾ ਲਾਜਪਤ ਰਾਏ ਦੀ ਜਨਮ ਭੂਮੀ ਢੁੱਡੀਕੇ ਤੋਂ ਸ. ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ 'ਇੱਜ਼ਤ ਸੰਭਾਲ ਯਾਤਰਾ' ਸ਼ੁਰੂ ਕਰਕੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸ ਨੂੰ ਸੱਤਾ ਤੋਂ ਲਾਂਭੇ ਰੱਖਣ ਲਈ ਆਪਣਾ ਸਾਰਾ ਤਾਣ ਲਾ ਦੇਣ ਤਾਂ ਜੋ ਪੰਜਾਬ ਨੂੰ ਹੋਰ ਲੁੱਟ ਤੋਂ ਬਚਾਇਆ ਜਾ ਸਕੇ। ਸਾਂਝੇ ਮੋਰਚੇ ਨੇ ਵਿਸ਼ਾਲ ਰੈਲੀ ਕਰਕੇ ਜਿਥੇ ਆਪਣੀ ਚੋਣ ਮੁਹਿੰਮ ਦਾ ਬਿਗਲ ਵਜਾ ਦਿੱਤਾ ਉਥੇ ਇਸ ਮੋਰਚੇ 'ਚ ਸ਼ਾਮਲ ਪਾਰਟੀਆਂ ਵੱਲੋਂ ਆਪਣੇ ਸਾਂਝੇ ਪ੍ਰੋਗਰਾਮ ਦਾ ਵੀ ਐਲਾਨ ਕਰ ਦਿੱਤਾ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੀ ਸਰਕਾਰ ਦੇ ਗਠਨ ਤੋਂ ਪਹਿਲਾਂ ਕੀਤੀ ਰੈਲੀ ਵਾਲੀ ਥਾਂ 'ਤੇ ਹੀ ਸਾਂਝੇ ਮੋਰਚੇ ਵੱਲੋਂ ਕਰਵਾਈ ਬਰਾਬਰ ਦੀ ਰੈਲੀ 'ਚ ਪੰਜਾਬ ਦੇ ਕੋਨੇ-ਕੋਨੇ ਤੋਂ ਬਸੰਤੀ ਤੇ ਲਾਲ ਰੰਗ ਝੰਡੇ ਚੁੱਕ ਕੇ ਤੇ ਦਸਤਾਰਾਂ 'ਤੇ ਵੀ ਇਸੇ ਰੰਗ ਦੀਆਂ ਪੱਟੀਆਂ ਬੰਨ੍ਹ ਕੇ ਬੈਠੇ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਮੌਕੇ ਪੀਪਲਜ਼ ਪਾਰਟੀ ਦੇ ਪ੍ਰਧਾਨ ਤੇ ਮੋਰਚੇ ਦੇ ਚੇਅਰਮੈਨ ਮਨਪ੍ਰੀਤ ਸਿੰਘ ਬਾਦਲ ਨੇ ਸਾਂਝੇ ਮੋਰਚੇ ਦਾ ਪ੍ਰੋਗਰਾਮ ਐਲਾਨ ਕੀਤਾ। 'ਇੱਜ਼ਤ ਸੰਭਾਲ ਯਾਤਰਾ' ਦੇ ਐਲਾਨ ਮਗਰੋਂ ਪਿੰਡ ਕਿਲ੍ਹੀ ਚਹਿਲ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਸੀ.ਪੀ.ਐਮ. ਦੇ ਕੌਮੀ ਜਨਰਲ ਸਕੱਤਰ ਪ੍ਰਕਾਸ਼ ਕਰਤ ਨੇ ਪੰਜਾਬ ਵਿਚ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੀ ਦੁਰਦਸ਼ਾ ਲਈ ਹਾਕਮ ਗੱਠਜੋੜ ਨੂੰ ਸਿੱਧੇ ਤੌਰ 'ਤੇ ਦੋਸ਼ੀ ਠਹਿਰਾਇਆ।

ਉਨ੍ਹਾਂ ਕਿਹਾ ਕਿ ਭਾਰਤ ਦਾ ਸਭ ਤੋਂ ਖ਼ੁਸ਼ਹਾਲ ਸੂਬਾ ਅੱਜ ਹਾਕਮਾਂ ਦੀਆਂ ਗ਼ਲਤ ਨੀਤੀਆਂ ਕਾਰਨ ਕਰਜ਼ੇ ਦੇ ਬੋਝ ਹੇਠ ਦੱਬ ਗਿਆ ਹੈ।

ਉਨ੍ਹਾਂ ਨੇ ਪੰਜਾਬ ਦੀ ਕਿਸਾਨੀ ਦੀ ਦਿਨੋ-ਦਿਨ ਹੋ ਰਹੀ ਪਤਲੀ ਹਾਲਤ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਸਰਕਾਰੀ ਤੱਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪਿਛਲੇ ਪੰਜ ਸਾਲਾਂ ਦੌਰਾਨ 6200 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ, ਦੋ ਕਰੋੜ 70 ਲੱਖ ਦੀ ਆਬਾਦੀ ਵਾਲੇ ਪੰਜਾਬ ਵਿਚ 43 ਲੱਖ ਨੌਜਵਾਨ ਬੇਰੁਜ਼ਗਾਰ ਹਨ ਪਰ ਸਰਕਾਰ ਨੇ ਉਨ੍ਹਾਂ ਦੀ ਸਾਰ ਲੈਣ ਦੀ ਬਜਾਏ ਸਾਰੇ ਕੰਮਕਾਰ 'ਤੇ ਠੇਕਾ ਪ੍ਰਣਾਲੀ ਲਾਗੂ ਕਰ ਦਿੱਤੀ ਹੈ। ਉਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਕਾਂਗਰਸ ਤੇ ਅਕਾਲੀ ਦਲ ਨੂੰ ਇਕੋ ਜਿਹਾ ਦੱਸਦਿਆਂ ਕਿਹਾ ਕਿ ਇਨ੍ਹਾਂ ਦੋਵਾਂ ਪਾਰਟੀਆਂ ਦੇ ਨੇਤਾ ਭ੍ਰਿਸ਼ਟਾਚਾਰ ਵਿਚ ਲਿਪਤ ਹਨ। ਉਨ੍ਹਾਂ ਭ੍ਰਿਸ਼ਟਾਚਾਰ ਰੋਕਣ ਲਈ ਲੋਕ ਲਹਿਰ ਉਸਾਰਨ 'ਤੇ ਜ਼ੋਰ ਦਿੱਤਾ।

ਸੀ.ਪੀ.ਆਈ. ਦੇ ਕੌਮੀ ਜਨਰਲ ਸਕੱਤਰ ਏ.ਬੀ. ਬਰਧਨ ਨੇ ਕਿਹਾ ਕਿ ਆਪਣੀ ਮਿਹਨਤ ਨਾਲ ਦੇਸ਼ ਦਾ ਢਿੱਡ ਭਰਨ ਵਾਲਾ ਪੰਜਾਬ ਅੱਜ ਦੇਸ਼ ਦੇ ਹਾਕਮਾਂ ਦੀ ਲੁੱਟ-ਖਸੁੱਟ ਦਾ ਸ਼ਿਕਾਰ ਹੋਣ ਕਰਕੇ ਪਤਨ ਵੱਲ ਜਾ ਰਿਹਾ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਵੱਲੋਂ ਮਹਿੰਗਾਈ ਦੇ ਮੁੱਦੇ 'ਤੇ ਕਾਬੂ ਨਾ ਪਾਏ ਜਾਣ ਬਾਰੇ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਏਨੀ ਮਹਿੰਗਾਈ ਪਹਿਲਾਂ ਕਦੇ ਨਹੀਂ ਸੀ ਹੋਈ। ਲੰਘੇ ਦਸ ਮਹੀਨਿਆਂ ਦੌਰਾਨ ਤੇਲ ਦੀਆਂ ਕੀਮਤਾਂ ਵਿਚ ਅੱਠ ਵਾਰ ਇਜ਼ਾਫ਼ਾ ਹੋਇਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਇਸ 'ਤੇ ਕਾਬੂ ਪਾਉਣ ਦੀ ਬਜਾਏ ਕਹਿ ਰਹੇ ਹਨ ਕਿ ਤੇਲ ਕੀਮਤਾਂ ਕੰਟਰੋਲ-ਮੁਕਤ ਹੋਣ ਕਰਕੇ ਉਹ ਕੁਝ ਵੀ ਨਹੀਂ ਕਰ ਸਕਦੇ। ਅਸਲੀਅਤ 'ਚ ਤੇਲ ਹੀ ਇਕ



ਅਜਿਹਾ ਪਦਾਰਥ ਹੈ ਜਿਸ ਦੇ ਵਧਣ ਨਾਲ ਸਾਰੀਆਂ ਚੀਜ਼ਾਂ ਦੇ ਭਾਅ ਵਧ ਜਾਂਦੇ ਹਨ।

ਸਾਬਕਾ ਮੁੱਖ ਮੰਤਰੀ ਤੇ ਅਕਾਲੀ ਦਲ (ਲੌਂਗੋਵਾਲ) ਦੇ ਮੁਖੀ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਤੋਂ ਬਾਅਦ ਅਕਾਲੀ ਦਲ ਨੇ ਇਕੱਲਿਆਂ ਵਿਧਾਨ ਸਭਾ ਚੋਣਾਂ ਲੜੀਆਂ ਤੇ 76 ਸੀਟਾਂ ਜਿੱਤਣ ਤੋਂ ਬਾਅਦ ਉਹ ਮੁੱਖ ਮੰਤਰੀ ਬਣੇ ਪਰ ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਮਨਜ਼ੂਰ ਨਾ ਹੋਣ ਕਰਕੇ ਉਨ੍ਹਾਂ ਨੇ ਅਕਾਲੀ ਦਲ ਦੀ ਸਰਕਾਰ ਤੋੜ ਕੇ ਮੁੱਖ ਮੰਤਰੀ ਬਣਨ ਦਾ ਨਵਾਂ ਰਾਹ ਅਖ਼ਤਿਆਰ ਕਰ ਲਿਆ। ਇਸ ਕਰਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖ਼ੁਦ ਪੰਥ ਦਾ ਗ਼ਦਾਰ ਹੈ ਜਦੋਂ ਕਿ ਦੂਸ਼ਣ ਹੋਰਾਂ 'ਤੇ ਲਾਇਆ ਜਾ ਰਿਹਾ ਹੈ।

ਸਾਬਕਾ ਵਿੱਤ ਮੰਤਰੀ ਤੇ ਪੀਪਲਜ਼ ਪਾਰਟੀ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੇ ਆਖਿਆ ਕਿ ਉਹ ਪੰਜਾਬ ਦਾ ਨਿਜ਼ਾਮ ਜ਼ਰੂਰ ਬਦਲ ਕੇ ਰਹਿਣਗੇ। ਉਨ੍ਹਾਂ ਕਿਹਾ ਕਿ ਠਾਠਾਂ ਮਾਰਦਾ ਇਕੱਠ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਲੋਕ ਕਿਸ ਤਰ੍ਹਾਂ ਕਾਂਗਰਸ ਤੇ ਅਕਾਲੀ ਦਲ ਤੋਂ ਆਪਣਾ ਖਹਿੜਾ ਛੁਡਾਉਣ ਲਈ ਕਾਹਲੇ ਹਨ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿੱਚ ਅਮਨ-ਕਾਨੂੰਨ, ਇਨਸਾਫ਼ ਤੇ ਲੋਕਤੰਤਰ ਦਾ ਰਾਜ ਹੁੰਦਾ ਤਾਂ ਉਨ੍ਹਾਂ ਨੂੰ ਰਾਜ ਦੇ ਹਰ ਘਰ ਦਾ ਕੁੰਡਾ ਖੜਾਉਣ ਦੀ ਲੋੜ ਹੀ ਨਹੀਂ ਸੀ ਪੈਣੀ। ਉਨ੍ਹਾਂ ਕਿਹਾ ਕਿ ਇਤਿਹਾਸ ਇਸ ਗੱਲ ਦਾ ਗਵਾਹ ਰਿਹਾ ਹੈ ਕਿ ਜਦੋਂ ਵੀ ਕਿਤੇ ਹਕੂਮਤ ਬਦਲੀ ਤਾਂ ਇਸ ਵਿਚ ਸਭ ਤੋਂ ਵੱਧ ਯੋਗਦਾਨ ਆਮ ਲੋਕਾਂ ਦਾ ਰਿਹਾ ਤੇ ਹੁਣ ਵੀ ਲੋਕ ਹੀ ਸੱਤਾ ਤਬਦੀਲੀ ਦਾ ਮੁੱਢ ਬੰਨ੍ਹਣਗੇ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਬਗ਼ਾਵਤ ਕੋਈ ਸਿਆਸੀ ਦੁਸ਼ਮਣੀ ਜਾਂ ਲਾਲਚਵੱਸ ਨਹੀਂ ਕੀਤੀ ਸਗੋਂ ਪੰਜਾਬ ਦੀ ਅਣਖ ਤੇ ਇੱਜ਼ਤ ਬਚਾਉਣ ਲਈ ਲੋਕਾਂ ਨੂੰ ਜਗਾਉਣ ਦਾ ਬੀੜਾ ਚੁੱਕਿਆ ਹੈ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਪ੍ਰਧਾਨ ਬੀਬੀ ਸੁਰਜੀਤ ਕੌਰ ਬਰਨਾਲਾ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ। ਸਾਂਝੇ ਮੋਰਚੇ ਨੂੰ ਹੋਂਦ ਵਿੱਚ ਲਿਆਉਣ 'ਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਸਾਹਿਤਕਾਰ ਜਸਵੰਤ ਸਿੰਘ ਕੰਵਲ ਨੇ ਵੀ ਜਜ਼ਬਾਤੀ ਤਕਰੀਰ ਕੀਤੀ ਤੇ ਨਿਜ਼ਾਮ ਬਦਲੀ ਦਾ ਹੋਕਾ ਦਿੱਤਾ।

ਰੈਲੀ ਦੌਰਾਨ ਮੋਰਚੇ ਦਾ ਘੱਟੋ-ਘੱਟ ਸਾਂਝਾ ਪ੍ਰੋਗਰਾਮ (ਸੀ.ਐਮ.ਪੀ.) ਰਿਲੀਜ਼ ਕੀਤਾ ਗਿਆ ਜਿਸ ਵਿਚ ਪੰਜਾਬ ਵਿਚ ਇਨਕਲਾਬੀ ਆਰਥਿਕ ਤੇ ਸਿਆਸੀ ਸੁਧਾਰ ਲਿਆਉਣ ਦਾ ਵਾਅਦਾ ਸ਼ਾਮਲ ਹੈ। ਮਨਪ੍ਰੀਤ ਬਾਦਲ ਨੇ ਦਾਅਵਾ ਕੀਤਾ ਕਿ 16 ਨੁਕਾਤੀ ਸੀ.ਐਮ.ਪੀ. ਪੰਜਾਬ ਵਿਚ ਸਿਆਸੀ, ਆਰਥਿਕ ਤੇ ਸਮਾਜਿਕ ਪਰਿਵਰਤਨ ਦਾ ਆਧਾਰ ਸਾਬਤ ਹੋਵੇਗਾ। ਸਾਂਝੇ ਮੋਰਚੇ ਵੱਲੋਂ ਐਲਾਨੇ ਘੱਟੋ-ਘੱਟ ਸਾਂਝੇ ਪ੍ਰੋਗਰਾਮ ਅਨੁਸਾਰ ਮੋਰਚੇ ਦੀ ਸਰਕਾਰ ਬਣਨ 'ਤੇ ਛੇ ਮੈਂਬਰੀ ਲੋਕਪਾਲ ਕਾਇਮ ਕੀਤਾ ਜਾਵੇਗਾ ਤੇ ਵਿਜੀਲੈਂਸ ਬਿਊਰੋ ਇਸ ਦੇ ਅਧੀਨ ਹੋਵੇਗਾ। ਭ੍ਰਿਸ਼ਟਾਚਾਰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣਗੇ। ਸ਼ਹੀਦ ਭਾਰਤ ਸਿੰਘ ਰੁਜ਼ਗਾਰ ਯੋਜਨਾ ਸ਼ੁਰੂ ਕਰਕੇ ਪੰਜ ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਸਮਾਜ ਦੇ ਗ਼ਰੀਬ ਤਬਕਿਆਂ ਨੂੰ ਮਕਾਨ ਦੇਣ ਲਈ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਯੋਜਨਾ ਸ਼ੁਰੂ ਕੀਤੀ ਜਾਵੇਗੀ। ਗ਼ਰੀਬਾਂ ਨੂੰ ਦੋ ਰੁਪਏ ਕਿਲੋ ਆਟਾ ਤੇ ਤਿੰਨ ਰੁਪਏ ਕਿਲੋ ਦਾਲ ਰਾਸ਼ਨ ਡਿਪੂਆਂ ਰਾਹੀਂ ਸਪਲਾਈ ਕੀਤੀ ਜਾਵੇਗੀ।

# ਦਰਬਾਰ ਸਾਹਿਬ 'ਚ 24 ਕਰੋੜ ਦੇ ਘਾਟੇ ਲਈ ਬਾਦਲ ਜ਼ਿੰਮੇਵਾਰ:ਕੈਪਟਨ

## 'ਪੰਜਾਬ ਬਚਾਓ ਯਾਤਰਾ' ਨੂੰ ਮਿਲੇ ਹੁੰਗਾਰੇ ਤੋਂ ਖੁਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੀ 'ਪੰਜਾਬ ਬਚਾਓ ਯਾਤਰਾ' ਨੂੰ ਮਿਲ ਰਹੇ ਹੁੰਗਾਰੇ ਤੋਂ ਕਾਫ਼ੀ ਉਤਸ਼ਾਹ 'ਚ ਹਨ ਤੇ ਉਨ੍ਹਾਂ ਦਾ ਮੰਨਣਾ ਹੈ ਕਿ ਲੋਕ ਅਕਾਲੀ-ਭਾਜਪਾ ਸਰਕਾਰ ਨੂੰ ਸੱਤਾ 'ਚੋਂ ਲਾਂਭੇ ਕਰਨ ਲਈ ਕਾਹਲੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ 'ਪੰਜਾਬ ਬਚਾਓ ਯਾਤਰਾ' ਸੂਬੇ ਵਿਚ ਅਜਿਹਾ ਮਾਹੌਲ ਪੈਦਾ ਕਰ ਰਹੀ ਹੈ ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਭ੍ਰਿਸ਼ਟ ਅਕਾਲੀ-ਭਾਜਪਾ ਹਕੂਮਤ ਤੋਂ ਛੁਟਕਾਰਾ ਮਿਲੇਗਾ ਤੇ ਕਾਂਗਰਸ ਪਾਰਟੀ ਪੰਜਾਬ ਦੇ ਭਵਿੱਖ ਲਈ ਨਵੀਂ ਰੌਸ਼ਨੀ ਲੈ ਕੇ ਆਵੇਗੀ। ਉਨ੍ਹਾਂ ਅਨੁਸਾਰ ਰੈਲੀ ਤੋਂ ਇਹ ਭਰੋਸਾ ਬਣ ਗਿਆ ਹੈ ਕਿ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਅਕਾਲੀ-ਭਾਜਪਾ ਸਰਕਾਰ ਨੂੰ ਬੁਰੀ ਤਰ੍ਹਾਂ ਹਾਰ ਦੇਵੇਗੀ। ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਰਬਾਰ ਸਾਹਿਬ ਦੀ ਆਮਦਨ ਵਿਚ ਹੋਏ 24 ਕਰੋੜ ਰੁਪਏ ਦੇ ਘਾਟੇ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਪੰਜਾਬ 'ਚ ਕੀਤੀਆਂ ਜਾ ਰਹੀਆਂ ਰੈਲੀਆਂ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਕਹਿ ਰਹੇ ਹਨ ਕਿ ਅਕਾਲੀ-ਭਾਜਪਾ ਸਰਕਾਰ ਪੰਜਾਬ ਨੂੰ ਪਿਛਲੇ ਪੰਜ ਸਾਲਾਂ ਤੋਂ ਲੁੱਟ ਰਹੀ ਹੈ। ਹੇਠਾਂ ਤੋਂ ਲੈ ਕੇ ਉਪਰ ਤਕ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਤੇ ਮੌਜੂਦਾ ਸਰਕਾਰ ਨੇ ਪੰਜਾਬ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਪੰਜਾਬ ਬੇਰੁਜ਼ਗਾਰੀ, ਵਪਾਰਕ, ਸਨਅਤੀ ਤੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦੀ ਸਨਅਤ ਤਬਾਹ ਹੋ ਗਈ ਹੈ ਤੇ ਵਪਾਰੀ ਵਰਗ ਨਿਰਾਸ਼ ਹੋ ਗਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾ ਤਾਂ ਪੰਜਾਬ ਬਾਰੇ, ਨਾ ਗਰੀਬਾਂ, ਨਾ ਵਪਾਰੀਆਂ, ਨਾ ਸਨਅਤਕਾਰਾਂ ਦੇ ਭਲੇ ਲਈ ਕੁਝ ਕਰ ਰਹੇ ਹਨ ਤੇ ਨਾ ਹੀ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਕੁਝ ਕੀਤਾ ਗਿਆ ਹੈ।

ਉਨ੍ਹਾਂ ਭਰੋਸਾ ਦਵਾਇਆ ਕਿ ਕਾਂਗਰਸ ਦੀ ਸਰਕਾਰ ਆਉਣ 'ਤੇ ਪੰਜਾਬ ਦੀ ਤਬਾਹ ਹੋ ਰਹੀ ਸਨਅਤ ਨੂੰ ਬਚਾਉਣ ਲਈ ਵਪਾਰੀਆਂ ਨੂੰ ਹਰ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਬਚਾਓ ਯਾਤਰਾ ਲੋਕਾਂ ਨੂੰ



ਅਕਾਲੀ-ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਪ੍ਰਤੀ ਜਾਗਰੂਕ ਕਰਨ ਤੇ ਹੰਕਾਰੀ ਲੋਕਾਂ ਤੋਂ ਛੁਟਕਾਰਾ ਦਿਵਾਉਣ ਲਈ ਅਹਿਮ ਭੂਮਿਕਾ ਨਿਭਾਏਗੀ।

ਅੰਮ੍ਰਿਤਸਰ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਕੈਪਟਨ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਕਾਂਗਰਸੀ ਲੀਡਰਾਂ ਤੇ ਵਰਕਰਾਂ 'ਤੇ ਝੂਠੇ ਕੇਸ ਦਰਜ ਕਰਵਾਏ ਹਨ ਤੇ ਜਿਨ੍ਹਾਂ ਪੁਲਿਸ ਵਾਲਿਆਂ ਨੇ ਕਾਂਗਰਸੀ ਵਰਕਰਾਂ 'ਤੇ ਤਸ਼ੱਦਦ ਕੀਤੇ ਹਨ, ਉਨ੍ਹਾਂ ਨੂੰ ਕਾਂਗਰਸ ਸਰਕਾਰ ਆਉਣ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ 2022 ਤੱਕ ਸ਼ਹਿਰਾਂ ਦੀ ਆਬਾਦੀ ਪਿੰਡਾਂ ਦੀ ਆਬਾਦੀ ਨਾਲੋਂ ਕਈ ਗੁਣਾ ਵਧ ਜਾਵੇਗੀ। ਕਾਂਗਰਸ ਸਰਕਾਰ ਇਸ ਸਥਿਤੀ ਵਿਚ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ, ਸਕੂਲਾਂ ਤੇ ਹਸਪਤਾਲਾਂ ਦਾ ਪ੍ਰਬੰਧ ਕਰਨ ਤੇ ਹੋਰ ਵਿਕਾਸ ਲਈ ਫੰਡ ਕਾਇਮ ਕਰੇਗੀ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਲੰਮੇ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਨੂੰ ਤਾਂ ਇਹ ਲੁੱਟ ਹੀ ਰਹੇ ਹਨ ਪਰ ਦੁੱਖ ਇਸ ਗੱਲ ਦਾ ਹੈ ਕਿ ਦਰਬਾਰ ਸਾਹਿਬ ਦੀ ਆਮਦਨ ਵੀ 24 ਕਰੋੜ ਰੁਪਏ ਘੱਟ ਗਈ ਹੈ ਜਿਸ ਲਈ ਇਹ ਹੀ ਜ਼ਿੰਮੇਵਾਰ ਹਨ। ਉਨ੍ਹਾਂ ਰੈਲੀ ਵਿਚ ਆਏ ਲੋਕਾਂ ਨੂੰ ਕਿਹਾ ਕਿ ਉਹ ਅੱਜ ਇੱਥੋਂ ਇਹ ਪੈਗ਼ਾਮ ਲੈ ਕੇ ਜਾਣ ਕਿ ਪੰਜਾਬ ਨੂੰ ਸਿਰਫ਼ ਕਾਂਗਰਸ ਹੀ ਬਚਾ ਸਕਦੀ ਹੈ। ਇਸ ਲਈ ਕਾਂਗਰਸ ਦੀ ਹਕੂਮਤ ਬਣਾਉਣ ਲਈ ਪਾਰਟੀ ਦਾ ਸਾਥ ਦਿਓ।

ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਸਰਕਾਰ ਪੰਜਾਬ ਨੂੰ ਲੁੱਟ ਰਹੀ ਹੈ ਤੇ ਇਸ ਦਾ ਭ੍ਰਿਸ਼ਟਾਚਾਰ ਹੱਦਾਂ-ਬੰਨ੍ਹੇ ਟੱਪ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਧੱਕੇਸ਼ਾਹੀ ਕਰਨ ਤੇ ਵੰਡੀਆਂ ਪਾਉਣ ਲਈ ਅਕਾਲੀ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਨੁਮਾਇੰਦਾ ਜਮਾਤ ਨਹੀਂ ਰਹੀ ਤੇ ਇਸ ਨੇ ਸਿੱਖਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਗ ਰਹੇ ਨਸ਼ਿਆਂ ਦੇ ਦਰਿਆ ਲਈ ਬਾਦਲ ਸਾਹਿਬ ਦੋਸ਼ੀ ਹਨ। ਸਾਬਕਾ ਲੋਕ ਸਭਾ ਮੈਂਬਰ ਜਗਮੀਤ ਸਿੰਘ ਬਰਾੜ ਨੇ ਰੈਲੀ ਨੂੰ ਮਾਝੇ ਤੋਂ ਸ਼ੁਰੂ ਹੋਈ ਸੱਤਾ ਪਰਿਵਰਤਨ ਦੀ ਲਹਿਰ ਕਰਾਰ ਦਿੰਦਿਆਂ ਕਿਹਾ ਕਿ ਇਹ ਰੈਲੀ ਪੰਜਾਬ ਦੇ ਲੋਕਾਂ ਨੂੰ ਸੂਬੇ ਵਿਚ ਸੱਤਾ ਪਰਿਵਤਨ ਦਾ ਸੁਨੇਹਾ ਦੇਵੇਗੀ।

# ਬਸਪਾ ਵੱਲੋਂ ਤੀਜੇ ਮੋਰਚੇ ਨਾਲ ਹੱਥ ਮਿਲਾਉਣ ਦੇ ਆਸਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਵਿਚ ਤੀਜੇ ਮੋਰਚੇ ਵਿਚ ਸ਼ਾਮਲ ਹੋਣ ਲਈ ਹੱਥ ਵਧਾਉਣ ਨਾਲ ਸੂਬੇ ਦੇ ਸਿਆਸੀ ਦ੍ਰਿਸ਼ ਵਿਚ ਅਹਿਮ ਤਬਦੀਲੀਆਂ ਹੋਣ ਦੀ ਸੰਭਾਵਨਾ ਬਣ ਗਈ ਹੈ। ਬਸਪਾ ਦੇ ਮੋਰਚੇ ਵਿਚ ਸ਼ਾਮਲ ਹੋਣ ਨਾਲ ਤੀਜੇ ਫਰੰਟ ਦੇ ਅਹਿਮ ਸ਼ਕਤੀ ਵਜੋਂ ਉਭਰਨ ਦੇ ਆਸਾਰ ਬਣ ਜਾਣਗੇ। ਇਸ ਨਾਲ ਅਗਲੇ ਸਾਲ ਫਰਵਰੀ ਮਹੀਨੇ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਲੜਾਈ ਬਹੁਤ ਹੀ ਤਿੱਖੀ ਤੇ ਦਿਲਚਸਪ ਬਣ ਜਾਵੇਗੀ। ਇਸ ਨਾਲ ਕੋਈ ਵੀ ਧਿਰ ਆਸਾਨੀ ਨਾਲ ਸੱਤਾ 'ਤੇ ਕਾਬਜ਼ ਨਹੀਂ ਹੋ ਸਕੇਗੀ।

ਸੂਤਰਾਂ ਅਨੁਸਾਰ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਤੇ ਬਸਪਾ ਮੁਖੀ ਬੀਬੀ ਮਾਇਆਵਤੀ ਨੇ ਆਪਣੇ ਰਾਜਨੀਤਕ ਸਲਾਹਕਾਰ ਸਤੀਸ਼ ਚੰਦਰ ਮਿਸ਼ਰਾ ਨੂੰ ਪੰਜਾਬ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨਾਲ ਗੱਲਬਾਤ ਲਈ ਪੰਜਾਬ ਭੇਜਿਆ ਹੈ ਤੇ ਦੋਵਾਂ ਆਗੂਆਂ ਵਿਚਾਲੇ ਪਹਿਲੇ ਗੇੜ ਦੀ ਗੱਲਬਾਤ ਮੁਕੰਮਲ ਹੋ ਚੁੱਕੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਪੀ.ਪੀ.ਪੀ. ਪ੍ਰਧਾਨ ਨੇ ਤੀਜੇ ਮੋਰਚੇ ਵਿਚ ਸ਼ਾਮਲ ਭਾਰਤੀ ਕਮਿਊਨਿਸਟ ਪਾਰਟੀ, ਮਾਰਕਸਵਾਦੀ ਕਮਿਊਨਿਸਟ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਬਰਨਾਲਾ) ਨਾਲ ਵੀ ਨਵੇਂ ਰਾਜਨੀਤਕ ਸਮੀਕਰਨਾਂ ਬਾਰੇ ਗੱਲਬਾਤ ਕੀਤੀ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਪਾਰਟੀਆਂ ਨੇ ਬਸਪਾ ਦੇ ਤੀਜੇ ਮੋਰਚੇ ਵਿਚ ਸ਼ਾਮਲ ਹੋਣ ਦੇ ਫੈਸਲੇ ਨੂੰ ਹਾਂ ਪੱਖੀ ਕਦਮ ਕਰਾਰ ਦਿੱਤਾ ਹੈ।

ਤੀਜੇ ਮੋਰਚੇ ਵਿਚ ਸ਼ਾਮਲ ਪਾਰਟੀਆਂ ਵਿਚਾਲੇ ਸੀਟਾਂ ਦੀ ਵੰਡ ਬਾਰੇ ਵੀ ਕਾਫੀ ਹੱਦ ਤਕ ਗੱਲਬਾਤ ਹੋ ਚੁੱਕੀ ਹੈ ਤੇ ਸੀਟਾਂ ਦੀ ਵੰਡ ਨੂੰ ਲੈ ਕੇ ਵੀ ਕੋਈ ਵੱਡਾ ਰੇੜਕਾ ਨਹੀਂ ਹੈ। ਕੁਝ ਸੀਟਾਂ ਬਾਰੇ ਮੋਰਚੇ ਵਿਚ ਸ਼ਾਮਲ ਪਾਰਟੀਆਂ ਨੇ ਆਪੋ ਆਪਣੇ ਦਾਅਵੇ ਪੇਸ਼ ਕੀਤੇ ਹਨ ਤੇ ਇਨ੍ਹਾਂ ਅੜਿੱਕਿਆਂ ਨੂੰ ਵੀ ਦੂਰ ਕਰ ਲਿਆ ਜਾਵੇਗਾ। ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਦੀ ਅਗਵਾਈ ਵਿਚ ਬਣੇ ਮੋਰਚੇ ਵਿਚ ਸ਼ਾਮਲ ਹੋਣ ਨਾਲ ਮੋਰਚੇ ਨੂੰ ਕਾਫੀ ਸ਼ਕਤੀ ਮਿਲੇਗੀ ਤੇ ਇਸ ਨਾਲ ਲੋਕਾਂ ਵਿਚ ਵੀ ਤੀਜੇ ਬਦਲ ਬਾਰੇ ਸ਼ੁਭ ਸੰਕੇਤ ਜਾਵੇਗਾ।



ਗ਼ੌਰਤਲਬ ਹੈ ਕਿ ਬਹੁਜਨ ਸਮਾਜ ਪਾਰਟੀ ਕੋਲ ਦੋਆਬੇ ਵਿਚ ਤਕੜਾ ਵੋਟ ਬੈਂਕ ਹੈ ਤੇ ਦੋਆਬੇ ਵਿਚ ਹੀ ਤੀਜਾ ਮੋਰਚਾ ਸਭ ਤੋਂ ਵੱਧ ਕਮਜ਼ੋਰ ਸੀ ਤੇ ਬਸਪਾ ਦੀ ਤੀਜੇ ਮੋਰਚੇ ਵਿਚ ਸ਼ਮੂਲੀਅਤ ਨਾਲ ਤੀਜਾ ਮੋਰਚਾ ਦੋਆਬੇ ਵਿਚ ਅਹਿਮ ਰਾਜਨੀਤਕ ਸ਼ਕਤੀ ਵਜੋਂ ਉਭਰਨ ਵਿਚ ਸਫਲ ਹੋ ਜਾਵੇਗਾ।

ਇਸ ਨਾਲ ਰਾਜਨੀਤਕ ਹਲਕਿਆਂ ਵਿਚ ਤਕੜੀ ਹਿਲਜੁਲ ਪੈਦਾ ਹੋ ਜਾਵੇਗੀ। ਪੰਜਾਬ ਦੇ ਰਾਜਨੀਤਕ ਮਾਹੌਲ ਵਿਚ ਪਿਛਲੇ ਕੁਝ ਦਹਾਕਿਆਂ ਤੋਂ ਲੱਗੇ ਜਮੂਦ ਨੂੰ ਤੋੜਨ ਵਿਚ ਮਦਦ ਮਿਲੇਗੀ। ਲੋਕਾਂ ਨੂੰ ਇਕ ਵੱਖਰਾ ਬਦਲ ਦੇਖਣ ਦਾ ਮੌਕਾ ਮਿਲੇਗਾ ਤੇ ਉਨ੍ਹਾਂ ਵਿਚ ਇਕ ਨਵੀਂ ਉਮੀਦ ਜਾਗੇਗੀ।

ਇਹ ਗੱਲ ਦੇਖਣ ਵਾਲੀ ਹੋਵੇਗੀ ਕਿ ਤੀਜਾ ਮੋਰਚਾ ਲੋਕਾਂ ਸਾਹਮਣੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗਠਜੋੜ ਦੇ ਮੁਕਾਬਲੇ ਅਜਿਹੀਆਂ ਕਿਹੜੀਆਂ ਨੀਤੀਆਂ ਪੇਸ਼ ਕਰੇਗਾ ਜੋ ਇਨਾਂ ਦੋ ਵੱਡੀਆਂ ਰਾਜਨੀਤਕ ਪਾਰਟੀਆਂ ਤੇ ਗਠਜੋੜ ਦੇ ਬਦਲ ਬਣਨ ਦਾ ਲੋਕਾਂ ਵਿਚ ਵਿਸ਼ਵਾਸ ਜਗਾ ਸਕਣ।

# ਸਵਰਨ ਸਿੰਘ ਟਹਿਣਾ ਦੀ ਪੁਸਤਕ 'ਅੰਬਰੋਂ ਟੁੱਟੇ ਤਾਰੇ' ਰਿਲੀਜ਼



ਪੁਸਤਕ ਰਿਲੀਜ਼ ਕਰਦੇ ਹੋਏ ਮਨਮੋਹਨ ਵਾਰਿਸ, ਸੰਗਤਾਰ, ਜਸਪ੍ਰੀਤ ਵਿੱਕੀ ਓਬਰਾਏ, ਦੀਪਕ ਬਾਲੀ ਤੇ ਹੋਰ

**ਦੁਬਈ:** ਨੌਜਵਾਨ ਲੇਖਕ ਤੇ ਪੱਤਰਕਾਰ ਸਵਰਨ ਸਿੰਘ ਟਹਿਣਾ ਦੀ ਨਵੀਂ ਪੁਸਤਕ 'ਅੰਬਰੋਂ ਟੁੱਟੇ ਤਾਰੇ' ਸਥਾਨਕ ਟੈਨਿਸ ਸਟੇਡੀਅਮ ਵਿਖੇ ਮਨਮੋਹਨ ਵਾਰਿਸ, ਕਮਲ ਹੀਰ, ਸੰਗਤਾਰ, ਜਸਪ੍ਰੀਤ ਸਿੰਘ (ਵਿੱਕੀ ਓਬਰਾਏ), ਦੀਪਕ ਬਾਲੀ ਤੇ ਹੋਰਾਂ ਨੇ ਰਿਲੀਜ਼ ਕੀਤੀ। ਜ਼ਿਕਰਯੋਗ ਹੈ ਕਿ ਸ੍ਰੀ ਟਹਿਣਾ ਦੀ ਇਹ ਛੇਵੀਂ ਪੁਸਤਕ ਹੈ, ਜਿਸ ਵਿਚ ਉਨ੍ਹਾਂ ਕਲਾਕਾਰਾਂ ਬਾਰੇ ਲੇਖ ਲਿਖੇ ਗਏ ਹਨ, ਜਿਹੜੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ। ਇਸ ਮੌਕੇ ਗੱਲਬਾਤ ਕਰਦਿਆਂ ਸ੍ਰੀ ਟਹਿਣਾ ਨੇ ਕਿਹਾ ਕਿ 'ਅੰਬਰੋਂ ਟੁੱਟੇ ਤਾਰੇ' ਵਿਚ ਇਸ ਜਹਾਨ ਤੋਂ ਤੁਰ ਗਏ ਪੰਦਰਾਂ ਕਲਾਕਾਰਾਂ ਬਾਰੇ ਲਿਖਿਆ ਗਿਆ ਹੈ, ਜਿਨ੍ਹਾਂ ਵਿਚ ਆਸਾ ਸਿੰਘ ਮਸਤਾਨਾ, ਇੰਦਰਜੀਤ ਹਸਨਪੁਰੀ, ਅਮਰ ਸਿੰਘ ਚਮਕੀਲਾ, ਸਨਮੁਖ ਸਿੰਘ ਅਜ਼ਾਦ, ਆਸੀ ਅਨਪੜ੍ਹ, ਦਿਲਸ਼ਾਦ ਅਖ਼ਤਰ, ਸੀਤਲ ਸਿੰਘ ਸੀਤਲ, ਸੁਰਜੀਤ ਗਾਮੀ, ਪਰਮਿੰਦਰ ਸੰਧੂ, ਇਸ਼ਮੀਤ ਸਿੰਘ, ਸੋਨੀ ਪਾਬਲਾ, ਗੁਰਮੀਤ ਨਾਗਰਾ ਤੇ ਨੀਲੇ ਖ਼ਾਨ ਤੇ ਕਈ ਹੋਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪੁਸਤਕ ਵਿਚ ਜਿੱਥੇ ਇਨ੍ਹਾਂ ਕਲਾਕਾਰਾਂ ਦੇ ਜ਼ਿੰਦਗੀਨਾਮੇ ਬਾਰੇ ਲਿਖਿਆ ਹੈ, ਉਥੇ ਉਨ੍ਹਾਂ ਦੇ ਸੰਘਰਸ਼ ਤੇ ਪ੍ਰਾਪਤੀਆਂ ਦਾ ਵਰਨਣ ਵੀ ਕੀਤਾ ਗਿਆ ਹੈ।

ਮਨਮੋਹਨ ਵਾਰਿਸ ਨੇ ਕਿਹਾ ਕਿ ਸਵਰਨ ਟਹਿਣਾ ਪਿਛਲੇ ਲਗਭਗ ਇੱਕ ਦਹਾਕੇ ਤੋਂ ਪੰਜਾਬੀ ਸੰਗੀਤ ਬਾਰੇ ਬੇਬਾਕੀ ਨਾਲ ਲਿਖ ਰਿਹਾ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਸਮੂਹ ਪਾਠਕਾਂ ਨੂੰ ਉਸ ਦੀ ਇਹ ਪੁਸਤਕ ਵੀ ਪਹਿਲੀਆਂ ਪੁਸਤਕਾਂ ਵਾਂਗ ਪਸੰਦ ਆਵੇਗੀ, ਕਿਉਂਕਿ ਵਰਤਮਾਨ ਦੀਆਂ ਪ੍ਰਾਪਤੀਆਂ ਦੀ ਬਾਤ ਪਾਉਣ ਦੇ ਨਾਲ-ਨਾਲ ਅਤੀਤ ਨੂੰ ਚੇਤੇ ਕਰਨਾ ਵੀ ਸਾਡੇ ਸੁਭਾਅ 'ਚ ਸ਼ਾਮਲ ਹੋਣਾ ਚਾਹੀਦਾ ਹੈ। ਕਮਲ ਹੀਰ ਤੇ ਸੰਗਤਾਰ ਨੇ ਕਿਹਾ ਕਿ ਇਹ ਕਿਤਾਬ ਤੁਰ ਜਾਣ ਵਾਲਿਆਂ ਨੂੰ ਸੱਚੀ ਸ਼ਰਧਾਂਜਲੀ ਸਾਬਤ ਹੋਵੇਗੀ ਅਤੇ ਭਵਿੱਖ ਵਿਚ ਵੀ ਸ੍ਰੀ ਟਹਿਣਾ ਤੋਂ ਇਸ ਤਰ੍ਹਾਂ ਦੇ ਉਪਰਾਲਿਆਂ ਦੀ ਉਮੀਦ ਰਹੇਗੀ। ਜਸਪ੍ਰੀਤ ਸਿੰਘ ਵਿੱਕੀ ਓਬਰਾਏ ਨੇ ਕਿਹਾ ਕਿ ਇਸ ਪੁਸਤਕ ਨੂੰ ਰਿਲੀਜ਼ ਕਰਕੇ ਉਨ੍ਹਾਂ ਨੂੰ ਬੇਹੱਦ ਖੁਸ਼ੀ ਮਹਿਸੂਸ ਹੋਈ ਹੈ, ਕਿਉਂਕਿ ਇਸ ਵਿਚ ਉਨ੍ਹਾਂ ਕਲਾਕਾਰਾਂ ਬਾਰੇ ਲਿਖਿਆ ਗਿਆ ਹੈ, ਜਿਹੜੇ ਉਨ੍ਹਾਂ ਦੇ ਬੇਹੱਦ ਪਸੰਦੀਦਾ ਰਹੇ ਹਨ। ਇਹ ਸਾਰੇ ਕਲਾਕਾਰ ਇਨ੍ਹੀਂ ਦਿਨੀਂ ਦੁਬਈ ਦੇ ਦੌਰੇ 'ਤੇ ਹਨ।

# ਨਾਮ ਸਿਮਰਨ ਬਾਰੇ ਵਿਚਾਰ ਗੋਸ਼ਟੀ

**ਯੂਨੀਅਨ ਸਿਟੀ (ਬਿਊਰੋ):** ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਵੱਲੋਂ ਅਰੰਭੀ ਗਈ ਗੁਰਮਤਿ ਵਿਚਾਰ ਗੋਸ਼ਟੀਆਂ ਦੀ ਲੜੀ ਵਿਚ ਦੂਜੀ ਗੋਸ਼ਟੀ ਲੰਘੀ 29 ਅਕਤੂਬਰ ਨੂੰ "ਨਾਮ ਸਿਮਰਨ ਕੀ ਹੈ? ਕਿਵੇਂ ਸਿਮਰਨਾ ਹੈ? ਅਤੇ ਨਾਮ ਸਿਮਰਨ ਬਾਰੇ ਪਾਏ ਗਏ ਭੁਲੇਖੇ ਕਿਹੜੇ ਹਨ?" ਵਿਸ਼ੇ ਉਤੇ ਕਰਵਾਈ ਗਈ।

ਗੋਸ਼ਟੀ ਦਾ ਅਰੰਭ ਕਰਦਿਆਂ ਸ. ਪਰਮਿੰਦਰ ਸਿੰਘ ਪ੍ਰਵਾਨਾ ਨੇ ਗੁਰਬਾਣੀ ਦੇ ਹਵਾਲਿਆਂ ਨਾਲ ਗੁਰਬਾਣੀ ਨੂੰ ਸਮਝ-ਵਿਚਾਰ ਕੇ ਉਸ ਉਪਰ ਅਮਲ ਕਰਨ ਦਾ ਸੁਝਾਅ ਦਿੱਤਾ। ਸ. ਹਿਮਤ ਸਿੰਘ ਨੇ ਆਪਣੀ ਵਿਥਿਆ ਦਸਦਿਆਂ ਕਿਹਾ ਕਿ ਉਨ੍ਹਾਂ ਦੇ ਮਾਤਾ-ਪਿਤਾ ਨੇ ਬਚਪਨ ਵਿਚ ਹੀ ਪਾਠ ਕਰਨਾ ਸਿਖਾ ਦਿੱਤਾ ਸੀ ਪਰ ਸਮਝ ਉਦੋਂ ਆਈ ਜਦ ਗੁਰਬਾਣੀ ਦੇ ਅਰਥਾਂ ਵਾਲੇ ਟੀਕੇ ਪੜ੍ਹੇ ਕਿ ਅਸਲੀ ਨਾਮ ਸਿਮਰਨ ਕੀ ਹੈ? ਨੌਜਵਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਗੁਰਬਾਣੀ ਨੂੰ ਸਮਝਣ ਲਈ ਚੰਗੇ ਵਿਦਵਾਨਾਂ ਦੀਆਂ ਖੋਜ ਭਰਪੂਰ ਲਿਖਤਾਂ ਪੜ੍ਹਨੀਆਂ ਚਾਹੀਦੀਆਂ ਹਨ। ਸ. ਸੁਰਜੀਤ ਸਿੰਘ ਮੁਲਤਾਨੀ ਨੇ ਕਿਹਾ ਕਿ ਗੁਰਬਾਣੀ ਪਾਠ ਦੇ ਨਾਲ ਨਾਲ ਇਸ ਨੂੰ ਸਮਝ ਕੇ ਇਸ ਉਪਰ ਅਮਲ ਕਰਨਾ ਵੀ ਜ਼ਰੂਰੀ ਹੈ।

ਬੀਬੀ ਹਰਸਿਮਰਤ ਕੌਰ ਖਾਲਸਾ ਨੇ ਨਾਮ ਸਿਮਰਨ ਦੀ ਪਰਿਭਾਸ਼ਾ ਕਰਦਿਆਂ ਕਿਹਾ ਕਿ ਗੁਰਬਾਣੀ ਦਾ ਪਾਠ ਉਮਾਹ ਅਤੇ ਖੁਸ਼ੀ ਨਾਲ ਕਰਕੇ ਆਤਮ ਅਨੰਦ ਲੈਣਾ ਚਾਹੀਦਾ ਹੈ, ਇਹ ਹੀ ਨਾਮ ਸਿਮਰਨ ਹੈ। ਸਾਨੂੰ ਊਠਤ ਬੈਠਤ ਸੋਵਤ ਨਾਮ ਸਿਮਰਨਾ ਚਾਹੀਦਾ ਹੈ ਨਾ ਕਿ ਕੁਝ ਸਮਾਂ ਉਚੀ ਉਚੀ ਵਾਹਿਗੁਰੂ ਵਾਹਿਗੁਰੂ ਕਰ ਲੈਣਾ ਹੀ ਕਾਫੀ ਹੈ।

ਇਤਿਹਾਸ ਅਤੇ ਗੁਰਮਤਿ ਫਿਲਾਸਫੀ ਦੇ ਡੂੰਘੇ ਜਾਣਕਾਰ ਡਾ. ਗੁਰਦੀਪ ਸਿੰਘ ਨੇ ਕਿਹਾ ਕਿ ਪਹਿਲਾਂ ਸਾਨੂੰ ਗੁਰਬਾਣੀ ਦੇ ਅਰਥ ਸਮਝਣੇ ਚਾਹੀਦੇ ਹਨ, ਕਿਰਤ ਕਮਾਈ ਕਰਨੀ ਚਾਹੀਦੀ ਹੈ, ਸੰਸਾਰਕ ਕਿਰਿਆਵਾਂ ਕਰਦੇ ਹੋਏ ਸੁਰਤਿ ਅਕਾਲ ਪੁਰਖ ਨਾਲ ਜੋੜਨੀ ਚਾਹੀਦੀ ਹੈ। ਅਸੀਂ ਵਹਿਮਾਂ-ਭਰਮਾਂ ਤੋਂ ਮੁਕਤ ਹੋ ਰੱਬੀ ਯਾਦ ਵਿਚ ਗਿਆਨਮਈ ਪ੍ਰੈਕਟੀਕਲ ਜਿੰਦਗੀ ਜੀਵੀਏ, ਇਹ ਹੀ ਸਿਮਰਨ ਹੈ। ਸ. ਸਰਤਾਜ ਸਿੰਘ ਨੇ ਕਿਹਾ ਕਿ ਅਜਿਹੀਆਂ ਵਿਚਾਰ ਗੋਸ਼ਟੀਆਂ ਹਰ ਥਾਂ ਹੋਣੀਆਂ ਚਾਹੀਦੀਆਂ ਹਨ। ਭਾਈ ਅਵਤਾਰ ਸਿੰਘ ਮਿਸ਼ਨਰੀ ਨੇ ਗੁਰਬਾਣੀ ਦੇ ਹਵਾਲੇ ਦਿੰਦੇ ਹੋਏ ਨਾਮ ਸਿਮਰਣ ਵਿਧੀ ਸਮਝਾਈ ਕਿ ਸਾਨੂੰ ਦੁਨਿਆਵੀ ਕਾਰਵਿਹਾਰ ਕਰਦਿਆਂ ਆਪਣਾ ਧਿਆਨ ਕਰਤਾਰ ਵੱਲ ਰੱਖਣਾ ਚਾਹੀਦਾ ਹੈ।

ਹੋਰ ਜਾਣਕਾਰੀ ਲਈ ਫੋਨ 510-432-5827 ਅਤੇ 510-781-0487 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## Matrimonials

### ਵਰ ਦੀ ਲੋੜ ਹੈ

Parents seek US citizen Jatt Sikh boy in Medical profession for Jatt Sikh, 27, 5'-7" MBBS girl, preparing for USMLE, 1st step cleared. Call:510-304-9292 or e-mail: jassi@jassigill.com

Wanted US/Canadian/UK/Australian citizen match for Amritdhari Sidhu girl from educated urban family in India, 5.4, 23 yrs, doing MSc Biochem. Call: 850-225-6388 in the US or email: sukhssohi@yahoo.com

ਸੁੰਦਰ ਸੈਣੀ ਲੜਕੇ 24 ਸਾਲ, ਬੀ. ਐਸ. ਸੀ. ਨਰਸਿੰਗ ਵਾਸਤੇ ਯੋਗ ਸੁਸ਼ੀਲ ਜੀਵਨ ਸਾਥਣ ਦੀ ਜਰੂਰਤ ਹੈ। ਅਮਰੀਕਾ ਕੈਨੇਡਾ ਨੂੰ ਤਰਜੀਹ। ਜਾਤ ਗੋਤ ਕੋਈ ਵਿਚਾਰ ਨਹੀਂ। ਫੋਨ ਨੰਬਰ 408-518-2031 ਜਾਂ email: gsaini125@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸੁੰਦਰ ਤੇ ਸਾਊ ਲੜਕੀ, 24 ਸਾਲ, ਕੱਦ 5.0', ਬੀ ਐਸ ਨਰਸਿੰਗ ਲਈ ਯੋਗ ਜੱਟ ਸਿੱਖ ਵਰ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੇ ਸਿਟੀਜ਼ਨ, ਗਰੀਨ ਕਾਰਡ, ਜਾਂ ਪੀ ਆਰ ਹੋਲਡਰ 510-300-7682 ਜਾਂ 91-99155-50180 'ਤੇ ਸੰਪਰਕ ਕਰਨ।

ਬੀ.ਕਾਮ ਤੇ ਬਿਜਨਸ ਮੈਨੇਜਮੈਂਟ ਵਿਚ ਡਿਪਲੋਮਾ ਪ੍ਰਾਪਤ ਅਤੇ ਦਿੱਲੀ ਦੀ ਇਕ ਚੰਗੀ ਕਾਰੋਬਾਰੀ ਕੰਪਨੀ ਵਿਚ ਚੰਗੀ ਜਾਬ ਕਰਦੀ 28 ਸਾਲਾ, 5'6" ਖੂਬਸੂਰਤ ਰਵੀਦਾਸੀਆ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਦੇ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦਾ ਪਿਤਾ ਅਸ਼ੋਕਾ ਹੋਟਲ, ਨਵੀਂ ਦਿੱਲੀ ਦੇ ਗਜ਼ਟਿਡ ਅਹੁਦੇ ਤੋਂ ਸੇਵਾਮੁਕਤ ਅਤੇ ਮਾਮਾ ਅਮਰੀਕਾ ਵਿਚ। ਸੰਪਰਕ ਕਰੋ 559-495-9871 ਜਾਂ ਈਮੇਲ ਕਰੋ: kashmirkaur67@gmail.com

### ਕੰਨਿਆ ਦੀ ਲੋੜ ਹੈ


Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/photo: psingh03850@gmail.com


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250





MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
Asiana Airlines Emirates
India Vacation tour package also available.
SINGAPORE AIRLINES CATHAY PACIFIC KOREAN AIR Lufthansa CHINA AIRLINES
BUS tickets also available from Delhi to Punjab with lowest fare.


To Advertise with Punjab Times
Call: 847-359-0746
Visit us on the web:wwwpunjabtimesusa.com






**Business Opportunity**
International Company looking for serious people to work from home-part time or full time. Great earning potential, full training and support provided. To attend training in your area.
For more info. call:
Sukhpreet Kaur Indiana
Ph:317-884-3557
Sharanjeet Kaur
Ph:317-332-1387
spkaurus@yahoo.co.in - www.shopherbalife.com/skaur



FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella *Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com





Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਯੂਬਾ ਸਿਟੀ ਵਿਚ ਸਜਿਆ 32ਵਾਂ ਮਹਾਨ ਨਗਰ ਕੀਰਤਨ





ਸੰਗਤਾਂ ਦੀ ਹਾਜਰੀ ਪਿਛਲੇ ਸਾਲਾਂ ਦੇ ਮੁਕਾਬਲੇ ਕਾਫੀ ਘੱਟ ਸੀ।

ਹਰ ਸਾਲ ਵਾਂਗ ਨਗਰ ਕੀਰਤਨ ਤੋਂ ਪਹਿਲੀ ਸ਼ਾਮ ਗੁਰੂਘਰ ਦੇ ਮੁਖ ਦੀਵਾਨ ਹਾਲ ਵਿਚ ਭਾਰੀ ਦੀਵਾਨ ਸਜਿਆ ਜਿਸ ਵਿਚ ਪੰਥ ਪ੍ਰਸਿਧ ਕੀਰਤਨੀ, ਰਾਗੀ, ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਸਥਾਨਕ ਸਿੱਖ ਆਗੂਆਂ ਤੋਂ ਇਲਾਵਾ ਪੰਜਾਬ ਤੋਂ ਆਏ ਭਾਈ ਹਰਚਰਨ ਸਿੰਘ ਰੋਡੇ (ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਭਰਾ) ਅਤੇ ਖਾਲਿਸਤਾਨੀ ਆਗੂ ਡਾ ਅਮਰਜੀਤ ਸਿੰਘ ਨੇ ਮੌਜੂਦਾ ਪੰਥਕ ਹਾਲਾਤ ਉਤੇ ਚਾਨਣਾ ਪਾਇਆ। ਬੁਲਾਰਿਆਂ ਦੀ ਮੁਖ ਸੁਰ ਪੰਥ ਦੀਆਂ ਕੇਂਦਰੀ ਜਥੇਬੰਦੀਆਂ ਉਤੇ ਹੋ ਚੁਕੇ ਬਾਦਲਸ਼ਾਹੀ ਕਬਜ਼ੇ ਉਤੇ ਹੀ ਕੇਂਦਰਿਤ ਰਹੀ ਅਤੇ ਪੰਜਾਬਵਾਸੀ ਸਿੱਖਾਂ ਦੀ ਉਦਾਸੀਨਤਾ ਤੋੜਨ ਦੀਆਂ ਤਰਕੀਬਾਂ ਦੀ ਖੂਬ ਚਰਚਾ ਹੋਈ। ਅਮਰੀਕੀ ਮੁਖ ਧਾਰਾ ਦੇ ਕੁਝ ਆਗੂ ਵੀ ਇਸ ਮੌਕੇ ਹਾਜਰੀ ਭਰਨ ਪਹੁੰਚੇ ਹੋਏ ਸਨ।

ਐਤਵਾਰ ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਅਤੇ ਪੰਜਾਂ ਪਿਆਰਿਆਂ ਤੇ ਨਿਸ਼ਾਨਚੀਆਂ ਦੀ ਅਗਵਾਈ ਥੱਲੇ ਜੈਕਾਰਿਆਂ ਦੀ ਗੂੰਜ ਵਿਚ ਨਗਰ ਕੀਰਤਨ ਆਰੰਭ ਹੋਇਆ। ਇਕ ਅਤਿ ਸੁੰਦਰ ਢੰਗ ਨਾਲ



ਸਜਾਈ ਗਈ ਪਾਲਕੀ ਉਤੇ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠੇ ਗੁਰੂਘਰ ਦੇ ਮੁਖ ਗ੍ਰੰਥੀ ਭਾਈ ਰਾਜਿੰਦਰ ਸਿੰਘ ਖਹਿਰਾ ਚੌਰ ਦੀ ਸੇਵਾ ਨਿਭਾ ਰਹੇ ਸਨ। ਦੋਹੀਂ ਪਾਸੀਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਸਜੇ ਹੋਏ ਸਨ-ਜਿਨ੍ਹਾਂ ਵਿਚ ਪ੍ਰਧਾਨ ਪਵਿੰਦਰ ਸਿੰਘ ਕਰੀਹਾ, ਜਨਰਲ ਸਕੱਤਰ ਤੇਜਿੰਦਰ ਸਿੰਘ ਦੁਸਾਂਝ, ਕਸ਼ਮੀਰ ਸਿੰਘ ਰਾਏ, ਰਛਪਾਲ ਸਿੰਘ ਪੁਰੇਵਾਲ, ਬਲਵਿੰਦਰ ਸਿੰਘ ਬਸਰਾਨ, ਪਰਮਿੰਦਰ ਸਿੰਘ ਗਰੇਵਾਲ, ਪਰਮਜੀਤ ਸਿੰਘ ਜੌਹਲ, ਹਰਭਜਨ ਸਿੰਘ ਜੌਹਲ, ਸੁਖਦੇਵ ਸਿੰਘ ਮੁੰਡੀ ਅਤੇ ਸਾਬਾਕਾ ਪ੍ਰਧਾਨ ਸ. ਦੀਦਾਰ ਸਿੰਘ ਬੈਂਸ ਸ਼ਾਮਲ ਸਨ। ਇਥੇ ਜ਼ਿਕਰਯੋਗ ਹੈ ਕਿ ਨਗਰ ਕੀਰਤਨ ਤੋਂ ਕੁਝ ਦਿਨ ਪਹਿਲਾਂ ਤਕ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਜਾਣ ਅਤੇ ਪਾਲਕੀ ਤੇ ਤਾਬਿਆ ਵਿਚ ਬੈਠਣ ਤੋਂ ਵੀ ਪ੍ਰਬੰਧਕਾਂ ਵਿਚ ਖਿਚੋਤਾਣ ਚਲ ਰਹੀ ਸੀ। ਇਹ ਸ਼ਾਇਦ ਪ੍ਰਧਾਨ ਪਵਿੰਦਰ ਸਿੰਘ ਕਰੀਹਾ ਦੀ ਸਿਆਣਪ ਹੀ ਸੀ ਕਿ ਸਭ ਕੁਝ ਠੀਕ-ਠਾਕ ਰਿਹਾ।

ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਵਾਲੇ ਮੁਖ ਫਲੋਟ ਦੇ ਪਿਛੇ ਵਖ ਵਖ ਗੁਰੂਘਰਾਂ, ਪੰਥਕ ਜਥੇਬੰਦੀਆਂ ਅਤੇ ਵਪਾਰਕ ਅਦਾਰਿਆਂ ਦੇ ਫਲੋਟ ਚਲ ਰਹੇ ਸਨ। ਅਕਾਲੀ ਦਲ (ਬਾਦਲ) ਸਮੇਤ ਵਖ ਵਖ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਅਤੇ ਖਾੜਕੂ ਜਥੇਬੰਦੀਆਂ ਦੇ ਮੈਂਬਰ ਵੀ ਹਾਜਰ ਸਨ। ਗਤਕਾ ਪਾਰਟੀਆਂ ਗਤਕੇ ਦੇ ਜੌਹਰ ਦਿਖਾ ਕੇ ਸੰਗਤਾਂ ਨੂੰ ਅਚੰਭਿਤ ਕਰ ਰਹੀਆਂ ਸਨ। ਜਗ੍ਹਾ-ਜਗ੍ਹਾ ਸ਼ਰਧਾਲੂ ਸੇਵਕਾਂ ਨੇ ਭਾਂਤ-ਸੁਭਾਂਤੇ ਭੋਜਨਾਂ ਦੇ ਲੰਗਰ ਲਾਏ ਹੋਏ ਸਨ-ਕਿਧਰੇ ਗੋਲਗੱਪੇ ਹਾਜਰ ਸਨ, ਕਿਧਰੇ ਪੀਜ਼ਾ, ਕਿਧਰੇ ਮੱਕੀ ਦੀ ਰੋਟੀ ਤੇ ਸਰੋਂ ਦਾ ਸਾਗ, ਕਿਧਰੇ ਚਾਹ-ਪਾਣੀ,



*ਨਗਰ ਕੀਰਤਨ ਤੋਂ ਪਹਿਲੀ ਸ਼ਾਮ ਕੀਤੀ ਗਈ ਆਤਿਸ਼ਬਾਜ਼ੀ*

ਗਰਮਾ-ਗਰਮ ਪਕੌੜਿਆਂ ਅਤੇ ਜਲੇਬੀਆਂ ਦੇ ਲੰਗਰ ਚਲ ਰਹੇ ਸਨ। ਅਮਰੀਕੀ ਮੁਖ ਧਾਰਾ ਦੇ ਬਥੇਰੇ ਲੋਕ ਵੀ ਲੰਗਰ-ਪਾਣੀ ਦਾ ਆਨੰਦ ਮਾਣ ਰਹੇ ਸਨ। ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਦੇ ਸੇਵਾਦਾਰ ਹਰ ਸਾਲ ਵਾਂਗ ਲੰਗਰ ਦੀ ਸੇਵਾ ਵਿਚ ਰੁਝੇ ਹੋਏ ਸਨ।

ਭਾਂਤ-ਸੁਭਾਂਤੀਆਂ ਖਰੀਦਦਾਰੀਆਂ ਦੇ ਸਟਾਲ ਪੰਜਾਬ ਦੇ ਕਿਸੇ ਆਮ ਮੇਲੇ ਦਾ ਦ੍ਰਿਸ਼ ਸਿਰਜ ਰਹੇ ਸਨ। ਕਿਧਰੇ ਕੰਬਲ ਵਿਕ ਰਹੇ ਸਨ, ਕਿਧਰੇ ਸੂਟ ਤਾਂ ਕਿਧਰੇ ਜੁਤੀਆਂ। ਜੇ ਬਿਲਕੁਲ ਪੇਂਡੂ ਦਿਖ ਵਾਲੇ ਲੋਕ ਪਹੁੰਚੇ ਹੋਏ ਸਨ ਤਾਂ ਨਵੀਂ ਪੀੜ੍ਹੀ ਦੇ ਮੁੰਡੇ ਕੁੜੀਆਂ ਵੀ ਆਪਣੀ ਹਾਜਰੀ ਲਵਾ ਰਹੇ ਸਨ।

ਇਸ ਵਾਰ ਭਾਵੇਂ ਹੋਰ ਵੀ ਅਨੇਕਾਂ ਸੰਸਥਾਵਾਂ ਨੇ ਆਪੋ-ਆਪਣੇ ਸਟਾਲ ਲਾਏ ਹੋਏ ਸਨ ਪਰ 'ਅਖੌਤੀ ਸੰਤਾਂ ਦੇ ਕੌਤਕ' ਨਾਮੀ ਸਿੱਖ ਨੌਜਵਾਨਾਂ ਦੇ ਗਰੁਪ ਵਲੋਂ ਲਾਇਆ ਗਿਆ ਸਟਾਲ ਸੰਗਤਾਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਰਿਹਾ। ਦੂਰ-ਦਰਾਜ ਦੀਆਂ ਸਟੇਟਾਂ ਅਤੇ ਕੈਨੇਡਾ ਤੋਂ ਆਏ ਨੌਜਵਾਨਾਂ ਨੇ ਪ੍ਰਚਾਰ ਦੇ ਆਧੁਨਿਕ ਸਾਧਨਾਂ ਦੀ ਵਰਤੋਂ ਕਰਦਿਆਂ ਸਿੱਖ ਪੰਥ ਵਿਚ ਫੈਲੇ ਡੇਰਾਵਾਦ ਵਿਰੁਧ ਸੁਨੇਹਾ ਦਿਤਾ। ਇਨ੍ਹਾਂ ਨੌਜਵਾਨਾਂ ਅਨੁਸਾਰ ਉਨ੍ਹਾਂ ਇਸ ਨਗਰ ਕੀਰਤਨ ਵਿਚ ਅਜਿਹਾ ਸਟਾਲ ਪਹਿਲੀ ਵਾਰ ਲਾਇਆ ਸੀ ਪਰ ਉਨ੍ਹਾਂ ਨੂੰ ਆਸ ਤੋਂ ਕਿਤੇ ਵੱਧ ਹੁੰਗਾਰਾ ਮਿਲਿਆ ਹੈ। ਉਨ੍ਹਾਂ ਦਸਿਆ ਕਿ ਪ੍ਰੋ ਸਰਬੀਤ ਸਿੰਘ ਧੂੰਦਾ ਅਤੇ ਭਾਈ ਪੰਥਪ੍ਰੀਤ ਸਿੰਘ ਦੀਆਂ ਕਥਾ ਦੀਆਂ ਸੀਡੀਆਂ ਸਾਥੋਂ ਸੰਗਤਾਂ ਨੇ ਮੰਗ ਮੰਗ ਕੇ ਲਈਆਂ।











*ਸਦਾ ਸਲਾਮਤ ਰਹਿਣ ਬਈ ਸਰਦਾਰੀਆਂ*





**ਤਸਵੀਰਾਂ: ਗੁਰਬਰਿੰਦਰ ਸਿੰਘ ਰਾਜਾ, ਗੁਰਬਖ਼ਸੀਸ਼ ਸਿੰਘ ਗਰੇਵਾਲ ਅਤੇ ਜਸਵੰਤ ਸ਼ਾਦ**

# ਯੂਬਾ ਸਿਟੀ ਨਗਰ ਕੀਰਤਨ ਦੀਆਂ ਝਲਕੀਆਂ

ਰਾਤ ਵੇਲੇ ਚੱਲ ਰਹੇ ਦੀਵਾਨ ਵਿਚੋਂ ਉਠ ਕੇ ਬਾਹਰ ਵੱਲ ਆਉਂਦਾ ਹੋਇਆ ਇਕ ਸਿੰਘ ਅੰਦਰ ਹੋ ਰਹੀਆਂ ਧੂੰਆਂ-ਧਾਰ ਤਕਰੀਰਾਂ ਬਾਰੇ ਸਾਥੀ ਨੂੰ ਕਹਿਣ ਲੱਗਾ, "ਬਾਦਲਾਂ ਦੇ ਪਾੜਛੇ ਲਾਹੁਣ ਲੱਗਿਆਂ ਇਨ੍ਹਾਂ ਦੀ ਸੁਰ ਬਥੇਰੀ ਗਰਮ ਹੁੰਦੀ ਐ, ਪਰ ਆਪਸੀ ਏਕਾ ਕਰਨ ਵੇਲੇ ਖੌਰੇ ਕੀ ਸੱਪ ਸੁੰਘ ਜਾਂਦੈ ਇਨ੍ਹਾਂ ਨੂੰ!"

***

ਬਹੁਤੇ ਲੋਕਾਂ ਦੇ ਹੱਥਾਂ ਵਿਚ ਫੜੇ ਹੋਏ ਕੰਬਲਾਂ ਦੇ ਵੱਡੇ ਵੱਡੇ ਪੈਕਟ ਦੇਖ ਕੇ ਦੁਆਬੇ ਤੋਂ ਨਵਾਂ ਆਇਆ ਇਕ ਬੰਦਾ ਕਹਿੰਦਾ-"ਯੂਬਾ ਸਿਟੀ ਦੇ ਕੰਬਲ ਵੀ ਮਸ਼ਹੂਰ ਹੋਣੇ ਐਂ ਜੇਜੋਂ ਦੇ ਪੇੜਿਆਂ ਵਾਂਗ।" ਇਹ ਵਾਕਿਆ ਹੀ ਇਸ ਮੇਲੇ ਦੀ ਖਾਸ ਗੱਲ ਹੈ ਕਿ ਲੋਕ ਉਚੇਚੇ ਤੌਰ 'ਤੇ ਆ ਰਹੇ ਸਿਆਲ ਨੂੰ ਮੁਖ ਰਖਦਿਆਂ ਕੰਬਲ ਖਰੀਦ ਕੇ ਘਰਾਂ ਨੂੰ ਖੜਦੇ ਹਨ।

***

ਭੀੜ ਭੜੱਕੇ ਵਿਚ ਵੀ 'ਸਟ੍ਰੌਲਰਾਂ' ਵਿਚ ਨਿਆਣੇ ਪਾਈ ਫਿਰਦੀਆਂ ਕਈ ਬੀਬੀਆਂ ਨੂੰ ਲਿਫਾਫਿਆਂ 'ਚ ਛੋਲੇ ਭਟੂਰੇ ਪੁਆ ਰਹੀਆਂ ਦੇਖ ਕੇ ਇਕ ਬੰਦੇ ਨੇ ਵਿਅੰਗ ਕੱਸਿਆ, "ਮੋਹ ਪਿਆਰ ਨਾਲ ਬੱਚੇ ਕੁੱਛੜ ਚੁੱਕਣੇ ਛੱਡ ਦਿੱਤੇ, ਪਰ ਲੰਗਰਾਂ 'ਚ ਫਰੀ ਦੀਆਂ ਦਾਲਾਂ ਸਬਜ਼ੀਆਂ ਢੋਣੋਂ ਨਹੀਂ ਹਟਿਆ ਜਾਂਦਾ।"

***

ਫੇਸਬੁੱਕ ਦੇ ਮਸ਼ਹੂਰ 'ਸੰਤਾਂ ਦੀ ਕੌਤਕ' ਗਰੁੱਪ ਦੇ ਨੌਜਵਾਨਾਂ ਵਲੋਂ ਲਾਏ ਗਏ ਸਟਾਲ ਉਪਰ ਜੁੜੀ ਹੋਈ ਖਾਸੀ ਭੀੜ ਵੱਲ ਇਸ਼ਾਰਾ ਕਰਦਿਆਂ ਇਕ ਢਾਡੀ ਕਹਿੰਦਾ, "ਸਿੰਘਾਂ ਦੇ ਸਦਕੇ ਜਾਈਏ... ਕੋਈ ਸੰਤ ਆ ਜਾਏ ਤਾਂ ਵੀ ਭੀੜਾਂ, ਜਿੱਥੇ ਸੰਤਾਂ ਦੇ ਪਾਜ ਉਘਾੜੇ ਜਾ ਰਹੇ ਨੇ, ਉਥੇ ਵੀ ਦਲੀਦੀ ਮਲੀਦੀ।"

***

ਇਕ ਰਾਤ ਪਹਿਲਾਂ ਮੀਂਹ ਕਰ ਕੇ ਹੋਏ ਚਿੱਕੜ ਦੀ ਰਤਾ ਵੀ ਪ੍ਰਵਾਹ ਕਰੇ ਬਗ਼ੈਰ ਭੱਜ ਭੱਜ ਕੇ ਲੰਗਰ ਦੀ ਸੇਵਾ ਕਰ ਰਹੇ ਸੇਵਾਦਾਰਾਂ ਵੱਲ ਦੇਖ ਕੇ ਇਹੀ ਮੂੰਹੋਂ ਨਿਕਲਦਾ ਸੀ, "ਧੰਨ ਸਿੱਖੀ!"










# ਅਮਰੀਕਨ ਗੁਰਦੁਆਰਾ ਕੌਂਸਲ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 542ਵੇਂ ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ



ਜਦੋਂ ਸੰਸਾਰ 'ਤੇ ਕੂੜ, ਕੁਸੱਤ ਅਤੇ ਅਧਰਮ ਦਾ ਬੋਲਬਾਲਾ ਹੋਵੇ ਤਾਂ ਅਕਾਲ ਪੁਰਖ ਆਪਣੇ ਦਰ ਤੋਂ ਵਰੋਸਾਈ ਹੋਈ ਕਿਸੇ ਆਤਮਾ ਨੂੰ ਇਸ ਧਰਤੀ 'ਤੇ ਭੇਜਦਾ ਹੈ। ਸਿੱਖ ਧਰਮ ਦੇ ਬਾਨੀ ਅਤੇ ਮਾਨਵਤਾ ਦੇ ਮਹਾਨ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਵੀ ਅਜਿਹੇ ਮਨੋਰਥ ਦੀ ਪੂਰਤੀ ਲਈ ਹੀ ਹੋਇਆ ਸੀ। ਉਸ ਸਮੇਂ ਵੀ ਇਸ ਧਰਤੀ 'ਤੇ ਜ਼ੁਲਮ, ਅਨਿਆਂ ਅਤੇ ਅਧਰਮ ਦਾ ਬੋਲਬਾਲਾ ਸੀ। ਉਸ ਸਮੇਂ ਪਰਉਪਕਾਰੀ ਸਤਿਗੁਰ ਨੇ ਚੌਹਾਂ ਉਦਾਸੀਆਂ ਰਾਹੀਂ ਧਰਤੀ ਦੀਆਂ ਚੌਹਾਂ ਦਿਸ਼ਾਵਾਂ ਵਿਚ ਧਰਮ ਦਾ ਪਸਾਰ ਕੀਤਾ। ਸੋ, ਅੱਜ ਸਾਰੇ ਸੰਸਾਰ ਵਿਚ ਨਾਨਕ ਨਾਮ ਲੇਵਾ ਸਿੱਖਾਂ ਵਲੋਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਅਮਰੀਕਨ ਗੁਰਦੁਆਰਾ ਕੌਂਸਲ ਵਲੋਂ ਲਖ ਲਖ ਵਧਾਈ।

ਗੁਰੂ ਜੀ ਦੇ ਸ਼ਬਦ "ਵਿਦਿਆ ਵੀਚਾਰੀ ਤਾ ਪਰਉਪਕਾਰੀ" ਤੋਂ ਰੋਸ਼ਨੀ ਲੈਂਦਿਆਂ ਅਮਰੀਕਨ ਗੁਰਦੁਆਰਾ ਕੌਂਸਲ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਦਸ਼ਮੇਸ਼ ਅਕੈਡਮੀ ਇੰਡੀਆਨਾ ਸਟੇਟ ਦੇ ਸ਼ਹਿਰ ਇੰਡੀਅਨਐਪੋਲਿਸ ਵਿਚ ਸਥਾਪਿਤ ਕੀਤੀ ਜਾ ਰਹੀ ਹੈ ਜਿਸ ਵਿਚ ਕਿੰਡਰਗਾਰਟਨ ਤੋਂ ਬਾਰਵੀਂ ਜਮਾਤ ਤੱਕ ਦੀ ਪੜ੍ਹਾਈ, ਗੁਰਮਤਿ ਵਿਦਿਆ ਅਤੇ ਕੌਮਾਂਤਰੀ ਖੇਡਾਂ ਦਾ ਪ੍ਰਬੰਧ ਬੱਚਿਆਂ ਲਈ ਕੀਤਾ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਅਤੇ ਸਕੂਲ ਦੀ ਇਮਾਰਤ ਲਈ ਗੁਰੂ ਕੀਆਂ ਸੰਗਤਾਂ ਵਲੋਂ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਦਿੱਤਾ ਜਾ ਰਿਹਾ ਹੈ। ਗੁਰੂ ਘਰ ਦੀ ਇਮਾਰਤ ਦਾ ਉਦਘਾਟਨ ਮਾਰਚ 2012 ਵਿਚ ਹੋਵੇਗਾ ਅਤੇ ਸਕੂਲ ਅਗਸਤ 2012 ਵਿਚ ਚਾਲੂ ਹੋਵੇਗਾ। ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਪ੍ਰਾਜੈਕਟ ਲਈ ਤਨ, ਮਨ ਅਤੇ ਧਨ ਨਾਲ ਸੇਵਾ ਕਰਕੇ ਇਸ ਨੂੰ ਕਾਮਯਾਬ ਕਰੋ ਜੀ ਤਾਂ ਜੋ ਇਸ ਨੂੰ ਆਉਣ ਵਾਲੀ ਸਿੱਖ ਪਨੀਰੀ ਲਈ ਲਾਹੇਵੰਦ ਬਣਾ ਸਕੀਏ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਭਾਈ ਬਲਬੀਰ ਸਿੰਘ ਟੁੱਟ, ਫੋਨ:317-702-5051, ਭਾਈ ਰਾਮ ਸਿੰਘ, ਫੋਨ:408-667-3116

# ਗੁਰਦੁਆਰਾ ਬੋਗ ਰੋਡ, ਯੂਬਾ ਸਿਟੀ

2669 Bogue Rd., Yuba City, CA 95993, Ph: 530-671-9816



# ਬਰਸੀ ਸਮਾਗਮ ਸੰਤ ਜਵਾਲਾ ਸਿੰਘ ਜੀ ਹਰਖੋਵਾਲ

*ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥*

*ਬ੍ਰਹਮਗਿਆਨੀ ਮਹਾਪਰਉਪਕਾਰੀ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੀ ਬਰਸੀ ਦਾ ਦਿਹਾੜਾ ਯੂਬਾ ਸਿਟੀ ਦੀਆਂ ਸੰਗਤਾਂ ਵਲੋਂ ਬੜੀ ਸ਼ਰਧਾ ਨਾਲ 13 ਨਵੰਬਰ 2011, ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਅਖੰਡ ਪਾਠ ਦਾ ਅਰੰਭ 11 ਨਵੰਬਰ 2011, ਦਿਨ ਸ਼ੁੱਕਰਵਾਰ ਨੂੰ ਹੋਵੇਗਾ ਅਤੇ ਭੋਗ 13 ਨਵੰਬਰ 2011, ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਉਪਰੰਤ ਪੰਥ ਪ੍ਰਸਿਧ ਕੀਰਤਨੀ ਜਥਿਆਂ ਵਲੋਂ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਏਗਾ। ਕਥਾਕਾਰ ਗੁਰ ਸ਼ਬਦ ਵਿਆਖਿਆ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ।*



ਸੰਤ ਜਵਾਲਾ ਸਿੰਘ ਜੀ ਹਰਖੋਵਾਲ

**ਇਸ ਸਮੁੱਚੇ ਪ੍ਰੋਗਰਾਮ ਦੀ ਸੇਵਾ ਸੰਗਤਾਂ ਦੇ ਦਾਸ ਸ. ਮਹਿੰਦਰ ਸਿੰਘ ਥਿਆੜਾ ਅਤੇ ਉਨ੍ਹਾਂ ਦੇ ਸਪੁੱਤਰਾਂ ਸਰਬਜੀਤ ਸਿੰਘ ਥਿਆੜਾ ਤੇ ਜਸਪ੍ਰੀਤ ਸਿੰਘ ਥਿਆੜਾ ਅਤੇ ਸਮੂਹ ਪਰਿਵਾਰ ਵਲੋਂ ਹੋਵੇਗੀ।**

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

**ਸਰਬਜੀਤ ਸਿੰਘ ਥਿਆੜਾ (530) 682-5861**

**ਜਸਪ੍ਰੀਤ ਸਿੰਘ ਥਿਆੜਾ (530) 682-5863**

ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ ਵਲੋਂ ਗਾਹਕਾਂ ਅਤੇ ਸਰਪ੍ਰਸਤਾਂ ਨੂੰ
ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

# Kash Fabrics

One Stop Shopping Center

29576 Mission Blvd, Hayward, CA 94544 Phone: 510-538-1138

ਕੈਸ਼ ਫੈਬ੍ਰਿਕਸ-ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

26 ਸਾਲ ਤੋਂ ਤੁਹਾਡੀ ਸੇਵਾ ਵਿਚ

The Name You Can Trust

ਤੁਹਾਡੇ ਰੂਪ ਨੂੰ ਚਾਰ ਚੰਨ ਲਾ ਦੇਣ ਵਾਲੀਆਂ ਸਾੜੀਆਂ ਅਤੇ ਕਮਾਲ ਦੀ ਕਢਾਈ ਦੇ ਵੰਨ ਵੰਨ ਦੇ ਸੂਟ, ਸਿਲਕ ਦੀਆਂ ਸਾੜੀਆਂ ਅਤੇ ਬੱਚਿਆਂ ਦੇ ਪੰਜਾਬੀ ਸੂਟ

Brand New Shipment of Designer Ladies Suits and other Dress Material

*Bridal
*Boutique
*Jewelry



ਸਾੜੀ ਸਪੈਸ਼ਲਟੀ: ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਅਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਪਾਸ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ- ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਸੂਟਾਂ, ਸਾੜੀਆਂ ਅਤੇ ਲਹਿੰਗਿਆਂ ਨਾਲ ਮੈਚ ਕਰਦੀ ਮਨਮੋਹਕ ਅਤੇ ਨਵੇਂ ਤੋਂ ਨਵੇਂ ਡਿਜ਼ਾਈਨਾਂ ਵਿਚ ਆਰਟੀਫੀਸ਼ੀਅਲ ਜਿਊਲਰੀ ਅਤੇ ਹੋਰ ਬੜਾ ਹੀ ਕੁਝ...

ਕੈਲੇਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰਤ ਭੇਜ ਸਕਦੇ ਹਾਂ।

Visit us on the Web at www.kashfabrics.com



# Blue Shield has a health plan that's right for you



Jagroop Takhar
2851 Geer Road Suite E
Turlock, CA 95382
jagroop209@aol.com
(209) 485-1521

**When your life changes, shouldn't your healthcare coverage change with it?**

To keep up with you, Blue Shield offers health plans to fit your independent lifestyle.

Choose from a variety of options that provide the coverage and care you need at an affordable price. No matter what your needs are, Blue Shield has a health plan that helps you meet them.

To learn more about affordable Blue Shield plans, call Jagroop Today.

CA License # 0D95393
Authorized Broker

Health Plans and Insurance

blue of california

Individual and Family plans are not available to individuals age 65 or older.

©2007 Blue Shield of California, an Independent Member of the Blue Shield Association A19605 (12/07)



ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਦੀ

ਲਖ ਲਖ ਵਧਾਈ

ੴ

ਸਮੂਹ ਸਿੱਖ ਸੰਗਤਾਂ ਨੂੰ ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀ ਲੱਖ ਲੱਖ ਵਧਾਈ



KASHMIR SINGH DHANOA & FAMILY

TRACY CA

Ph : 209-612-5729

SIDHU TRUCK LINE INC.

Exit 36, Interstate Highway 40, Vega TX 79092

ਸਮੂਹ ਸੰਗਤਾਂ, ਟਰੱਕਰ ਭਰਾਵਾਂ ਅਤੇ ਪਾਠਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

ਕੋਟਾਨਿ ਕੋਟਿ ਵਧਾਈ



CALIFORNIA TO TEXAS
DEDICATED VAN & REFER



# ਜਿਹੜੇ ਨਵਾਂ ਸ਼ਹਿਰ ਨਾਈਟ ਵੇਖਣ ਨਹੀਂ ਗਏ, ਉਨ੍ਹਾਂ ਲਈ...

**ਮਾਹੌਲ:** ਜੰਜ ਉਡੀਕਣ ਵਰਗਾ, **ਸਮਾਂ:** ਸ਼ਾਮ ਕੋਈ 7 ਕੁ ਵਜੇ ਦਾ।

**ਸਥਾਨ:** ਮੱਖਣ ਬੈਂਸ ਹੋਰਾਂ ਦਾ ਹੇਵਰਡ ਵਾਲਾ ਰਾਜਾ ਸਵੀਟਸ ਬੈਂਕੁਇਟ ਹਾਲ।

ਜਰਨੈਲੀ ਸੜਕ 880 ਦੇ ਸੱਜਿਓਂ-ਖੱਬਿਓਂ ਮੁੜਦੀਆਂ ਕਾਰਾਂ, ਪਹਿਲੀ ਵਾਰ ਆਪਸ ਵਿਚ



ਮਿਲਦੇ ਲੋਕਾਂ ਦਾ ਤੁਆਰਫ:

"ਅੱਛਾ ਆਹ ਐ ਮੱਖਣ ਬੈਂਸ, ਨਾਂ ਤਾਂ ਬੜਾ ਸੁਣਿਆ ਸੀ ਪਰ ਚਲੋ ਠੀਕ ਈ ਐ... ਬੱਲੇ ਬੱਲੇ ਰਾਜ ਭਨੋਟ-ਸੰਨੀਵੇਲ ਮੰਦਿਰ ਵਾਲੇ, ਜਿੰਦਾਂ ਦਾ ਸੁਣਿਆ ਸੀ ਉਦੋਂ ਵੀ ਕਿਤੇ ਵੱਧ ਪਿਆਰਾ ਇਨਸਾਨ... ਅੱਛਾ ਆਹ ਨੇ ਬੜਵੇ ਵਾਲੇ ਕੁਲਦੀਪ ਤੇ ਸੁਰਜੀਤ ਅਟਵਾਲ... ਨਵਾਂ ਸ਼ਹਿਰੀਆਂ 'ਚੋਂ ਆਪਣੇ ਨਾਂ ਨਾਲ 'ਕੱਲਾ ਈ ਐਮ.ਏ. ਲਿਖਣ ਵਾਲਾ ਬਲਬੀਰ ਸਿੰਘ...ਵੇਖਿਐ ਅੱਜ ਐਂ ਆਤਿਸ਼ਬਾਜ਼ੀ ਵਾਂਗ ਹੱਥਾਂ 'ਚੋਂ ਨਿਕਲ ਨਿਕਲ ਜਾਂਦੈ ਹੁਸਨ ਲੜੋਆ ਨਾਲੇ ਬੰਗਾ... ਮਾਹਲ ਗਹਿਲਾ ਵਾਲਾ ਪਾਲ ਮਾਹਲ... ਮਜ਼ੂਰ ਵਾਲਾ ਜਸਪਾਲ ਸੈਣੀ... ਇਕਬਾਲ ਭੰਗੂ...ਮਜਾਰਾ ਰਾਜਾ ਸਾਹਿਬ ਵਾਲਾ ਚਰਨ ਗਿੱਲ... ਪੀਜ਼ੇ ਵਾਲਾ ਤਾਰੀ ਸੱਦੇ ਤਾਂ ਭੱਜ ਭੱਜ ਦੇਂਦਾ ਸੀ ਆਪ ਦੀਹਦਾ ਈ ਨ੍ਹੀਂ... ਨਾ ਬਹਿਰਾਮੀਆ ਛਿੰਦਾ ਅਟਵਾਲ... ਥੋਨੂੰ ਵਧਾਈਆਂ ਰਾਣਾ ਉਪਲ ਜੀ... ਪਾ 'ਤੀ ਪੈੜ ਨਵਾਂ ਸ਼ਹਿਰ ਦੀ... ਆਹ ਰਾਣੇ ਦੀ ਘਰ ਵਾਲੀ ਐ, ਆਹ ਪਾਲ ਮਾਹਿਲ ਦੀ... ਬਲਬੀਰ ਐਮ ਏ ਦੀ ਆਈ ਨ੍ਹੀਂ, ਆਹ ਰਾਣੇ ਦੀ ਵਹੁਟੀ ਆ... ਆਹ ਜਸਪਾਲ ਸੈਣੀ ਦੀ... ਆਹ ਸਤਨਾਮ ਚੁੰਬਰ ਦੀ ਬਲਬੀਰ ਕੌਰ... ਆਹ ਸ੍ਰੀਮਤੀ ਰਾਜ ਭਨੋਟ... ਆਹ ਇਹਦੀ ਤੇ ਔਹ ਉਹਦੀ... ਕਿਤੇ ਗਲਾਸੀਆਂ ਖੜਕਣ... ਕਈ ਚਾਰ-ਪੰਜ ਘੰਟੇ ਚੁਪ ਈ ਨ੍ਹੀਂ ਹੋਏ... ਕਈ ਖਾਈ ਹੀ ਗਏ... ਕਈਆਂ ਨੇ ਸੁਣਿਆ ਈ ਕੁਝ ਨ੍ਹੀਂ... ਕਈ ਬਹੁਤ ਕੁਝ ਖੱਟ ਕੇ ਗਏ ਤੇ ਕਈ ਜਿਹੇ ਆਏ, ਜਿਹੇ ਨਾ ਆਏ... ਕਈ ਕਹੀ ਜਾਣ ਯਾਰ ਚੰਗਾ ਨ੍ਹੀਂ ਕੀਤਾ ਤਰਲੋਚਨ ਦੁਪਾਲਪੁਰ ਨੂੰ ਆਉਣਾ ਚਾਹੀਦਾ ਸੀ, ਕੀ ਹੁੰਦੇ ਨੇ ਸੱਠ ਡਾਲਰ, ਪਰ ਬਾਅਦ 'ਚ ਪਤਾ ਲੱਗਿਆ ਕਿ ਉਹ ਹਿਊਸਟਨ ਗਿਆ ਹੋਇਆ ਸੀ ਕਿਸੇ ਸੈਮੀਨਾਰ ਵਿਚ ਪਰਚਾ ਪੜ੍ਹਨ ਲਈ। ਮੋਹਣ ਸਿੰਘ ਮਾਨ ਵੀ ਬੜੀ ਦੂਰੋਂ ਆਇਆ... ਜਥੇਦਾਰ ਚੂਹੜ ਸਿੰਘ ਬੜੇ ਚਿਰਾਂ ਬਾਅਦ ਪਹਿਲਾਂ ਨਾਲੋਂ ਵੱਧ ਲੰਮੇ ਦਾਹੜੇ ਨਾਲ ਦਿਸਿਆ... ਅੱਛਾ ਆਹ ਐ ਰਾਜਾ ਸਵੀਟਸ ਦੀ ਮੱਖਣ ਬੈਂਸ ਨਾਲ ਦੂਜੀ ਬਾਂਹ- ਗਿਆਨੀ ਰਵਿੰਦਰ ਸਿਓਂ... ਮਾਸਟਰ ਗਿਆਨ ਸਿੰਘ ਦੇ ਭਰਾ ਇਕਬਾਲ ਜੱਬੋਵਾਲੀਏ ਨੂੰ ਵੀ ਹਾਜ਼ਰੀ ਭਰਨੀ ਚਾਹੀਦੀ ਸੀ...। ਬਹੁਤੇ ਚਾਵਾਂ ਨਾਲ ਆਏ ਸੀ... ਕਈ ਟਿਕਟ ਦਾ ਭਾਅ ਵੱਧ ਕਰਕੇ ਨਹੀਂ ਆਏ ਤੇ ਕਈ ਸ਼ਾਇਦ ਇਸ ਕਰਕੇ ਕਿ ਰਾਜ ਭਨੋਟ ਹੋਰੀਂ ਅੱਗੇ ਹੋ ਕੇ ਨਵਾਂ ਸ਼ਹਿਰ ਨਾਈਟ ਕਰਵਾਉਣ ਲੱਗੇ ਨੇ, ਖੌਰੇ ਉਥੇ ਪੀਣ ਨੂੰ ਮਿਲੂ ਕਿ ਨਾ... ਖੈਰ! ਸ਼ਹੀਦ ਭਗਤ ਸਿੰਘ ਦੀ ਜਨਮ ਭੋਇੰ ਤੋਂ ਆਏ ਨਵਾਂ ਸ਼ਹਿਰੀਆਂ ਨੇ ਸੱਚੀਂ-ਮੁੱਚੀਂ ਇਕ ਵਾਰ ਤਾਂ ਆਪਣੇ ਚਾਵਾਂ ਦੇ ਆਹੂ ਲਾਹ ਲਏ...। ਇਉਂ ਨਵਾਂ ਸ਼ਹਿਰ ਨਾਈਟ ਦੀਆਂ ਬੱਤੀਆਂ ਜਗਦੀਆਂ-ਬੁਝਦੀਆਂ ਰਹੀਆਂ।

ਰਵਾਇਤੀ ਸਮਾਗਮਾਂ ਨੂੰ ਛੱਡ ਕੇ ਵੱਖਰੀ ਕਿਸਮ ਦੀ ਇਸ ਜਸ਼ਨਾਂ ਵਾਲੀ ਨਾਈਟ ਵਿਚ ਕਈ ਨਵਾਂ ਸ਼ਹਿਰੀਏ ਜਾਣਦੇ ਤਾਂ ਇਕ ਦੂਜੇ ਨੂੰ ਬੜੇ ਚਿਰਾਂ ਤੋਂ ਸਨ, ਪਰ ਮਿਲੇ ਕਈ ਦਹਾਕਿਆਂ ਤੋਂ ਬਾਅਦ। ਕਰੀਬ ਚਾਲੀ ਮਿੰਟ ਦੇ ਵਕਫੇ ਵਿਚ ਪ੍ਰੋ. ਜਸਪਾਲ ਸੈਣੀ ਨੇ ਨਵਾਂ ਸ਼ਹਿਰ ਜ਼ਿਲੇ ਦਾ ਇਤਿਹਾਸ ਦੱਸ ਕੇ ਕਈ ਅੰਕੜੇ ਅਸਲੋਂ ਹੀ ਨਵੇਂ ਪੇਸ਼ ਕਰ ਦਿੱਤੇ ਕਿ ਮਹਾਭਾਰਤ ਵਿਚ ਇਥੋਂ ਦੇ ਘੋੜੇ ਵੀ ਵਰਤੇ ਗਏ ਸਨ।

ਵੱਡੀ ਗਿਣਤੀ ਵਿਚ ਆਏ ਨਵਾਂ ਸ਼ਹਿਰੀਆਂ ਨੇ ਸੰਗੀਤ ਪੱਖੋਂ ਉਦੋਂ ਭਰਵਾਂ ਲੁਤਫ ਲਿਆ ਜਦੋਂ ਪੰਜਾਬ ਤੋਂ ਉਚੇਚੇ ਤੌਰ 'ਤੇ ਅਮਰੀਕਾ ਆਏ ਹੋਏ ਗਾਇਕ ਬਲਬੀਰ ਸੂਫੀ ਨੇ ਆਪਣੇ ਦਰਜਨਾਂ ਗੀਤਾਂ ਨਾਲ ਸਰੋਤਿਆਂ ਦੇ ਸਿਰ ਵੀ ਹਿਲਾਏ ਤੇ ਲੱਕ ਵੀ,

ਮੁੱਲ ਮੰਗੀਏ ਨਾ ਨੇਕੀ ਦਾ
ਕਰੀਏ ਤੇ ਭੁੱਲ ਜਾਈਏ...।

ਤੇ ਜਿਸ ਗੀਤ ਨੂੰ ਆਪਣਾ ਨਾਇਕ ਤੇ ਆਪਣਾ ਹੋਣ ਕਰਕੇ ਸੁਣਿਆ ਗਿਆ, ਉਹ ਸੀ, "ਭਗਤ ਸਿਆਂ ਹਾਲੇ ਵੀ ਤੇਰਾ ਮੁਲਕ ਆਜ਼ਾਦ ਨਹੀਂ...।" ਉਂਜ "ਚਲਦਾ ਸੀਸ 'ਤੇ ਆਰਾ ਸੌਦਾ ਸਸਤਾ ਏ...", "ਆਮ ਜਿਹੀ ਗੱਲ...", "ਕੱਲਾ ਕੱਲਾ ਜਦ ਤੱਕ ਭਗਤ ਸਿੰਘ ਨਹੀਂ ਬਣਦਾ..." ਗੀਤ ਵੀ ਬੜੇ ਧਿਆਨ ਨਾਲ ਸੁਣੇ ਗਏ।

ਕੀਹਦਾ ਨਾਂ ਲਵਾਂ, ਕੀਹਦਾ ਛਡਾਂ! ਪਰ ਫਿਰ ਵੀ ਆਈ ਬੀ ਦੇ ਮਾਲਕ ਦਿਨੇਸ਼ ਸ਼ਾਰਦਾ, ਬਲਿਹਾਰ ਸਿੰਘ ਬੈਂਸ, ਕੁਲਦੀਪ ਸਿੰਘ ਨੰਬਰਦਾਰ, ਰਾਜ ਕੁਮਾਰ ਨਵਾਂ ਸ਼ਹਿਰ, ਕ੍ਰਿਪਾਲ ਸਿੰਘ, ਬਲਵੀਰ ਸਿੰਘ ਵੀਰੂ, ਵਿਨੋਦ ਸ਼ਰਮਾ, ਜੇ ਬੀ ਸਿੰਘ, ਦਲਵੀਰ ਸਿੰਘ, ਕੁਲਦੀਪ ਸਿੰਘ ਦੁਸਾਂਝ, ਸੈਂਟਾ ਰੋਜ਼ਾ ਤੋਂ ਮੰਗਲ ਸਿੰਘ ਢਿਲੋਂ ਆਦਿ ਨਾਮੀ ਹਸਤੀਆਂ ਹਾਜਰ ਸਨ।

ਕੁੜੀਆਂ ਤਾਂ ਹੋ ਸਕਦਾ ਹੈ ਕਦੀ ਡੋਲੀ ਚੜ੍ਹਨ ਵੇਲੇ ਉਤਲੇ ਮਨੋਂ ਰੋਈਆਂ ਹੋਣ ਪਰ ਨਵਾਂ ਸ਼ਹਿਰੀਆਂ ਨੇ ਪੂਰੇ ਚਾਵਾਂ ਨਾਲ 2-3 ਘਾਟਾਂ ਦੇ ਬਾਵਜੂਦ ਦਿਲੋਂ ਨਵਾਂ ਸ਼ਹਿਰ ਦੀ ਇਸ ਨਾਈਟ ਨੂੰ ਇਤਿਹਾਸਕ ਬਣਾ ਦਿਤਾ।

ਸੁਰਿੰਦਰ ਸਿੰਘ ਉਪਲ ਰਾਣਾ, ਮੱਖਣ ਬੈਂਸ, ਰਾਜ ਭਨੋਟ, ਜਤਿੰਦਰ ਸਿੰਘ ਭੰਗੂ, ਸ਼ਾਇਰ ਪੰਕਜ ਆਂਸਲ, ਜਸਪਾਲ ਸੈਣੀ ਅਤੇ ਬਲਬੀਰ ਸਿੰਘ ਦੇ ਸਿਰ ਤੋਂ ਮੁਬਾਰਕਾਂ ਦਾ ਗੰਗਾ ਜਲ



ਵਾਰਨਾ ਚਾਹੀਦਾ ਹੈ। ਊਂ ਨਾਈਟਾਂ ਮਨਾਉਣ ਦੇ ਇਸ ਕਾਰਜ ਵਿਚ ਪੱਤਰਕਾਰ, ਬਿਜਨਸਮੈਨ, ਖਿਡਾਰੀ, ਖੇਡਾਂ ਖਿਡਾਉਣ ਵਾਲੇ, ਡਾਕਟਰ ਤੇ ਇੰਜੀਨੀਅਰ ਵੀ ਹਨ, ਚੰਗੀ ਗੱਲ ਹੈ, ਸਿਆਸਤਦਾਨ ਵੀ ਹੈਗੇ ਆ ਪਰ ਜੇ ਨਵਾਂ ਸ਼ਹਿਰ ਦੀ ਇਹ ਨਾਈਟ ਸਿਆਸਤ ਤੋਂ ਪਰੇ ਰਹੀ ਤਾਂ ਸ਼ਹੀਦ ਭਗਤ ਸਿੰਘ ਦੀ ਆਤਮਾ ਨੂੰ ਸਰਕਾਰਾਂ ਨੇ ਸ਼ਾਂਤੀ ਨਾ ਦਿਤੀ ਹੋਵੇ ਤਾਂ ਲੱਖ ਲਾਹਣਤ ਪਰ ਨਵਾਂ ਸ਼ਹਿਰੀਏ ਅਜਿਹੇ ਕਾਰਜਾਂ ਨਾਲ ਉਹਨੂੰ ਪ੍ਰਣਾਮ ਕਰਦੇ ਰਹਿਣਗੇ।

*-ਐਸ. ਅਸ਼ੋਕ ਭੌਰਾ*

















## ਅਮਰੀਕਾ ਦੀ ਟੀਮ ਨੂੰ 10 ਲੱਖ ਦਾ ਇਨਾਮ ਦੇਣ ਦਾ ਐਲਾਨ

**ਜਲੰਧਰ:** ਤੀਰਥ ਗਾਖਲ ਦੀ ਕਪਤਾਨੀ ਹੇਠ ਖੇਡ ਰਹੀ ਅਮਰੀਕਾ ਦੀ ਕਬੱਡੀ ਟੀਮ ਜੇ ਵਿਸ਼ਵ ਕੱਪ ਜਿੱਤਦੀ ਹੈ ਤਾਂ ਇਸ ਟੀਮ ਨੂੰ 10 ਲੱਖ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ।

ਇਹ ਐਲਾਨ ਇਥੇ ਗੋਲਡ ਜ਼ਿਮ ਵਲੋਂ ਕੀਤਾ ਗਿਆ। ਜਲੰਧਰ, ਮੁਹਾਲੀ, ਲੁਧਿਆਣਾ ਅਤੇ ਗਿਲਰਾਏ (ਕੈਲੀਫੋਰਨੀਆ) ਦੇ ਮਾਲਕ ਅਮਲੋਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਨਿੱਕ ਅਟਵਾਲ ਅਤੇ ਮੁਲਵਿੰਦਰ ਸਿੰਘ ਗਾਖਲ ਵਲੋਂ ਇਹ ਐਲਾਨ ਸਥਾਨਕ ਗੋਲਡ ਜ਼ਿਮ ਵਿਖੇ ਇਕ ਪੱਤਰਕਾਰ ਸੰਮੇਲਨ ਦੌਰਾਨ ਜ਼ਿਮ ਦੇ ਐਮ. ਡੀ. ਮਨਵਿੰਦਰ ਸਿੰਘ ਬੱਲ ਨੇ ਕੀਤਾ। ਇਸ ਮੌਕੇ ਡੀ. ਜੀ. ਪੀ. ਸ੍ਰੀ ਸ਼ਸ਼ੀਕਾਂਤ, ਮਿਅੰਕ ਗੁਪਤਾ ਅਤੇ ਪ੍ਰਵਾਸੀ ਭਾਰਤੀ ਨੱਥਾ ਸਿੰਘ ਗਾਖਲ ਤੋਂ ਇਲਾਵਾ ਪ੍ਰੀਤਮ ਸਿੰਘ ਪਾਸਲਾ, ਸੁਰਿੰਦਰ ਸਿੰਘ ਅਟਵਾਲ, ਗੁਰਜੀਤ ਸਿੰਘ ਟੁੱਟ, ਕਿੰਦੂ ਰਮੀਦੀ, ਭਰਤ ਰਾਜਪੂਤ, ਜਸਬੀਰ ਰਾਜਾ, ਰਵਿੰਦਰ ਸਿੰਘ, ਦਲਜੀਤ ਚੌਧਰੀ, ਬਲਜਿੰਦਰ ਸਿੰਘ ਗਾਖਲ ਵੀ ਹਾਜ਼ਰ ਹਨ।



*ਗੋਲਡਜ਼ ਜ਼ਿੰਮ ਜਲੰਧਰ ਵਿਖੇ ਅਮਰੀਕਾ ਦੀ ਕਬੱਡੀ ਟੀਮ ਪ੍ਰਮੁੱਖ ਹਸਤੀਆਂ ਨਾਲ।*


Raja™ SWEETS & CATERING®
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਅਤੇ ਰਵਿੰਦਰ ਸਿੰਘ ਵਲੋਂ ਗੁਰਪੁਰਬ ਦੀ ਲਖ ਲਖ ਵਧਾਈ
ਰਵਿੰਦਰ ਸਿੰਘ
ਮੱਖਣ ਸਿੰਘ ਬੈਂਸ
Follow Us
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਹਰ ਖੁਸ਼ੀ ਦੇ ਮੌਕੇ 'ਤੇ ਹਰ ਕਿਸਮ ਦੀਆਂ ਮਿਠਾਈਆਂ ਲਈ ਰਾਜਾ ਸਵੀਟਸ ਨੂੰ ਹਮੇਸ਼ਾ ਯਾਦ ਰੱਖੋ।
Raja™ SWEETS & CATERING®
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
CHAT CORNER
Special Chat Items
Raja Special Chat
Samosa Chat
Papri Chat
Bhel Poori
Gol Gappe
Amritsari Bhatoore
Paneer Bhatoore
Raaj Kachori
Punjabi Sweet Lassi / Jeera Lassi / Mango Lassi
Additional Services:
Warmers
Chaffing Dishes
China & Silverware
Linen Rental
Waiters & Bartenders
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Union City Location
Hayward Location
1275 W Winton Ave. Hayward CA 94545
Ph. (510) 264-9300
Order Online For Pickup at Union City Location
Call Makhan Bains or Ravinder Singh For Your Next Catering
1-800-FOR-RAJA or (510) 489-9100
www.RajaSweets.com

ਪੰਜਾਬ ਟਾਈਮਜ਼

ਸਨਿਚਰਵਾਰ, 12 ਨਵੰਬਰ 2011

## ਦੋਹਾਂ ਪੰਜਾਬਾਂ ਦੀ 'ਸਾਂਝ ਕੀ ਬੇਲਾ'

ਪਾਕਿਸਤਾਨ ਵੱਲੋਂ ਭਾਰਤ ਨੂੰ 'ਸਭ ਤੋਂ ਵੱਧ ਤਰਜੀਹੀ ਮੁਲਕ' (ਮੋਸਟ ਫੇਵਰਡ ਨੇਸ਼ਨ-ਐਮ.ਐਫ.ਐਨ.) ਦਾ ਦਰਜਾ ਦੇਣ ਦਾ ਸਭ ਤੋਂ ਵੱਧ ਲਾਭ ਦੋਹਾਂ ਦੇਸ਼ਾਂ ਦੇ ਪੰਜਾਬਾਂ ਅਤੇ ਇਨ੍ਹਾਂ ਦੇ ਆਵਾਮ ਨੂੰ ਹੋਣਾ ਹੈ। 1947 ਦੇ ਵੰਡਾਰੇ ਤੋਂ ਬਾਅਦ ਅਜੇ ਤੱਕ ਦੋਹਾਂ ਮੁਲਕਾਂ ਵਿਚਕਾਰ ਵਪਾਰ ਉਸ ਪੱਧਰ ਤੱਕ ਨਹੀਂ ਸੀ ਜਾ ਸਕਿਆ ਜਿਸ ਪੱਧਰ ਤੱਕ ਇਹ ਜਾਣਾ ਚਾਹੀਦਾ ਸੀ। ਅਜਿਹਾ ਨਾ ਹੋਣ ਦੇ ਮੁੱਖ ਕਾਰਨ ਸਿਆਸੀ ਹੀ ਸਨ। ਦੋਵਾਂ ਮੁਲਕਾਂ ਦਰਮਿਆਨ 1948 ਤੋਂ 1965 ਤੱਕ ਵਪਾਰ ਬੇਰੋਕ-ਟੋਕ ਹੁੰਦਾ ਰਿਹਾ ਹੈ ਅਤੇ ਇਸ ਸਬੰਧੀ ਦੁਵੱਲੇ ਸਮਝੌਤੇ ਵੀ ਕੀਤੇ ਗਏ ਪਰ 1965 ਦੀ ਜੰਗ ਤੋਂ ਬਾਅਦ ਸਾਰੇ ਸਮਝੌਤੇ ਮੁਅੱਤਲ ਕਰ ਦਿੱਤੇ ਗਏ। ਫਿਰ 1971 ਵਿਚ ਦੋਹਾਂ ਮੁਲਕਾਂ ਵਿਚਕਾਰ ਹੋਈ ਇਕ ਹੋਰ ਜੰਗ ਨੇ ਹਾਲਾਤ ਹੋਰ ਵੀ ਵਿਗਾੜ ਦਿੱਤੇ। ਰਹਿੰਦੀ ਕਸਰ 1980ਵਿਆਂ ਵਿਚ ਚੱਲੇ ਖਾੜਕੂਵਾਦ ਨੇ ਕੱਢ ਦਿੱਤੀ। ਇਸ ਤੋਂ ਬਾਅਦ 1990ਵਿਆਂ ਤੱਕ ਪੁੱਜਦਿਆਂ ਕਸ਼ਮੀਰ ਦਾ ਮਾਮਲਾ ਅਜਿਹਾ ਭਖਿਆ ਕਿ ਦੋਹਾਂ ਮੁਲਕਾਂ ਵਿਚਕਾਰ ਪਹਿਲਾਂ ਵਾਲੇ ਸਬੰਧ ਸੁਫਨਾ ਜਿਹਾ ਹੀ ਲੱਗਣ ਪਿਆ। 1990ਵਿਆਂ ਵਿਚ ਹੀ ਸੰਸਾਰ ਪੱਧਰ ਉਤੇ ਵੱਡੀ ਤਬਦੀਲੀ ਤੋਂ ਬਾਅਦ ਜਦੋਂ ਕੁਝ ਮੁਲਕਾਂ ਦੇ ਆਪਸੀ ਰਲੇਂਵੇਂ ਵੀ ਹੋਏ, ਉਸ ਵਕਤ ਵੀ ਭਾਰਤ ਅਤੇ ਪਾਕਿਸਤਾਨ ਇਕ ਦੂਜੇ ਵੱਲ ਪਿੱਠ ਕਰਕੇ ਹੀ ਖੜ੍ਹੇ ਰਹੇ। ਇਹੀ ਨਹੀਂ 1999 ਵਿਚ ਇਕ ਵਾਰ ਫਿਰ ਦੋਹਾਂ ਨੂੰ ਜੰਗ (ਕਾਰਗਿਲ) ਦੀ ਹੋਣੀ ਨੇ ਆਣ ਘੇਰਿਆ।

ਘੋਖ-ਪੜਤਾਲ ਦੱਸਦੀ ਹੈ ਕਿ ਦੋਹਾਂ ਮੁਲਕਾਂ ਵਿਚਕਾਰ ਪੈਦਾ ਹੋਏ ਤਣਾਅ ਦਾ ਸਭ ਤੋਂ ਵੱਧ ਨੁਕਸਾਨ ਦੋਹਾਂ ਪਾਸਿਆਂ ਦੇ ਪੰਜਾਬ ਨੂੰ ਹੀ ਹੋਇਆ ਹੈ। ਇਹ ਨੁਕਸਾਨ ਇਕੱਲੇ ਵਪਾਰ ਦੇ ਖੇਤਰ ਵਿਚ ਹੀ ਨਹੀਂ ਹੋਇਆ, ਬਲਕਿ ਇਸ ਨੂੰ ਹਰ ਖੇਤਰ ਵਿਚ ਮਾਰ ਪਾਈ ਹੈ। ਪਾਕਿਸਤਾਨ ਇਸ ਵੇਲੇ 70 ਫੀਸਦੀ ਵਸਤਾਂ ਦੂਜੇ ਦੇਸ਼ਾਂ ਤੋਂ ਮੰਗਵਾਉਂਦਾ ਹੈ। ਇਨ੍ਹਾਂ ਵਿਚੋਂ ਕੁਝ ਵਸਤਾਂ ਭਾਰਤ ਤੋਂ ਅਤੇ ਬਾਕੀ ਸਾਰੀਆਂ ਚੀਨ, ਅਮਰੀਕਾ ਤੇ ਹੋਰ ਮੁਲਕਾਂ ਤੋਂ ਮੰਗਵਾਈਆਂ ਜਾਂਦੀਆਂ ਹਨ। ਦੋਹਾਂ ਮੁਲਕਾਂ ਵਿਚਕਾਰ ਇਸ ਵੇਲੇ ਕੁੱਲ 1800 ਵਸਤਾਂ ਦੀ ਸੂਚੀ ਵਿਚੋਂ ਸਿਰਫ ਤਿੰਨ-ਚਾਰ ਸੌ ਵਸਤਾਂ ਦਾ ਹੀ ਵਪਾਰ ਹੋ ਰਿਹਾ ਹੈ ਅਤੇ ਇਹ ਦੁਵੱਲਾ ਵਪਾਰ ਮੁੰਬਈ-ਕਰਾਚੀ ਬੰਦਰਗਾਹ, ਅਟਾਰੀ-ਵਾਹਗਾ ਸਰਹੱਦ ਸੜਕ ਰਸਤੇ ਅਤੇ ਹਵਾਈ ਮਾਰਗ ਰਾਹੀਂ ਹੋ ਰਿਹਾ ਹੈ। ਇਹ ਸਾਲਾਨਾ ਵਪਾਰ ਤਕਰੀਬਨ 2.6 ਅਰਬ ਅਮਰੀਕੀ ਡਾਲਰ ਦਾ ਹੈ। ਕੁਝ ਕੁ ਵਪਾਰ ਸਿੱਧੇ ਅਤੇ ਅਸਿੱਧੇ ਢੰਗ ਨਾਲ ਦੁਬਈ ਰਸਤੇ ਵੀ ਹੋ ਰਿਹਾ ਹੈ। ਹੁਣ ਪੰਜਾਬ ਵਿਚੋਂ ਕਣਕ, ਸਬਜ਼ੀਆਂ, ਮਸਾਲੇ, ਦਵਾਈਆਂ, ਰਸਾਇਣ, ਆਟੋ ਮੋਬਾਇਲ, ਇੰਜੀਨੀਅਰਿੰਗ ਵਸਤਾਂ ਅਤੇ ਹੋਰ ਸਾਮਾਨ ਸਿੱਧਾ ਸੜਕ ਅਤੇ ਰੇਲ ਰਸਤੇ ਲਾਹੌਰ ਜਾ ਸਕੇਗਾ। ਇਸ ਵੇਲੇ ਅੰਮ੍ਰਿਤਸਰ ਦੀ ਮਜੀਠ ਮੰਡੀ ਵਿਚ ਸੁੱਕੇ ਮੇਵੇ ਦੇ ਵਪਾਰ ਤੋਂ ਇਲਾਵਾ ਮਲੱਠੀ ਤੇ ਗਰਮ ਮਸਾਲੇ ਦੀਆਂ ਵਸਤਾਂ ਦਾ ਵਧੇਰੇ ਵਪਾਰ ਹੈ। ਪਾਕਿਸਤਾਨ ਨਾਲ ਛੁਆਰੇ ਦਾ ਵਧੇਰੇ ਵਪਾਰ ਹੋ ਰਿਹਾ ਹੈ। ਲੁਧਿਆਣਾ ਤੋਂ ਸਾਈਕਲ ਸਨਅਤ ਵੱਲੋਂ ਬਣਾਏ ਜਾਂਦੇ ਕਾਫੀ ਪੁਰਜੇ ਅਤੇ ਸਿਲਾਈ ਮਸ਼ੀਨਾਂ ਦੇ ਪੁਰਜੇ ਦੁਬਈ ਦੇ ਰਸਤੇ ਪਾਕਿਸਤਾਨ ਜਾਂਦੇ ਹਨ ਤੇ ਇਨ੍ਹਾਂ ਦੀ ਕੀਮਤ ਕਰੋੜਾਂ ਡਾਲਰਾਂ ਵਿਚ ਹੈ। ਪਾਕਿਸਤਾਨ ਤੋਂ ਜਿਪਸਮ, ਖੰਡ, ਸੀਮਿੰਟ, ਸੁੱਕਾ ਮੇਵਾ ਆ ਰਿਹਾ ਹੈ।

ਭਾਰਤ ਨੇ ਪਾਕਿਸਤਾਨ ਨੂੰ 'ਸਭ ਤੋਂ ਵੱਧ ਤਰਜੀਹੀ ਮੁਲਕ' (ਐਮ.ਐਫ.ਐਨ.) ਦਾ ਦਰਜਾ 1996 ਵਿਚ ਹੀ ਦੇ ਦਿੱਤਾ ਸੀ ਅਤੇ ਪਿਛਲੇ ਲੰਮੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਪਾਕਿਸਤਾਨ, ਭਾਰਤ ਨੂੰ ਵੀ ਸਭ ਤੋਂ ਵੱਧ ਤਰਜੀਹੀ ਦੇਸ਼ ਦਾ ਦਰਜਾ ਦੇਵੇ ਪਰ ਪਾਕਿਸਤਾਨ ਵੱਲੋਂ ਆਪਣੀ ਸਨਅਤ ਨੂੰ ਖ਼ਤਰਾ ਦੱਸਦਿਆਂ ਭਾਰਤ ਨੂੰ ਇਹ ਦਰਜਾ ਨਹੀਂ ਦਿੱਤਾ ਜਾ ਰਿਹਾ ਸੀ। ਹੁਣ ਇਹ ਦਰਜਾ ਮਿਲਣ ਤੋਂ ਬਾਅਦ ਪਾਕਿਸਤਾਨ ਵੱਲੋਂ ਨੈਗੇਟਿਵ ਸੂਚੀ ਜਾਰੀ ਕੀਤੀ ਜਾਵੇਗੀ ਜਿਸ ਵਿਚ ਸ਼ਾਮਲ ਕੀਤੀਆਂ ਵਸਤਾਂ ਨੂੰ ਛੱਡ ਕੇ ਬਾਕੀ ਸਾਰੀਆਂ ਵਸਤਾਂ ਦਾ ਦੁਵੱਲਾ ਵਪਾਰ ਦੋਹਾਂ ਮੁਲਕਾਂ ਵਿਚ ਅਰੰਭ ਹੋ ਜਾਵੇਗਾ। ਪਾਕਿਸਤਾਨੀ ਵਪਾਰੀਆਂ ਨੂੰ ਹੋਰ ਮੁਲਕਾਂ ਦੀ ਥਾਂ ਭਾਰਤ ਤੋਂ ਇਹ ਸਾਮਾਨ ਸੜਕ ਤੇ ਰੇਲ ਰਸਤੇ ਵਧੇਰੇ ਸਸਤਾ ਮਿਲੇਗਾ। ਪਾਕਿਸਤਾਨ ਵਿਚ ਕੁਝ ਧਿਰਾਂ ਵੱਲੋਂ ਭਾਰਤ ਨੂੰ ਸਭ ਤੋਂ ਵੱਧ ਤਰਜੀਹੀ ਮੁਲਕ ਦੇਣ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚ ਕੁਝ ਕੱਟੜ ਧਾਰਮਿਕ ਜਥੇਬੰਦੀਆਂ ਅਤੇ ਕੁਝ ਕੁ ਪੰਜਾਬ ਦੇ ਵਪਾਰੀ ਸ਼ਾਮਲ ਹਨ। ਵਪਾਰੀਆਂ ਦਾ ਤਰਕ ਹੈ ਇਸ ਨਾਲ ਉਨ੍ਹਾਂ ਦੇ ਹਿਤਾਂ ਨੂੰ ਢਾਹ ਲੱਗਣੀ ਹੈ। ਦੂਜੇ ਬੰਨੇ, ਕੱਟੜ ਧਾਰਮਿਕ ਜਥੇਬੰਦੀਆਂ ਦੀਆਂ ਬਹੁਤੀਆਂ ਸਰਗਰਮੀਆਂ ਦਾ ਆਧਾਰ ਹੀ ਭਾਰਤ ਵਿਰੋਧੀ ਪ੍ਰਾਪੇਗੰਡਾ ਹੈ। ਇਹ ਜਨੂੰਨੀ ਜਥੇਬੰਦੀਆਂ ਕਦੀ ਵੀ ਨਹੀਂ ਚਾਹੁਣਗੀਆਂ ਕਿ ਦੋਹਾਂ ਮੁਲਕਾਂ ਵਿਚਕਾਰ ਵਧੇਰੇ ਪੀਡਾ ਅਤੇ ਪਿਆਰ ਵਾਲਾ ਰਾਬਤਾ ਬਣੇ। ਚੰਗੀ ਗੱਲ ਇਹ ਹੈ ਕਿ ਕੌਮਾਂਤਰੀ ਪੱਧਰ 'ਤੇ ਅਤਿਵਾਦ ਦੇ ਹਾਲਾਤ ਵਿਚ ਮੋੜਾ ਪੈਣ ਕਾਰਨ ਇਨ੍ਹਾਂ ਜਥੇਬੰਦੀਆਂ ਉਤੇ ਸੰਸਾਰ ਪੱਧਰ 'ਤੇ ਦਬਾਅ ਪੈ ਰਿਹਾ ਹੈ। ਪਾਕਿਸਤਾਨ ਸਟੇਟ, ਸਰਕਾਰ ਅਤੇ ਆਵਾਮ-ਇਹ ਤਿੰਨੇ ਪਹਿਲਾਂ ਇਨ੍ਹਾਂ ਜਨੂੰਨੀ ਜਥੇਬੰਦੀਆਂ ਦੇ ਮੱਕੜ-ਜਾਲ ਵਿਚ ਫਸੀਆਂ ਰਹੀਆਂ ਹਨ। ਇਹ ਉਹੀ ਜਥੇਬੰਦੀਆਂ ਹਨ ਜਿਨ੍ਹਾਂ ਨੂੰ ਅਮਰੀਕਾ ਤੇ ਪਾਕਿਸਤਾਨ ਸਰਕਾਰਾਂ ਅਤੇ ਇਨ੍ਹਾਂ ਦੀਆਂ ਖੁਫੀਆ ਏਜੰਸੀਆਂ-ਕ੍ਰਮਵਾਰ ਸੀ.ਆਈ.ਏ. ਤੇ ਆਈ.ਐਸ.ਆਈ. ਸਰਪ੍ਰਸਤੀ ਦਿੰਦੀਆਂ ਰਹੀਆਂ ਹਨ। ਚੜ੍ਹਦੇ ਪਾਸੇ ਵਾਲੇ ਪੰਜਾਬ ਵਿਚ ਖਾੜਕੂਵਾਦ ਤਹਿਤ ਹੋਈਆਂ ਵਾਰਦਾਤਾਂ ਵਿਚ ਇਨ੍ਹਾਂ ਖੁਫੀਆ ਏਜੰਸੀਆਂ ਦੇ ਦਖਲ ਦੀ ਚਰਚਾ ਵੱਡੇ ਪੈਮਾਨੇ 'ਤੇ ਹੁੰਦੀ ਰਹੀ ਹੈ। ਹੁਣ ਹਾਲਾਤ ਬਦਲ ਗਏ ਹਨ। ਅਤਿਵਾਦ ਨੇ ਪਾਕਿਸਤਾਨ ਨੂੰ ਜਿਸ ਢੰਗ ਨਾਲ ਢਾਹ ਲਾਈ ਹੈ ਅਤੇ ਹੁਣ ਵੀ ਇਹ ਲਾ ਰਿਹਾ ਹੈ, ਉਸ ਸੂਰਤ ਵਿਚ ਪਾਕਿਸਤਾਨ ਵੱਲੋਂ ਅਜਿਹੀਆਂ ਸਰਗਰਮੀਆਂ ਨੂੰ ਤੱਜਣਾ ਉਸ ਦੇ ਏਜੰਡੇ ਉਤੇ ਹੈ। ਇਉਂ ਕਈ ਤਰ੍ਹਾਂ ਦੀਆਂ ਔਕੜਾਂ ਅਤੇ ਅੜਿੱਕਿਆਂ ਦੇ ਬਾਵਜੂਦ 21ਵੀਂ ਸਦੀ ਦੇ ਦੂਜੇ ਦਹਾਕੇ ਤੱਕ ਪੁੱਜਿਆਂ ਦੋਹਾਂ ਮੁਲਕਾਂ ਦੇ ਹੋਰ ਨੇੜੇ ਆਉਣ ਦੀਆਂ ਸੰਭਾਵਨਾਵਾਂ ਲਗਾਤਾਰ ਵਧ ਰਹੀਆਂ ਹਨ। ਦੋਹਾਂ ਪਾਸਿਆਂ ਦਾ ਆਵਾਮ ਤਾਂ ਪਹਿਲਾਂ ਹੀ ਰਾਬਤਾ ਵਧਾਉਣ ਦੇ ਹੱਕ ਵਿਚ ਰਿਹਾ ਹੈ, ਹੁਣ ਪਾਕਿਸਤਾਨ ਸਰਕਾਰ ਵੀ ਇਸ ਲੀਹ ਉਤੇ ਪੈ ਗਈ ਹੈ। ਇਹ ਦੋਹਾਂ ਮੁਲਕਾਂ-ਖਾਸ ਕਰਕੇ ਦੋਹਾਂ ਪੰਜਾਬਾਂ ਲਈ ਸ਼ੁਭ ਸ਼ਗਨ ਹੈ। 'ਸਾਂਝ ਕੀ ਬੇਲਾ' ਦੀਆਂ ਇਹ ਘੜੀਆਂ ਹੁਣ ਬਹੁਤੀਆਂ ਦੂਰ ਨਹੀਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੰਜਾਬ ਦੇ ਪਿੰਡ ਦੀ ਹੂਕ !

ਸੁਣਦਾ ਨਹੀਂ ਉਹ ਗੱਲ ਵਡਾਰੂਆਂ ਦੀ, ਜਿਹੜਾ ਪਹੁੰਚਦਾ ਅਠਾਰਾਂ ਤੇ ਉਨ੍ਹੀਆਂ ਨੂੰ।
ਵਸਿਆ ਸ਼ਹਿਰ ਤੇ ਕੋਈ ਪ੍ਰਦੇਸ ਤੁਰਿਆ, ਸਾਂਭੂ ਕੌਣ ਹਵੇਲੀਆਂ ਸੁੰਨੀਆਂ ਨੂੰ।
ਕਰਦੇ ਪਰਖ ਨਾ ਇਕੋ ਹੀ ਸਮਝਦੇ ਨੇ, ਗਊ-ਗਧੇ ਤੇ ਪਾਪੀਆਂ ਪੁੰਨੀਆਂ ਨੂੰ।
ਸਾਦੇ ਕੁੜਤੇ-ਪਜਾਮੇ ਨੇ ਧਾਹ ਮਾਰੀ, ਦੇਖ ਪੈਂਟਾਂ ਵਿਚ 'ਟੀ-ਸ਼ਰਟਾਂ' ਤੁੰਨੀਆਂ ਨੂੰ।
ਸ਼ਕਲਾਂ ਦੇਖ ਕੇ ਝੂਰਦੇ ਸਿੱਖ ਮਾਪੇ, ਸਿਰ ਦੇ ਕੇਸ ਤੇ ਦਾੜ੍ਹੀਆਂ ਮੁੰਨੀਆਂ ਨੂੰ।
ਪੱਗਾਂ ਸਿਰਾਂ ਤੋਂ ਮੁੰਡਿਆਂ ਦੇ 'ਲੋਪ ਹੋਈਆਂ, ਕੁੜੀਆਂ ਤਿਆਗ'ਤਾ ਗੁੱਤਾਂ ਤੇ ਚੁੰਨੀਆਂ ਨੂੰ।

# ਆਪਸੀ ਸਹਿਯੋਗ ਬਦਲ ਸਕਦਾ ਹੈ ਚੜ੍ਹਦੇ ਲਹਿੰਦੇ ਪੰਜਾਬ ਦੀ ਤਸਵੀਰ

*ਪਾਕਿਸਤਾਨ ਵੱਲੋਂ ਭਾਰਤ ਨੂੰ ਸਭ ਤੋਂ ਤਰਜੀਹੀ ਦੇਸ਼ ਦਾ ਦਰਜਾ ਦੇਣ ਦੀ ਕਵਾਇਦ ਨਾਲ ਦੋਹਾਂ ਦੇਸ਼ਾਂ ਦੇ ਸਬੰਧ ਤਾਂ ਮਜ਼ਬੂਤ ਹੋਣਗੇ ਹੀ, ਇਸ ਨਾਲ ਦੋਹਾਂ ਪੰਜਾਬਾਂ ਵਿਚਕਾਰ ਸਾਂਝ ਨੂੰ ਹੁਲਾਰਾ ਮਿਲੇਗਾ। ਦੋਹਾਂ ਦੇਸ਼ਾਂ ਵਿਚ ਹੋਈਆਂ ਜੰਗਾਂ ਤੋਂ ਪਹਿਲਾਂ ਦੋਹਾਂ ਪੰਜਾਬਾਂ ਵਿਚਕਾਰ ਵਾਹਵਾ ਵਪਾਰ ਹੁੰਦਾ ਰਿਹਾ ਹੈ ਪਰ ਜੰਗਾਂ ਨੇ ਇਹ ਗੱਡੀ ਲੀਹੋਂ ਲਾਹ ਦਿੱਤੀ ਅਤੇ ਇਕ ਦੂਜੇ ਪ੍ਰਤੀ ਬੇਵਿਸਾਹੀ ਵਾਲਾ ਮਾਹੌਲ ਪੈਦਾ ਕਰ ਦਿੱਤਾ। ਖਾੜਕੂਵਾਦ ਦੇ ਦੌਰ ਦੌਰਾਨ ਰਿਸ਼ਤਿਆਂ ਵਿਚ ਕੁੜੱਤਣ ਹੋਰ ਵੀ ਵਧ ਗਈ। ਹੁਣ ਪਿਛਲੇ ਕੁਝ ਸਾਲਾਂ ਤੋਂ ਦੋਹਾਂ ਪੰਜਾਬਾਂ ਵਿਚਕਾਰ ਤਾਲਮੇਲ ਵਧਿਆ ਹੈ। ਆਪਸੀ ਆਵਾਜਾਈ ਵਿਚ ਵੀ ਚੋਖਾ ਵਾਧਾ ਹੋਇਆ ਹੈ। ਦੋਹਾਂ ਪਾਸਿਆਂ ਦੇ ਅਵਾਮ ਨੇ ਇਹ ਤਾਲਮੇਲ ਹੋਰ ਵਧਾਉਣ ਦੀ ਤਾਂਘ ਵੀ ਵਾਰ ਵਾਰ ਜ਼ਾਹਿਰ ਕੀਤੀ ਹੈ। ਪਾਕਿਸਤਾਨ ਦਾ ਹੁਣ ਵਾਲਾ ਕਦਮ ਇਸ ਤਾਲਮੇਲ ਨੂੰ ਹੋਰ ਮੋਕਲਾ ਕਰੇਗਾ। ਇਸ ਲੇਖ ਵਿਚ ਹਰਵਿੰਦਰ ਸਿੰਘ ਨੇ ਇਸੇ ਨੁਕਤੇ ਨੂੰ ਧਿਆਨ ਵਿਚ ਰੱਖ ਕੇ ਦੋਹਾਂ ਪੰਜਾਬਾਂ ਵਿਚ 'ਟੁੱਟੀ-ਗੰਢੀ' ਬਾਰੇ ਚਰਚਾ ਕੀਤੀ ਹੈ।-ਸੰਪਾਦਕ*

ਪੰਜਾਬ ਦੀ ਹੱਦਬੰਦੀ ਵਿਚ ਦੋ ਅਜਿਹੀਆਂ ਅਹਿਮ ਤਬਦੀਲੀਆਂ ਵਾਪਰੀਆਂ ਹਨ ਜਿਨ੍ਹਾਂ ਦਾ ਇਸ ਦੇ ਸਮਾਜਿਕ, ਸਭਿਆਚਾਰਕ ਅਤੇ ਅਰਥਿਕ ਸਰੋਕਾਰਾਂ 'ਤੇ ਗਹਿਰਾ ਪ੍ਰਭਾਵ ਪਿਆ ਹੈ। ਪਹਿਲੀ ਤਬਦੀਲੀ 15 ਅਗਸਤ 1947 ਦੀ ਵੰਡ ਦੌਰਾਨ ਵਾਪਰੀ ਜਦੋਂ ਸਾਰਾ ਦੇਸ਼ ਤਾਂ ਆਜ਼ਾਦੀ ਦੇ ਜਸ਼ਨ ਮਨਾ ਰਿਹਾ ਸੀ ਪਰ ਪੰਜਾਬ ਉਸ ਸਮੇਂ ਬਰਬਾਦੀ ਦੇ ਆਲਮ ਵਿਚ ਡੁੱਬਿਆ ਹੋਇਆ ਸੀ ਅਤੇ ਦੋ ਟੁਕੜਿਆਂ ਵਿਚ ਤਕਸੀਮ ਹੋ ਗਿਆ ਸੀ। ਬਹੁਗਿਣਤੀ ਪੰਜਾਬੀ ਵੱਸੋਂ ਅਤੇ ਬੇਹੱਦ ਜਰਖੇਜ਼ ਇਲਾਕੇ ਦਾ ਜ਼ਿਆਦਾ ਹਿੱਸਾ ਪਾਕਿਸਤਾਨ ਪੰਜਾਬ ਕੋਲ ਚਲਾ ਗਿਆ ਸੀ। ਦੂਜੀ ਤਬਦੀਲੀ



**ਹਰਵਿੰਦਰ ਸਿੰਘ***

ਪੰਜਾਬ ਦੇ ਪੁਨਰਗਠਨ ਸਮੇਂ ਵਾਪਰੀ ਜਦੋਂ ਇਸ ਵਿਚੋਂ ਹਰਿਆਣਾ ਵੱਖਰਾ ਸੂਬਾ ਬਣਾ ਦਿੱਤਾ ਗਿਆ ਅਤੇ ਇਸ ਦੇ ਕੁਝ ਸੁਹਾਵਣੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਕਰ ਦਿੱਤੇ ਗਏ। ਰਾਜਧਾਨੀ ਦਿੱਲੀ ਦੇ ਨੇੜਲੇ ਇਲਾਕੇ ਜੋ ਸਨਅਤੀ ਵਿਕਾਸ ਪੱਖੋਂ ਕਾਫ਼ੀ ਸੰਭਾਵਾਨਾਵਾਂ ਰੱਖਦੇ ਸਨ, ਹਰਿਆਣਾ ਵਿਚ ਚਲੇ ਗਏ। ਮੌਜੂਦਾ ਪੰਜਾਬ ਸਿਰਫ਼ ਸੰਵੇਦਨਸ਼ੀਲ ਸਰਹੱਦੀ ਸੂਬਾ ਰਹਿ ਗਿਆ ਜਿੱਥੇ ਨਿਵੇਸ਼ਕਾਰ ਜ਼ਿਆਦਾ ਦਿਲਚਸਪੀ ਨਾਲ ਪੈਸਾ ਨਹੀਂ ਲਗਾਉਂਦੇ। 1965 ਅਤੇ 1971 ਦੀਆਂ ਪਾਕਿਸਤਾਨ ਨਾਲ ਹੋਈਆਂ ਜੰਗਾਂ ਅਤੇ 80ਵਿਆਂ ਵਿਚ ਖਾੜਕੂਵਾਦ ਨੇ ਪੰਜਾਬ ਦੇ ਮਾਹੌਲ ਨੂੰ ਹੋਰ ਵੀ ਸੰਗੀਨ ਬਣਾ ਦਿੱਤਾ। ਇਸ ਸਾਰੇ ਘਟਨਾਕ੍ਰਮ ਦਾ ਜ਼ਿਆਦਾ ਮਾਰੂ ਪ੍ਰਭਾਵ ਪੰਜਾਬ ਦੇ ਆਮ ਲੋਕਾਂ 'ਤੇ ਪਿਆ ਹੈ।

ਦੋਵੇਂ ਪੰਜਾਬ ਅਜੇ ਵੀ ਗ਼ਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਅਸਾਵੇਂ ਵਿਕਾਸ ਵਰਗੀਆਂ ਸਮੱਸਿਆਵਾਂ ਵਿਚ ਘਿਰੇ ਹੋਏ ਹਨ ਅਤੇ ਉਨ੍ਹਾਂ ਨੂੰ ਜੰਗਾਂ-ਯੁੱਧਾਂ ਉਤੇ ਸਰਮਾਇਆ ਜਾਇਆ ਕਰਨ ਦੀ ਥਾਂ ਆਪਸੀ ਆਰਥਿਕ ਸਹਿਯੋਗ ਰਾਹੀਂ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੀ ਨਵੀਂ ਪਿਰਤ ਪਾਉਣ ਦੀ ਲੋੜ ਹੈ। ਇਸ ਪ੍ਰਸੰਗ ਵਿਚ ਪ੍ਰੋ: ਸੁੱਚਾ ਸਿੰਘ ਗਿੱਲ, ਪ੍ਰੋ: ਰਣਜੀਤ ਸਿੰਘ ਘੁੰਮਣ ਅਤੇ ਹੋਰਨਾਂ ਵੱਲੋਂ ਦੋਵਾਂ ਪੰਜਾਬਾਂ ਵਿਚ ਆਪਸੀ ਸਹਿਯੋਗ ਦੀਆਂ ਸੰਭਾਵਨਾਵਾਂ ਬਾਰੇ ਪ੍ਰਕਾਸ਼ਤ ਕੀਤੇ ਅਧਿਐਨ 'ਇਕਨਾਮਿਕ ਕੋਆਪਰੇਸ਼ਨ ਐਂਡ ਇਨਫਰਾਸਟਰਕਚਰਲ ਲਿੰਕੇਜਿਜ: ਵੇ ਅਹੈੱਡ' (ਕਰਿੱਡ, ਜੁਲਾਈ 2010) ਵਿਚ ਵਿਸਥਾਰਪੂਰਵਕ ਖੁਲਾਸਾ ਕੀਤਾ ਹੈ। ਇਸ ਅਧਿਐਨ ਅਨੁਸਾਰ ਭਾਰਤ ਅਤੇ ਪਾਕਿਸਤਾਨ ਵਰਗੇ ਮੁਲਕਾਂ ਜੋ ਆਪਣੀਆਂ ਬੁਨਿਆਦੀ ਆਰਥਿਕ ਸਮੱਸਿਆਵਾਂ ਨਾਲ ਜੂਝ ਰਹੇ ਹਨ, ਨੂੰ ਮਿਲਟਰੀ ਅਤੇ ਸੁਰੱਖਿਆ ਉਤੇ ਬੇਤਹਾਸ਼ਾ ਸਰਮਾਇਆ ਬਰਬਾਦ ਕਰਨ ਦੀ ਥਾਂ ਉਨ੍ਹਾਂ ਨੂੰ ਆਪਸੀ ਸਹਿਯੋਗ ਨਾਲ ਇਨ੍ਹਾਂ ਸਮੱਸਿਆਵਾਂ ਦਾ ਮਿਲ ਕੇ ਹੱਲ ਕੱਢਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਅਧਿਐਨ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਵਿਸ਼ਵ ਬੈਂਕ ਦੀ ਪਰਿਭਾਸ਼ਾ ਅਨੁਸਾਰ ਜਿਨ੍ਹਾਂ ਮੁਲਕਾਂ ਦੀ ਪ੍ਰਤੀ ਜੀਅ ਆਮਦਨ 875 ਅਮਰੀਕੀ ਡਾਲਰ ਤੋਂ ਘੱਟ ਹੈ, ਉਹ ਗ਼ਰੀਬ ਮੁਲਕਾਂ ਵਿਚ ਸ਼ੁਮਾਰ ਹਨ ਅਤੇ ਭਾਰਤ ਦੀ ਪ੍ਰਤੀ ਜੀਅ ਆਮਦਨ 720 ਅਤੇ ਪਾਕਿਸਤਾਨ ਦੀ 690 ਅਮਰੀਕੀ ਡਾਲਰ ਸੀ। ਅਜਿਹੇ ਗ਼ਰੀਬ ਮੁਲਕਾਂ ਨੂੰ ਆਪਸ ਵਿਚ ਨਹੀਂ ਸਗੋਂ ਗ਼ਰੀਬੀ ਨਾਲ ਲੜਨਾ ਚਾਹੀਦਾ ਹੈ।

ਮਨੁੱਖੀ ਵਿਕਾਸ ਪੱਖੋਂ ਵੀ ਇਨ੍ਹਾਂ ਦੋਹਾਂ ਦੇਸ਼ਾਂ ਦੀ ਹਾਲਤ ਮਿਲਦੀ ਜੁਲਦੀ ਅਤੇ ਨੀਵੇਂ ਪੱਧਰ ਦੀ ਹੈ। ਮਨੁੱਖੀ ਵਿਕਾਸ ਦੇ ਪੱਖ ਤੋਂ ਸੰਸਾਰ ਦੇ 175 ਦੇਸ਼ਾਂ ਦੀ ਕੀਤੀ ਦਰਜਾਬੰਦੀ ਵਿਚ ਭਾਰਤ 127ਵੇਂ ਅਤੇ ਪਾਕਿਸਤਾਨ 135 ਦਰਜੇ 'ਤੇ ਸੀ। ਪਕਿਸਤਾਨ ਪੰਜਾਬ ਦੀ 34 ਫ਼ੀਸਦ ਵਸੋਂ ਅਜੇ ਵੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਇਸ ਦੇ ਮੁਕਾਬਲੇ ਭਾਰਤੀ ਪੰਜਾਬ ਨੇ ਖਾਸ ਕਰਕੇ ਹਰੇ ਇਨਕਲਾਬ ਤੋਂ ਬਾਅਦ, ਗ਼ਰੀਬੀ ਰੇਖਾ ਤੋਂ ਹੇਠਾਂ ਵਸੋਂ ਵਿਚ ਕਮੀ ਕਰਨ ਵਿਚ ਚੋਖੀ ਸਫ਼ਲਤਾ ਹਾਸਲ ਕੀਤੀ ਹੈ ਅਤੇ ਇੱਥੇ ਕੇਵਲ 6 ਫ਼ੀਸਦ ਵਸੋਂ ਹੀ ਗ਼ਰੀਬੀ ਰੇਖਾ ਤੋਂ ਹੇਠਾਂ ਹੈ। ਇਹ ਸਫ਼ਲ ਤਜਰਬਾ ਪਾਕਿਸਤਾਨ ਪੰਜਾਬ ਨੂੰ ਭਾਰਤੀ ਪੰਜਾਬ ਤੋਂ ਹਾਸਲ ਕਰਨ ਦੀ ਲੋੜ ਹੈ। ਸਫ਼ਲਤਾ ਦੀਆਂ ਅਜਿਹੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਅਤੇ ਤਜਰਬੇ ਤੋਂ ਦੋਵੇਂ ਪੰਜਾਬ ਇਕ ਦੂਜੇ ਤੋਂ ਭਰਪੂਰ ਲਾਭ ਲੈ ਸਕਦੇ ਹਨ ਕਿਉਂਕਿ ਦੋਵਾਂ ਪੰਜਾਬਾਂ ਦੇ ਭੂਗੋਲਿਕ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਹਾਲਾਤ ਕਾਫ਼ੀ ਹੱਦ ਤਕ ਸਾਂਝੇ ਅਤੇ ਮਿਲਦੇ ਜੁਲਦੇ ਹਨ। ਦੋਵੇਂ ਪੰਜਾਬਾਂ ਦੀ ਆਰਥਿਕਤਾ ਦਾ ਮੂਲ ਅਧਾਰ ਖੇਤੀਬਾੜੀ ਹੈ। ਸਾਲ 2001 ਵਿਚ ਪਾਕਿਸਤਾਨ ਪੰਜਾਬ ਅਤੇ ਭਾਰਤੀ ਪੰਜਾਬ ਦੀ ਕੁੱਲ ਆਮਦਨ (ਜੀ.ਐਸ.ਡੀ.ਪੀ) ਦਾ ਤਰਤੀਬਵਾਰ 27 ਅਤੇ 40 ਫ਼ੀਸਦ ਹਿੱਸਾ ਖੇਤੀਬਾੜੀ ਤੋਂ ਪ੍ਰਾਪਤ ਹੁੰਦਾ ਸੀ। ਪਾਕਿਸਤਾਨੀ ਪੰਜਾਬ ਕੋਲ ਕੁੱਲ ਕਾਸ਼ਤ ਅਧੀਨ ਰਕਬਾ ਭਾਰਤੀ ਪੰਜਾਬ ਨਾਲੋਂ ਤਿੰਨ ਗੁਣਾਂ ਵੱਧ ਹੈ ਪਰ ਭਾਰਤੀ ਪੰਜਾਬ ਇੰਨੇ ਘੱਟ ਰਕਬੇ ਨਾਲ ਵੀ ਪਾਕਿਸਤਾਨ ਤੋਂ ਵੱਧ ਅਨਾਜ ਦੀ ਪੈਦਾਵਾਰ ਕਰਦਾ ਹੈ। ਅਜਿਹਾ ਭਾਰਤੀ ਪੰਜਾਬ ਦੀ ਪ੍ਰਤੀ ਹੈਕਟੇਅਰ ਵੱਧ ਝਾੜ ਦੀ ਸਫ਼ਲਤਾ ਪ੍ਰਾਪਤ ਕਰਨ ਕਾਰਨ ਸੰਭਵ ਹੋਇਆ ਹੈ। ਪਾਕਿਸਤਾਨੀ ਪੰਜਾਬ ਵਿਚ ਪ੍ਰਤੀ ਹੈਕਟੇਅਰ ਕਣਕ ਦਾ ਝਾੜ 25 ਕੁਇੰਟਲ ਸੀ ਅਤੇ ਭਾਰਤੀ ਪੰਜਾਬ ਵਿਚ ਇਹ 42 ਕੁਇੰਟਲ ਸੀ। ਇਸੇ ਤਰ੍ਹਾਂ ਪਾਕਿਸਤਾਨ ਪੰਜਾਬ ਵਿਚ ਝੋਨੇ, ਗੰਨੇ ਅਤੇ ਮੱਕੀ ਦਾ ਪ੍ਰਤੀ ਹੈਕਟੇਅਰ ਝਾੜ 17 ਕੁਇੰਟਲ, 480 ਕੁਇੰਟਲ ਅਤੇ 24 ਕੁਇੰਟਲ ਸੀ; ਭਾਰਤੀ ਪੰਜਾਬ ਵਿਚ ਇਹ ਝਾੜ ਤਰਤੀਬਵਾਰ 37 ਕੁਇੰਟਲ, 538 ਕੁਇੰਟਲ ਅਤੇ 30 ਕੁਇੰਟਲ ਸੀ। ਪਾਕਿਸਤਾਨੀ ਪੰਜਾਬ ਨਰਮੇ ਦੇ ਪ੍ਰਤੀ ਹੈਕਟੇਅਰ ਝਾੜ ਵਿਚ ਭਾਰਤੀ ਪੰਜਾਬ ਤੋਂ ਕਾਫ਼ੀ ਅੱਗੇ ਹੈ ਜੋ ਭਾਰਤੀ ਪੰਜਾਬ ਦੇ 3.75 ਕੁਇੰਟਲ ਦੇ ਮੁਕਾਬਲੇ 9.35 ਕੁਇੰਟਲ ਹੈ। ਤਕਨੀਕੀ ਪੱਖ ਤੋਂ ਭਾਰਤੀ ਪੰਜਾਬ ਦੀ ਖੇਤੀ ਪਾਕਿਸਤਾਨੀ ਪੰਜਾਬ ਨਾਲੋਂ ਜ਼ਿਆਦਾ ਬਿਹਤਰ ਹੈ। ਭਾਰਤੀ ਪੰਜਾਬ ਕੋਲ ਪਾਕਿਸਤਾਨੀ ਪੰਜਾਬ ਨਾਲੋਂ ਟਰੈਕਟਰਾਂ ਦੀ ਗਿਣਤੀ 4 ਗੁਣਾਂ ਅਤੇ ਟਿਊਬਵੈਲਾਂ ਦੀ ਗਿਣਤੀ ਸਾਢੇ ਚਾਰ ਗੁਣਾਂ ਵੱਧ ਹੈ। ਖੇਤੀ ਖੋਜ ਕਾਰਜਾਂ ਵਿਚ ਵੀ ਭਾਰਤੀ ਪੰਜਾਬ ਦੀ ਹਾਲਤ ਪਾਕਿਸਤਾਨੀ ਪੰਜਾਬ ਨਾਲੋਂ ਕਾਫ਼ੀ ਬਿਹਤਰ ਹੈ। ਪਾਕਿਸਤਾਨੀ ਪੰਜਾਬ ਨੂੰ ਭਾਰਤੀ ਪੰਜਾਬ ਤੋਂ ਝੋਨੇ ਅਤੇ ਕਣਕ ਦੀ ਪੈਦਾਵਾਰ ਦੇ ਬਣਾਏ ਕੀਰਤੀਮਾਨਾਂ ਤੋਂ ਅਤੇ ਭਾਰਤੀ ਪੰਜਾਬ ਨੂੰ ਪਾਕਿਸਤਾਨੀ ਪੰਜਾਬ ਦੇ ਨਰਮੇ ਅਤੇ ਫਲਾਂ ਦੀ ਬਿਹਤਰ ਪੈਦਾਵਾਰ ਦੇ ਤਜਰਬੇ ਤੋਂ ਲਾਭ ਉਠਾਉਣ ਦੀ ਲੋੜ ਹੈ।

ਖੇਤੀ ਉਪਜ ਦੀ ਮਾਰਕੀਟਿੰਗ ਲਈ ਭਾਰਤੀ ਪੰਜਾਬ ਦੀ ਕਾਰਗੁਜ਼ਾਰੀ ਭਰਪੂਰ ਤਸੱਲੀਬਖ਼ਸ਼ ਰਹੀ ਹੈ। ਇੱਥੇ ਕਣਕ, ਝੋਨਾ, ਨਰਮਾ ਆਦਿ ਮੁੱਖ ਫ਼ਸਲਾਂ ਦੀ ਵੱਡੇ ਹਿੱਸੇ ਦੀ ਸਰਕਾਰੀ ਮੰਡੀਆਂ ਰਾਹੀਂ ਖਰੀਦ ਵੇਚ ਹੁੰਦੀ ਹੈ; ਦੂਜੇ ਬੰਨੇ, ਪਾਕਿਸਤਾਨ ਪੰਜਾਬ ਵਿਚ ਖੇਤੀ ਜਿਣਸਾਂ ਦੇ ਮੰਡੀਕਰਨ ਦੀ ਹਾਲਤ ਕਾਫ਼ੀ ਕਮਜ਼ੋਰ ਹੈ। ਵੇਚੀ ਜਾਣ ਵਾਲੀ ਜਿਣਸ ਦੇ ਕੇਵਲ 10 ਫ਼ੀਸਦ ਹਿੱਸੇ ਦੀ ਸਰਕਾਰੀ ਮੰਡੀਆਂ ਰਾਹੀਂ ਖਰੀਦ ਵੇਚ ਹੁੰਦੀ ਹੈ।

ਸਨਅਤੀ ਪੱਖ ਤੋਂ ਪਾਕਿਸਤਾਨ ਪੰਜਾਬ ਦੀ ਤਸਵੀਰ ਭਾਰਤੀ ਪੰਜਾਬ ਦੇ ਮੁਕਾਬਲੇ ਬਿਹਤਰ ਹੈ। ਇਸ ਅਧਿਐਨ ਅਨੁਸਾਰ ਭਾਰਤੀ ਪੰਜਾਬ ਵਿਚ ਰਜਿਸਟਰਡ ਸਨਅਤੀ ਇਕਾਈਆਂ ਵਿਚ ਵਾਧਾ ਤਾਂ ਹੋਇਆ ਪਰ ਇਨ੍ਹਾਂ ਦੀ ਰੁਜ਼ਗਾਰ ਸਮੱਰਥਾ ਘੱਟ ਹੋ ਗਈ ਪਰ ਪਾਕਿਸਤਾਨ ਪੰਜਾਬ ਵਿਚ ਰਜਿਸਟਰਡ ਸਨਅਤੀ ਇਕਾਈਆਂ ਘਟਣ ਦੇ ਬਾਵਜੂਦ ਰੁਜ਼ਗਾਰ ਸਮਰੱਥਾ ਵਧੀ ਹੈ। ਕਾਮਿਆਂ ਦੀ ਉਤਪਾਦਕਤਾ ਪੱਖੋਂ ਵੀ ਪਾਕਿਸਤਾਨ ਪੰਜਾਬ ਭਾਰਤੀ ਪੰਜਾਬ ਨਾਲੋਂ ਬਿਹਤਰ ਹੈ। ਇਸ ਦੀ ਕਿਰਤ ਉਤਪਾਦਕਤਾ 3625 ਡਾਲਰ ਹੋ ਗਈ ਅਤੇ ਭਾਰਤੀ ਪੰਜਾਬ ਵਿਚ ਇਹ ਇਸੇ ਸਮੇਂ ਦੌਰਾਨ ਕੇਵਲ 2269 ਡਾਲਰ ਰਹਿ ਗਈ।

ਵਪਾਰ ਦੇ ਖੇਤਰ ਵਿਚ ਦੋਵਾਂ ਪੰਜਾਬਾਂ ਨੇ ਆਜ਼ਾਦੀ ਤੋਂ ਬਾਅਦ ਆਪਸੀ ਆਰਥਿਕ ਸਹਿਯੋਗ ਨਾ ਹੋਣ ਕਾਰਨ ਵੱਡਾ ਘਾਟਾ ਖਾਧਾ ਹੈ। ਅਧਿਐਨ ਅਨੁਸਾਰ ਆਜ਼ਾਦੀ ਤੋਂ ਬਾਅਦ ਦੇ ਪੰਜ ਦਹਾਕਿਆਂ ਦੌਰਾਨ ਦੋਵਾਂ ਦੇਸ਼ਾਂ ਨੂੰ ਤਕਰੀਬਨ 15,000 ਤੋਂ 20,000 ਰੁਪਏ ਕਰੋੜ ਦੇ ਹੋਣ ਵਾਲੇ ਸੰਭਾਵਤ ਲਾਭ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਨੂੰ ਇਹ ਘਾਟਾ ਮੁੱਖ ਤੌਰ 'ਤੇ ਵਸਤਾਂ ਦਾ ਵਪਾਰ ਮੁੰਬਈ-ਕਰਾਚੀ ਰੂਟ ਰਾਹੀਂ ਮਹਿੰਗੀ ਢੋਆ-ਢੁਆਈ ਦੀ ਲਾਗਤ ਕਾਰਨ ਹੋਇਆ ਹੈ; ਇਹ ਵਪਾਰ ਵਾਹਗਾ-ਅਟਾਰੀ ਸੜਕੀ ਆਵਾਜਾਈ ਰਾਹੀਂ ਹੋਣ ਨਾਲ ਇਹ ਲਾਗਤ ਕਈ ਗੁਣਾਂ ਸਸਤੀ ਪੈਣੀ ਸੀ। 1948-49 ਵਿਚ 70 ਫ਼ੀਸਦ ਵਪਾਰ ਇਸ ਰੂਟ ਰਾਹੀਂ ਹੁੰਦਾ ਸੀ। ਇਹ ਆਰਥਿਕ ਪੱਖੋਂ ਅਤਿ ਦਰਜੇ ਦੀ ਮੂਰ੍ਹਮਤ ਕਹੀ ਜਾ ਸਕਦੀ ਹੈ ਕਿ ਪੰਜਾਬ ਵਰਗੇ ਸੂਬਿਆਂ 'ਚੋਂ ਵਪਾਰਕ ਵਸਤਾਂ ਪਹਿਲਾਂ ਮੁੰਬਈ ਲਿਜਾਈਆਂ ਜਾਂਦੀਆਂ ਹਨ, ਫਿਰ ਕਰਾਚੀ ਤੇ ਫਿਰ ਲਾਹੌਰ। ਇਸੇ ਤਰ੍ਹਾਂ ਪਾਕਿਸਤਾਨੀ ਪੰਜਾਬ ਵਿਚੋਂ ਵੀ ਕੀਤਾ ਜਾਂਦਾ ਹੈ। ਆਜ਼ਾਦੀ ਤੋਂ ਬਾਅਦ ਜੇ ਦੋਵਾਂ ਦੇਸ਼ਾਂ ਦੇ ਵਪਾਰਕ ਸਬੰਧ ਠੀਕ ਰਹੇ ਹੁੰਦੇ ਤਾਂ ਇਨ੍ਹਾਂ ਨੂੰ ਸਿਰਫ਼ ਆਪਸੀ ਵਪਾਰ ਦਾ ਹੀ ਫਾਇਦਾ ਨਹੀਂ ਸੀ ਹੋਣਾ ਬਲਕਿ ਇਨ੍ਹਾਂ ਨੂੰ ਮਿਡਲ ਈਸਟ, ਸੈਂਟਰਲ ਏਸ਼ੀਅਨ ਅਤੇ ਸਾਰਕ ਮੁਲਕਾਂ ਨਾਲ ਵੀ ਵਪਾਰ ਦਾ ਬਹੁਤ ਲਾਭ ਹੋਣਾ ਸੀ। ਇਸ ਦਾ ਸਭ ਤੋਂ ਜ਼ਿਆਦਾ ਫ਼ਾਇਦਾ ਦੋਹਾਂ ਪੰਜਾਬਾਂ ਨੂੰ ਆਰਥਿਕ ਵਿਕਾਸ ਅਤੇ ਰੁਜ਼ਗਾਰ ਦੇ ਵਸੀਲੇ ਵਧਾਉਣ ਵਿਚ ਹੋਣਾ ਸੀ।

ਦੋਵਾਂ ਦੇਸ਼ਾਂ ਦੇ ਅਣਸੁਖਾਵੇਂ ਰਿਸ਼ਤਿਆਂ, ਰਾਜਨੀਤਕ ਸੂਝ ਦੀ ਘਾਟ ਅਤੇ ਇਕ ਦੂਜੇ ਤੋਂ ਡਰ ਕਾਰਨ ਆਰਥਿਕ ਸਹਿਯੋਗ ਦੀ ਘਾਟ ਨਾਲ ਇਕ ਪਾਸੇ ਤਾਂ ਵੱਡੇ ਪੱਧਰ 'ਤੇ ਆਰਥਿਕ ਨੁਕਸਾਨ ਹੋਇਆ ਹੈ ਅਤੇ ਦੂਜੇ ਪਾਸੇ ਦੋਵਾਂ ਦੇਸ਼ਾਂ ਨੂੰ ਬਹੁਤ ਸਰਮਾਇਆ ਸੁਰੱਖਿਆ 'ਤੇ ਖਰਚ ਕਰਕੇ ਬਰਬਾਦ ਕਰਨਾ ਪਿਆ ਹੈ। ਪਾਕਿਸਤਾਨ ਦਾ ਪ੍ਰਤੀ ਜੀਅ ਸਾਲਾਨਾ ਸੁਰੱਖਿਆ ਖਰਚ 27 ਅਮਰੀਕੀ ਡਾਲਰ ਬਣਦਾ ਹੈ। ਇਸ ਦੇ ਮੁਕਾਬਲੇ ਭਾਰਤ ਦਾ ਪ੍ਰਤੀ ਜੀਅ ਸੁਰੱਖਿਆ ਖਰਚਾ 12.5 ਡਾਲਰ ਸੀ।

ਸਿਹਤ ਅਤੇ ਸਿੱਖਿਆ ਦੋ ਅਜਿਹੇ ਅਹਿਮ ਪਹਿਲੂ ਹਨ ਜਿਨ੍ਹਾਂ 'ਤੇ ਲੋਕਾਂ ਦਾ ਮਨੁੱਖੀ ਵਿਕਾਸ ਆਧਾਰਿਤ ਹੁੰਦਾ ਹੈ ਪਰ ਇਨ੍ਹਾਂ ਦੋਵਾਂ ਦੇਸ਼ਾਂ ਦਾ ਇਨ੍ਹਾਂ ਖੇਤਰਾਂ ਵਿਚ ਸਰਕਾਰੀ ਖਰਚਾ ਕਾਫ਼ੀ ਘੱਟ ਹੈ। ਭਾਰਤੀ ਪੰਜਾਬ ਵਿਚ ਸਿਹਤ ਖਰਚਾ ਕੁੱਲ

(ਬਾਕੀ ਸਫਾ 22 'ਤੇ)

# ਮੀਡੀਆ ਬਾਬਤ ਬੇਸਿਰੀ ਸਫ਼ੇਦਪੋਸ਼ੀ ਬਹਿਸ

ਸਵਾਲ ਸੰਵਾਦ



ਦਲਜੀਤ ਅਮੀ

ਫੋਨ:+91-97811-21873

ਭਾਰਤ ਵਿਚ ਮੀਡੀਆ ਬਾਬਤ ਚਰਚਾ ਲਗਾਤਾਰ ਚੱਲਦੀ ਰਹਿੰਦੀ ਹੈ। ਰਾਡੀਆ ਟੇਪਾਂ ਤੋਂ ਬਾਅਦ ਅੰਨਾ ਹਜ਼ਾਰੇ ਦੀ ਮੁਹਿੰਮ ਵਿਚ ਸ਼ੁੱਧੀਕਰਨ ਦੀ ਮਸ਼ਕ ਕਰਨ ਵਾਲੇ ਮੀਡੀਆ ਬਾਬਤ ਨਵੀਂ ਚਰਚਾ ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਨਵੇਂ ਮੁਖੀ ਮਾਰਕੰਡੇ ਕਾਟਜੂ ਦੇ ਬਿਆਨ ਨਾਲ ਮੁੜ ਭਖੀ ਹੈ। ਭਾਰਤ ਦੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਦੇ ਸਾਬਕਾ ਜੱਜ ਕਾਟਜੂ ਨੇ ਮੀਡੀਆ ਬਾਬਤ ਖਰੀਆਂ-ਖਰੀਆਂ ਸੁਣਾ ਕੇ ਸਮੁੱਚੇ ਟੈਲੀਵਿਜ਼ਨ ਚੈਨਲਾਂ ਨੂੰ ਪ੍ਰੈਸ ਕੌਂਸਲ ਹੇਠ ਲਿਆਉਣ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਪਹਿਲਾਂ ਕਰਨ ਥਾਪਰ ਨਾਲ ਮੁਲਾਕਾਤ ਅਤੇ ਬਾਅਦ ਵਿਚ 'ਇੰਡੀਅਨ ਐਕਸਪ੍ਰੈਸ' ਵਿਚ ਲਿਖੇ ਲੜੀਵਾਰ ਲੇਖ ਵਿਚ ਮੀਡੀਆ ਦਾ ਲੋਕ-ਦੋਖੀ ਖ਼ਾਸਾ ਬਿਆਨ ਕੀਤਾ ਸੀ। ਉਨ੍ਹਾਂ ਨੇ ਪੱਤਰਕਾਰਾਂ ਦੇ ਬੌਧਿਕ ਪੱਧਰ, ਗ਼ੈਰ-ਜ਼ਿੰਮੇਵਾਰ ਰਵੱਈਏ, 'ਮੁੱਲ ਦੀ ਖ਼ਬਰ' (ਪੇਡ ਨਿਊਜ਼) ਲਗਾਉਣ ਦੇ ਰੁਝਾਨ ਅਤੇ ਸਨਸਨੀਖ਼ੇਜ਼ ਖ਼ਬਰਾਂ ਨਸ਼ਰ ਕਰਨ ਦੀ ਤਿੱਖੀ ਨੁਕਤਾਚੀਨੀ ਕੀਤੀ ਸੀ। ਕਾਟਜੂ ਦੇ ਬਿਆਨਾਂ ਨੇ ਪੱਤਰਕਾਰਾਂ ਦੀ ਨਾਰਾਜ਼ਗੀ ਸਹੇੜੀ ਅਤੇ ਜਵਾਬੀ ਹਮਲਿਆਂ ਨੇ ਪੱਤਰਕਾਰੀ ਨਾਲ ਜੁੜੇ ਅਦਾਰਿਆਂ ਦੀ ਅਸਲੀਅਤ ਬਿਹਤਰ ਢੰਗ ਨਾਲ ਉਘਾੜ ਕੇ ਪੇਸ਼ ਕੀਤੀ।

ਮਾਰਕੰਡੇ ਕਾਟਜੂ ਦਾ ਬਹੁਤ ਤਿੱਖਾ ਜਵਾਬ ਸਰਵਉੱਚ ਅਦਾਲਤ ਦੇ ਸਾਬਕਾ ਮੁੱਖ ਜੱਜ ਅਤੇ ਨਿਊਜ਼ ਬਰੌਡਕਾਸਟਿੰਗ ਸਟੈਂਡਰਡ ਅਥਾਰਟੀ (ਐਨ.ਬੀ.ਐਸ.ਏ.) ਦੇ ਮੌਜੂਦਾ ਮੁਖੀ ਜੇ.ਐਸ. ਵਰਮਾ ਨੇ ਦਿੱਤਾ ਹੈ। ਉਨ੍ਹਾਂ ਨੇ 'ਆਊਟਲੁੱਕ' ਰਸਾਲੇ ਵਿਚ ਛਪੀ ਮੁਲਾਕਾਤ ਵਿਚ ਕਿਹਾ ਹੈ ਕਿ ਅਜਿਹੇ ਗ਼ੈਰ-ਜ਼ਿੰਮੇਵਾਰਾਨਾ ਬਿਆਨ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਲੋਕਾਂ ਦਾ ਪੈਸਾ ਬਰਬਾਦ ਕਰਨ ਵਾਲੀ ਪ੍ਰੈਸ ਕੌਂਸਲ ਆਫ਼ ਇੰਡੀਆ ਨੂੰ ਬੰਦ ਕਰ ਦਿੱਤਾ ਜਾਣਾ ਚਾਹੀਦਾ ਹੈ। ਐਨ.ਬੀ.ਐਸ.ਏ. ਟੈਲੀਵਿਜ਼ਨਾਂ ਚੈਨਲਾਂ ਦੀ ਜਥੇਬੰਦੀ ਨੈਸ਼ਨਲ ਬਰੌਡਕਾਸਟਿੰਗ ਐਸੋਸੀਏਸ਼ਨ (ਐਨ.ਬੀ.ਏ.) ਦੀ ਪਹਿਲਕਦਮੀ ਨਾਲ ਆਪਣੇ-ਆਪ ਨੂੰ ਜ਼ਾਬਤੇ ਵਿਚ ਰੱਖਣ ਬਣਾਈ ਗਈ ਸੰਸਥਾ ਹੈ। ਪ੍ਰੈਸ ਕੌਂਸਲ ਸਰਕਾਰੀ ਅਦਾਰਾ ਹੈ ਜਿਸ ਵਿਚ ਛਪਾਈ ਨਾਲ ਜੁੜੇ ਮੀਡੀਆ ਦੇ ਮਸਲੇ ਵਿਚਾਰੇ ਜਾਂਦੇ ਹਨ। ਇਸ ਵਿਚ ਅਖ਼ਬਾਰਾਂ-ਰਸਾਲਿਆਂ ਦੇ ਮਾਲਕਾਂ-ਪ੍ਰਬੰਧਕਾਂ, ਸੰਪਾਦਕਾਂ ਅਤੇ ਪੱਤਰਕਾਰਾਂ ਦੇ ਨੁਮਾਇੰਦੇ ਨਾਮਜ਼ਦ ਕੀਤੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਯੂਨੀਵਰਸਿਟੀ ਗਰਾਂਟ ਕਮਿਸ਼ਨ, ਬਾਰ ਕੌਂਸਲ, ਸਾਹਿਤ ਅਕੈਡਮੀ, ਪਾਰਲੀਮੈਂਟ ਅਤੇ ਨਿਊਜ਼ ਏਜੰਸੀਆਂ ਦੇ ਪ੍ਰਬੰਧਕਾਂ ਵਿਚੋਂ ਨਾਮਜ਼ਦਗੀਆਂ ਹੁੰਦੀਆਂ ਹਨ।

ਜਦੋਂ ਇਹ ਦੋਵੇਂ ਜੱਜ ਆਪਣੇ-ਆਪਣੇ ਅਦਾਰੇ ਦੀ ਅਹਿਮੀਅਤ ਬਾਬਤ ਜਨਤਕ ਮੁਕੱਦਮਾ ਲੜ ਰਹੇ ਸਨ ਤਾਂ ਬਾਕੀ ਧਿਰਾਂ ਦਰਸ਼ਕ ਜਾਂ ਪਾਠਕਾਂ ਤੱਕ ਮਹਿਦੂਦ ਨਹੀਂ ਸਨ। ਟੈਲੀਵਿਜ਼ਨ ਚੈਨਲਾਂ ਨੇ ਪ੍ਰਧਾਨ ਮੰਤਰੀ ਤੱਕ ਪਹੁੰਚ ਕਰ ਕੇ ਇਹ ਸੁਨੇਹਾ ਦਿੱਤਾ ਕਿ ਕਾਟਜੂ ਆਪਣੇ ਕੰਮ ਤੱਕ ਹੀ ਕੰਮ ਰੱਖਣ। ਪ੍ਰੈਸ ਕੌਂਸਲ ਦੇ ਕੁਝ ਮੈਂਬਰਾਂ ਨੇ ਕਾਟਜੂ ਦੇ ਬਿਆਨ ਦਾ ਵਿਰੋਧ ਕੀਤਾ ਕਿ ਉਹ ਹੂੰਝਾ-ਫੇਰੂ ਟਿੱਪਣੀਆਂ ਨਾਲ ਸਾਰੇ ਪੱਤਰਕਾਰਾਂ ਨੂੰ ਇਕੋ ਰੱਸੇ ਨਾਲ ਬੰਨ੍ਹ ਰਹੇ ਹਨ। ਇਸ ਸਮੁੱਚੀ ਬਹਿਸ ਵਿਚੋਂ ਇਕ ਗੱਲ ਨਿਤਰ ਕੇ ਸਾਹਮਣੇ ਆਈ ਕਿ ਟੈਲਵਿਜ਼ਨ ਚੈਨਲ ਆਪਣੀਆਂ ਕਾਰਗੁਜ਼ਾਰੀ ਦੀ ਨਜ਼ਰਸਾਨੀ ਆਪਣੇ ਹੱਥ ਵਿਚ ਰੱਖਣੀ ਚਾਹੁੰਦੇ ਹਨ। ਮੀਡੀਆ ਦੀਆਂ ਕਦਰਾਂ-ਕੀਮਤਾਂ ਬਾਬਤ ਬਹਿਸ ਉੱਤੇ ਵੀ ਉਹ ਆਪਣਾ ਗ਼ਲਬਾ ਕਾਇਮ ਰੱਖਣਾ ਚਾਹੁੰਦੇ ਹਨ। ਇਹ ਰੁਝਾਨ ਟੈਲੀਵਜ਼ਨ ਚੈਨਲਾਂ ਤੱਕ ਮਹਿਦੂਦ ਨਹੀਂ ਹੈ। ਸਮੁੱਚਾ ਮੀਡੀਆ ਆਪਣੀ ਕਾਰਗੁਜ਼ਾਰੀ ਬਾਬਤ ਪੜਚੋਲ ਵਿਚ ਆਪਣੀ ਨੁਮਾਇੰਦਗੀ ਉੱਤੇ ਜ਼ੋਰ ਦਿੰਦਾ ਹੈ। ਇਸੇ ਦੌਰਾਨ ਸਭ ਤੋਂ ਅਹਿਮ ਸਵਾਲ ਬਹਿਸ ਵਿਚ ਸ਼ਾਮਿਲ ਧਿਰਾਂ ਦੀ ਥਾਂ 'ਦ ਹਿੰਦੂ' ਅਖ਼ਬਾਰ ਦੀ ਇਕ ਪੜਤਾਲੀਆ ਖ਼ਬਰ ਰਾਹੀਂ ਪੇਸ਼ ਹੋਇਆ।

ਗੋਆ ਦੀ ਰਾਜਧਾਨੀ ਪਣਜੀ ਤੋਂ 'ਦ ਹਿੰਦੂ' ਦੇ ਪੱਤਰਕਾਰ ਪ੍ਰਕਾਸ਼ ਕਾਮਤ ਨੇ ਮੁੱਲ ਦੀ ਖ਼ਬਰ ਲਗਾਉਣ ਦੇ ਰੁਝਾਨ ਬਾਬਤ ਤਫ਼ਸੀਲ ਸਮੇਤ ਖ਼ਬਰ ਛਾਪੀ ਹੈ। ਗੋਆ ਵਿਚ ਸਰਗਰਮ ਹੇਰਾਲਡ ਮੀਡੀਆ ਘਰਾਣੇ ਦਾ ਟੈਲੀਵਿਜ਼ਨ ਚੈਨਲ ਹੈ ਅਤੇ 'ਦ ਹੇਰਾਲਡ' ਨਾਮ ਦਾ ਅਖ਼ਬਾਰ ਛਪਦਾ ਹੈ। ਐਚ.ਸੀ.ਐਨ (ਹੇਰਾਲਡ ਕੇਬਲ ਨੈੱਟਵਰਕ) ਦੇ ਮਾਰਕਟਿੰਗ ਮੈਨੇਜਰ ਤੁਲਸੀਦਾਰ ਦੇਸਾਈ ਅਤੇ ਪੱਤਰਕਾਰ ਮਾਯਾਭੂਸ਼ਨ ਨੇਗਵਾਨਕਰ ਦੀ ਗੱਲਬਾਤ ਨਾਲ ਜੱਗ-ਜ਼ਾਹਿਰ ਰੁਝਾਨ ਦੀ ਤਸਦੀਕ ਹੁੰਦੀ ਹੈ। ਮਾਯਾਭੂਸ਼ਨ ਨੇ ਵਿਧਾਨ ਸਭਾ ਵਿਚ ਉਮੀਦਵਾਰ ਬਰਨਾਰਡ ਕੋਸਟਾ ਵਜੋਂ ਤੁਲਸੀਦਾਸ ਨਾਲ ਗੱਲਬਾਤ ਕੀਤੀ। ਦੋਵਾਂ ਵਿਚਕਾਰ 86,400 ਰੁਪਏ ਵਿਚ ਸੌਦਾ ਤੈਅ ਹੋਇਆ। ਸੌਦੇ ਮੁਤਾਬਕ ਬਰਨਾਰਡ ਕੋਸਟਾ ਦੇ ਮਨਪਸੰਦ ਸਵਾਲਾਂ ਦੀ ਮੁਲਾਕਾਤ ਐਚ.ਸੀ.ਐਨ ਉੱਤੇ ਨਸ਼ਰ ਕੀਤੀ ਜਾਣੀ ਅਤੇ ਇਸ ਤਰਜ਼ ਦੀ ਵੱਡੀ ਲਿਖਤ 'ਦ ਹੇਰਾਲਡ' ਵਿਚ ਛਾਪਣੀ ਤੈਅ ਹੋਈ। ਬਰਨਾਰਡ ਕੋਸਟਾ ਨੂੰ ਭਰੋਸੇ ਵਿਚ ਲੈਣ ਲਈ ਤੁਲਸੀਦਾਸ ਨੇ ਅਜਿਹੇ ਸੌਦਿਆਂ ਅਤੇ ਉਨ੍ਹਾਂ ਦੇ 'ਸ਼ਾਨਦਾਰ ਨਤੀਜਿਆਂ' ਦੀ ਤਫ਼ਸੀਲ ਸਾਂਝੀ ਕੀਤੀ। ਇਹ ਜਾਣਕਾਰੀ ਨਸ਼ਰ ਹੋਣ ਤੋਂ ਬਾਅਦ ਗੋਆ ਵਿਚ ਮੀਡੀਆ ਤੋਂ ਬਿਨਾਂ ਹਰ ਪਾਸੇ ਮੁੱਲ ਦੀ ਖ਼ਬਰ ਦੇ ਰੁਝਾਨ ਦੀ ਚਰਚਾ ਹੋਈ। ਇਸ ਮਾਮਲੇ ਦੀ ਅਹਿਮ ਤੰਦ ਇਹ ਹੈ ਕਿ ਇਹ ਪ੍ਰੈਸ ਕੌਂਸਲ ਅਤੇ ਐਨ.ਬੀ.ਐਸ.ਏ. ਦੇ ਘੇਰੇ ਵਿਚ ਆਉਂਦਾ ਹੈ। ਦੋਵਾਂ ਦੇ ਮੁਖੀਆਂ ਨੂੰ ਇਕ-ਦੂਜੇ ਦੀ ਪਿੱਠ ਲਗਾਉਣ ਦੀ ਮਸ਼ਕ ਤੋਂ ਵਿਹਲ ਮਿਲੇਗੀ ਤਾਂ ਸ਼ਾਇਦ ਇਸ ਮਸਲੇ ਨੂੰ ਵੀ ਅਹਿਮ ਮੰਨਿਆ ਜਾਵੇਗਾ।

ਇਸ ਚਰਚਾ ਦਾ ਸਮਾਂ ਆਪਣੇ-ਆਪ ਵਿਚ ਅਹਿਮ ਹੈ। ਭਾਰਤ ਦੇ ਚੋਣ ਕਮਿਸ਼ਨ ਨੇ 'ਮੁੱਲ ਦੀ ਖ਼ਬਰ' ਦੇ ਰੁਝਾਨ ਨਾਲ ਜੁੜੀ ਪਹਿਲੀ ਠੋਸ ਕਾਰਵਾਈ ਬੀਤੀ 20 ਅਕਤੂਬਰ ਨੂੰ ਹੀ ਕੀਤੀ ਹੈ। ਉੱਤਰ ਪ੍ਰਦੇਸ਼ ਦੀ ਵਿਧਾਇਕ ਉਮਲੇਸ਼ ਯਾਦਵ ਉੱਤੇ ਚੋਣਾਂ ਦੌਰਾਨ ਹਿੰਦੀ ਅਖ਼ਬਾਰਾਂ ਵਿਚ ਛਪੀਆਂ 'ਮੁੱਲ ਦੀਆਂ ਖ਼ਬਰਾਂ' ਦਾ ਹਿਸਾਬ ਨਾ ਦੇਣ ਕਾਰਨ ਤਿੰਨ ਸਾਲ ਲਈ ਚੋਣ ਲੜਨ ਦੀ ਪਾਬੰਦੀ ਲਗਾਈ ਗਈ ਹੈ। ਉਮਲੇਸ਼ ਯਾਦਵ ਸ਼ਰਾਬ ਦੇ ਅਰਬਪਤੀ ਕਾਰੋਬਾਰੀ ਡੀ.ਪੀ. ਯਾਦਵ ਦੀ ਘਰਵਾਲੀ ਅਤੇ ਕਤਲ ਦੇ ਮਾਮਲੇ ਵਿਚ ਸਜ਼ਾਯਾਫ਼ਤਾ ਵਿਕਾਸ ਯਾਦਵ ਦੀ ਮਾਂ ਹੈ। ਉਹ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਸੌਲੀ ਤੋਂ 'ਰਾਸ਼ਟਰੀ ਪਰਿਵਰਤਨ ਦਲ' ਦੀ ਉਮੀਦਵਾਰ ਵਜੋਂ ਚੋਣ ਜਿੱਤੀ ਸੀ। ਸਵਾਲ ਇਹ ਹੈ ਕਿ ਉਮਲੇਸ਼ ਯਾਦਵ ਨੂੰ 'ਮੁੱਲ ਦੀ ਖ਼ਬਰ' ਛਪਵਾ ਕੇ ਇਸ ਦਾ ਹਿਸਾਬ (21,250 ਰੁਪਏ) ਨਾ ਦੇਣ ਕਾਰਨ ਮੁਜਰਮ ਕਰਾਰ ਦਿੱਤਾ ਗਿਆ ਹੈ। 'ਮੁੱਲ ਦੀਆਂ ਖ਼ਬਰਾਂ' ਛਾਪਣ ਵਾਲੇ 'ਅਮਰ ਉਜਾਲਾ' ਅਤੇ 'ਦੈਨਿਕ ਜਾਗਰਨ' ਬਾਬਤ ਚੁੱਪ ਕਿਉਂ ਵੱਟੀ ਜਾ ਰਹੀ ਹੈ? ਇਹ ਉਮਲੇਸ਼ ਯਾਦਵ ਵੱਲੋਂ ਕੀਤੀ ਗਈ ਬੇਈਮਾਨੀ ਵਿਚ ਹਿੱਸੇਦਾਰ ਹਨ।

'ਮੁੱਲ ਦੀਆਂ ਖ਼ਬਰਾਂ' ਦੇ ਰੁਝਾਨ ਬਾਬਤ ਪ੍ਰੈਸ ਕੌਂਸਲ ਨੇ ਪਹਿਲਾਂ ਵੀ ਕਈ ਰਪਟਾਂ ਛਾਪੀਆਂ ਹਨ। ਬੀਤੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਇਹ ਅਧਿਐਨ ਸਾਹਮਣੇ ਆਇਆ ਸੀ ਕਿ ਤਿੰਨ ਤੋਂ ਬਿਨਾ ਬਾਕੀ ਅਖ਼ਬਾਰ 'ਮੁੱਲ ਦੀਆਂ ਖ਼ਬਰ' ਵਾਲੇ ਰੁਝਾਨ ਦਾ ਸ਼ਿਕਾਰ ਰਹੇ ਹਨ। ਉਸ ਰੁਝਾਨ ਵਿਚ ਖਰੀਦਦਾਰ ਸਿਰਫ਼ ਹਾਰਨ ਵਾਲੇ ਉਮੀਦਵਾਰ ਤਾਂ ਨਹੀਂ ਸਨ। ਜੇ ਜਿੱਤਣ ਵਾਲੇ ਉਮੀਦਵਾਰ 'ਮੁੱਲ ਦੀਆਂ ਖ਼ਬਰਾਂ' ਖਰੀਦਦੇ ਰਹੇ ਸਨ ਤਾਂ ਇਨ੍ਹਾਂ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਹੋਈ? 'ਮੁੱਲ ਦੀਆਂ ਵੋਟਾਂ' ਪਵਾਉਣ ਵਾਲਿਆਂ ਉੱਤੇ 'ਮੁੱਲ ਦੀਆਂ ਖ਼ਬਰਾਂ' ਲਗਵਾਉਣ ਦਾ ਨੈਤਿਕ ਬੋਝ ਕਿੰਨਾ ਕੁ ਪੈ ਸਕਦਾ ਹੈ?


ਇਸ ਵੇਲੇ ਪੱਤਰਕਾਰਾਂ ਨੂੰ ਦੀਵਾਲੀ ਦੇ ਤੋਹਫ਼ਿਆਂ ਦੀ ਚਰਚਾ ਸਿਖ਼ਰ ਉੱਤੇ ਹੈ। ਸਿਆਸੀ ਪਾਰਟੀਆਂ ਵੱਲੋਂ ਜ਼ਬਾਨੀ-ਕਲਾਮੀ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਨਾਲ ਕੀਤੇ ਪ੍ਰਚਾਰ ਸਮਝੌਤਿਆਂ ਦੀਆਂ ਖ਼ਬਰਾਂ ਸੱਤਾ ਦੇ ਗਲਿਆਰਿਆਂ ਤੋਂ ਸਿਆਸੀ ਪਾਰਟੀਆਂ ਦੇ ਦਫ਼ਤਰਾਂ ਵਿਚ 'ਸੰਜੀਦਾ' ਵਿਚਾਰ-ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਛੋਟੇ ਸ਼ਹਿਰਾਂ ਦੇ ਕੱਚੇ ਪੱਤਰਕਾਰਾਂ ਨੂੰ ਕਮਾਈ ਦੇ ਟੀਚੇ ਦੱਸ ਦਿੱਤੇ ਗਏ ਹਨ। ਟੈਲੀਵਿਜ਼ਨਾਂ ਸਨਅਤ ਦੇ ਪੱਤਰਕਾਰਾਂ ਨੂੰ ਖ਼ਬਰਾਂ ਦੇ ਝੁਕਾਅ ਬਾਬਤ ਹਿਦਾਇਤਾਂ ਦਿੱਤੀਆਂ ਜਾ ਚੁੱਕੀਆਂ ਹਨ। ਇਹ ਤਾਂ ਨਹੀਂ ਹੋ ਸਕਦਾ ਕਿ 'ਆਪਣੀ ਵਿਦਵਤਾ' ਅਤੇ ਭਰੋਸੇਯੋਗਤਾ ਦਾ ਦਾਅਵਾ ਕਰਨ ਵਾਲੇ ਸਾਬਕਾ ਜੱਜਾਂ ਨੂੰ ਇਹ ਖ਼ਬਰਾਂ ਨਾ ਪਹੁੰਚੀਆਂ ਹੋਣ। ਇਹ ਤਾਂ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਮੀਡੀਆ ਰਾਹੀਂ ਨਸ਼ਰ ਹੋਈਆਂ ਹੀ ਖ਼ਬਰਾਂ ਨਹੀਂ ਹੁੰਦੀਆਂ। 'ਆਪਣੇ-ਆਪ ਨੂੰ ਜ਼ਾਬਤੇ ਵਿਚ ਰੱਖਣ' ਦੀ ਜ਼ਿੰਮੇਵਾਰੀ ਓਟਣ ਵਾਲੇ ਸਫ਼ੇਦਪੋਸ਼ਾਂ ਦੀ ਚੁੱਪ ਦਾ ਰਿਸ਼ਤਾ ਬਿਨਾ ਸ਼ੱਕ 'ਸੌ ਸੁੱਖਾਂ' ਨਾਲ ਜੁੜਦਾ ਹੈ। ਇਸ ਮਾਮਲੇ ਵਿਚ ਪ੍ਰੈਸ ਕੌਂਸਲ ਦੀ ਪੁਰਾਣੀ ਰਪਟ ਦਾ ਹਵਾਲਾ ਜ਼ਰੂਰੀ ਬਣਦਾ ਹੈ। ਕੌਂਸਲ ਨੇ 1985 ਤੋਂ 1995 ਦੌਰਾਨ ਅਧਿਐਨ ਕਰਕੇ ਪੱਤਰਕਾਰਾਂ ਨੂੰ ਦਿੱਤੀਆਂ ਜਾਂਦੀਆਂ ਰਿਆਇਤਾਂ ਅਤੇ ਛੋਟਾਂ ਨਾਲ ਪੱਤਰਕਾਰੀ ਉੱਤੇ ਪੈਂਦੇ ਅਸਰ ਨੂੰ ਸਮਝਣ ਦਾ ਉਪਰਾਲਾ ਕੀਤਾ ਸੀ। ਅਧਿਐਨ ਮੁਤਾਬਕ ਮੁਫ਼ਤ ਰੇਲ ਤੇ ਹਵਾਈ ਸਫ਼ਰ ਅਤੇ ਸਰਕਾਰੀ ਰਿਹਾਇਸ਼ ਪੱਤਰਕਾਰੀ ਦੀ ਨਿਰਪੱਖਤਾ ਲਈ ਘਾਤਕ ਹਨ। ਇਸੇ ਤਰਜ਼ ਉੱਤੇ ਕਾਰਪੋਰਟ ਘਰਾਣੇ ਪੱਤਰਕਾਰਾਂ ਨੂੰ ਹਵਾਈ ਸਫ਼ਰ, ਮਹਿੰਗੇ ਹੋਟਲਾਂ ਵਿਚ ਮਹਿਮਾਨਬਾਜ਼ੀ, ਕੰਪਨੀਆਂ ਦੇ ਸ਼ੇਅਰਾਂ ਅਤੇ ਤੋਹਫ਼ਿਆਂ ਰਾਹੀਂ ਪੱਤਰਕਾਰੀ ਦਾ ਮੁਹਾਣ ਤੈਅ ਕਰਦੇ ਹਨ। ਚੰਡੀਗੜ੍ਹ ਵਿਚ ਕਈ ਪੱਤਰਕਾਰ ਸਰਕਾਰੀ ਰਿਹਾਇਸ਼ ਵਿਚ ਬਹੁਤ ਸਾਲਾਂ ਤੋਂ ਰਹਿ ਰਹੇ ਹਨ। ਤਿੰਨ ਭਾਸ਼ਾਵਾਂ ਵਿਚ ਛਪਦੇ ਇਕ ਅਖ਼ਬਾਰ ਦੀ ਆਪਣੀ ਰਿਹਾਇਸ਼ੀ ਕਾਲੋਨੀ ਵਿਚ ਮਕਾਨ ਖਾਲੀ ਅਤੇ ਸ਼ਹਿਰ ਵਿਚ ਨਿੱਜੀ ਘਰ ਹੋਣ ਦੇ ਬਾਵਜੂਦ ਇਕ ਸੰਪਾਦਕ ਅਤੇ ਇਕ ਸਹਾਇਕ ਸੰਪਾਦਕ ਸਰਕਾਰੀ ਘਰਾਂ ਵਿਚ ਰਹਿੰਦੇ ਹਨ। ਇਨ੍ਹਾਂ ਦੀ ਪੱਤਰਕਾਰੀ ਇਸ ਅਹਿਸਾਨ ਤੋਂ ਕਦੇ ਬਾਹਰ ਨਹੀਂ ਆਈ। ਇਕ ਕੌਮੀ ਅਖ਼ਬਾਰ ਦਾ ਫੋਟੋਗ੍ਰਾਫ਼ਰ ਸਰਕਾਰੀ ਮਕਾਨ ਵਿਚ ਰਹਿੰਦਾ ਹੈ ਅਤੇ ਉਸ ਦਾ ਕੰਮ ਆਪਣੇ ਅਖ਼ਬਾਰ ਵਿਚ ਹਰਿਆਣੇ ਦੇ ਮੁੱਖ ਮੰਤਰੀ ਦੀਆਂ ਫੋਟੋਆਂ ਲਗਾਤਾਰ ਛਾਪਣਾ ਹੈ। ਰਿਪੋਰਟ ਵਿਚ ਦਰਜ ਹੈ ਕਿ ਪੱਤਰਕਾਰ ਵਿਦੇਸ਼ੀ ਦੌਰਿਆਂ ਉੱਤੇ ਪੱਤਰਕਾਰ ਖ਼ੁਸ਼ੀ ਨਾਲ ਜਾਂਦੇ ਹਨ ਅਤੇ ਪੱਤਰਕਾਰੀ ਇਸ ਦੀ ਕੀਮਤ ਅਦਾ ਕਰਦੀ ਹੈ। ਰਪਟ ਮੁਤਾਬਕ, "1986 ਤੋਂ ਪਹਿਲਾਂ ਰਾਸ਼ਟਰਪਤੀ, ਉਪ-ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨਾਲ ਵਿਦੇਸ਼ੀ ਦੌਰਿਆਂ ਉੱਤੇ ਜਾਣ ਲਈ ਪੱਤਰਕਾਰਾਂ ਦੀ ਚੋਣ ਸਰਕਾਰੀ ਮਰਜ਼ੀ ਨਾਲ ਹੁੰਦੀ ਸੀ। ਇਸ ਮਾਮਲੇ ਵਿਚ ਪ੍ਰੈਸ ਕੌਂਸਲ ਨੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਕਿਉਂਕਿ ਆਮ ਤੌਰ ਉੱਤੇ ਪੱਤਰਕਾਰਾਂ ਦੀ ਥਾਂ ਅਖ਼ਬਾਰਾਂ ਦੇ ਮਾਲਕ ਪ੍ਰਧਾਨ ਮੰਤਰੀ ਨਾਲ ਜਾਂਦੇ ਸਨ। ਕਮੇਟੀ ਨੇ ਸਿਫ਼ਾਰਿਸ਼ ਕੀਤੀ ਹੈ ਕਿ ਅਖ਼ਬਾਰਾਂ ਨੂੰ ਯੋਗ ਪੱਤਰਕਾਰ ਨਾਮਜ਼ਦ ਕਰਨੇ ਚਾਹੀਦੇ ਹਨ।" ਇਸ ਨੁਕਤੇ ਨੂੰ ਲਾਗੂ ਕਰਨ ਦਾ ਹਿੰਮਤ ਪ੍ਰੈਸ ਕੌਂਸਲ ਨੇ ਕਦੇ ਨਹੀਂ ਵਿਖਾਈ। ਵਿਦੇਸ਼ੀ ਮਾਮਲਿਆਂ ਤੋਂ ਕੋਰੇ ਪੱਤਰਕਾਰ ਅਕਸਰ ਵਿਦੇਸ਼ੀ ਦੌਰਿਆਂ ਉੱਤੇ ਜਾਂਦੇ ਹਨ। ਪੰਜਾਬੀ ਦੇ ਇਕ ਸਾਹਿਤਕ ਰਸਾਲੇ ਵਿਚ ਛਪੀ ਮੁਲਾਕਾਤ ਵਿਚ ਚੰਡੀਗੜ੍ਹ ਦਾ ਇਕ ਸੰਪਾਦਕ ਪ੍ਰਧਾਨ ਮੰਤਰੀ ਨਾਲ ਆਪਣੀ ਵਿਦੇਸ਼ ਫੇਰੀ ਨੂੰ ਪੱਤਰਕਾਰੀ ਜੀਵਨ ਦੀ ਅਹਿਮ ਪ੍ਰਾਪਤੀ ਮੰਨਦਾ ਹੈ। ਇਸੇ ਅਹਿਸਾਨ ਹੇਠੋਂ ਪ੍ਰਧਾਨ ਮੰਤਰੀ ਦੀ 'ਬਲੌਰੀ ਸ਼ਖ਼ਸੀਅਤ' ਦਾ ਗੁਣਗਾਣ ਉਨ੍ਹਾਂ ਦੇ ਐਤਵਾਰੀ ਕਾਲਮ ਵਿਚ ਹੁੰਦਾ ਹੈ। ਸਰਕਾਰੀ ਅਖ਼ਤਿਆਰੀ ਖਾਤਿਆਂ ਵਿਚੋਂ ਮਿਲਦੀ ਮਾਇਆ, ਮਕਾਨ, ਕਾਰਾਂ, ਇਨਾਮ ਅਤੇ ਰਿਹਾਇਸ਼ੀ ਜ਼ਮੀਨ ਦੇ ਟੋਟੇ ਇਸ ਕੜੀ ਦਾ ਹਿੱਸਾ ਹਨ। ਇਸੇ ਕਾਰਨ ਅਖ਼ਬਾਰੀ ਕਾਲਮਾਂ ਦਾ ਜ਼ਿਆਦਾ ਥਾਂ ਪ੍ਰੈਸ ਨੋਟਾਂ, ਬਿਆਨਾਂ ਅਤੇ ਸਰਕਾਰੀ-ਸਿਆਸੀ-ਕਾਰਪੋਰੇਟ ਸਮਾਗਮਾਂ ਨਾਲ ਭਰਦਾ ਹੈ।

ਟੈਲੀਵਿਜ਼ਨ ਚੈਨਲਾਂ ਵਿਚੋਂ ਆਮ ਲੋਕਾਂ ਦੀਆਂ ਖ਼ਬਰਾਂ ਸਮੇਂ ਦੀ 'ਤੋਟ' ਕਾਰਨ ਰਹਿ ਜਾਂਦੀਆਂ ਹਨ। ਫ਼ਿਲਮਾਂ ਨਾਲ ਹੋਏ ਵਪਾਰਕ ਸਮਝੌਤਿਆਂ ਤਹਿਤ ਹਰ ਨਿਗੂਣੀ ਗੱਲ ਖ਼ਬਰ ਦਾ ਰੁਤਬਾ ਹਾਸਿਲ ਕਰ ਜਾਂਦੀ ਹੈ। ਪਿਛਲੇ ਦਿਨੀਂ ਆਈ ਫ਼ਿਲਮ 'ਰਾ-ਵਨ' ਦੇ ਅਜਿਹੇ ਪੰਜਾਹ ਤੋਂ ਵਧੇਰੇ ਵਪਾਰਕ ਸਮਝੌਤੇ ਲਗਾਤਾਰ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਚੰਡੀਗੜ੍ਹ ਵਿਚ 'ਦ ਟ੍ਰਿਬਿਊਨ' ਨੇ ਆਪਣੀ ਗਿਣਤੀ ਵਧਾਉਣ ਲਈ ਸਕੂਲਾਂ ਵਿਚ ਸਸਤੇ ਅਖ਼ਬਾਰ ਲਗਾਏ ਹੋਏ। ਇਸ ਅਖ਼ਬਾਰ ਵੱਲੋਂ ਅਖ਼ਬਾਰ ਲਗਾਉਣ ਵਾਲੇ ਬੱਚਿਆਂ (ਵਿਦਿਆਰਥੀਆਂ) ਨੂੰ 'ਰਾ-ਵਨ' ਦਿਖਾਈ ਗਈ ਹੈ। ਅਜਿਹੀ ਮਸ਼ਕ ਦਾ ਬੱਚਿਆਂ ਦੀ ਪੜ੍ਹਾਈ ਅਤੇ ਪੱਤਰਕਾਰੀ ਨਾਲ ਕੀ ਰਾਬਤਾ ਹੈ? ਬੱਚਿਆਂ ਉੱਤੇ ਅਜਿਹੀ ਇਸ਼ਤਿਹਾਰੀ ਹਾਠ ਚੜ੍ਹਾਉਣ ਵਿਚ ਅਖ਼ਬਾਰ ਵਪਾਰੀਆਂ ਦਾ ਧੜੱਲੇਦਾਰ ਹਿੱਸੇਦਾਰ ਬਣਿਆ ਹੋਇਆ ਹੈ। ਅਧਿਆਪਕਾਂ ਅਤੇ ਮਾਪਿਆਂ ਵੱਲੋਂ ਵਿਦਿਆਰਥੀਆਂ/ਬੱਚਿਆਂ ਨੂੰ ਸੀਲ ਖਪਤਕਾਰ ਬਣਾਉਣ ਦੀ ਇਸ ਮਸ਼ਕ ਬਾਬਤ ਸਵਾਲ ਕੀਤਾ ਜਾਣਾ ਬਣਦਾ ਹੈ। ਪ੍ਰੈਸ ਕੌਂਸਲ ਇਸ ਰੁਝਾਨ ਨੂੰ ਪੱਤਰਕਾਰੀ ਅੰਦਰ ਫੈਲੇ ਭ੍ਰਿਸ਼ਟਾਚਾਰ ਹਿੱਸਾ ਕਿਉਂ ਨਹੀਂ ਮੰਨਦੀ? ਅਖ਼ਬਾਰਾਂ ਅਤੇ ਫ਼ਿਲਮਸਾਜ਼ਾਂ ਦੇ ਇਸ ਗੱਠਜੋੜ ਤੋਂ ਪਹਿਲਾਂ ਕ੍ਰਿਕਟ ਮੈਚਾਂ ਵਿਚ ਦਰਸ਼ਕਾਂ ਦੀ ਗਿਣਤੀ ਵਧਾਉਣ ਲਈ ਵੀ ਸਕੂਲੀ ਵਿਦਿਆਰਥੀਆਂ ਉੱਤੇ ਤਜਰਬਾ ਕੀਤਾ ਗਿਆ ਸੀ। ਪੰਜਾਬ ਦੇ ਸਰਕਾਰੀ ਸਕੂਲਾਂ ਤੱਕ ਤੋਂ ਬੱਸਾਂ ਰਾਹੀਂ ਵਿਦਿਆਰਥੀ ਮੁਹਾਲੀ ਲਿਆਂਦੇ ਗਏ ਸਨ। ਉਸ ਕਾਰਵਾਈ ਨੂੰ ਇਨ੍ਹਾਂ ਵਿਦਿਆਰਥੀਆਂ ਦੇ ਤਜਰਬੇ ਵਿਚ ਮਿਆਰੀ ਵਾਧਾ ਕਰਾਰ ਦੇਣ ਵਾਲੀਆਂ ਖ਼ਬਰਾਂ ਅਤੇ ਲੇਖ ਅਖ਼ਬਾਰਾਂ ਵਿਚ ਲਗਾਤਾਰ ਛਪਦੇ ਰਹੇ ਸਨ।

'ਆਪਣੇ-ਆਪ ਨੂੰ ਜ਼ਾਬਤੇ ਵਿਚ ਰੱਖਣ' ਦਾ ਮਸਲਾ ਟੈਲੀਵਿਜ਼ਨ ਚੈਨਲਾਂ ਸਾਹਮਣੇ ਦੋ ਵਾਰ ਆਇਆ ਹੈ। 'ਮੁੱਲ ਦੀਆਂ ਖ਼ਬਰਾਂ' ਤੋਂ ਬਿਨਾਂ ਮੁੰਬਈ ਵਿਚ ਹੋਏ ਅਤਿਵਾਦੀ ਹਮਲੇ ਸਮੇਂ ਚੈਨਲਾਂ ਵੱਲੋਂ ਨਸ਼ਰ ਕੀਤੀ ਜਾਣਕਾਰੀ ਅਤਿਵਾਦੀਆਂ ਦੇ 'ਕੰਮ' ਆਉਣ ਕਾਰਨ ਇਹ ਮਸਲਾ ਭਖਿਆ ਸੀ। ਇਨ੍ਹਾਂ ਮੌਕਿਆਂ ਉੱਤੇ ਟੈਲੀਵਿਜ਼ਨ ਚੈਨਲਾਂ ਲਈ ਜ਼ਾਬਤੇ ਦੀ ਮੰਗ ਉੱਠੀ ਸੀ। ਸਫ਼ੇਦਪੋਸ਼ ਤਬਕੇ ਦੀ 'ਆਪਣੇ-ਆਪ ਨੂੰ ਜ਼ਾਬਤੇ ਵਿਚ ਰੱਖਣ' ਦੀ ਦਲੀਲ ਸਰਕਾਰ ਨੇ ਮੰਨ ਲਈ ਸੀ। ਸਰਕਾਰੀ ਹਿਦਾਇਤਾਂ ਅਤੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿੰਦਬਰਮ ਦੇ 'ਹੁਕਮਾਂ' ਦਾ ਪਾਲਣ ਕਰਦੇ ਹੋਏ ਪੱਤਰਕਾਰ 'ਅਪਰੇਸ਼ਨ ਗ੍ਰੀਨ ਹੰਟ' ਦੀ ਤਫ਼ਸੀਲ ਨਸ਼ਰ ਨਹੀਂ ਕਰਦੇ। ਅਵਾਮ ਨੂੰ ਸੀਲ ਖਪਤਕਾਰ ਬਣਾਉਣ ਦੀ ਮੀਡੀਆ ਮਸ਼ਕ ਨਾਲ ਸਰਕਾਰ ਨੂੰ ਕੋਈ ਔਖ ਨਹੀਂ ਹੈ ਸਗੋਂ ਇਹ ਮੌਜੂਦਾ ਨੀਤੀਆਂ ਦੀ ਤਰਜਮਾਨੀ ਕਰਦੀ ਹੈ। ਇਸ ਹਾਲਾਤ ਵਿਚ ਮੀਡੀਆ ਇਕੋ ਵੇਲੇ ਮੁਲਜ਼ਮ ਹੈ, ਮੁਦਈ ਹੈ, ਮੁਨਸਫ਼ ਹੈ ਅਤੇ ਫ਼ੈਸਲਾ ਵੀ ਇਸੇ ਦੇ ਹੱਥ ਵਿਚ ਹੈ। ਇਸ ਫ਼ੈਸਲੇ ਤੋਂ ਸਭ ਜਾਣੂ ਹਨ।


ਅਜਿਹੇ ਹਾਲਾਤ ਵਿਚ ਮੀਡੀਆ ਦੀ ਕਦਰਾਂ-ਕੀਮਤਾਂ ਬਾਬਤ ਸਫ਼ੇਦਪੋਸ਼ ਤਬਕੇ ਦੀ ਬਹਿਸ ਕੀ ਮਾਅਨੇ ਰੱਖਦੀ ਹੈ? ਸਾਬਕਾਂ ਜੱਜਾਂ ਦੀ ਬਿਆਨਬਾਜ਼ੀ ਨਾਲ ਸੱਚ ਦਾ ਖੁਲਾਸਾ ਤਾਂ ਹੋਇਆ ਹੈ ਪਰ ਇਹ ਸੱਚ ਦੀ ਬਾਤ ਪਾਉਣ ਲਈ ਨਹੀਂ ਹੋਇਆ। ਉਂਜ ਇਸ ਸੱਚ ਨਾਲ ਕੋਈ ਨਵਾਂ ਭੇਤ ਤਾਂ ਨਹੀਂ ਖੁੱਲ੍ਹਿਆ; ਇਹ ਪਤਾ ਜ਼ਰੂਰ ਲੱਗਿਆ ਹੈ ਕਿ ਕਸੂਰਵਾਰ ਸਫ਼ੇਦਪੋਸ਼ ਤਬਕਾ ਸਰਕਾਰੀ ਸਰਪ੍ਰਸਤੀ ਹੇਠ ਅਵਾਮ ਦੀ ਸੋਚ ਉੱਤੇ ਗ਼ਲਬਾ ਕਾਇਮ ਰੱਖਣ ਲਈ ਪੇਸ਼ਬੰਦੀਆਂ ਕਰ ਰਿਹਾ ਹੈ। ਇਸ ਰੁਝਾਨ ਦਾ ਮੌਜੂਦਾ ਸਾਮਰਾਜ ਨਾਲ ਖ਼ਾਸਾ ਮਿਲਦਾ ਹੈ।

ਅਮਰੀਕਾ 'ਜਮਹੂਰੀਅਤ' ਦਾ ਅਲੰਬਰਦਾਰ ਹੈ ਅਤੇ ਦਰਬਾਨ ਮੀਡੀਆ 'ਵਿਚਾਰ ਦੀ ਆਜ਼ਾਦੀ' ਦਾ ਮੁਦਈ ਹੈ। ਮੀਡੀਆ ਦੇ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰੇ 'ਕਾਗ਼ਜ਼ੀ ਸ਼ੇਰਾਂ' ਹਨ ਜਿਨ੍ਹਾਂ ਤੋਂ ਠੋਸ ਪਹਿਲਕਦਮੀ ਦੀ ਆਸ ਰੱਖਣੀ ਔਖੀ ਹੈ। ਇਸ ਦਲੀਲ ਠੀਕ ਹੈ ਕਿ ਸਾਰੇ ਪੱਤਰਕਾਰਾਂ ਨੂੰ 'ਇਕੋ ਰੱਸੇ' ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਦਲੀਲ ਦਾ ਦੂਜਾ ਪਾਸਾ ਇਹ ਹੈ ਕਿ 'ਲੂਣ' ਦੇ ਸਵਾਦ ਨੂੰ 'ਆਟੇ' ਦਾ ਖ਼ਾਸਾ ਨਹੀਂ ਮੰਨਿਆ ਜਾ ਸਕਦਾ।



ਜਸਟਿਸ ਜੇ.ਐਸ. ਵਰਮਾ

***'ਮੁੱਲ ਦੀਆਂ ਖ਼ਬਰਾਂ' ਦੇ ਰੁਝਾਨ ਬਾਬਤ ਪ੍ਰੈਸ ਕੌਂਸਲ ਨੇ ਪਹਿਲਾਂ ਵੀ ਕਈ ਰਪਟਾਂ ਛਾਪੀਆਂ ਹਨ। ਬੀਤੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਇਹ ਅਧਿਐਨ ਸਾਹਮਣੇ ਆਇਆ ਸੀ ਕਿ ਤਿੰਨ ਤੋਂ ਬਿਨਾ ਬਾਕੀ ਅਖ਼ਬਾਰ 'ਮੁੱਲ ਦੀਆਂ ਖ਼ਬਰ' ਵਾਲੇ ਰੁਝਾਨ ਦਾ ਸ਼ਿਕਾਰ ਰਹੇ ਹਨ। ਉਸ ਰੁਝਾਨ ਵਿਚ ਖਰੀਦਦਾਰ ਸਿਰਫ਼ ਹਾਰਨ ਵਾਲੇ ਉਮੀਦਵਾਰ ਤਾਂ ਨਹੀਂ ਸਨ। ਜੇ ਜਿੱਤਣ ਵਾਲੇ ਉਮੀਦਵਾਰ 'ਮੁੱਲ ਦੀਆਂ ਖ਼ਬਰਾਂ' ਖਰੀਦਦੇ ਰਹੇ ਸਨ ਤਾਂ ਇਨ੍ਹਾਂ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਹੋਈ? 'ਮੁੱਲ ਦੀਆਂ ਵੋਟਾਂ' ਪਵਾਉਣ ਵਾਲਿਆਂ ਉੱਤੇ 'ਮੁੱਲ ਦੀਆਂ ਖ਼ਬਰਾਂ' ਲਗਵਾਉਣ ਦਾ ਨੈਤਿਕ ਬੋਝ ਕਿੰਨਾ ਕੁ ਪੈ ਸਕਦਾ ਹੈ?***



ਜਸਟਿਸ ਮਾਰਕੰਡੇ ਕਾਟਜੂ

***ਸਾਬਕਾਂ ਜੱਜਾਂ ਦੀ ਬਿਆਨਬਾਜ਼ੀ ਨਾਲ ਸੱਚ ਦਾ ਖੁਲਾਸਾ ਤਾਂ ਹੋਇਆ ਹੈ ਪਰ ਇਹ ਸੱਚ ਦੀ ਬਾਤ ਪਾਉਣ ਲਈ ਨਹੀਂ ਹੋਇਆ। ਉਂਜ ਇਸ ਸੱਚ ਨਾਲ ਕੋਈ ਨਵਾਂ ਭੇਤ ਤਾਂ ਨਹੀਂ ਖੁੱਲ੍ਹਿਆ; ਇਹ ਪਤਾ ਜ਼ਰੂਰ ਲੱਗਿਆ ਹੈ ਕਿ ਕਸੂਰਵਾਰ ਸਫ਼ੇਦਪੋਸ਼ ਤਬਕਾ ਸਰਕਾਰੀ ਸਰਪ੍ਰਸਤੀ ਹੇਠ ਅਵਾਮ ਦੀ ਸੋਚ ਉੱਤੇ ਗ਼ਲਬਾ ਕਾਇਮ ਰੱਖਣ ਲਈ ਪੇਸ਼ਬੰਦੀਆਂ ਕਰ ਰਿਹਾ ਹੈ। ਇਸ ਰੁਝਾਨ ਦਾ ਮੌਜੂਦਾ ਸਾਮਰਾਜ ਨਾਲ ਖ਼ਾਸਾ ਮਿਲਦਾ ਹੈ। ਅਮਰੀਕਾ 'ਜਮਹੂਰੀਅਤ' ਦਾ ਅਲੰਬਰਦਾਰ ਹੈ ਅਤੇ ਦਰਬਾਨ ਮੀਡੀਆ 'ਵਿਚਾਰ ਦੀ ਆਜ਼ਾਦੀ' ਦਾ ਮੁਦਈ ਹੈ। ਮੀਡੀਆ ਦੇ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰੇ 'ਕਾਗ਼ਜ਼ੀ ਸ਼ੇਰਾਂ' ਹਨ ਜਿਨ੍ਹਾਂ ਤੋਂ ਠੋਸ ਪਹਿਲਕਦਮੀ ਦੀ ਆਸ ਰੱਖਣੀ ਔਖੀ ਹੈ। ਇਹ ਦਲੀਲ ਠੀਕ ਹੈ ਕਿ ਸਾਰੇ ਪੱਤਰਕਾਰਾਂ ਨੂੰ 'ਇਕੋ ਰੱਸੇ' ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਦਲੀਲ ਦਾ ਦੂਜਾ ਪਾਸਾ ਇਹ ਹੈ ਕਿ 'ਲੂਣ' ਦੇ ਸਵਾਦ ਨੂੰ 'ਆਟੇ' ਦਾ ਖ਼ਾਸਾ ਨਹੀਂ ਮੰਨਿਆ ਜਾ ਸਕਦਾ।***



# ਕਿੱਧਰ ਲੈ ਜਾ ਰਿਹੈ ਮਨਮੋਹਨ ਮਾਰਕਾ ਮਾਲੀ ਵਿਕਾਸ ਦਾ ਮਾਡਲ?

## ਸਿਆਸਤ ਦਾ ਪਿੜ



ਜਤਿੰਦਰ ਪਨੂੰ


ਸੱਤ ਨਵੰਬਰ ਉਸ ਮਹਾਨ ਇਨਕਲਾਬ ਦਾ ਦਿਨ ਹੈ, ਜਦੋਂ ਰੂਸ ਦੇ ਲੋਕਾਂ ਨੇ ਰਜਵਾੜਾਸ਼ਾਹੀ ਦਾ ਤਖਤਾ ਪਲਟ ਕੇ ਕਿਰਤੀ ਲੋਕਾਂ ਦਾ ਰਾਜ ਕਾਇਮ ਕੀਤਾ ਸੀ। ਅੱਜ ਉਹ ਰਾਜ ਨਹੀਂ ਰਿਹਾ। ਬਿਨਾਂ ਸ਼ੱਕ ਉਸ ਦੇ ਨਾ ਰਹਿਣ ਦਾ ਕਾਰਨ ਉਸ ਰਾਜ ਦੀ ਕਮਾਨ ਗਲਤ ਹੱਥਾਂ ਵਿਚ ਆ ਜਾਣਾ ਸੀ, ਜਿਹੜੇ ਗੱਲਾਂ ਮਜ਼ਦੂਰ ਜਮਾਤ ਦੀਆਂ ਕਰਦੇ ਸਨ ਤੇ ਰਹਿਣ-ਸਹਿਣ ਉਨ੍ਹਾਂ ਦਾ ਸਰਮਾਏਦਾਰੀ ਸਰਕਾਰਾਂ ਦੇ ਹੁਕਮਰਾਨਾਂ ਵਰਗਾ ਹੋ ਚੁੱਕਾ ਸੀ। ਉਨ੍ਹਾਂ ਵਿਚੋਂ ਹੀ ਗੋਰਬਾਚੇਵ ਤੇ ਯੇਲਤਸਿਨ ਵਰਗੇ ਉਭਰ ਆਏ, ਜਿਹੜੇ ਆਗੂ ਤਾਂ ਮਜ਼ਦੂਰ ਜਮਾਤ ਦੇ ਬਣਾਏ ਬਣੇ ਸਨ ਪਰ ਹੱਥੀਂ ਸਾਮਰਾਜ ਦੇ ਚੜ੍ਹੇ ਹੋਏ ਸਨ। ਜਦੋਂ ਰੂਸ ਵਿਚ ਸੰਕਟ ਦੇ ਦਿਨ ਸਨ, ਉਨ੍ਹਾਂ ਦਿਨਾਂ ਨੂੰ ਯਾਦ ਕਰਦੇ ਹੋਏ ਬਰਤਾਨੀਆ ਦੀ ਸਾਬਕਾ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਲਿਖਿਆ ਸੀ, "ਮੈਨੂੰ ਉਸ ਵਕਤ ਗੋਰਬਾਚੇਵ ਦੀ ਬੜੀ ਚਿੰਤਾ ਸੀ, ਕਿਉਂਕਿ ਉਹ ਹੀ ਅਸਲ ਵਿਚ ਸਾਡਾ ਸੰਪਰਕ ਸੀ।" ਇਹੋ ਜਿਹੇ ਲੋਕਾਂ ਦੀ ਕ੍ਰਿਪਾ ਨਾਲ ਸੋਵੀਅਤ ਰੂਸ ਵੀ ਢਹਿ ਗਿਆ ਅਤੇ ਉਸ ਦੇ ਨਾਲ ਉਹ ਸਮਾਜਵਾਦੀ ਕੈਂਪ ਵੀ ਖਿੱਲਰ ਗਿਆ, ਜਿਸ ਤੋਂ ਸੰਸਾਰ ਦੀਆਂ ਸਰਮਾਏਦਾਰੀ ਤਣਾਵਾਂ ਖਿੱਚਣ ਵਾਲੇ ਅਮਰੀਕਾ ਤੇ ਉਸ ਦੇ ਜੋਟੀਦਾਰ ਥਰ-ਥਰ ਕੰਬਦੇ ਸਨ। ਅੱਜ ਉਸ ਦੀ ਫਿਰ ਯਾਦ ਆਉਂਦੀ ਹੈ। ਯਾਦ ਇਸ ਲਈ ਨਹੀਂ ਆਉਂਦੀ ਕਿ ਇਹ ਨਵੰਬਰ ਦਾ ਮਹੀਨਾ ਹੈ ਤੇ ਉਸ ਇਨਕਲਾਬ ਦੀ ਵਰ੍ਹੇਗੰਢ ਆ ਗਈ ਹੈ, ਸਗੋਂ ਇਹ ਯਾਦ ਸੰਸਾਰ ਦੇ ਅੱਜ ਦੇ ਮੰਦਵਾੜੇ ਅਤੇ ਭਾਰਤ ਦੇ ਅਜੋਕੇ ਹਾਲਾਤ ਦੇ ਕਾਰਨ ਆ ਰਹੀ ਹੈ।

**ਚਾਰ ਨਵੰਬਰ ਨੂੰ ਭਾਰਤ ਸਰਕਾਰ ਨੇ ਪੈਟਰੋਲ ਦੀਆਂ ਕੀਮਤਾਂ ਵਿਚ ਇੱਕ ਰੁਪਿਆ ਅੱਸੀ ਪੈਸੇ ਦਾ ਨਵਾਂ ਵਾਧਾ ਕੀਤਾ ਹੈ। ਨਤੀਜੇ ਵਜੋਂ ਪੰਜਾਬ ਵਿਚ ਪੈਟਰੋਲ ਦੀ ਕੀਮਤ ਸਤੱਤਰ ਰੁਪਏ ਲਿਟਰ ਹੋ ਗਈ ਹੈ। ਇਸ ਸਾਲ ਦੇ ਸ਼ੁਰੂ ਵਿਚ ਇਹ ਚਾਲੀ ਰੁਪਏ ਤੋਂ ਥੋੜ੍ਹੀ ਜਿਹੀ ਉਪਰ ਸੀ, ਤੇ ਹੁਣ ਪੌਣੇ ਸੈਂਕੜੇ ਨੂੰ ਪਾਰ ਕਰ ਚੁੱਕੀ ਹੈ। ਇਸੇ ਹਿਸਾਬ ਚੱਲਦੀ ਰਹੀ ਤਾਂ ਡਾ. ਮਨਮੋਹਨ ਸਿੰਘ ਦੀ ਮੌਜੂਦਾ ਸਰਕਾਰ ਦੀ ਮਿਆਦ ਮੁੱਕਣ ਤੱਕ ਇਹ ਸੈਂਕੜੇ ਨੂੰ ਟੱਪ ਕੇ ਹੋਰ ਵਾਹਵਾ ਉਤੇ ਜਾ ਚੁੱਕੀ ਹੋਵੇਗੀ। ਲੋਕ ਤ੍ਰਾਹ-ਤ੍ਰਾਹ ਕਰਨ ਲੱਗੇ ਤੇ ਦਿੱਲੀ ਵਿਚ ਬੈਠੇ ਇਸ ਸਰਕਾਰ ਦੇ ਮੰਤਰੀ ਬੰਗਾਲ ਵਾਲੀ ਬੀਬੀ ਮਮਤਾ ਦੀ ਇੱਕੋ ਘੁਰਕੀ ਪਿੱਛੋਂ ਇਹ ਕਹਿਣ ਲੱਗ ਪਏ ਕਿ ਕੀਮਤਾਂ ਦੇ ਇਸ ਵਾਧੇ ਬਾਰੇ ਮੁੜ ਵਿਚਾਰ ਕੀਤੀ ਜਾ ਸਕਦੀ ਹੈ, ਪਰ ਵਿਦੇਸ਼ ਬੈਠੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਫੇਰ ਕਹਿ ਦਿੱਤਾ ਕਿ ਇਹ ਵਾਧਾ ਵਾਪਸ ਲੈਣ ਦੀ ਥਾਂ ਖੁੱਲ੍ਹੇ ਬਾਜ਼ਾਰ ਦੇ ਨਿਯਮ ਮੁਤਾਬਕ ਤੇਲ ਕੰਪਨੀਆਂ ਨੂੰ ਖੁੱਲ੍ਹ ਦੇਣੀ ਜਾਰੀ ਰੱਖੀ ਜਾਵੇਗੀ।**

ਚਾਰ ਨਵੰਬਰ ਨੂੰ ਭਾਰਤ ਸਰਕਾਰ ਨੇ ਪੈਟਰੋਲ ਦੀਆਂ ਕੀਮਤਾਂ ਵਿਚ ਇੱਕ ਰੁਪਿਆ ਅੱਸੀ ਪੈਸੇ ਦਾ ਨਵਾਂ ਵਾਧਾ ਕੀਤਾ ਹੈ। ਨਤੀਜੇ ਵਜੋਂ ਪੰਜਾਬ ਵਿਚ ਪੈਟਰੋਲ ਦੀ ਕੀਮਤ ਸਤੱਤਰ ਰੁਪਏ ਲਿਟਰ ਹੋ ਗਈ ਹੈ। ਇਸ ਸਾਲ ਦੇ ਸ਼ੁਰੂ ਵਿਚ ਇਹ ਚਾਲੀ ਰੁਪਏ ਤੋਂ ਥੋੜ੍ਹੀ ਜਿਹੀ ਉਪਰ ਸੀ, ਤੇ ਹੁਣ ਪੌਣੇ ਸੈਂਕੜੇ ਨੂੰ ਪਾਰ ਕਰ ਚੁੱਕੀ ਹੈ। ਇਸੇ ਹਿਸਾਬ ਚੱਲਦੀ ਰਹੀ ਤਾਂ ਡਾ. ਮਨਮੋਹਨ ਸਿੰਘ ਦੀ ਮੌਜੂਦਾ ਸਰਕਾਰ ਦੀ ਮਿਆਦ ਮੁੱਕਣ ਤੱਕ ਇਹ ਸੈਂਕੜੇ ਨੂੰ ਟੱਪ ਕੇ ਹੋਰ ਵਾਹਵਾ ਉਤੇ ਜਾ ਚੁੱਕੀ ਹੋਵੇਗੀ। ਲੋਕ ਤ੍ਰਾਹ-ਤ੍ਰਾਹ ਕਰਨ ਲੱਗੇ ਤੇ ਦਿੱਲੀ ਵਿਚ ਬੈਠੇ ਇਸ ਸਰਕਾਰ ਦੇ ਮੰਤਰੀ ਬੰਗਾਲ ਵਾਲੀ ਬੀਬੀ ਮਮਤਾ ਦੀ ਇੱਕੋ ਘੁਰਕੀ ਪਿੱਛੋਂ ਇਹ ਕਹਿਣ ਲੱਗ ਪਏ ਕਿ ਕੀਮਤਾਂ ਦੇ ਇਸ ਵਾਧੇ ਬਾਰੇ ਮੁੜ ਵਿਚਾਰ ਕੀਤੀ ਜਾ ਸਕਦੀ ਹੈ, ਪਰ ਵਿਦੇਸ਼ ਬੈਠੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਫੇਰ ਕਹਿ ਦਿੱਤਾ ਕਿ ਇਹ ਵਾਧਾ ਵਾਪਸ ਲੈਣ ਦੀ ਥਾਂ ਖੁੱਲ੍ਹੇ ਬਾਜ਼ਾਰ ਦੇ ਨਿਯਮ ਮੁਤਾਬਕ ਤੇਲ ਕੰਪਨੀਆਂ ਨੂੰ ਖੁੱਲ੍ਹ ਦੇਣੀ ਜਾਰੀ ਰੱਖੀ ਜਾਵੇਗੀ। ਤੇਲ ਕੰਪਨੀਆਂ ਜਦੋਂ ਤੱਕ ਸਿਰਫ ਸਰਕਾਰੀ ਸਨ, ਇਹ ਖੁੱਲ੍ਹ ਨਹੀਂ ਸੀ ਦਿੱਤੀ ਗਈ, ਪਰ ਜਦੋਂ ਦਾ ਸਭ ਤੋਂ ਵੱਡੇ ਧੰਨਾ ਸੇਠ ਅੰਬਾਨੀਆਂ ਦੇ ਰਿਲਾਇੰਸ ਅਦਾਰੇ ਨੇ ਤੇਲ ਦਾ ਕਾਰੋਬਾਰ ਸਾਂਭਿਆ ਹੈ, ਖੁੱਲ੍ਹ ਦੇ ਦਿੱਤੀ ਗਈ ਹੈ। ਪੈਸਾ ਬੜੀ ਕਰਾਮਾਤੀ ਚੀਜ਼ ਹੈ।

ਅਸੀਂ ਇਸ ਨੂੰ ਸੰਸਾਰ ਦੇ ਹਾਲਾਤ ਨਾਲ ਜੋੜ ਕੇ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਸੋਵੀਅਤ ਰੂਸ ਦੇ ਟੁੱਟਣ ਦਾ ਭਾਰਤ ਵਿਚ ਪੈਟਰੋਲ ਦੀਆਂ ਕੀਮਤਾਂ ਵਿਚ ਵਾਧੇ ਨਾਲ ਕੀ ਸਬੰਧ ਹੈ ਤੇ ਇਸ ਦਾ ਅਸਰ ਕੀ ਪੈ ਸਕਦਾ ਹੈ?

ਪਹਿਲਾਂ ਤਾਂ ਅਸੀਂ ਇਸ ਵਕਤ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਬਣੇ ਉਸ ਦੇਸ਼ ਗਰੀਸ ਵੱਲ ਵੇਖੀਏ, ਜਿਸ ਨੂੰ ਸਾਡੇ ਲੋਕ ਯੂਨਾਨ ਵਜੋਂ ਜਾਣਦੇ ਹਨ। ਉਥੇ ਹਾਲਤ ਇਹ ਹੈ ਕਿ ਸਰਕਾਰ ਚਲਾ ਸਕਣੀ ਮੁਸ਼ਕਲ ਹੋ ਗਈ ਹੈ। ਦੇਸ਼ ਦੇ ਹਾਕਮਾਂ ਨੂੰ ਦੂਸਰੇ ਯੂਰਪੀ ਦੇਸ਼ਾਂ ਦੇ ਹਾਕਮ ਇਹ ਕਹਿ ਰਹੇ ਹਨ ਕਿ ਤੁਹਾਡੀ ਮਦਦ ਕਰਨ ਨੂੰ ਅਸੀਂ ਤਿਆਰ ਹਾਂ, ਪਰ ਇਸ ਸਬੰਧ ਵਿਚ ਤੁਹਾਨੂੰ ਆਹ-ਆਹ ਕਦਮ ਚੁੱਕਣੇ ਪੈਣਗੇ। ਇਨ੍ਹਾਂ ਕਦਮਾਂ ਵਿਚ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਛੋਟਾਂ ਵਿਚ ਕੱਟ ਲਾਉਣਾ ਸ਼ਾਮਲ ਹੈ। ਸਰਕਾਰ ਕਹਿ ਰਹੀ ਹੈ ਕਿ ਇਸ ਤਰ੍ਹਾਂ ਨਹੀਂ ਕੀਤਾ ਜਾ ਸਕਦਾ। ਉਹ ਕਹਿੰਦੀ ਹੈ ਕਿ ਇਸ ਬਾਰੇ ਜਨਤਾ ਦੀ ਰਾਇਸ਼ੁਮਾਰੀ ਕਰਵਾਈ ਜਾਵੇਗੀ ਅਤੇ ਜੇ ਜਨਤਾ ਇਸ ਬਾਰੇ ਸਹਿਮਤੀ ਦੇ ਦੇਵੇਗੀ ਤਾਂ ਕੱਟ ਲਾਵਾਂਗੇ, ਵਰਨਾ ਅਜਿਹਾ ਕਦਮ ਚੁੱਕਣਾ ਉਸ ਦੇ ਲਈ ਮੁਸ਼ਕਿਲ ਹੋ ਜਾਵੇਗਾ।



ਡਾ. ਮਨਮੋਹਨ ਸਿੰਘ

ਕਸੂਤੀ ਫਸੀ ਇਸ ਸਰਕਾਰ ਦੇ ਸਾਹਮਣੇ ਇੱਕ ਮਜਬੂਰੀ ਹੈ। ਜੇ ਉਹ ਜਨਤਾ ਉਤੇ ਕੱਟ ਲਾਉਂਦੀ ਹੈ ਤਾਂ ਉਥੇ ਲੋਕ ਬਜ਼ਾਰਾਂ ਵਿਚ ਆ ਚੁੱਕੇ ਹਨ, ਜਿਸ ਤੋਂ ਵੱਡੀ ਬਗਾਵਤ ਦੇ ਹਾਲਾਤ ਬਣ ਜਾਣਗੇ ਤੇ ਫਿਰ ਹੁਣ ਵਾਲੇ ਲੀਡਰਾਂ ਦੀ ਸਾਰੀ ਧਾੜ ਇਤਿਹਾਸ ਦਾ ਕੂੜਾ ਬਣ ਕੇ ਰਹਿ ਜਾਵੇਗੀ। ਦੂਸਰੇ ਪਾਸੇ ਜਨਤਾ ਇਹ ਮੰਗ ਕਰ ਰਹੀ ਹੈ ਕਿ ਜਿਹੜੇ ਵੱਡੇ ਕਾਰਪੋਰੇਟ ਘਰਾਣਿਆਂ ਨੇ ਦੇਸ਼ ਦੀ ਜਨਤਾ ਨੂੰ ਲੁੱਟ ਕੇ ਸਾਲਾਂ ਵਿਚ ਹੀ ਧੌਲਰ ਉਸਾਰ ਲਏ ਹਨ, ਮੁਲਕ ਨੂੰ ਭੁੱਖ ਦੀ ਝੋਲੀ ਵਿਚ ਪਾ ਦਿੱਤਾ ਹੈ, ਉਨ੍ਹਾਂ ਉਤੇ ਸਰਕਾਰ ਕੱਟ ਲਾਵੇ। ਸਰਕਾਰ ਲਈ ਇਹ ਵੀ ਸੌਖਾ ਨਹੀਂ। ਕਦੇ ਚਿੱਲੀ ਦੇ ਡਾਕਟਰ ਅਲੈਂਡੇ ਨੇ ਇਹੋ ਜਿਹੀਆਂ ਕੰਪਨੀਆਂ ਦਾ ਸ਼ਿਕੰਜਾ ਕੱਸਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਏਨੀ ਤਾਕਤ ਹਾਸਲ ਕਰ ਚੁੱਕੀਆਂ ਸਨ ਕਿ ਸਰਕਾਰ ਨੂੰ ਭੁੰਜੇ ਲਾਹ ਦਿੱਤਾ ਸੀ। ਅੱਜ ਦੇ ਗਰੀਸ ਵਿਚ ਬਹੁ-ਕੌਮੀ ਕਾਰਪੋਰੇਸ਼ਨਾਂ ਵੀ ਤੇ ਉਸ ਮੁਲਕ ਦੇ ਆਪਣੇ ਕਾਰਪੋਰੇਟ ਘਰਾਣੇ ਵੀ ਏਨੇ ਤਕੜੇ ਹੋ ਚੁੱਕੇ ਹਨ ਕਿ ਜੇ ਸਰਕਾਰ ਉਨ੍ਹਾਂ ਦੇ ਵਿਰੁਧ ਜ਼ਰਾ ਵੀ ਸਖਤੀ ਕਰਨ ਦਾ ਇਰਾਦਾ ਜ਼ਾਹਰ ਕਰੇਗੀ ਤਾਂ ਉਹ ਖੜੇ ਪੈਰ ਵਿਰੋਧ ਦੀ ਕਿਸੇ ਧਿਰ ਨੂੰ ਚੁੱਕ ਕੇ ਹੁਣ ਵਾਲੀ ਧਿਰ ਨੂੰ ਸੜਕ ਸਵਾਰ ਕਰ ਦੇਣਗੇ। ਜਿਨ੍ਹਾਂ ਸੰਸਾਰ ਤਾਕਤਾਂ ਦੀ ਹੁਣ ਤੱਕ ਇਸ ਸਰਕਾਰ ਨੂੰ ਸਰਪ੍ਰਸਤੀ ਹਾਸਲ ਰਹੀ ਹੈ ਅਤੇ ਉਨ੍ਹਾਂ ਦੇ ਇਸ਼ਾਰਿਆਂ ਉਤੇ ਨੀਤੀਆਂ ਦੀ ਕਾਂਟ-ਛਾਂਟ ਕੀਤੀ ਜਾਂਦੀ ਰਹੀ ਹੈ, ਉਨ੍ਹਾਂ ਨੇ ਲੋੜ ਪਈ ਤੋਂ ਨਾ ਡਾਕਟਰ ਅਲੈਂਡੇ ਦਾ ਤਖਤਾ ਪਲਟਣ ਵਾਲੇ ਪਿਨੋਸ਼ੇ ਦੀ ਮਦਦ ਕੀਤੀ ਸੀ, ਨਾ ਮਿਸਰ ਦੇ ਹੋਸਨੀ ਮੁਬਾਰਕ ਦੀ ਅਤੇ ਜਦੋਂ ਗਰੀਸ ਵਿਚ ਹਾਲਾਤ ਬਦਲੇ ਵੇਖੇ, ਉਨ੍ਹਾਂ ਨੇ ਆਪਣੇ ਜਮਹੂਰੀਅਤ ਪਸੰਦ ਹੋਣ ਦਾ ਨਾਟਕ ਚੱਲਦਾ ਰੱਖਣ ਖਾਤਰ ਏਥੇ ਵੀ ਨਵਿਆਂ ਦੇ ਨਾਲ ਸਾਂਝ ਪਾ ਲੈਣੀ ਹੈ ਅਤੇ ਹੁਣ ਵਾਲਿਆਂ ਦੀ ਬਲੀ ਦੇ ਦੇਣੀ ਹੈ।

ਇਹ ਨਹੀਂ ਸਮਝਣਾ ਚਾਹੀਦਾ ਕਿ ਇਹ ਹਾਲਾਤ ਸਿਰਫ ਗਰੀਸ ਜਾਂ ਉਸ ਵਰਗੇ ਦੋ-ਚਾਰ ਹੋਰ ਮੁਲਕਾਂ ਦੇ ਹਨ, ਇਸ ਵਰਤਾਰੇ ਦੀ ਮਾਰ ਸੋਵੀਅਤ ਰੂਸ ਦੇ ਟੁੱਟਣ ਪਿੱਛੋਂ ਅਮਰੀਕਾ ਅਤੇ ਉਸ ਦੇ ਨੇੜਲੇ ਸਾਥੀ ਦੇਸ਼ਾਂ ਤੀਕ ਵੀ ਜਾ ਪਈ ਹੈ। ਕੀ ਇਹ ਛੋਟੀ ਗੱਲ ਹੈ ਕਿ ਅਮਰੀਕਾ ਦੇ ਨਿਊ ਯਾਰਕ ਤੋਂ ਸ਼ੁਰੂ ਹੋਈ 'ਆਕੂਪਾਈ ਵਾਲ ਸਟਰੀਟ' ਦੀ ਲਹਿਰ ਇੱਕ ਪਿੱਛੋਂ ਦੂਜੇ ਸ਼ਹਿਰ ਤੱਕ ਫੈਲਦੀ ਗਈ ਤੇ ਅਮਰੀਕੀ ਹਕੂਮਤ ਉਸ ਨੂੰ ਵਧਣ ਤੋਂ ਰੋਕ ਸਕਣ ਵਿਚ ਸਫਲ ਨਹੀਂ ਹੋ ਰਹੀ? ਕੀ ਇਹ ਛੋਟੀ ਗੱਲ ਹੈ ਕਿ ਪਿਛਲੇ ਇੱਕ ਸਾਲ ਵਿਚ ਅਠਾਰਾਂ ਸੌ ਤੋਂ ਵੱਧ ਅਮਰੀਕਨ ਫੌਜੀਆਂ ਜਾਂ ਫੌਜ ਦੇ ਸਹਾਇਕ ਅਮਲੇ ਦੇ ਲੋਕਾਂ ਨੇ ਖੁਦਕੁਸ਼ੀ ਕਰ ਲਈ ਹੈ? ਇਨ੍ਹਾਂ ਵਿਚ ਬਹੁਤੀ ਗਿਣਤੀ ਉਨ੍ਹਾਂ ਦੀ ਸੀ, ਜਿਹੜੇ ਅਫਗਾਨਿਸਤਾਨ ਜਾਂ ਇਰਾਕ ਦੀ ਜੰਗੀ ਮੁਹਿੰਮ ਨਾਲ ਜੁੜੇ ਰਹੇ ਸਨ। ਕਾਰਨ ਇਸ ਦਾ ਇਹ ਹੈ ਕਿ ਉਨ੍ਹਾਂ ਨੂੰ ਜਦੋਂ ਘਰਾਂ ਨੂੰ ਮੁੜਨਾ ਪਿਆ ਤਾਂ ਉਹ 'ਟੁੱਟੇ ਪੁਰਾਣੇ ਖੋਸੜੇ ਬਸੰਤੇ ਹੁਰੀਂ ਆਏ' ਵਾਲੀ ਹਾਲਤ ਵਿਚ ਸਨ ਅਤੇ ਇਸ ਸੱਚ ਦਾ ਉਨ੍ਹਾਂ ਨੂੰ ਪਤਾ ਸੀ ਕਿ ਜਿੱਥੇ ਉਹ ਮੌਤ ਨਾਲ ਅੱਖ ਮਟੱਕਾ ਕਰ ਕੇ ਤੇ ਆਪਣੇ ਕਈ ਸਾਥੀ ਅੱਖਾਂ ਸਾਹਮਣੇ ਮਰਦੇ ਵੇਖ ਕੇ ਮੁੜੇ ਸਨ, ਉਥੇ ਪਹੁੰਚੀਆਂ ਅਮਰੀਕੀ ਕਾਰਪੋਰੇਸ਼ਨਾਂ ਨੇ ਦੌਲਤ ਬੁਲਡੋਜ਼ਰਾਂ ਨਾਲ ਮਿੱਟੀ ਇਕੱਠੀ ਕਰਨ ਵਾਂਗ ਵਲ੍ਹੇਟੀ ਸੀ। 'ਖਾਣ ਪੀਣ ਨੂੰ ਬਾਂਦਰੀ ਤੇ ਟੰਬੇ ਖਾਣ ਨੂੰ ਰਿੱਛ' ਵਾਲੀ ਕਹਾਵਤ ਜਦੋਂ ਉਨ੍ਹਾਂ ਨੇ ਅੱਖਾਂ ਸਾਹਮਣੇ ਸਾਕਾਰ ਹੋ ਰਹੀ ਵੇਖੀ ਤਾਂ ਉਨ੍ਹਾਂ ਵਿਚੋਂ ਕੁਝ ਨਿਊ ਯਾਰਕ ਦੀ 'ਆਕੂਪਾਈ ਵਾਲ ਸਟਰੀਟ' ਲਹਿਰ ਨਾਲ ਜਾ ਰਲੇ ਤੇ ਬਾਕੀਆਂ ਨੇ 'ਇਹੋ ਜਿਹੇ ਜਿਊਣ ਨਾਲੋਂ ਮਰ ਜਾਣਾ ਚੰਗਾ' ਵਾਲੀ ਧਾਰਨਾ ਅਧੀਨ ਮੌਤ ਨੂੰ ਮਾਸੀ ਆਖਣ ਦਾ ਰਾਹ ਫੜ ਲਿਆ। ਇਹ ਵੀ ਸੋਵੀਅਤ ਯੂਨੀਅਨ ਦੇ ਟੁੱਟ ਜਾਣ ਦਾ ਨਤੀਜਾ ਹੈ।

ਜੀ ਹਾਂ, ਇਹ ਸੋਵੀਅਤ ਸਮਾਜਵਾਦੀ ਕੈਂਪ ਦੇ ਟੁੱਟਣ ਦਾ ਨਤੀਜਾ ਹੈ। ਜਦੋਂ ਸੋਵੀਅਤ ਰੂਸ ਹੋਂਦ ਵਿਚ ਆਇਆ ਸੀ, ਓਦੋਂ ਉਸ ਨੂੰ ਤਬਾਹ ਕਰਨ ਲਈ ਜਾਣ ਵਾਲੇ ਜਹਾਜ਼ਾਂ ਉਤੇ ਬਰਤਾਨੀਆ ਦੀ ਮਜ਼ਦੂਰ ਜਮਾਤ ਨੇ ਸਾਮਾਨ ਲੱਦਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਇੱਕ ਇਸ਼ਾਰਾ ਸੀ, ਜਿਸ ਨੂੰ ਉਥੋਂ ਦੀ ਹਕੂਮਤ ਸਮਝ ਗਈ ਸੀ। ਰੂਸ ਦੇ ਹਾਕਮ ਜ਼ਾਰ ਦੇ ਪਰਿਵਾਰ ਦੀ ਬਰਤਾਨੀਆ ਦੀ ਮਲਿਕਾ ਦੇ ਪਰਿਵਾਰ ਨਾਲ ਕੁੜਮਾਚਾਰੀ ਸੀ ਪਰ ਜਦੋਂ ਰੂਸੀ ਇਨਕਲਾਬ ਦੀ ਮਾਰ ਖਾ ਕੇ ਉਹ ਘਰੋਂ ਬੇਘਰ ਹੋਏ ਤਾਂ ਬਰਤਾਨੀਆ ਦੀ ਸਰਕਾਰ ਨੇ ਉਨ੍ਹਾਂ ਨੂੰ ਆਪਣੇ ਕਿਸੇ ਟਾਪੂ ਉਤੇ ਵੀ ਪਨਾਹ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਸ ਨੂੰ ਆਪਣੇ ਘਰ ਵਿਚ ਬਗਾਵਤ ਦਾ ਡਰ ਪੈ ਗਿਆ ਸੀ। ਫਿਰ ਜਦੋਂ ਰੂਸੀ ਇਨਕਲਾਬ ਦੇ ਨਿਯਮਾਂ ਵਿਚ ਸਮਾਜੀ ਸੁਰੱਖਿਆ ਦੀਆਂ ਸਕੀਮਾਂ ਸ਼ਾਮਲ ਕੀਤੀਆਂ ਗਈਆਂ, ਮਾਂਵਾਂ ਲਈ ਸਹੂਲਤਾਂ ਵਿਚ ਵਾਧਾ ਕੀਤਾ ਗਿਆ ਅਤੇ ਹਰ ਬਜ਼ੁਰਗ ਦੇ ਅੰਤਲੇ ਪਹਿਰ ਦੀ ਜ਼ਿੰਮੇਵਾਰੀ ਸਰਕਾਰ ਨੇ ਚੁੱਕਣ ਦਾ ਰਾਹ ਫੜਿਆ ਤਾਂ ਬਰਤਾਨੀਆ ਸਮੇਤ ਸਾਰੇ ਸਾਮਰਾਜੀ ਤੇ ਸਰਮਾਏਦਾਰੀ ਦੇਸ਼ਾਂ ਦੀਆਂ ਸਰਕਾਰਾਂ ਨੂੰ ਇੰਜ ਕਰਨਾ ਪੈ ਗਿਆ। ਉਨ੍ਹਾਂ ਨੇ ਇਹ ਕੰਮ ਲੋਕ ਭਲੇ ਲਈ ਨਹੀਂ, ਸਗੋਂ ਇਸ ਲਈ ਕੀਤਾ ਸੀ ਕਿ ਉਨ੍ਹਾਂ ਦੇ ਦੇਸ਼ਾਂ ਦੇ ਲੋਕ ਰੂਸ ਵੱਲ ਵੇਖ ਰਹੇ ਹਨ ਤੇ ਜੇ ਏਥੇ ਸਹੂਲਤਾਂ ਦੀ ਘਾਟ ਰਹੀ ਤਾਂ ਉਸ ਇਨਕਲਾਬ ਦੀ ਲਾਗ ਏਥੋਂ ਤੱਕ ਪਹੁੰਚ ਸਕਦੀ ਸੀ। ਹੋਰ ਤਾਂ ਹੋਰ, ਉਨ੍ਹਾਂ ਨੇ ਇਹ ਕਾਨੂੰਨ ਵੀ ਬਣਾਏ ਕਿ ਜੇ ਕਿਸੇ ਕਾਮੇ ਨੂੰ ਕੰਮ ਤੋਂ ਜਵਾਬ ਮਿਲ ਜਾਂਦਾ ਹੈ ਤਾਂ ਉਸ ਨੂੰ ਨਵਾਂ ਕੰਮ ਲੱਭ ਲੈਣ ਤੱਕ ਸਰਕਾਰ ਗੁਜ਼ਾਰਾ ਕਰਨ ਜੋਗਾ ਬੇਰੁਜ਼ਗਾਰੀ ਭੱਤਾ ਦੇਵੇਗੀ ਅਤੇ ਉਸ ਦੇ ਬੱਚਿਆਂ ਦੀ ਫੀਸ ਓਨੀ ਦੇਰ ਤੱਕ ਮੁਆਫ ਰਹੇਗੀ। ਇਹ ਸਾਰਾ ਕੁਝ ਉਸ ਸਮਾਜਵਾਦੀ ਕੈਂਪ ਦੇ ਅਸਰ ਹੇਠ ਕੀਤਾ ਗਿਆ ਸੀ। ਜਦੋਂ ਉਹ ਕੈਂਪ ਨਾ ਰਿਹਾ ਤੇ ਸਰਕਾਰਾਂ ਬੇਲਗਾਮ ਹੋ ਗਈਆਂ ਅਤੇ ਉਥੇ ਸਮਾਜੀ ਸੁਰੱਖਿਆ ਦੀਆਂ ਸਕੀਮਾਂ ਉਤੇ ਕੱਟ ਲੱਗਣੇ ਸ਼ੁਰੂ ਹੋ ਗਏ ਤਾਂ ਜਿਨ੍ਹਾਂ ਨੂੰ ਰੂਸ ਦੇ ਟੁੱਟਣ ਨਾਲ ਕੋਈ ਫਰਕ ਪੈਂਦਾ ਨਹੀਂ ਸੀ ਜਾਪਦਾ, ਉਨ੍ਹਾਂ ਨੂੰ ਵੀ ਜਾਪਣ ਲੱਗ ਪਿਆ।

ਅੱਜ ਦੇ ਸੰਸਾਰ ਵਿਚ ਲੋਕਾਂ ਸਾਹਮਣੇ ਚਾਨਣ ਦਾ ਪ੍ਰਤੀਕ ਕਿਹੜਾ ਹੈ, ਜਿਸ ਤੋਂ ਉਹ ਸੇਧ ਲੈ ਕੇ ਅੱਗੇ ਵਧਣ ਦਾ ਇਰਾਦਾ ਬਣਾ ਲੈਣਗੇ? ਉਹ ਅੱਕੀਂ ਪਲਾਹੀਂ ਹੱਥ ਮਾਰਨ ਵਾਂਗ ਕਦੇ ਮਿਸਰ ਦੇ ਲੋਕ-ਉਭਾਰ ਵਾਂਗ ਉਠ ਤੁਰਨ ਦੀ ਗੱਲ ਕਰਦੇ ਹਨ, ਕਦੇ ਲੀਬੀਆ ਵਾਂਗ ਗੱਦਾਫੀਆਂ ਦੇ ਮਗਰ ਭੱਜਣ ਦੀ ਚਰਚਾ ਛੇੜ ਦੇਂਦੇ ਹਨ, ਪਰ ਇਹ ਕਿਧਰੇ ਨਹੀਂ ਸੁਣਿਆ ਜਾ ਰਿਹਾ ਕਿ ਜਿਸ ਪ੍ਰਬੰਧ ਨੇ ਇਹ ਦਿਨ ਲਿਆਂਦੇ ਹਨ, ਉਹ ਪ੍ਰਣਾਲੀ ਬਦਲਣੀ ਚਾਹੀਦੀ ਹੈ। ਭਾਰਤ ਹੋਵੇ ਜਾਂ ਗਰੀਸ ਜਾਂ ਫਿਰ ਅਮਰੀਕਾ, ਸਭ ਥਾਂਵਾਂ ਦੀ ਇੱਕ ਗੱਲ ਸਾਂਝੀ ਹੈ ਕਿ ਲੋਕਾਂ ਦੇ ਦੁੱਖਾਂ ਦਾ ਕਾਰਨ ਇੱਕ ਪ੍ਰਬੰਧ ਹੈ, ਜਿਸ ਵਿਚ ਆਮ ਲੋਕਾਂ ਦੇ ਸਿਰ ਉਤੇ ਕਾਰਪੋਰੇਸ਼ਨਾਂ ਨੂੰ ਪਾਲਿਆ ਜਾ ਰਿਹਾ ਹੈ। ਅਮਰੀਕਾ ਦੇ ਲੋਕਾਂ ਨੇ ਜਦੋਂ ਹੁਣ ਅੰਗੜਾਈ ਲਈ ਹੈ ਤਾਂ ਇਹ ਗੱਲ ਚੰਗੀ ਹੈ ਕਿ ਉਨ੍ਹਾਂ ਨੇ ਬਿਮਾਰੀ ਦੀ ਜੜ੍ਹ ਦੀ ਨਿਸ਼ਾਨਦੇਹੀ ਕੀਤੀ ਹੈ ਤੇ ਉਸ ਵਾਲ ਸਟਰੀਟ ਨੂੰ ਘੇਰਨ ਤੁਰੇ ਹਨ, ਜਿਹੜੀ ਲੋਕਾਂ ਦੀ ਕਮਾਈ ਨੂੰ ਸ਼ੇਅਰਾਂ ਦੇ ਹੇਰ-ਫੇਰ ਵਿਚ ਲੁੱਟ ਕੇ ਦੌਲਤਮੰਦਾਂ ਦੀਆਂ ਢੇਰੀਆਂ ਹੋਰ ਉਚੀਆਂ ਕਰਨ ਦਾ ਸਭ ਤੋਂ ਵੱਡਾ ਅੱਡਾ ਬਣੀ ਹੋਈ ਹੈ।

ਸਾਡੇ ਭਾਰਤ ਵਿਚ ਅਜੇ ਇਸ ਤਰ੍ਹਾਂ ਦਾ ਦਿਨ ਨੇੜੇ ਆਉਂਦਾ ਨਹੀਂ ਜਾਪਦਾ, ਸਿਰਫ ਸ਼ੁਰੂਆਤੀ ਚਿੰਨ੍ਹ ਦਿੱਸਦੇ ਹਨ। ਇਥੇ ਲੋਕਪਾਲ ਜਾਂ ਜਨ ਲੋਕਪਾਲ ਵਿਚ ਹੀ ਬਹੁਤੀ ਲੜਾਈ ਉਲਝੀ ਹੋਈ ਹੈ। ਵੱਡੀ ਗੱਲ ਇੱਕ ਲੋਕਪਾਲ ਜਾਂ ਜਨ ਲੋਕਪਾਲ ਨਹੀਂ, ਸਗੋਂ ਉਹ ਪ੍ਰਬੰਧ ਹੈ, ਜਿਸ ਵਿਚ ਸੰਸਾਰ ਦੇ ਪਹਿਲੇ ਤਿੰਨ ਅਮੀਰਾਂ ਵਿਚ ਗਿਣੇ ਜਾਂਦੇ ਅੰਬਾਨੀ ਨੂੰ ਹੋਰ ਮਾਲ ਕਮਾਉਣ ਦਾ ਮੌਕਾ ਦੇਣ ਲਈ ਸਰਕਾਰ ਪੈਟਰੋਲ ਦੀਆਂ ਕੀਮਤਾਂ ਵਧਾ ਰਹੀ ਹੈ ਅਤੇ ਨਾਲ ਮਾਸੂਮੀਅਤ ਨਾਲ ਕਹਿ ਰਹੀ ਹੈ ਕਿ ਸਰਕਾਰ ਨੂੰ ਸਾਰੇ ਨਾਗਰਿਕਾਂ ਦੇ ਹਿੱਤਾਂ ਦਾ ਖਿਆਲ ਹੈ। ਇਸੇ ਸਰਕਾਰ ਨੇ ਹਾਲੇ ਕੁਝ ਦਿਨ ਪਹਿਲਾਂ ਇਹ ਕਿਹਾ ਸੀ ਕਿ ਜਿਸ ਨਾਗਰਿਕ ਕੋਲ ਪਿੰਡ ਵਿਚ ਰਹਿ ਕੇ ਛੱਬੀ ਰੁਪਏ ਤੇ ਸ਼ਹਿਰ ਵਿਚ ਬੱਤੀ ਰੁਪਏ ਰੋਜ਼ ਖਰਚ ਸਕਣ ਦੀ ਸਮਰੱਥਾ ਹੈ, ਉਹ ਗਰੀਬੀ ਦੀ ਰੇਖਾ ਤੋਂ ਉਪਰ ਹੈ। ਸਰਕਾਰ ਦੀਆਂ ਗਰੀਬੀ ਰੇਖਾ ਤੇ ਹੋਰ ਗਿਣਤੀਆਂ-ਮਿਣਤੀਆਂ ਚੋਰ ਤੇ ਸਾਧ ਦੋਵਾਂ ਦੀ ਔਸਤ ਕੱਢ ਕੇ ਚੱਲਦੀਆਂ ਹਨ। ਅੰਬਾਨੀਆਂ ਦੇ ਮੁਕੇਸ਼ ਦੀ ਇੱਕ ਸਾਲ ਦੀ ਚਾਲੀ ਕਰੋੜ ਦੀ ਤਨਖਾਹ ਨੂੰ ਸਕੂਲ ਅਧਿਆਪਕ ਦੇ ਚਾਰ ਲੱਖ ਰੁਪਏ ਸਾਲਾਨਾ ਤੇ ਗਰੀਬ ਮਜ਼ਦੂਰ ਦੇ ਸਾਲ ਦੇ ਚਾਲੀ ਕੁ ਹਜ਼ਾਰ ਰੁਪਏ ਨੂੰ ਜੋੜ ਕੇ ਤਿੰਨਾਂ ਦੀ ਔਸਤ ਕੱਢਦੀ ਹੈ ਤਾਂ ਦੇਸ਼ ਦੇ ਲੋਕ ਅਮੀਰ ਹੋ ਗਏ ਜਾਪਦੇ ਹਨ। ਹਕੀਕਤ ਦੇ ਦਰਸ਼ਨ ਕਰਨੇ ਹੋਣ ਤਾਂ ਉਥੇ ਜਾ ਕੇ ਵੇਖਣਾ ਚਾਹੀਦਾ ਹੈ, ਜਿੱਥੇ ਚੁੱਲ੍ਹਿਆਂ ਉਤੇ ਘਾਹ ਉਗਣ ਲੱਗ ਪੈਂਦਾ ਹੈ ਅਤੇ ਕੁਝ ਲੋਕ ਕਦੇ-ਕਦਾਈਂ ਘਾਹ ਦੀ ਰੋਟੀ ਬਣਾ ਕੇ ਜਵਾਕਾਂ ਦਾ ਪੇਟ ਪਾਲਦੇ ਹਨ। ਫਿਰ ਪਤਾ ਲੱਗਦਾ ਹੈ ਕਿ ਖੁੱਲ੍ਹੇ ਬਾਜ਼ਾਰ ਦੀ ਮਨਮੋਹਨ ਮਾਰਕਾ ਆਰਥਿਕਤਾ ਨੇ ਮੁਲਕ ਦੀ ਕਿੰਨੀ ਜ਼ਖਣਾ ਪੁੱਟ ਛੱਡੀ ਹੈ?

ਕਦੇ ਇਹ ਨਾਹਰੇ ਲੱਗਦੇ ਹੁੰਦੇ ਸਨ, 'ਗਲ ਪੈ ਜਾਣ ਜੇ ਭੁੱਖੇ ਲੋਕ, ਬੰਬ ਬੰਦੂਕਾਂ ਸਕਣ ਨਾ ਰੋਕ।' ਅੱਜ ਇਹ ਨਾਹਰਾ ਲੱਗਦਾ ਕਦੇ-ਕਦੇ ਕਿਸੇ ਮੁਜ਼ਾਹਰੇ ਵਿਚ ਸੁਣ ਜਾਂਦਾ ਹੈ ਪਰ ਇਸ ਉਤੇ ਅਮਲ ਕਰਨ ਵਾਲੀ ਆਸ ਬੰਨ੍ਹਾਊ ਲਹਿਰ ਨਹੀਂ ਨਜ਼ਰ ਆਉਂਦੀ। ਜੇ ਕਦੇ ਅੱਜ ਸੋਵੀਅਤ ਯੂਨੀਅਨ ਤੇ ਸਮਾਜਵਾਦੀ ਕੈਂਪ ਕਾਇਮ ਹੁੰਦਾ ਤਾਂ ਨਾ ਸਾਮਰਾਜੀ ਦੇਸ਼ਾਂ ਦੀਆਂ ਸਰਕਾਰਾਂ ਨੇ ਸਮਾਜੀ ਸੁਰੱਖਿਆ ਨੂੰ ਬੈਕ ਗੇਅਰ ਲਾਉਣ ਦਾ ਹੀਆ ਕਰਨਾ ਸੀ, ਨਾ ਸਾਡੇ ਵਰਗੇ ਦੇਸ਼ਾਂ ਦੇ ਹਾਕਮਾਂ ਨੇ ਲੋਕ ਰਾਜ ਦੇ ਨਾਂ ਉਤੇ ਜੋਕਾਂ ਨੂੰ ਖੂਨ ਪੀਣ ਦੀ ਕਾਨੂੰਨੀ ਖੁੱਲ੍ਹ ਦੇਣ ਵਾਲੇ 'ਖੁੱਲ੍ਹੇ ਬਾਜ਼ਾਰ' ਦੀ ਏਨੀ ਬੇਸ਼ਰਮੀ ਭਰੀ ਵਕਾਲਤ ਕਰਨੀ ਸੀ। ਸ਼ਾਇਦ ਉਹ ਸਮਝ ਬੈਠੇ ਹਨ ਕਿ ਇਸ ਤਰ੍ਹਾਂ ਉਹ ਸਾਰੇ ਖਤਰਿਆਂ ਤੋਂ ਖੁਲਾਸੀ ਪਾ ਲੈਣਗੇ ਪਰ ਜੇ ਉਨ੍ਹਾਂ ਨੂੰ ਥੋੜ੍ਹੀ ਜਿਹੀ ਅਕਲ ਵੀ ਹੋਵੇ ਤਾਂ ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਲੋਕਾਂ ਨੇ ਲੋਕਪਾਲ ਤੇ ਜਨ ਲੋਕਪਾਲ ਦੀ ਉਲਝਣ ਵਿਚ ਸਦਾ ਨਹੀਂ ਪਏ ਰਹਿਣਾ। ਜਦੋਂ 'ਪੇਟ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ' ਵਾਲੀ ਘੜੀ ਆ ਗਈ, ਉਦੋਂ ਕਿਸੇ ਨੇ ਪ੍ਰਧਾਨ ਮੰਤਰੀ ਦੇ ਆਰਥਿਕ ਮਾਹਰ ਹੋਣ ਦੇ ਸਰਟੀਫਿਕੇਟ ਨਹੀਂ ਵੇਖਣੇ, ਗਰੀਸ ਨਾਲੋਂ ਵੱਧ ਗੜਬੜ ਵਾਲੇ ਹਾਲਾਤ ਏਥੇ ਵੀ ਬਣ ਸਕਦੇ ਹਨ।

# ਆਪਸੀ ਸਹਿਯੋਗ ਬਦਲ ਸਕਦਾ ਹੈ ਚੜ੍ਹਦੇ ਲਹਿੰਦੇ ਪੰਜਾਬ ਦੀ ਤਸਵੀਰ

*(ਸਫਾ 20 ਦੀ ਬਾਕੀ)*

ਘਰੇਲੂ ਉਤਪਾਦਨ ਦਾ ਤਕਰੀਬਨ ਇਕ ਫ਼ੀਸਦ ਸੀ ਅਤੇ ਪਾਕਿਸਤਾਨ ਪੰਜਾਬ ਦਾ ਇਹ ਖਰਚਾ 0.8 ਫ਼ੀਸਦ ਸੀ। ਇਸੇ ਤਰ੍ਹਾਂ ਸਿੱਖਿਆ ਦੇ ਖੇਤਰ ਵਿਚ ਭਾਰਤੀ ਪੰਜਾਬ ਕੁੱਲ ਰਾਜ ਦੀ ਆਮਦਨ ਦਾ 2.3 ਫ਼ੀਸਦ ਹਿੱਸਾ ਖਰਚ ਕਰਦਾ ਹੈ ਅਤੇ ਪਾਕਿਸਤਾਨ ਪੰਜਾਬ ਦਾ ਇਹ ਖਰਚਾ 2.1 ਫ਼ੀਸਦ ਸੀ। ਪਾਕਿਸਤਾਨ ਪੰਜਾਬ ਵਿਚ ਅਜੇ ਵੀ ਅੱਧੀ ਤੋਂ ਵੱਧ ਵੱਸੋਂ (53.4) ਅਨਪੜ੍ਹ ਹੈ ਅਤੇ ਭਾਰਤੀ ਪੰਜਾਬ ਵਿਚ ਤਕਰੀਬਨ 30 ਫ਼ੀਸਦ ਵਸੋਂ ਅਨਪੜ੍ਹ ਹੈ।

ਇਨ੍ਹਾਂ ਤੱਥਾਂ ਦੇ ਸਨਮੁੱਖ ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ ਸੁਰੱਖਿਆ ਅਤੇ ਮਿਲਟਰੀ ਖਰਚੇ ਉਤੇ ਸਰਮਾਇਆ ਬਰਬਾਦ ਕਰਨ ਦੀ ਥਾਂ ਆਪਸੀ ਆਰਥਿਕ ਸਹਿਯੋਗ ਲਈ ਨਵੇਂ ਸਿਰਿਓਂ ਯਤਨ ਕਰਨੇ ਚਾਹੀਦੇ ਹਨ। ਅਜਿਹੀਆਂ ਮਿਸਾਲਾਂ ਇਤਿਹਾਸ ਵਿਚ ਵੀ ਮਿਲਦੀਆਂ ਹਨ। ਯੂਰਪੀਨ ਦੇਸ਼ਾਂ ਨੇ ਦੋ ਸੰਸਾਰ ਜੰਗਾਂ ਲੜਨ ਤੋਂ ਬਾਅਦ ਯੂਰਪੀਨ ਯੂਨੀਅਨ ਦੀ ਸਾਂਝੀ ਮਾਰਕੀਟ ਸੰਗਠਤ ਕਰਨ ਦੀ ਸਿਆਣਪ ਵਾਲੀ ਨੀਤੀ ਅਪਣਾਈ ਹੈ। ਯੂਰਪੀ ਯੂਨੀਅਨ ਦੀ ਸਫਲਤਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਦੇਸ਼ਾਂ ਨੂੰ ਤੋੜਨ ਵਾਲੀਆਂ ਦੁਸ਼ਮਣੀ ਅਤੇ ਜੰਗ ਵਰਗੀਆਂ ਨਾਂਹ-ਪੱਖੀ ਸ਼ਕਤੀਆਂ ਨਾਲੋਂ ਆਰਥਿਕ ਹਿੱਤਾਂ ਨਾਲ ਜੋੜਨ ਵਾਲੀਆਂ ਹਾਂ-ਪੱਖੀ ਸ਼ਕਤੀਆਂ ਵੱਧ ਤਾਕਤਵਰ ਹਨ।

*ਫੋਨ:91-94642-91592

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



## Are You Tired Of All Treatments?
Try
**Homeopathic** Natural Medicines [HNM]

Well Experienced as:
Director, Principal, Professor, and Chief Medical Officer in Medical Colleges and Hospitals of Punjab - India
Practice Under State of California Act SB 577.

EX Member:
The California Homeopathic Society
National Center For Homeopathy- USA

Homeopathic Natural Medicines — Serving Since 1973

Gurdip Singh Sandhu
Homeopathic Practitioner/Consultant
DHMS-Gold Medalist, DHMS, BAMS, MDEh.- India
21272 Mission Blvd. Hayward, CA 94541
1188 E Santa Clara St.San Jose Ca95116

Natural Medicines Medical Supply
☎ (510) 870 - 5045
(408) 729 – 6691
Fax: (408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)



# Indian Oven

11000, I-40 East, Amarillo Texas, 79118 (Exit 77, Right Hand Side)
**Ph:1-806-335-3600**



Breakfast, Lunch & Dinner (Buffet 11 to 3, Every Day)

ਬਹਿ ਕੇ ਖਾਓ ਜਾਂ ਨਾਲ ਲੈ ਜਾਓ
ਪੰਜਾਬੀ ਵੈਸ਼ਨੂੰ ਤੇ ਗੈਰ ਵੈਸ਼ਨੂੰ
ਤਾਜ਼ੀ ਰੋਟੀ, ਪਰਾਂਠੇ ਤੇ ਨਾਨ

ਮੰਗਲਵਾਰ ਛੁੱਟੀ, ਬਾਕੀ ਦਿਨ ਸਵੇਰੇ 8 ਤੋਂ ਰਾਤ 10 ਵਜੇ ਤੱਕ ਖੁੱਲ੍ਹਾ

Easy Truck Parking, Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ, ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ



FARMERS INSURANCE GROUP — Symbol of Superior Service
# FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business
*Workers Compensation

Call for consultation
**Ph: 408-771-2438**
*408-580-6063, 408-687-7566*
Fax: 408-273-6001
*SSINGH6@FARMERSAGENT.COM*

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com


Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

**Gurbans Gill 209-815-1869**

# ਸ਼ਰਧਾਲੂ, ਕਾਮਰੇਡ ਕਿ ਅੰਤਰਯਾਮੀ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਕਿਸੇ ਗ੍ਰੰਥਕਾਰ ਨੇ ਇਨ੍ਹਾਂ ਸਤਰਾਂ ਵਿਚ ਬੜੇ ਗੁੱਝੇ ਅਰਥਾਂ ਵਾਲੀ ਨਸੀਹਤ ਦਿੱਤੀ ਹੋਈ ਹੈ:

ਭੋਜਨ, ਭਜਨ, ਖਜ਼ਾਨਾ ਨਾਰੀ
ਚਾਰੋਂ ਪਰਦੇ ਕੇ ਅਧਿਕਾਰੀ!

ਚਾਹੀਦਾ ਤਾਂ ਇਹੋ ਸੀ ਕਿ ਇਸ ਟੋਟਕੇ ਵਿਚ ਪਰਦੇ ਦੀਆਂ ਅਧਿਕਾਰੀ ਸੁਝਾਈਆਂ ਗਈਆਂ ਚਾਰੇ ਚੀਜ਼ਾਂ ਬਾਰੇ ਖੋਲ੍ਹ ਕੇ ਦੱਸਿਆ ਜਾਂਦਾ ਕਿ ਇਨ੍ਹਾਂ ਨੂੰ ਪਰਦੇ 'ਚ ਰੱਖਣ ਲਈ ਕਿਉਂ ਕਿਹਾ ਗਿਆ ਹੈ ਜਾਂ ਇਸ ਨਸੀਹਤ ਦੀ ਅਵੱਗਿਆ ਸਦਕਾ ਸਾਡੇ ਸਮਾਜ ਵਿਚ ਕਿਹੜੇ-ਕਿਹੜੇ ਵਿਗਾੜ ਆ ਚੁੱਕੇ ਹਨ? ਪਰ ਹਥਲੀ ਲਿਖਤ 'ਭਜਨ' ਤੋਂ ਅਰੰਭ ਹੋਣ ਕਾਰਨ ਬਾਕੀ ਤਿੰਨੇ-ਭੋਜਨ, ਖਜ਼ਾਨਾ ਅਤੇ ਨਾਰੀ ਨੂੰ ਛੱਡ ਕੇ ਅਸਲ ਗੱਲ ਸ਼ੁਰੂ ਕਰਦੇ ਹਾਂ।

ਪਾਠ ਪੂਜਾ, ਭਜਨ ਬੰਦਗੀ ਦਾ ਉਪਦੇਸ਼ ਦੇਣ ਵਾਲੇ ਸਾਰੇ ਧਰਮ ਆਚਾਰਯ ਇਹ ਗੱਲ ਜ਼ੋਰ ਦੇ ਕੇ ਕਹਿੰਦੇ ਨੇ ਕਿ ਕਿਸੇ ਨੂੰ ਇਹ ਦੱਸਣ ਨਾਲ ਕਿ ਮੈਂ ਇਤਨਾ ਚਿਰ ਭਜਨ ਬੰਦਗੀ ਕੀਤੀ ਜਾਂ ਫਲਾਂ-ਫਲਾਂ ਪਾਠ ਕੀਤਾ, ਸਾਰਾ ਕੁਝ ਨਿਹਫਲ ਤਾਂ ਜਾਂਦਾ ਹੀ ਹੈ, ਸਗੋਂ ਦੱਸਣ ਵਾਲਾ ਹਉਮੈ ਦਾ ਸ਼ਿਕਾਰ ਵੀ ਹੋ ਜਾਂਦਾ ਹੈ। ਇਹ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਹਉਮੈ ਦੀ ਅੱਗ ਸਾਰੇ ਗੁਣਾਂ ਨੂੰ ਸੁਆਹ ਕਰ ਦਿੰਦੀ ਹੈ। ਮੈਂ ਜਿਸ ਭਾਈ ਸਾਹਿਬ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਤੋਂ ਸੰਥਿਆ ਲਈ ਸੀ, ਉਹ ਵੀ ਕਿਹਾ ਕਰਦੇ ਸਨ ਕਿ ਆਪਣੇ ਨਿੱਜੀ ਨਿਤਨੇਮ ਬਾਰੇ ਕਿਸੇ ਨੂੰ ਦੱਸਣਾ ਨਹੀਂ ਚਾਹੀਦਾ। ਇੰਜ ਕਰਨ ਨਾਲ ਬਾਣੀ ਪੜ੍ਹਨ ਦੀ ਸਮਰੱਥਾ ਵੀ ਘਟਦੀ ਹੈ ਅਤੇ ਬਿਰਤੀ ਵੀ ਹੰਕਾਰੀ ਹੋ ਜਾਂਦੀ ਹੈ। ਉਹ ਖੁਦ ਪੱਕੇ ਨਿਤਨੇਮੀ ਸਨ। ਇਕ ਵਾਰ ਨਵੇਂ ਆਏ ਇਕ ਸਿਖਿਅਰਥੀ ਨੇ ਉਨ੍ਹਾਂ ਨੂੰ ਪੁੱਛ ਲਿਆ ਕਿ ਬਾਬਾ ਜੀ, ਤੁਸੀਂ ਕਦੇ ਵੀ ਨਹੀਂ ਨਿਤਨੇਮ ਖੁੰਝਾਇਆ? ਅੱਗਿਓਂ ਭਾਈ ਸਾਹਿਬ ਇਕ ਦਮ ਚੌਂਕ ਕੇ ਬੋਲੇ, "ਕਿੱਥੇ ਭਾਈ ਗੁਰਮੁਖਾ, ਸਾਰੀ ਉਮਰ ਭੰਗ ਦੇ ਭਾੜੇ ਬੀਤ ਗਈ...ਹੁਣੇ ਜਿਹੇ ਹੀ ਸ਼ੁਰੂ ਕੀਤਾ ਐ।...ਹੁਣ ਵੀ ਬਥੇਰੇ ਚੰਦਰੇ ਦਿਨ ਅਜਾਈਂ ਬੀਤ ਜਾਂਦੇ ਨੇ।"

ਮੇਰੇ ਨਿਤਨੇਮ ਬਾਰੇ ਮੈਨੂੰ ਪੁੱਛਿਆ ਕਿਸੇ ਨੇ ਵੀ ਨਹੀਂ, ਫਿਰ ਵੀ ਉਕਤ ਭਾਈ ਸਾਹਿਬ ਵਾਲੀ ਜੁਗਤਿ ਵਰਤਦਿਆਂ ਮੈਂ ਆਪਣੇ ਨਿੱਤਕਰਮ ਬਾਰੇ ਕੁਝ ਕਹਿਣ ਦੀ ਗੁਸਤਾਖੀ ਕਿਉਂ ਕਰਨ ਜਾ ਰਿਹਾਂ? ਇਸ ਸਵਾਲ ਦਾ ਉਤਰ ਪੂਰੀ ਲਿਖਤ ਪੜ੍ਹ ਕੇ ਆਪੇ ਮਿਲ ਜਾਏਗਾ। ਬੱਸ, ਇਉਂ ਜਾਣੋ ਕਿ ਹੁਣ ਤੱਕ ਦੀ ਆਯੂ ਸੁੱਤਿਆਂ ਗੁਜ਼ਾਰ ਲਈ। ਅਮਰੀਕਾ ਆ ਕੇ ਨਿਤਨੇਮ ਦਾ ਸਬੱਬ ਕੁਦਰਤ ਨੇ ਬਣਾ ਦਿੱਤਾ। ਰਾਤ ਦੀ ਪੱਕੀ ਜੌਬ ਹੋਣ ਕਰਕੇ ਰਾਤ ਡੇਢ ਵਜੇ ਨਿਤਨੇਮ ਦੀਆਂ ਬਾਣੀਆਂ ਪੜ੍ਹਨ ਦਾ ਰੁਟੀਨ ਬਣ ਗਿਆ ਹੋਇਐ। ਦੋ ਸਵਾ ਦੋ ਵਜੇ ਅਰਦਾਸ ਦਾ ਜੈਕਾਰਾ ਗਜਾ ਕੇ ਫਿਰ ਪੜ੍ਹਨ ਜਾਂ ਲਿਖਣ ਰੁੱਝ ਜਾਂਦਾ ਹਾਂ।

ਜਿਨ੍ਹੀਂ ਦਿਨੀਂ ਸਤੰਬਰ 2011 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦਾ ਬਿਗਲ ਵੱਜ ਚੁੱਕਾ ਸੀ, ਉਨ੍ਹੀਂ ਦਿਨੀਂ ਇਕ ਰਾਤ ਮੈਂ ਗੁਰਦੁਆਰਾ ਪ੍ਰਬੰਧਾਂ ਬਾਰੇ ਲੇਖ ਲਿਖ ਰਿਹਾ ਸਾਂ। ਨਿਤਨੇਮ ਦਾ ਸਮਾਂ ਹੋ ਗਿਆ। ਮਨ 'ਚ ਫੁਰਨਾ ਫੁਰਿਆ ਕਿ ਕਿਉਂ ਨਾ ਸਤਿਗੁਰੂ ਪਾਸੋਂ ਅਰਦਾਸ ਵਿਚ ਪੰਥਕ ਮੋਰਚੇ ਦੇ ਗਠਨ ਦੀ ਮੰਗ ਕੀਤੀ ਜਾਵੇ? ਹਫ਼ਤਾ ਭਰ ਮੈਂ ਇਹੀ ਅਰਦਾਸਾਂ ਕਰਦਾ ਰਿਹਾ ਪਰ ਮਾਨ ਸਾਹਿਬ ਦੀ ਸ਼ਮੂਲੀਅਤ ਤੋਂ ਬਿਨਾਂ ਮੋਰਚਾ ਅਧੂਰਾ ਹੀ ਰਹਿ ਗਿਆ। ਚੋਣ ਅਮਲ ਸ਼ੁਰੂ ਹੋ ਗਿਆ। ਮੈਂ ਰੋਜ਼ਾਨਾ ਹੀ ਰਾਤ ਦੇ ਦੋ ਵਜੇ ਤੋਂ ਬਾਅਦ ਜੋੜੇ ਉਤਾਰ ਕੇ ਪੰਜਾਬ ਵੱਲ ਮੂੰਹ ਕਰਕੇ (ਅਸਲ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਕੇਸਰੀ ਨਿਸ਼ਾਨ ਸਾਹਿਬ ਚਿਤਵਦਿਆਂ) ਇਕ ਮਨ, ਇਕ ਚਿੱਤ ਅਰਦਾਸ ਕਰਨੀ ਸ਼ੁਰੂ ਕਰ ਦਿੱਤੀ,

"ਹੇ ਕਲਗੀਆਂ ਵਾਲੇ ਦਾਤਿਆ! ਪੰਥ ਦਿਆ ਵਾਲਿਆ!! ਆਹ ਜਿਹੜਾ ਭ੍ਰਿਸ਼ਟ-ਦਲੀਆ ਟੱਬਰ ਤੇਰੇ ਸਾਜੇ ਨਿਵਾਜੇ ਖਾਲਸਾ ਪੰਥ ਨੂੰ ਆਪਣੀ ਲੱਤ ਥੱਲਿਓਂ ਲੰਘਾ ਕੇ ਬਿਪਰਵਾਦ ਦੇ ਖਾਰੇ ਸਮੁੰਦਰ 'ਚ ਗਰਕ ਕਰ ਦੇਣ ਦੇ ਬਾਨਣੂ ਬੰਨ੍ਹ ਰਿਹੈ, ਇਸ ਟੋਲੇ ਨੂੰ ਠੱਲ੍ਹ ਪਾ ਦੇ ਪਾਤਸ਼ਾਹ...ਪੰਥਕ ਮੋਰਚੇ ਦੇ ਸਿੰਘਾਂ ਨੂੰ ਫਤਿਹ ਬਖ਼ਸ਼ ਦੇ ਸਤਿਗੁਰੂ...ਹੰਕਾਰ ਦਾ ਸਿਰ ਨੀਵਾਂ ਕਰ ਦੇ ਮਾਲਕਾ...।"

ਦਿਨੇ ਪੜ੍ਹੀਆਂ ਅਖ਼ਬਾਰਾਂ ਦੀਆਂ ਖ਼ਬਰਾਂ ਬਾਰੇ ਸੋਚਦਿਆਂ, ਕਦੀ ਕਦੀ ਮੈਂ ਰਾਤ ਦੀ ਚੁੱਪ-ਇਕਾਂਤ ਵਿਚ ਅਰਦਾਸ ਕਰਦੇ ਵਕਤ ਬੱਚਿਆਂ ਵਾਂਗ ਮੰਗਾਂ ਦੀ ਲੜੀ ਗਿਣ ਦੇਣੀ, "ਸੱਚੇ ਪਾਤਸ਼ਾਹ ਫਲਾਣੇ ਸਿੰਘ ਨੂੰ ਸੁਮੱਤ ਬਖ਼ਸ਼...ਫਲਾਣੇ ਸਿੰਘ ਦੇ ਝੂਠ ਦੇ ਪਾਜ ਉਘਾੜ ਦੇ...ਸਿੱਖ ਸੰਗਤਾਂ ਨੂੰ ਕਪਟੀਆਂ ਦੇ ਪਖੰਡ ਪਛਾਣਨ ਦੀ ਬਲ-ਬੁੱਧੀ ਦੇਈਂ...ਫਲਾਣੇ ਸਿੰਘਾਂ ਨੂੰ ਹਿੰਮਤ-ਹੌਸਲਾ ਬਖ਼ਸ਼...।" ਮੇਰੀਆਂ ਅਰਦਾਸਾਂ ਦਾ ਇਹ ਸਿਲਸਿਲਾ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਪੈਣ ਤੋਂ ਇਕ ਦਿਨ ਪਹਿਲਾਂ ਤੱਕ ਲਗਾਤਾਰ ਚਲਦਾ ਰਿਹਾ। 'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ' ਵਾਲੀਆਂ ਤੁਕਾਂ ਸ਼ਰਧਾ-ਗੁੱਧੀ ਭਾਵਨਾ ਨਾਲ ਬੋਲਦਿਆਂ ਮੈਂ ਅਰਦਾਸ ਕਰਨ ਵੇਲੇ ਆਪਣੀ ਮਾਨਸਿਕ ਇਕਾਗਰਤਾ ਨੂੰ ਧੀਰਜ ਤੇ ਪ੍ਰੇਮ ਸਹਿਤ ਸਤਿਗੁਰੂ ਦੇ ਚਰਨਾਂ ਨਾਲ ਜੋੜਨ ਦੀ ਭਰਪੂਰ ਕੋਸ਼ਿਸ਼ ਕਰਦਾ। ਨਾਲ ਹੀ ਦੋ ਤਿੰਨ ਲੇਖ ਵੀ ਲਿਖੇ।

ਪੰਜਾਬ ਦੇ ਹੁਕਮਰਾਨਾਂ ਵੱਲੋਂ ਦੋਹ-ਚੌਹ ਦਿਨਾਂ ਵਿਚ 39 ਲੱਖ ਦੇ ਕਰੀਬ ਥੋਕ ਦੇ ਭਾਅ ਬਣਾਈਆਂ 'ਧੱਕੇਸ਼ਾਹੀ ਵੋਟਾਂ' ਦੀਆਂ ਖ਼ਬਰਾਂ ਅਤੇ ਵੋਟਾਂ ਵਾਲੇ ਦਿਨ ਚੋਣ ਬੂਥਾਂ 'ਤੇ ਵੋਟਾਂ ਪਾ ਰਹੇ ਗੈਰ-ਸਿੱਖਾਂ ਦੀਆਂ ਲੰਮੀਆਂ ਕਤਾਰਾਂ ਦੇਖ ਕੇ ਵੀ ਮੈਨੂੰ ਆਪਣੀ ਅਰਦਾਸ 'ਤੇ ਵਿਸ਼ਵਾਸ ਬਣਿਆ ਰਿਹਾ, ਪਰ ਚੋਣ ਨਤੀਜਿਆਂ ਵਾਲੇ ਦਿਨ ਮੈਂ ਗੁੰਮ ਜਿਹਾ ਹੋ ਗਿਆ। ਗੁੰਡਾਗਰਦੀ, ਬੁਰਛਾਗਰਦੀ, ਧਨ-ਧੌਂਸ ਜਿੱਤ ਗਏ ਅਤੇ ਮੇਰੀ ਅਰਦਾਸ...? ਮੇਰਾ ਦਿਲ ਹੀ ਟੁੱਟ ਗਿਆ! ਦਿਮਾਗ ਵਿਚ ਕਦੇ ਕੋਈ ਗੱਲ ਆਵੇ, ਕਦੇ ਕੋਈ। ਰਹਿ ਰਹਿ ਕੇ ਉਰਦੂ ਦਾ ਸ਼ਿਅਰ ਬੁੱਲ੍ਹਾਂ 'ਤੇ ਆਈ ਜਾਵੇ:

ਕਬ ਅਸ਼ਕ (ਆਂਸੂ) ਬਹਾਨੇ ਸੇ,
ਸ਼ਬੇ-ਹਿਜ਼ਰ ਕਟੀ ਹੈ?
ਕਬ ਫ਼ਕਤ ਦੁਆਉਂ ਸੇ,
ਬਲਾ ਟਲੀ ਹੈ?

ਚਾਰ ਪੰਜ ਦਿਨ ਉਪਰੋਥਲੀ ਦੇਸ਼-ਵਿਦੇਸ਼ ਤੋਂ ਦੋਸਤਾਂ-ਮਿੱਤਰਾਂ ਦੇ ਅਫ਼ਸੋਸ ਦੇ ਫੋਨ ਆਉਂਦੇ ਰਹੇ। ਸਦਮੇ ਦਾ ਮਾਰਿਆ ਮੈਂ ਵੀ ਅੱਗੋਂ ਦਰਦ ਭਰੀ ਆਵਾਜ਼ 'ਚ ਪੰਥ ਦੀ ਅਧੋਗਤੀ ਬਾਰੇ ਵਿਲਕਣ ਲੱਗ ਪੈਂਦਾ। ਇਹ ਦੇਖ ਕੇ ਮੇਰੀ ਪਤਨੀ ਵੀ ਇਕ ਦਿਨ ਖਿਝ ਗਈ। ਉਸ ਨੇ ਜਿਨ੍ਹਾਂ ਸ਼ਬਦਾਂ ਨਾਲ ਮੈਨੂੰ ਗ਼ਮਗੀਨ ਹੋਣ ਤੋਂ ਵਰਜਿਆ, ਉਨ੍ਹਾਂ ਵਿਚ ਦਿਲਾਸਾ ਵੀ ਭਰਿਆ ਪਿਆ ਸੀ,

"ਤੁਸੀਂ ਸੁੱਖੀ-ਸਾਂਦੀ 'ਅਫ਼ਸੋਸ-ਅਫ਼ਸੋਸ' ਕਰੀ ਜਾਨੇ ਓਂ...ਆਪੇ ਤੁਸੀਂ ਦੱਸਦੇ ਹੁੰਨੇ ਓਂ ਕਿ ਇੱਥੇ ਮੀਰ ਮੰਨੂ ਅਤੇ ਜ਼ਕਰੀਏ ਵਰਗੇ ਪੰਥ ਨੂੰ ਮਾਰਦੇ ਚਲੇ ਗਏ, ਪਰ ਗੁਰੂ ਦਾ ਪੰਥ ਖ਼ਤਮ ਨਹੀਂ ਹੋਇਆ। ਆਹ ਜਿਨ੍ਹਾਂ ਦੇ ਹੁਣ ਤੁਸੀਂ ਨਾਂ ਲੈ ਲੈ ਕੇ ਬੁਰਾ-ਭਲਾ ਕਹੀ ਜਾਨੇ ਓਂ, ਇਹ ਕਿਹੜਾ ਇੱਥੇ ਬੈਠੇ ਰਹਿਣੇ ਆ? ਰੱਬ ਕੋਲੋਂ ਖ਼ੈਰ ਮੰਗਿਆ ਕਰੋ, ਕਲਪੀ ਨਾ ਜਾਇਆ ਕਰੋ, ਬਹੁਤਾ ਪੰਥ ਦਾ ਫ਼ਿਕਰ ਤੁਹਾਡੇ ਨਾਲੋਂ ਜ਼ਿਆਦਾ ਪੰਥ ਦੇ ਰਾਖੇ ਨੂੰ ਬਥੇਰਾ ਹੋਣੈ!!"

ਕਹਿੰਦੇ ਨੇ ਡੁੱਬਦੇ ਨੂੰ ਤਿਨਕੇ ਦਾ ਵੀ ਸਹਾਰਾ ਹੁੰਦਾ ਹੈ। ਘਰ ਵਾਲੀ ਦੇ ਇਨ੍ਹਾਂ ਢਾਰਸ ਬੰਨ੍ਹਾਉਂਦੇ ਬੋਲਾਂ ਨੇ ਮੈਨੂੰ ਕਾਫ਼ੀ ਧਰਵਾਸਾ ਦਿੱਤਾ। ਟੁੱਟੇ ਦਿਲ ਨੂੰ ਮੁੜ ਗੁਰ-ਸ਼ਬਦ ਨਾਲ ਜੋੜਨ, ਗੁਰੂ ਦੇ ਭਾਣੇ ਨੂੰ ਬਰਦਾਸ਼ਤ ਕਰਨ ਲਈ ਅਤੇ ਇਲਾਹੀ ਹੁਕਮ ਦੇ ਭੇਤ ਜਾਣਨ ਲਈ ਮੈਂ ਕਈ ਰਾਤਾਂ ਲਾ ਕੇ ਦੋਹਾਂ ਘੱਲੂਘਾਰਿਆਂ, ਸਾਕਾ ਨਨਕਾਣਾ ਸਾਹਿਬ, ਸਾਕਾ ਪੰਜਾ ਸਾਹਿਬ ਅਤੇ ਬਾਰਾਂ ਮਿਸਲਾਂ ਦਾ ਇਤਿਹਾਸ ਪੜ੍ਹਿਆ। ਇਸ ਤੋਂ ਇਲਾਵਾ ਮਹਾਰਾਜਾ ਪਟਿਆਲਾ ਕੈਪਟਨ ਅਮਰਿੰਦਰ ਸਿੰਘ ਦੀ ਲਿਖੀ ਪ੍ਰਸਿੱਧ ਕਿਤਾਬ 'ਸਿੱਖ ਰਾਜ ਦੇ ਆਖਰੀ ਲਮਹੇ' ਨਿੱਠ ਕੇ ਪੜ੍ਹੀ। ਆਪਣੇ ਗੌਰਵਮਈ ਇਤਿਹਾਸ ਦੇ ਕਈ ਕਾਂਡ ਮੁੜ ਪੜ੍ਹ ਕੇ ਵਿਸ਼ਵਾਸ ਦੀ ਪਟੜੀ ਤੋਂ ਤਿਲਕਦੇ ਜਾ ਰਹੇ ਮਨ ਦੇ ਅੱਥਰੇ ਘੋੜੇ ਨੂੰ ਭਾਣੇ 'ਚ ਤੁਰਨ ਲਈ ਪ੍ਰੇਰਿਆ। ਝਿੜਕਣ, ਭਟਕਣ ਨੂੰ ਦੂਰ ਭਜਾਇਆ।

ਪਹਿਲਾਂ ਵਾਂਗ ਹੀ ਬਾਣੀ ਪੜ੍ਹਨ ਅਤੇ ਅਰਦਾਸ ਵਿਚ ਸੁਰਤੀ ਜੋੜਨ ਲਈ ਦ੍ਰਿੜ੍ਹਤਾ ਨਾਲ ਯਤਨ ਕਰਦਿਆਂ ਇਕ ਰਾਤ ਮੈਂ ਕਿਸੇ ਖਾਸ ਨੁਕਤੇ ਬਾਰੇ ਆਤਮ-ਚਿੰਤਨ 'ਚ ਖੁੱਭਿਆ ਬੈਠਾ ਸਾਂ ਕਿ ਮੇਰਾ ਫੋਨ ਖੜਕਿਆ। ਨੰਬਰ ਇੰਡੀਆ ਦਾ ਸੀ ਪਰ ਆਵਾਜ਼ ਸੀ ਸਟਾਕਟਨ ਰਹਿੰਦੇ ਇਕ ਅਮਰੀਕੀ ਪਾਠਕ ਦੀ ਜਿਸ ਨੂੰ ਮੈਂ ਕਦੇ ਮਿਲਿਆ ਤਾਂ ਨਹੀਂ, ਪਰ ਕਦੇ-ਕਦਾਈਂ ਉਹ ਫ਼ੋਨ 'ਤੇ ਹੀ ਮੇਰੀਆਂ ਲਿਖਤਾਂ ਬਾਬਤ ਮਾੜੀ-ਮੋਟੀ ਗੁਫ਼ਤਗੂ ਕਰ ਲੈਂਦਾ ਹੈ। ਬੋਲ ਪਛਾਣ ਕੇ ਮੈਂ ਪੁੱਛਿਆ ਕਿ ਜੰਮਣ-ਭੋਇੰ 'ਤੇ ਪਹੁੰਚ ਕੇ ਸਾਗ, ਮੱਕੀ ਦੀਆਂ ਰੋਟੀਆਂ ਤੇ ਆਲੂਆਂ ਦੇ ਪਰੌਂਠੇ ਖ਼ੂਬ ਛਕ ਰਹੇ ਹੋ ਨਾ? ਹਾਸੇ-ਮਜ਼ਾਕ ਦੀਆਂ ਕੁਝ ਗੱਲਾਂ ਕਰਨ ਮਗਰੋਂ ਉਸ ਨੇ ਦੱਸਿਆ, "ਅੱਜ ਅਸੀਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ ਮੱਥਾ ਟੇਕਣ ਜਾ ਰਹੇ ਹਾਂ।" ਮੈਂ ਹਾਲੇ 'ਧੰਨ ਭਾਗ' ਹੀ ਕਿਹਾ ਸੀ ਕਿ ਉਹ ਅੱਗਿਉਂ ਬੋਲਿਆ, "ਯਾਰ ਅਸੀਂ ਬਾਬੇ ਦੀ ਬੀੜ ਘਰੇ ਪ੍ਰਕਾਸ਼ ਕਰਕੇ ਅਖੰਡ ਪਾਠ ਵੀ ਕਰ ਲਿਆ ਜੋ ਸਰਿਆ-ਬਣਿਆ ਚੁਣ ਭੁਨ ਪਿੰਡ ਦੇ ਗੁਰਦੁਆਰੇ ਨੂੰ ਵੀ ਦੇ ਦਿੱਤਾ। ਘਰ ਦੇ ਕਹਿੰਦੇ ਹੁਣ ਅੰਬਰਸਰ ਵੀ ਜਾਣੈ। ਮੈਂ 'ਖਿਆ ਬਈ ਜਿੱਥੇ ਮਹਾਰਾਜ ਦਾ ਪ੍ਰਕਾਸ਼ ਹੋਵੇ, ਉਹ ਦਰਬਾਰ ਸਾ'ਬ ਈ ਹੁੰਦੇ ਪਰ ਇਹ (ਘਰ ਦੇ) ਕਹਿੰਦੇ-ਨਹੀਂ ਜੀ, ਉੱਥੇ ਜ਼ਰੂਰ ਜਾਣੈ।"

ਮੈਂ ਉਸ ਦੇ ਘਰਦਿਆਂ ਦੀ ਹਮਾਇਤ ਕਰਦਿਆਂ ਆਖਿਆ ਕਿ ਤੁਸੀਂ ਜ਼ਰੂਰ ਜਾਵੋ ਦਰਬਾਰ ਸਾਹਿਬ, ਨਾਲ ਹੀ ਮੈਂ ਆਖ ਦਿੱਤਾ ਕਿ ਭਾਈ ਸਾਹਿਬ ਉੱਥੇ ਜਾ ਕੇ ਮੇਰੇ ਵੱਲੋਂ ਵੀ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਿਓ। ਇਹ ਗੱਲ ਮੈਂ ਆਪਣੇ ਮਰਹੂਮ ਬਾਪ ਦੀ ਰੀਸ ਕਰਦਿਆਂ ਕਹੀ, ਕਿਉਂਕਿ ਉਹ ਗੁਰਧਾਮ ਯਾਤਰਾ 'ਤੇ ਜਾ ਰਹੇ ਆਪਣੇ ਮਿੱਤਰ-ਮੇਲੀਆਂ ਨੂੰ ਇਹੀ ਗੱਲ ਕਿਹਾ ਕਰਦਾ ਸੀ।

"ਨਾ, ਮੈਂ ਨੀ ਕਰਦਾ ਅਰਦਾਸਾਂ।" ਅਮਰੀਕੀ ਪਾਠਕ ਨੇ ਮੈਨੂੰ ਠੋਕ ਕੇ ਜਵਾਬ ਦਿੰਦਿਆਂ ਆਖਿਆ, "ਉਹ ਕਿਹੜਾ ਕਿਸੇ ਦੀ ਸੁਣਦੈ? ਮੈਂ ਤਾਂ ਉੱਥੇ ਜਾ ਕੇ ਇਹੀ ਕਹੂੰ ਕਿ ਕਰੀ ਜਾਹ ਬਈ ਜਿੱਦਾਂ ਤੇਰੀ ਮਰਜ਼ੀ ਐ।" ਮੋਹਰਿਉਂ ਮੇਰਾ ਕੋਈ ਹੁੰਗਾਰਾ ਸੁਣੇ ਬਗ਼ੈਰ ਹੀ ਉਹ ਜੋ ਕੁਝ ਅੱਗੇ ਬੋਲਦਾ ਗਿਆ, ਉਸ ਨੂੰ ਸੁਣਦਿਆਂ ਮੇਰੇ ਦੰਦ ਹੀ ਜੁੜ ਗਏ, "...ਆਹ ਹੁਣੇ-ਹੁਣੇ ਜੋ ਕੁਝ ਹੋ ਕੇ ਹਟਿਐ, ਤੁਹਾਡੇ ਵਰਗੇ ਬਥੇਰੇ ਦਿਨ-ਰਾਤ ਅਰਦਾਸਾਂ ਕਰਦੇ ਰਹੇ ਹੋਣੇ ਨੇ ਕਿ ਦਾਤਾ ਜੀ, ਫਲਾਣੇ ਨੂੰ ਹਰਾ ਦੇ, ਤੇ ਢਿਮਕੇ ਨੂੰ ਜਿਤਾ ਦੇ! ਸੁਣੀ ਆ 'ਉਹਨੇ' ਕਿਸੇ ਦੀ ਇਕ ਵੀ? ਤੁਸੀਂ ਵੀ ਅਰਦਾਸਾਂ ਕੀਤੀਆਂ ਈ ਹੋਣੀਐਂ ਕਿ ਹੇ ਮਹਾਰਾਜ, ਪੰਥ ਦੇ ਗਲੋਂ ਮਲਕ ਭਾਗੋਆਂ ਦੀ ਚਿੰਬੜੀ ਹੋਈ ਚੰਡਾਲ-ਚੌਕੜੀ ਲਾਹ ਦੇਹ! ਮੰਨੀ ਗਈ ਤੁਹਾਡੀ ਅਰਦਾਸ? ਸਗੋਂ ਪਹਿਲਾਂ ਨਾਲੋਂ ਵੱਧ ਬੁਰੀ ਤਰ੍ਹਾਂ ਅੜੁੰਗਿਆ ਗਿਐ ਪੰਥ ਪੰਜਾਬ!! ਇਸ ਕਰਕੇ ਬਿਹਤਰ ਨ੍ਹੀਂ ਕਿ 'ਉਹਦੇ' ਅੱਗੇ ਜੋਦੜੀਆਂ ਨਾ ਹੀ ਕਰੋ...ਕਰਨ ਦਿਉ ਜੋ 'ਉਹਨੇ' ਕਰਨੈ!!"

ਉਹਦਾ ਉਪਦੇਸ਼ ਸੁਣ ਕੇ ਇਕ ਵਾਰ ਤਾਂ ਮੇਰੀ ਖੁੰਬ ਠੱਪ ਹੋ ਗਈ। ਫੋਨ ਬੰਦ ਕਰਕੇ ਮੈਂ ਕਾਹਲੀ-ਕਾਹਲੀ ਮੇਜ਼ 'ਤੇ ਖੁੱਲ੍ਹੀਆਂ ਪਈਆਂ ਆਪਣੀਆਂ ਕਿਤਾਬਾਂ ਬੰਦ ਕਰਕੇ ਰੱਖ ਦਿੱਤੀਆਂ। ਅਹਿਰਨ ਉਪਰ ਵੱਜਦੇ ਵਦਾਣ ਵਾਂਗ ਉਸ ਦੇ ਉਕਤ ਲਫ਼ਜ਼ ਮੇਰੇ ਮੱਥੇ 'ਚ ਵੱਜਦੇ ਮਹਿਸੂਸ ਹੋਣ ਲੱਗੇ। ਨਿਰੁੱਤਰ ਹੋਇਆ ਕਿੰਨਾ ਚਿਰ ਮੈਂ ਉਸ ਪਾਠਕ ਦੀਆਂ ਕੋਰੀਆਂ-ਕਰਾਰੀਆਂ ਗੱਲਾਂ ਬਾਰੇ ਸੋਚਦਾ ਰਿਹਾ। ਅਮਰੀਕਾ ਤੋਂ ਪੰਜਾਬ ਪਹੁੰਚ ਕੇ ਉਸ ਨੇ ਘਰੇ ਅਖੰਡ ਪਾਠ ਵੀ ਕਰਵਾਇਆ ਅਤੇ ਗੁਰਦੁਆਰੇ ਲਈ ਮਾਇਆ ਵੀ ਭੇਟ ਕੀਤੀ। ਇਸ ਗੱਲੋਂ ਉਹਨੂੰ ਸ਼ਰਧਾਲੂ ਸਿੱਖ ਕਿਹਾ ਜਾ ਸਕਦਾ ਹੈ। ਦਰਬਾਰ ਸਾਹਿਬ ਜਾਣ ਤੋਂ ਆਨਾ-ਕਾਨੀ ਕਰਨੀ ਅਤੇ ਉੱਥੇ ਜਾ ਕੇ ਅਰਦਾਸ ਬੇਨਤੀ ਨਾ ਕਰਨ ਲਈ ਹੁੱਜਤਾਂ ਕਰਨੀਆਂ, ਉਹਦੀਆਂ ਇਹ ਸਾਰੀਆਂ ਗੱਲਾਂ ਸਾਡੇ ਇਲਾਕੇ ਦੇ ਹਰਨਾਮ ਸਿਹੁੰ ਕਾਮਰੇਡ ਵਾਲੀਆਂ ਹਨ, ਲੇਕਿਨ ਹਜ਼ਾਰਾਂ ਮੀਲ ਦੂਰ ਗਏ ਹੋਏ ਨੂੰ ਉਹਨੂੰ ਮੇਰੀਆਂ ਅਮਰੀਕਾ ਵਿਚ ਬਹਿ ਕੇ ਕੀਤੀਆਂ ਹੋਈਆਂ ਅਰਦਾਸਾਂ ਦਾ 'ਇਲਹਾਮ' ਵੀ ਹੋ ਗਿਆ। ਇਹੋ ਜਿਹੀ 'ਸ਼ਕਤੀ' ਵਾਲੇ ਨੂੰ ਤਾਂ 'ਅੰਤਰਯਾਮੀ' ਕਿਹਾ ਜਾਣਾ ਚਾਹੀਦਾ ਹੈ!!

ਇਹ ਕੈਸਾ ਵਚਿੱਤਰ ਇਨਸਾਨ ਹੋਵੇਗਾ ਜਿਸ ਵਿਚ ਇਨ੍ਹਾਂ ਸਾਰੇ ਗੁਣਾਂ ਦਾ ਹੀ ਮਿਲਗੋਭਾ ਜਿਹਾ ਬਣਿਆ ਹੋਇਆ ਹੈ? ਕਦੇ ਮੈਨੂੰ ਉਹਦੀਆਂ ਕਹੀਆਂ ਸਾਰੀਆਂ ਗੱਲਾਂ ਸੋਲਾਂ-ਆਨੇ ਸੱਚੀਆਂ ਲੱਗਣ ਲੱਗ ਜਾਂਦੀਆਂ। ਜਦ ਮੈਨੂੰ ਇਹ ਯਾਦ ਆਉਂਦਾ ਕਿ ਉਹ ਵੀ ਸਿੱਖ ਹੀ ਸਨ ਜਿਨ੍ਹਾਂ ਨੇ ਅਰਦਾਸ ਕਰਕੇ ਅਟਕ ਦਰਿਆ ਨੂੰ ਵੀ 'ਅਟਕਾ' ਲਿਆ ਸੀ। ਫਿਰ ਮੈਨੂੰ ਆਪਣਾ ਉਹ ਪਾਠਕ ਪੱਕਾ ਕਾਮਰੇਡ ਲਗਦਾ। ਦੋ ਪਲ ਬਾਅਦ ਮੇਰੇ ਲਬਾਂ 'ਤੇ ਇਹ ਪੰਕਤੀਆਂ ਆ ਜਾਂਦੀਆਂ, "ਬੀਉ ਪੂਛ ਨਾ ਮਸਲਤਿ ਧਰੈ॥ ਜੋ ਕਿਛੁ ਕਰਹਿ ਸੋ ਆਪੇ ਕਰੈ॥" ਇਹ ਤੁਕਾਂ ਫਿਰ ਉਸ ਨੂੰ ਭਾਣੇ 'ਚ ਰਾਜ਼ੀ ਰਹਿਣ ਵਾਲਾ 'ਗੁਰੂ ਕਾ ਸਿੱਖ' ਸਾਬਤ ਕਰ ਦਿੰਦੀਆਂ।

ਰਾਤ ਬੀਤ ਗਈ, ਅੰਮ੍ਰਿਤ ਵੇਲਾ ਹੋ ਗਿਆ। ਮਨ ਹੀ ਮਨ ਸਮੁੰਦਰ-ਮੰਥਨ ਚਲਦਾ ਰਿਹਾ। ਮੈਂ ਕੋਈ ਫੈਸਲਾ ਨਾ ਕਰ ਸਕਿਆ ਕਿ ਉਸ ਪਾਠਕ ਨੂੰ ਸ਼ਰਧਾਲੂ ਕਹੀਏ, ਕਾਮਰੇਡ ਸਮਝੀਏ ਕਿ ਦਿਲਾਂ ਦੀਆਂ ਬੁੱਝਣ ਵਾਲਾ ਅੰਤਰਯਾਮੀ। ਚਲੋ, ਇਹ ਫੈਸਲਾ ਪਾਠਕਾਂ 'ਤੇ ਹੀ ਛੱਡ ਦਿੰਦੇ ਹਾਂ!

# ਬਾਦਲ ਇਜ਼ਹਾਰ ਆਲਮ ਨੂੰ ਟਿਕਟ ਦੇਣ ਲਈ ਦ੍ਰਿੜ੍ਹ

**ਮਾਲੇਰਕੋਟਲਾ:** ਪੰਥਕ ਹਲਕਿਆਂ ਵੱਲੋਂ ਕੀਤੀ ਜਾ ਅਲੋਚਨਾ ਦੀ ਪ੍ਰਵਾਹ ਨਾ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਾਬਕਾ ਡੀ.ਜੀ.ਪੀ. ਇਜ਼ਹਾਰ ਆਲਮ ਨੂੰ ਵਿਧਾਨ ਸਭਾ ਦੀ ਟਿਕਟ ਦੇਣ ਲਈ ਦ੍ਰਿੜ੍ਹ ਹਨ। ਈਦ-ਉਲ-ਜ਼ੁਹਾ ਦੇ ਤਿਉਹਾਰ ਮੌਕੇ ਮਾਲੇਰਕੋਟਲਾ ਪੁੱਜੇ ਸ. ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਾਲੇ ਤੱਕ ਵਿਧਾਨ ਸਭਾ ਟਿਕਟਾਂ ਦੀ ਵੰਡ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਹੈ ਪਰ ਆਲਮ ਨੂੰ ਟਿਕਟ ਸੰਤ ਸਮਾਜ ਦੀ ਸਲਾਹ ਨਾਲ ਹੀ ਦਿੱਤੀ ਜਾਵੇਗੀ।

ਸ. ਬਾਦਲ ਨੇ ਪੰਜਾਬ ਵਕਫ਼ ਬੋਰਡ ਦੇ ਚੇਅਰਮੈਨ ਮੁਹੰਮਦ ਇਜ਼ਹਾਰ ਆਲਮ ਨੂੰ ਮਾਲੇਰਕੋਟਲਾ ਹਲਕੇ ਤੋਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਉਮੀਦਵਾਰ ਬਣਾਉਣ ਦੀ ਸੰਤ ਸਮਾਜ ਤੇ ਹੋਰ ਧਿਰਾਂ ਵੱਲੋਂ ਕੀਤੀ ਜਾ ਰਹੀ ਨੁਕਤਾਚੀਨੀ ਬਾਰੇ ਕਿਹਾ ਕਿ ਵਕਤ ਆਉਣ 'ਤੇ ਸੰਤ ਸਮਾਜ ਨੂੰ ਭਰੋਸੇ ਵਿਚ ਲੈ ਕੇ ਹੀ ਟਿਕਟਾਂ ਬਾਰੇ ਫ਼ੈਸਲਾ ਲਿਆ ਜਾਵੇਗਾ। ਉਨ੍ਹਾਂ ਨੇ ਪੂਰੇ ਵਿਸ਼ਵਾਸ ਨਾ ਕਿਹਾ ਕਿ ਉਹ ਸੰਤ ਸਮਾਜ ਨੂੰ ਰਾਜ਼ੀ ਕਰ ਲੈਣਗੇ। ਜ਼ਿਕਰਯੋਗ ਹੈ ਕਿ ਇਸ ਮਸਲੇ ਨੂੰ ਲੈ ਕੇ ਸੰਤ ਸਮਾਜ ਤੇ ਹੋਰ ਪੰਥਕ ਧਿਰਾਂ ਨੇ ਅਕਾਲੀ ਦਲ ਖ਼ਿਲਾਫ਼ ਡਟਣ ਦੀ ਧਮਕੀ ਦਿੱਤੀ ਹੋਈ ਹੈ। ਅਕਾਲੀ ਦਲ ਵਿਧਾਨ ਸਭਾ ਚੋਣਾਂ 'ਚ ਸੰਤ ਸਮਾਜ ਦਾ ਰਸੂਖ ਵਰਤਣਾ ਚਾਹੁੰਦਾ ਹੈ ਇਸ ਲਈ ਉਹ ਕਿਸੇ ਵੀ ਕੀਮਤ 'ਤੇ ਸੰਤ ਸਮਾਜ ਨੂੰ ਵੀ ਨਰਾਜ਼ ਨਹੀਂ ਕਰਨਾ ਚਾਹੁੰਦਾ। ਦੂਜੇ ਪਾਸੇ ਆਲਮ ਨੇ



ਬਾਦਲ ਦੀ ਮੌਜੂਦਗੀ ਵਿਚ ਸਫ਼ਾਈ ਦਿੰਦਿਆਂ ਕਿਹਾ ਕਿ ਪੰਜਾਬ ਵਿਚ ਆਪਣੀ ਤਾਇਨਾਤੀ ਦੌਰਾਨ ਉਨ੍ਹਾਂ ਨੇ ਜਾਂ ਉਨ੍ਹਾਂ ਦੇ ਮਾਤਹਿਤ ਕਿਸੇ ਪੁਲਿਸ ਅਧਿਕਾਰੀ ਨੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਨਹੀਂ ਮਾਰਿਆ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਜਨਾਬ ਆਲਮ 'ਤੇ ਪੰਜਾਬ ਅੰਦਰ ਚੱਲੀ ਖਾੜਕੂ ਲਹਿਰ ਦੌਰਾਨ ਸਿੱਖ ਨੌਜਵਾਨਾਂ 'ਤੇ ਤਸ਼ੱਦਦ ਢਾਹੁਣ ਤੇ ਉਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਦੇ ਦੋਸ਼ ਲਾਏ ਜਾ ਰਹੇ ਹਨ।ਆਲਮ ਨੇ ਕਿਹਾ ਕਿ ਉਨ੍ਹਾਂ 'ਤੇ ਲਾਏ ਜਾ ਰਹੇ ਸਾਰੇ ਦੋਸ਼ ਸਿਆਸਤ ਤੋਂ ਪ੍ਰੇਰਿਤ ਹਨ। ਆਲਮ ਨੇ ਕਿਹਾ ਕਿ ਉਹ 1989 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੀ.ਏ.ਪੀ. ਜਲੰਧਰ, 1990 ਵਿਚ ਜੰਮੂ-ਕਸ਼ਮੀਰ, 1992 ਵਿਚ ਦਿੱਲੀ, 1995 ਵਿਚ ਅਜਮੇਰ (ਰਾਜਸਥਾਨ) ਤਾਇਨਾਤ ਰਹੇ ਹਨ ਤੇ ਦਸੰਬਰ 1995 ਵਿਚ ਪੰਜਾਬ ਪਰਤੇ ਹਨ।

ਉਨ੍ਹਾਂ ਕਿਹਾ ਕਿ ਉਸ ਦੌਰ ਦੌਰਾਨ ਪੁਲਿਸ ਜ਼ਿਆਦਤੀਆਂ ਬਾਰੇ ਪੁਲੀਸ ਅਧਿਕਾਰੀਆਂ ਤੇ ਮੁਲਾਜ਼ਮਾਂ ਖ਼ਿਲਾਫ਼ 3300 ਸ਼ਿਕਾਇਤਾਂ ਦਰਜ ਹੋਈਆਂ ਪਰ ਉਨ੍ਹਾਂ ਖ਼ਿਲਾਫ਼ ਪੁਲਿਸ ਜ਼ਿਆਦਤੀ ਦੀ ਕੋਈ ਸ਼ਿਕਾਇਤ ਸਾਹਮਣੇ ਨਹੀਂ ਆਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਕਿਸੇ ਵੀ ਪੁਲਿਸ ਅਧਿਕਾਰੀ ਨੂੰ ਇਕ ਵੀ ਸਿੱਖ ਨੌਜਵਾਨ ਨੂੰ ਝੂਠੇ ਪੁਲੀਸ ਮੁਕਾਬਲੇ ਵਿਚ ਮਾਰਨ ਦੀ ਹੱਲਾਸ਼ੇਰੀ ਨਹੀਂ ਦਿੱਤੀ। ਜਨਾਬ ਆਲਮ ਨੇ ਕਿਹਾ ਕਿ ਜੇਕਰ ਫਿਰ ਵੀ ਕਿਸੇ ਨੂੰ ਉਨ੍ਹਾਂ ਦੀ ਗੱਲ 'ਤੇ ਯਕੀਨ ਨਹੀਂ ਤਾਂ ਉਹ ਸੂਚਨਾ ਅਧਿਕਾਰ ਤਹਿਤ ਜਾਣਕਾਰੀ ਲੈ ਸਕਦਾ ਹੈ। ਇਸ ਤੋਂ ਪਹਿਲਾਂ ਆਲਮ ਦੀ ਰਿਹਾਇਸ਼ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਤੇ ਮੁਹੰਮਦ ਇਜ਼ਹਾਰ ਆਲਮ ਵਿਚਾਲੇ 15 ਮਿੰਟ ਬੰਦ ਕਮਰਾ ਮੀਟਿੰਗ ਹੋਈ।

ਇਸ ਮੌਕੇ ਮੁੱਖ ਮੰਤਰੀ ਨੇ ਸੁਰਜੀਤ ਸਿੰਘ ਬਰਨਾਲਾ ਤੇ ਮਨਪ੍ਰੀਤ ਸਿੰਘ ਬਾਦਲ ਵੱਲ ਨਿਸ਼ਾਨਾ ਸੇਧਦਿਆਂ ਕਿਹਾ ਕਿ ਜਿਨ੍ਹਾਂ ਆਗੂਆਂ ਨੂੰ ਪਾਰਟੀ ਨੇ ਅਹੁਦੇ, ਵਜ਼ੀਰੀਆਂ ਤੇ ਗਵਰਨਰੀ ਬਖ਼ਸ਼ੀ, ਉਹ ਹੁਣ ਕਿਸੇ ਹੋਰ ਦੇ ਇਸ਼ਾਰੇ 'ਤੇ ਪਾਰਟੀ ਨਾਲ ਗ਼ਦਾਰੀ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਜਿਹੇ ਆਗੂਆਂ ਨੂੰ ਲੋਕਾਂ ਨੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਮੂੰਹ ਨਹੀਂ ਲਾਇਆ ਤੇ ਨਾ ਹੀ ਵਿਧਾਨ ਸਭਾ ਚੋਣਾਂ ਸਮੇਂ ਇਨ੍ਹਾਂ ਆਗੂਆਂ ਨੂੰ ਮੂੰਹ ਲਾਉਣਗੇ। ਸ. ਬਲਵੰਤ ਸਿੰਘ ਰਾਮੂਵਾਲੀਆਂ ਦੇ ਅਕਾਲੀ ਦਲ ਵਿਚ ਸ਼ਾਮਲ ਹੋਣ ਬਾਰੇ ਉਨ੍ਹਾਂ ਕਿਹਾ ਕਿ ਅਕਾਲੀ ਦਲ ਹਰ ਉਸ ਵਿਅਕਤੀ ਤੇ ਪਾਰਟੀ ਦਾ ਸਤਿਕਾਰ ਤੇ ਸਵਾਗਤ ਕਰਦਾ ਹੈ ਜੋ ਦੇਸ਼ ਤੇ ਸੂਬੇ ਨੂੰ ਕਾਂਗਰਸ ਤੋਂ ਛੁਟਕਾਰਾ ਦਿਵਾਉਣ ਲਈ ਉਨ੍ਹਾਂ ਦੀ ਮੱਦਦ ਕਰਨ ਨੂੰ ਤਿਆਰ ਹੈ।

## ਬਰਤਾਨਵੀ ਫ਼ੌਜ 'ਚ ਸਾਬਤ ਸੂਰਤ ਸਿੱਖ ਭਰਤੀ

**ਚੰਡੀਗੜ੍ਹ:** ਯੂ.ਕੇ. ਵਿਚ ਭਾਵੇਂ ਭਾਰਤ ਵਾਂਗ ਸਿੱਖਾਂ ਦੀ ਵੱਖਰੀ ਰੈਜੀਮੈਂਟ ਨਹੀਂ ਪਰ ਫਿਰ ਵੀ ਪੰਜਾਬ ਤੋਂ ਉਥੇ ਜਾ ਕੇ ਵਸੇ ਲੋਕਾਂ ਵਿਚੋਂ ਕਈ ਨੌਜਵਾਨ ਉਥੋਂ ਦੀ ਫੌਜ ਵਿਚ ਭਰਤੀ ਹੋਣ ਨੂੰ ਤਰਜੀਹ ਦੇ ਰਹੇ ਹਨ। ਪੰਜਾਬ ਤੋਂ ਯੂ.ਕੇ. ਪੜ੍ਹਨ ਗਿਆ ਜਤਿੰਦਰ ਸਿੰਘ ਨਾਂ ਦਾ ਨੌਜਵਾਨ ਹਾਲ ਹੀ 'ਚ ਯੂ.ਕੇ. ਦੀ ਆਰਮੀ ਮੈਡੀਕਲ ਕੋਰ ਵਿਚ ਭਰਤੀ ਹੋਇਆ ਹੈ। ਉਹ ਜ਼ਿਲ੍ਹਾ ਗੁਰਦਾਸਪੁਰ ਅਧੀਨ ਪੈਂਦੀ ਤਹਿਸੀਲ ਬਟਾਲਾ ਦੇ ਪਿੰਡ ਸ਼ੇਖੂਪੁਰਾ ਦੇ ਡਾ. ਕੁਲਵਿੰਦਰ ਸਿੰਘ ਤੇ ਪਰਮਿੰਦਰ ਕੌਰ ਦਾ ਪੁੱਤਰ ਹੈ। ਜਤਿੰਦਰ ਕੁਝ ਸਾਲ ਪਹਿਲਾਂ ਯੂ.ਕੇ. ਦੀ ਧਰਤੀ 'ਤੇ ਪੜ੍ਹਾਈ ਲਈ ਗਿਆ ਸੀ।

ਭਾਵੇਂ ਯੂ.ਕੇ. ਦੀ ਫੌਜ ਵਿਚ ਪਹਿਲਾਂ ਵੀ ਕਈ ਪੰਜਾਬੀ ਭਰਤੀ ਹੋ ਚੁੱਕੇ ਹਨ ਪਰ ਜਤਿੰਦਰ ਸਿੰਘ ਪਹਿਲਾ ਅਜਿਹਾ ਪੰਜਾਬੀ ਨੌਜਵਾਨ ਹੈ ਜੋ ਯੂ.ਕੇ. ਦੀ ਆਰਮੀ ਮੈਡੀਕਲ ਕੋਰ ਵਿਚ ਭਰਤੀ ਹੋਣ ਵਾਲਾ ਸਾਬਤ ਸੂਰਤ ਸਿੱਖ ਨੌਜਵਾਨ ਹੈ। ਉਸ ਨੇ ਮੈਡੀਕਲ ਕੋਰ ਵਿਚ ਭਰਤੀ ਹੋਣ ਉਪਰੰਤ ਪਿਛਲੇ ਦਿਨੀਂ ਪਾਸਿੰਗ ਪਰੇਡ ਵੀ ਪਾਸ ਕਰ ਲਈ ਹੈ ਜਿਸ ਤਹਿਤ ਉਹ ਯੂ.ਕੇ. ਮੈਡੀਕਲ ਕੋਰ ਵਿਚ ਭਰਤੀ ਹੋਣ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਇਆ ਪਹਿਲਾ ਸਾਬਤ ਸੂਰਤ ਸਿੱਖ ਭਰਤੀ ਹੋਣ ਦਾ ਮਾਣ ਪ੍ਰਾਪਤ ਕਰ ਚੁੱਕਾ ਹੈ।

ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗਿ ਮਾਹਿ ਪਠਾਇਆ॥
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ॥

# ਸਮੂਹ ਸਿੱਖ ਜਗਤ ਨੂੰ ਜਗਤ ਜਲੰਦੇ ਦੇ ਰਾਖੇ ਅਤੇ ਸੱਚ ਦਾ ਹੋਕਾ ਦੇਣ ਵਾਲੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ ਲੱਖ ਵਧਾਈ



**ਹਰਦੇਵ ਸਿੰਘ ਤੱਖਰ, ਪ੍ਰਧਾਨ**
**ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਕੈਲੀਫੋਰਨੀਆ**

# ਕਬੱਡੀ ਦੇ ਜਨੂੰਨ ਅੱਗੇ ਸਿਆਸਤ ਰੁਲੀ; ਪੰਜਾਬ ਖੇਡ ਰੰਗ 'ਚ ਰੰਗਿਆ

**ਚੰਡੀਗੜ (ਬਿਊਰੋ):** ਅਕਾਲੀ-ਭਾਜਪਾ ਸਰਕਾਰ ਨੇ ਕਬੱਡੀ ਨੂੰ ਸਿਆਸੀ ਸੰਦ ਵਜੋਂ ਵਰਤਣ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਪੰਜਾਬ ਦੇ ਲੋਕਾਂ 'ਚ ਮਾਂ ਖੇਡ ਕਬੱਡੀ ਦੇ ਜਾਨੂੰਨ ਸਾਹਮਣੇ ਇਹ ਸਿਆਸੀ ਚਾਲ ਕੋਈ ਬਾਹਲੀ ਕਾਰਗਰ ਸਾਬਤ ਨਹੀਂ ਹੋ ਰਹੀ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ 'ਚ ਹੋ ਰਹੇ ਦੂਜੇ ਵਿਸ਼ਵ ਕਬੱਡੀ ਕੱਪ ਦੇ ਮੈਚਾਂ ਨੂੰ ਵੇਖਣ ਲਈ ਲੋਕ ਬਿਨਾਂ ਕਿਸੇ 'ਸਿਆਸੀ ਪ੍ਰਵਾਹ' ਦੇ ਹੁੰਮ ਹਮਾ ਕੇ ਪੁੱਜ ਰਹੇ ਹਨ। ਆਮ ਲੋਕਾਂ 'ਚ ਵੀ ਖਿਡਾਰੀਆਂ ਬਾਰੇ ਹੀ ਚਰਚਾ ਤੇ ਉਤਸ਼ਾਹ ਹੈ ਤੇ ਕਬੱਡੀ ਕੱਪ ਕੌਣ ਕਰਵਾ ਰਿਹਾ, ਇਸ ਬਾਰੇ ਕੁਝ ਲੈਣਾ-ਦੇਣਾ ਨਹੀਂ। ਕਬੱਡੀ ਮੈਚ ਵੇਖਣ ਲਈ ਹਰ ਪਾਰਟੀ ਨਾਲ ਸਬੰਧਤ ਤੇ ਸਿਆਸੀ ਵਿਚਾਰ ਰੱਖਣ ਵਾਲੇ ਲੋਕ ਖੇਡ ਮੈਦਾਨਾਂ 'ਚ ਪੁੱਜ ਰਹੇ ਹਨ। ਲੋਕਾਂ ਦੇ ਰਵੱਈਏ ਨੂੰ ਵੇਖਦਿਆਂ ਹੁਣ ਸਿਆਸੀ ਆਗੂਆਂ ਨੇ ਵੀ ਖਿਡਾਰੀਆਂ ਨਾਲ ਰਸਮੀ ਜਾਣ-ਪਛਾਣ ਤੋਂ ਬਾਅਦ ਤਕਰੀਰਾਂ ਰਾਹੀਂ ਸਰਕਾਰ ਦੇ ਸੋਹਲੇ ਗਾਉਣੇ ਛੱਡ ਦਿੱਤੇ ਹਨ।

ਉਧਰ ਤਕਨੀਕੀ ਕਾਰਨਾਂ ਕਰਕੇ ਕੁਝ ਮੁਕਾਬਲਿਆਂ ਦੀਆਂ ਥਾਵਾਂ ਬਦਲ ਦਿੱਤੀਆਂ ਗਈਆਂ ਹਨ। ਵਿਸ਼ਵ ਕਬੱਡੀ ਕੱਪ ਦੇ ਪ੍ਰਬੰਧਕੀ ਸਕੱਤਰ ਪਰਗਟ ਸਿੰਘ ਨੇ ਦੱਸਿਆ ਕਿ 10 ਨਵੰਬਰ ਤੋਂ ਹੋਣ ਵਾਲੇ ਕੁਝ ਮੁਕਾਬਲਿਆਂ ਦੀਆਂ ਥਾਵਾਂ ਬਦਲੀਆਂ ਗਈਆਂ ਹਨ ਜਿਨ੍ਹਾਂ 'ਚ 15 ਨਵੰਬਰ ਨੂੰ ਮਾਨਸਾ ਵਿਖੇ ਖੇਡਿਆ ਜਾਣ ਵਾਲਾ ਭਾਰਤ ਤੇ ਕੈਨੇਡਾ ਦਾ ਮੈਚ ਹੁਣ 10 ਨਵੰਬਰ ਨੂੰ ਦੋਦਾ (ਮੁਕਤਸਰ) ਵਿਖੇ ਹੋਵੇਗਾ। ਜ਼ਿਕਰਯੋਗ ਹੈ ਕਿ ਇਸ ਵਿਸ਼ਵ ਕੱਪ 'ਚ ਪੁਰਸ਼ਾਂ ਦੀਆਂ 14 ਤੇ ਔਰਤਾਂ ਦੀਆਂ 4 ਟੀਮਾਂ ਹਿੱਸਾ ਲੈ ਰਹੀਆਂ ਹਨ। ਪੁਰਸ਼ਾਂ ਦੇ ਏ ਪੂਲ 'ਚ ਭਾਰਤ, ਕੈਨੇਡਾ, ਆਸਟ੍ਰੇਲੀਆ, ਯੂ.ਕੇ. ਅਫਗਾਨਿਸਤਾਨ, ਜਰਮਨੀ ਤੇ ਨੇਪਾਲ ਦੀਆਂ ਟੀਮਾਂ ਹਨ ਤੇ ਪੂਲ ਬੀ 'ਚ



ਪਾਕਿਸਤਾਨ, ਅਮਰੀਕਾ, ਇਟਲੀ, ਅਰਜਨਟੀਨਾ, ਨਾਰਵੇ, ਸਪੇਨ ਤੇ ਸ੍ਰੀਲੰਕਾ ਦੀਆਂ ਟੀਮਾਂ ਸ਼ਾਮਲ ਹਨ। ਔਰਤਾਂ ਦੇ ਵਰਗ 'ਚ ਭਾਰਤ, ਅਮਰੀਕਾ, ਯੂ.ਕੇ. ਤੇ ਤੁਰਕਮੇਨਿਸਤਾਨ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ।

ਸ. ਪਰਗਟ ਸਿੰਘ ਨੇ ਦੱਸਿਆ ਕਿ 10 ਨਵੰਬਰ ਨੂੰ ਮੁਕਤਸਰ ਜਿਲ੍ਹੇ ਦੇ ਦੋਦਾ ਕਸਬੇ ਵਿਖੇ ਦੁਪਹਿਰ 1 ਤੋਂ ਸ਼ਾਮ 5.30 ਤੱਕ ਆਸਟਰੇਲੀਆ ਬਨਾਮ ਯੂ.ਕੇ. , ਅਫਗਾਨਿਸਤਾਨ ਬਨਾਮ ਜਰਮਨੀ ਤੇ ਭਾਰਤ ਬਨਾਮ ਕੈਨੇਡਾ ਦੇ ਮੁਕਾਬਲੇ ਹੋਣਗੇ। ਇਸ ਤੋਂ ਇਲਾਵਾ 11 ਨਵੰਬਰ ਨੂੰ ਅੰਮ੍ਰਿਤਸਰ ਵਿਖੇ ਅਰਜਨਟੀਨਾ ਬਨਾਮ ਸ੍ਰੀਲੰਕਾ , ਪਾਕਿਸਤਾਨ ਬਨਾਮ ਨਾਰਵੇ ਤੇ ਅਮਰੀਕਾ ਬਨਾਮ ਸਪੇਨ ਤੋਂ ਇਲਾਵਾ ਔਰਤਾਂ ਦੇ ਵਰਗ 'ਚ ਭਾਰਤ ਬਨਾਮ ਤੁਰਕਮੇਨਿਸਤਾਨ ਮੈਚ ਸ਼ਾਮ 5.30 ਤੋਂ 10.30 ਵਜੇ ਤੱਕ ਖੇਡਿਆ ਜਾਵੇਗਾ। 12 ਨਵੰਬਰ ਨੂੰ ਦੁਪਹਿਰ 12.30 ਵਜੇ ਤੋਂ ਸ਼ਾਮ 5 ਵਜੇ ਤੱਕ ਕੈਨੇਡਾ ਬਨਾਮ ਨੇਪਾਲ, ਆਸਟਰੇਲੀਆ ਬਨਾਮ ਅਫਗਾਨਿਸਤਾਨ ਤੇ ਯੂ.ਕੇ. ਬਨਾਮ ਜਰਮਨੀ ਤੋਂ ਇਲਾਵਾ ਔਰਤਾਂ ਦੇ ਵਰਗ 'ਚ ਯੂ.ਕੇ. ਬਨਾਮ ਭਾਰਤ ਮੈਚ ਖੇਡਿਆ ਜਾਵੇਗਾ। 13 ਨਵੰਬਰ ਨੂੰ ਆਰਾਮ ਦਾ ਦਿਨ ਰੱਖਿਆ ਗਿਆ ਹੈ। 14 ਨਵੰਬਰ ਨੂੰ ਹੁਸ਼ਿਆਰਪੁਰ ਵਿਖੇ ਬਾਅਦ ਦੁਪਹਿਰ 12.30 ਤੋਂ ਸ਼ਾਮ 5.15 ਵਜੇ ਤੱਕ ਅਮਰੀਕਾ ਬਨਾਮ ਸ੍ਰੀਲੰਕਾ, ਅਰਜਨਟੀਨਾ ਬਨਾਮ ਸਪੇਨ, ਇਟਲੀ ਬਨਾਮ ਨਾਰਵੇ ਤੋਂ ਇਲਾਵਾ ਔਰਤਾਂ ਦੇ ਵਰਗ ਅਮਰੀਕਾ ਤੇ ਤੁਰਕਮੇਨਿਸਤਾਨ ਦੀਆਂ ਟੀਮਾਂ 'ਚ ਮੈਚ ਖੇਡਿਆ ਜਾਵੇਗਾ।

15 ਨਵੰਬਰ ਨੂੰ ਮਾਨਸਾ ਵਿਖੇ ਦੁਪਹਿਰ 12.30 ਤੋਂ ਸ਼ਾਮ 5.15 ਤੱਕ ਯੂ.ਕੇ. ਬਨਾਮ ਨੇਪਾਲ, ਭਾਰਤ ਬਨਾਮ ਅਫਗਾਨਿਸਤਾਨ ਤੇ ਕੈਨੇਡਾ ਬਨਾਮ ਜਰਮਨੀ ਤੋਂ ਇਲਾਵਾ ਔਰਤਾਂ ਦੇ ਵਰਗ ਅਮਰੀਕਾ ਤੇ ਯੂ.ਕੇ. ਦੀਆਂ ਟੀਮਾਂ 'ਚ ਮੁਕਾਬਲਾ ਹੋਵੇਗਾ। 16 ਨਵੰਬਰ ਨੂੰ ਜਲੰਧਰ ਵਿਖੇ ਸ਼ਾਮ 5.30 ਵਜੇ ਤੋਂ ਰਾਤ 10.30 ਵਜੇ ਤੱਕ ਇਟਲੀ ਬਨਾਮ ਸ੍ਰੀਲੰਕਾ , ਯੂ.ਐਸ.ਏ. ਬਨਾਮ ਨਾਰਵੇ ਤੇ ਪਾਕਿਸਤਾਨ ਬਨਾਮ ਸਪੇਨ ਤੋਂ ਇਲਾਵਾ ਔਰਤਾਂ ਦੇ ਵਰਗ 'ਚ ਯੂ.ਕੇ. ਬਨਾਮ ਤੁਰਕਮੇਨਿਸਤਾਨ ਮੈਚ ਖੇਡਿਆ ਜਾਵੇਗਾ। 17 ਨਵੰਬਰ ਆਰਾਮ ਦਾ ਦਿਨ ਰੱਖਿਆ ਗਿਆ ਹੈ।

18 ਨਵੰਬਰ ਨੂੰ ਬਠਿੰਡਾ ਵਿਖੇ ਸ਼ਾਮ 5.30 ਤੋਂ ਰਾਤ 10 ਵਜੇ ਤੱਕ ਔਰਤਾਂ ਦੇ ਵਰਗ 'ਚ ਪਹਿਲਾਂ ਭਾਰਤ ਬਨਾਮ ਅਮਰੀਕਾ ਮੈਚ ਹੋਵੇਗਾ ਜਦੋਂ ਕਿ ਪੁਰਸ਼ਾਂ ਦੇ ਸੈਮੀਫਾਈਨਲ ਮੁਕਾਬਲੇ ਏ ਪੂਲ ਦੀ ਜੇਤੂ ਟੀਮ ਦਾ ਬੀ ਪੂਲ ਦੀ ਉਪ ਜੇਤੂ ਟੀਮ ਨਾਲ ਤੇ ਬੀ ਪੂਲ ਦੀ ਜੇਤੂ ਟੀਮ ਦਾ ਏ ਪੂਲ ਦੀ ਉਪ ਜੇਤੂ ਟੀਮ ਨਾਲ ਹੋਵੇਗਾ। 19 ਨਵੰਬਰ ਆਰਾਮ ਦਾ ਦਿਨ ਹੋਵੇਗਾ। 20 ਨਵੰਬਰ ਨੂੰ ਲੁਧਿਆਣਾ ਵਿਖੇ ਸ਼ਾਮ 4.30 ਤੋਂ 5.30 ਤੱਕ ਪੁਰਸ਼ਾਂ ਦੇ ਵਰਗ 'ਚ ਤੀਸਰੇ ਤੇ ਚੌਥੇ ਸਥਾਨ ਲਈ ਮੁਕਾਬਲਾ ਹੋਵੇਗਾ ਜਦੋਂ ਕਿ ਸ਼ਾਮ 6 ਵਜੇ ਤੋਂ ਰਾਤ 10.30 ਵਜੇ ਤੱਕ ਪਹਿਲਾਂ ਔਰਤਾਂ ਦੇ ਵਰਗ ਦਾ ਫਾਈਨਲ ਤੇ ਫਿਰ ਪੁਰਸ਼ ਵਰਗ ਦਾ ਫਾਈਨਲ ਮੁਕਾਬਲਾ ਹੋਵੇਗਾ।

## ਕਬੱਡੀ ਦੇ ਜਲੌਅ ਸਾਹਮਣੇ ਕ੍ਰਿਕਟ ਫਿੱਕੀ

**ਚੰਡੀਗੜ੍ਹ:** ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਕਰਵਾਏ ਜਾ ਰਹੇ ਦੂਜੇ ਪਰਲਜ਼ ਵਿਸ਼ਵ ਕੱਪ ਕਬੱਡੀ 2011 ਦੇ ਲੀਗ ਮੈਚ ਜਿਉਂ-ਜਿਉਂ ਖੇਡੇ ਜਾ ਰਹੇ ਤਿਉਂ ਤਿਉਂ ਕਬੱਡੀ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਹਰ ਸ਼ਹਿਰ ਵਿਚ ਸਟੇਡੀਅਮ ਦੀ ਸਮਰੱਥਾ ਨਾਲੋਂ ਵੱਧ ਰਿਕਾਰਡ ਤੋੜ ਇਕੱਠ ਹੋ ਰਿਹਾ ਹੈ ਤੇ ਵੀ.ਆਈ.ਪੀ. ਦਰਸ਼ਕਾਂ ਵਿਚ ਵੀ ਵੀ.ਆਈ.ਪੀ. ਪਾਸ ਲੈਣ ਦੀ ਹੋੜ ਲੱਗੀ ਹੋਈ ਹੈ।

ਭਾਰਤ ਤੇ ਵੈਸਟ ਇੰਡੀਜ਼ ਦੀਆਂ ਕ੍ਰਿਕਟ ਟੀਮਾਂ ਵਿਚਾਲੇ ਟੈਸਟ ਮੈਚ ਮੁਕਾਬਲੇ ਪੰਜਾਬ ਦੇ ਦਰਸ਼ਕ ਟੀ.ਵੀ. ਉਪਰ ਕਬੱਡੀ ਮੈਚ ਦੇਖਣ ਨੂੰ ਤਰਜੀਹ ਦੇ ਰਹੇ ਹਨ। ਬਾਜ਼ਾਰਾਂ ਵਿਚ ਵੱਡੀਆਂ ਸਕਰੀਨਾਂ ਉਪਰ ਕ੍ਰਿਕਟ ਦੀ ਬਜਾਏ ਕਬੱਡੀ ਦੇ ਦਿਲ ਖਿੱਚਵੇਂ ਮੈਚ ਦਰਸ਼ਕਾਂ ਦੀ ਪਹਿਲੀ ਪਸੰਦ ਬਣੇ ਹੋਏ ਹਨ। ਫਰੀਦਕੋਟ, ਗੁਰਦਾਸਪੁਰ, ਢੁੱਡੀਕੇ, ਰੂਪਨਗਰ ਤੇ ਸੰਗਰੂਰ ਵਿਖੇ ਹੋਏ ਮੈਚਾਂ ਵਿਚ ਇਕੱਠ ਨੇ ਸਾਰੇ ਰਿਕਾਰਡ ਤੋੜ ਦਿੱਤੇ। ਹੋਰ ਤਾਂ ਹੋਰ ਗੁਰਦਾਸਪੁਰ ਤੇ ਸੰਗਰੂਰ ਵਿਖੇ ਸਟੇਡੀਅਮ ਵਿਚ ਸਮਰੱਥਾ ਤੋਂ ਵੱਧ ਇਕੱਠ ਹੋਣ ਕਾਰਨ ਸਟੇਡੀਅਮ ਦੀ ਬਾਹਰੀ ਕੰਧ ਦੇ ਨਾਲ ਬੱਸਾਂ ਖੜ੍ਹੀਆਂ ਕਰ ਕੇ ਉਸ ਦੀਆਂ ਛੱਤਾਂ ਉਪਰ ਬੈਠ ਕੇ ਦਰਸ਼ਕਾਂ ਨੇ ਕਬੱਡੀ ਮੈਚਾਂ ਦਾ ਆਨੰਦ ਮਾਣਿਆ।

ਕਿਸੇ ਵੇਲੇ ਮੁਹਾਲੀ ਵਿਖੇ ਹੋਣ ਵਾਲੇ ਕੌਮਾਂਤਰੀ ਕ੍ਰਿਕਟ ਮੈਚਾਂ ਤੇ ਆਈ.ਪੀ.ਐਲ. ਮੈਚਾਂ ਵੇਲੇ ਟਿਕਟਾਂ ਲਈ ਮਾਰੋ-ਮਾਰੀ ਹੁੰਦੀ ਸੀ ਪਰ ਪਿੱਛੇ ਜਿਹੇ ਭਾਰਤ ਤੇ ਇੰਗਲੈਂਡ ਦੀਆਂ ਕ੍ਰਿਕਟ ਟੀਮਾਂ ਵਿਚਾਲੇ ਖੇਡੇ ਇਕ ਰੋਜ਼ਾ ਮੈਚ ਦੌਰਾਨ ਮੁਹਾਲੀ ਸਟੇਡੀਅਮ ਦਾ ਇਕ ਚੌਥਾਈ ਹਿੱਸਾ ਖਾਲੀ ਪਿਆ ਸੀ ਜਦੋਂਕਿ ਹੁਣ ਕਬੱਡੀ ਮੈਚਾਂ ਦੌਰਾਨ ਸਟੇਡੀਅਮਾਂ ਵਿਚ ਤਿਲ ਸੁੱਟਣ ਦੀ ਜਗ੍ਹਾਂ ਨਹੀਂ ਹੁੰਦੀ। ਕ੍ਰਿਕਟ ਮੈਚਾਂ ਵਾਂਗ ਪੰਜਾਬ ਦੇ ਹਰ ਸ਼ਹਿਰ ਵਿੱਚ ਕਬੱਡੀ ਮੈਚਾਂ ਦੇ ਪਾਸ ਲੈਣ ਦੀ ਹੋੜ ਲੱਗੀ ਹੋਈ ਹੈ। ਹਰ ਸ਼ਹਿਰ ਵਿਚ ਦਰਸ਼ਕਾਂ ਦੇ ਵਧਦੇ ਇਕੱਠ ਕਾਰਨ ਸਟੇਡੀਅਮ ਨੂੰ ਪੁਲਿਸ ਛਾਉਣੀ ਵਿਚ ਬਦਲ ਦਿੱਤਾ ਜਾਂਦਾ ਹੈ।

ਕਬੱਡੀ ਹੁਣ ਹਾਈ-ਟੈਕ ਖੇਡ ਬਣ ਗਈ ਹੈ। ਕਬੱਡੀ ਦੇ ਮੈਚਾਂ ਦਾ ਹੁਣ ਟੀ.ਵੀ. ਉਪਰ ਸਿੱਧਾ ਪ੍ਰਸਾਰਨ ਹੋ ਰਿਹਾ ਹੈ। ਫਸਵੀਂ ਰੇਡ ਨੂੰ ਮੁੜ ਦਿਖਾਉਣ ਲਈ ਰੀਪਲੇਅ ਦਿਖਾਇਆ ਜਾਂਦਾ ਹੈ। ਕਬੱਡੀ ਦੇ ਮੈਚ ਰਾਤ ਸਮੇਂ ਫਲੱਡ ਲਾਈਟਾਂ ਹੇਠ ਖੇਡੇ ਜਾ ਰਹੇ ਹਨ। ਇਲੈਕਟ੍ਰਾਨਿਕ ਸਕੋਰ ਬਰੋਡ 'ਤੇ ਨਾਲੋਂ-ਨਾਲ ਅੰਕ ਦਿਖਾਏ ਜਾਂਦੇ ਹਨ। ਸਭ ਤੋਂ ਅਹਿਮ ਗੱਲ ਖਿਡਾਰੀਆਂ ਵੱਲੋਂ ਇਤਰਾਜ਼ ਪ੍ਰਗਟਾਏ ਜਾਣ 'ਤੇ ਤੀਜੇ ਅੰਪਾਇਰ ਵੱਲੋਂ ਟੀ.ਵੀ. ਰਿਪਲੇਅ ਨਾਲ ਅੰਕ ਦਾ ਫੈਸਲਾ ਕੀਤਾ ਜਾਂਦਾ ਹੈ।



# ਕਬੱਡੀ ਖਿਡਾਰੀਆਂ ਦੇ ਟੈਂਟੂ ਹੋਏ ਮਕਬੂਲ



**ਚੰਡੀਗੜ੍ਹ:** ਵਿਸ਼ਵ ਕੱਪ ਕਬੱਡੀ ਦੇ ਮੈਚਾਂ ਦੌਰਾਨ ਜਿਥੇ ਦਰਸ਼ਕਾਂ ਨੂੰ ਫਸਵੇਂ ਮੁਕਾਬਲੇ ਦੇਖਣ ਨੂੰ ਮਿਲ ਰਹੇ ਹਨ, ਉਥੇ ਉਨ੍ਹਾਂ ਵਿਚ ਕਬੱਡੀ ਖਿਡਾਰੀਆਂ ਵੱਲੋਂ ਆਪਣੇ ਸਰੀਰਾਂ 'ਤੇ ਖੁਣਵਾਏ ਟੈਂਟੂ ਵੀ ਖੂਬ ਮਕਬੂਲ ਹੋ ਰਹੇ ਹਨ। ਭਾਰਤ, ਕੈਨੇਡਾ, ਇੰਗਲੈਂਡ, ਨਾਰਵੇ, ਇਟਲੀ, ਅਮਰੀਕਾ ਟੀਮਾਂ ਵਿਚ ਤਾਂ ਘੱਟੋ-ਘੱਟ 8-10 ਖਿਡਾਰੀਆਂ ਨੇ ਟੈਂਟੂ ਬਣਵਾਏ ਹਨ ਜਿਨ੍ਹਾਂ ਵਿਚ ਸ਼ੇਰ, ਚੀਤੇ, ਖੰਡਾਂ, ਕਿਰਪਾਨਾਂ ਦੇ ਟੈਂਟੂ ਜ਼ਿਆਦਾ ਮਸ਼ਹੂਰ ਹੈ। ਦਰਸ਼ਕ ਉਚੇਚੇ ਤੌਰ 'ਤੇ ਟੈਂਟੂ ਵਾਲੇ ਖਿਡਾਰੀਆਂ ਨੂੰ ਮਿਲ ਕੇ ਜਿਥੇ ਫੋਟੋ ਖਿਚਵਾਉਂਦੇ ਹਨ, ਉਥੇ ਟੈਂਟੂ ਬਣਾਉਣ ਦਾ ਤਰੀਕਾ ਵੀ ਪੁੱਛਦੇ ਹਨ। ਖਿਡਾਰੀਆਂ ਨੇ ਆਪਣੇ ਡੌਲਿਆਂ, ਛਾਤੀਆਂ ਤੇ ਧੌਣਾਂ 'ਤੇ ਸ਼ੇਰਾਂ ਦੇ ਟੈਂਟੂ ਖੁਣਵਾਏ ਹਨ।

ਯੋਗ ਗੁਰੂ ਬਾਬਾ ਰਾਮਦੇਵ ਨੇ ਵੀ ਢੁੱਡੀਕੇ ਵਿਖੇ ਮੈਚ ਦੌਰਾਨ ਇੰਗਲੈਂਡ ਦੇ ਪ੍ਰਸਿੱਧ ਧਾਵੀ ਮੰਗਾ ਮਿੱਠਾਪੁਰੀਆ ਦਾ ਟੈਂਟੂ ਦੇਖਿਆ ਤੇ ਉਸ ਦੀ ਪ੍ਰਸੰਸਾ ਕੀਤੀ। ਮੰਗਾ ਮਿੱਠਾਪੁਰੀਆਂ ਨੇ ਤਾਂ ਆਪਣੇ ਦੋਵੇਂ ਡੌਲਿਆਂ 'ਤੇ ਟੈਂਟੂ ਖੁਣਵਾਏ ਹਨ। ਭਾਰਤੀ ਟੀਮ ਦੇ ਧੱਕੜ ਧਾਵੀ ਦੁੱਲਾ ਸੁਰਖਪੁਰੀਆ ਨੇ ਵੀ ਆਪਣੇ ਡੌਲੇ 'ਤੇ ਸ਼ੇਰ ਖੁਣਵਾਇਆ ਹੋਇਆ ਹੈ। ਕੈਨੇਡਾ ਦੇ ਅਨੁਭਵੀ ਧਾਵੀ ਕਿੰਦਾ ਬਿਹਾਰੀਪੁਰੀਆ ਨੇ ਵੀ ਆਪਣੇ ਖੱਬੇ ਡੌਲੇ 'ਤੇ ਸ਼ੇਰ ਖੁਣਵਾਇਆ ਹੈ।

ਇਟਲੀ ਦੇ ਪ੍ਰਸਿੱਧ ਜਾਫੀ ਬਿੱਟੀ ਪੁਰੇਵਾਲ ਨੇ ਡੌਲੇ 'ਤੇ ਸ਼ੇਰ ਤੇ ਗਿੱਚੀ 'ਤੇ ਖੰਡਾ ਖੁਣਵਾਇਆ ਹੈ। ਭਾਰਤ ਦੇ ਜਾਫੀ ਮੰਗਤ ਸਿੰਘ ਮੰਗੀ ਨੇ ਤਾਂ ਆਪਣੇ ਡੌਲੇ ਉਪਰ ਖੁਦ ਦੀ ਤਸਵੀਰ ਅਤੇ ਖੰਡਾ ਖੁਣਵਾਇਆ ਹੈ। ਅਮਰੀਕੀ ਖਿਡਾਰੀ ਜੌਨੀ ਟੈਂਟੂ ਕਿੰਗ ਨਾਲ ਮਸ਼ਹੂਰ ਹੋ ਰਿਹਾ ਹੈ। ਅਮਰੀਕੀ ਖਿਡਾਰੀਆਂ ਦੇ ਟੈਂਟੂ ਸਭ ਤੋਂ ਵੱਧ ਮਕਬੂਲ ਹੋ ਰਹੇ ਹਨ। ਅਮਰੀਕਾ ਦੇ ਸੰਨੀ ਕੰਧੋਲਾ ਨੇ ਪੂਰਾ ਸਰੀਰ ਹੀ ਟੈਂਟੂ ਨਾਲ ਭਰਿਆ ਹੋਇਆ ਹੈ। ਸੰਨੀ ਦੀ ਛਾਤੀ 'ਤੇ ਬਾਜ਼, ਡੌਲਿਆਂ 'ਤੇ ਸ਼ੇਰ, ਖੰਡਾ ਅਤੇ ਆਪਣਾ ਨਾਂ ਤੇ ਧੌਣ 'ਤੇ ਵੀ ਟੈਂਟੂ ਖੁਣਵਾਇਆ ਹੈ। ਅਮਰੀਕਾ ਦੇ ਬਹੁਤੇ ਖਿਡਾਰੀਆਂ ਨੇ ਕਈ-ਕਈ ਟੈਂਟੂ ਖੁਣਵਾਏ ਹਨ।

ਪਾਕਿਸਤਾਨ, ਸ੍ਰੀਲੰਕਾ, ਅਫਗਾਨਿਸਤਾਨ ਤੇ ਅਰਜਨਟਾਈਨਾ ਦੇ ਖਿਡਾਰੀਆਂ ਵਿਚ ਟੈਂਟੂ ਦਾ ਸ਼ੌਕ ਘੱਟ ਹੈ। ਵਿਸ਼ਵ ਕੱਪ ਵਿਚ ਹੋਰਾਂ ਖਿਡਾਰੀਆਂ ਦੇ ਟੈਂਟੂ ਦੇਖ ਕੇ ਇਨ੍ਹਾਂ ਮੁਲਕਾਂ ਦੇ ਖਿਡਾਰੀ ਵੀ ਟੈਂਟੂ ਬਣਾਉਣ ਦੀ ਇੱਛਾ ਜਾਗੀ ਹੈ। ਟੈਂਟੂ ਖੁਣਵਾਉਣ ਦਾ ਵੀ ਇਕ ਵੱਡਾ ਵਪਾਰ ਬਣ ਗਿਆ ਹੈ। ਖਿਡਾਰੀਆਂ ਅਨੁਸਾਰ ਇਕ-ਇਕ ਟੈਂਟੂ ਇਕ ਹਜ਼ਾਰ ਤੋਂ ਲੈ ਕੇ 10 ਹਜ਼ਾਰ ਦਾ ਬਣਦਾ ਹੈ। ਟੈਂਟੂ ਬਣਵਾਉਣ ਵਾਲੇ ਵੀ ਖਿਡਾਰੀਆਂ ਨਾਲ ਰਾਬਤਾ ਕਾਇਮ ਕਰਦੇ ਆ ਰਹੇ ਹਨ।

# ਕਬੱਡੀ ਕੱਪ ਦੇ ਚਾਰ ਖ਼ਿਡਾਰੀ ਡੋਪ ਦਾ ਸ਼ਿਕਾਰ

**ਚੰਡੀਗੜ੍ਹ:** ਵਿਸ਼ਵ ਕਬੱਡੀ ਕੱਪ 'ਚ ਹਿੱਸਾ ਲੈ ਰਹੇ ਵੱਖ-ਵੱਖ ਦੇਸ਼ਾਂ ਦੇ ਚਾਰ ਖਿਡਾਰੀਆਂ ਦੇ ਡੋਪ ਟੈਸਟ ਪਾਜ਼ੀਟਿਵ ਪਾਏ ਜਾਣ ਕਾਰਨ ਉਨ੍ਹਾਂ ਨੂੰ ਟੂਰਨਾਮੈਂਟ 'ਚੋਂ ਆਰਜ਼ੀ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ। ਖੇਡ ਵਿਭਾਗ ਪੰਜਾਬ ਦੇ ਨਿਰਦੇਸ਼ਕ ਤੇ ਵਿਸ਼ਵ ਕਬੱਡੀ ਕੱਪ ਦੇ ਐਂਟੀ ਡੋਪਿੰਗ ਡਿਸਪਲਨਰੀ ਪੈਨਲ ਦੇ ਚੇਅਰਮੈਨ ਪ੍ਰਗਟ ਸਿੰਘ ਨੇ ਦੱਸਿਆ ਕਿ ਵਿਸ਼ਵ ਕੱਪ ਦੇ ਪਹਿਲੇ ਦਿਨ ਫਰੀਦਕੋਟ ਵਿਖੇ ਹੋਏ ਮੈਚਾਂ ਦੌਰਾਨ ਜਿਨ੍ਹਾਂ 12 ਖਿਡਾਰੀਆਂ ਦੇ ਡੋਪ ਟੈਸਟ ਕੀਤੇ ਗਏ ਸਨ, ਉਨ੍ਹਾਂ 'ਚੋਂ ਆਸਟਰੇਲੀਆ ਦੇ ਦੋ, ਜਰਮਨੀ ਤੇ ਕੈਨੇਡਾ ਦੇ ਇਕ-ਇਕ ਖਿਡਾਰੀ ਦਾ ਪਹਿਲਾ ਨਮੂਨਾ ਪਾਜ਼ੀਟਿਵ ਪਾਇਆ ਗਿਆ ਹੈ।

ਇਨ੍ਹਾਂ ਖਿਡਾਰੀਆਂ ਨੂੰ ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਵੱਲੋਂ ਜਾਰੀ ਕੀਤਾ ਗਿਆ ਪਹਿਲਾਂ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਕਤ ਖਿਡਾਰੀਆਂ ਨੂੰ 7 ਦਿਨਾਂ ਦੇ ਅੰਦਰ-ਅੰਦਰ ਨਿਯਮਾਂ ਅਨੁਸਾਰ 'ਬੀ' ਸੈਂਪਲਿੰਗ ਕਰਵਾਉਣ ਦਾ ਆਦੇਸ਼ ਦਿੱਤਾ ਗਿਆ ਹੈ ਜਿਸ ਤਹਿਤ ਉਹ ਆਪਣੇ ਆਪ ਨੂੰ ਡੋਪ ਮੁਕਤ ਸਾਬਿਤ



ਕਰਨ ਲਈ ਦਾਅਵੇਦਾਰੀ ਪੇਸ਼ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਵਿਸ਼ਵ ਕੱਪ ਤੋਂ ਪਹਿਲਾਂ 20 ਭਾਰਤੀ ਖਿਡਾਰੀਆਂ ਦੇ 'ਏ' ਨਮੂਨੇ ਪਾਜ਼ੀਟਿਵ ਪਾਏ ਗਏ ਸਨ ਤੇ 4 ਖਿਡਾਰੀਆਂ ਦੇ 'ਬੀ' ਨਮੂਨੇ ਵੀ ਪਾਜ਼ੀਟਿਵ ਪਾਏ ਜਾ ਚੁੱਕੇ ਹਨ। ਵਿਸ਼ਵ ਕੱਪ ਤੋਂ ਪਹਿਲਾਂ ਖੇਡ ਵਿਭਾਗ ਪੰਜਾਬ ਨੇ ਨਾਡਾ ਨਾਲ 200 ਖਿਡਾਰੀਆਂ ਦੇ ਡੋਪ ਟੈਸਟ ਕਰਾਉਣ ਦਾ ਕਰਾਰਨਾਮਾ ਕੀਤਾ ਸੀ ਅਤੇ ਹੁਣ ਤੱਕ 153 ਖਿਡਾਰੀਆਂ ਦੇ ਡੋਪ ਟੈਸਟ ਹੋ ਚੁੱਕੇ ਹਨ।

ਪੰਜਾਬ ਸਰਕਾਰ ਵੱਲੋਂ ਵਿਸ਼ਵ ਕੱਪ ਕਬੱਡੀ ਨੂੰ ਪੂਰਨ ਤੌਰ 'ਤੇ ਡੋਪ ਮੁਕਤ ਕਰਨ ਦੇ ਟੀਚੇ ਨੂੰ ਪੂਰਾ ਕਰਨ ਲਈ ਵਿਸ਼ਵ ਕੱਪ ਦੀ ਡੋਪ ਕੰਟਰੋਲ ਕਮੇਟੀ ਵੱਲੋਂ ਲਗਾਤਾਰ ਕੀਤੇ ਜਾ ਰਹੇ ਡੋਪ ਟੈਸਟਾਂ ਦੌਰਾਨ ਚਾਰ ਖਿਡਾਰੀਆਂ ਦੇ ਡੋਪਿੰਗ ਦੇ ਦੋਸ਼ੀ ਪਾਏ ਜਾਣ ਤੋਂ ਬਾਅਦ ਕਮੇਟੀ ਹੋਰ ਸਾਵਧਾਨ ਹੋ ਗਈ ਹੈ।

ਚੋਹਲਾ ਸਾਹਿਬ (ਤਰਨਤਾਰਨ) ਵਿਖੇ ਖੇਡਣ ਵਾਲੀਆਂ ਟੀਮਾਂ ਸਮੇਤ ਹੁਣ ਤੱਕ ਵਿਸ਼ਵ ਕੱਪ ਵਿੱਚ ਕੁੱਲ 72 ਖਿਡਾਰੀਆਂ ਦੇ ਡੋਪ ਟੈਸਟ ਲਏ ਗਏ। ਹੁਣ ਤੱਕ ਆਈਆਂ ਰਿਪੋਰਟਾਂ ਵਿਚ ਚਾਰ ਖਿਡਾਰੀ ਦੋਸ਼ੀ ਪਾਏ ਗਏ ਹਨ ਜਿਨ੍ਹਾਂ ਵਿਚ ਆਸਟਰੇਲੀਆ ਦੇ ਦੋ ਤੇ ਕੈਨੇਡਾ ਤੇ ਜਰਮਨੀ ਦਾ ਇਕ-ਇਕ ਖਿਡਾਰੀ ਸ਼ਾਮਲ ਹੈ। ਚਾਰੇ ਖਿਡਾਰੀਆਂ ਨੂੰ ਇਕ ਵਾਰ ਮੁਅੱਤਲ ਕਰ ਦਿੱਤਾ ਹੈ।

ਡੋਪ ਕੰਟਰੋਲ ਕਮੇਟੀ ਦੇ ਕਨਵੀਨਰ ਡਾ. ਮੁਨੀਸ਼ ਨੇ ਕਿਹਾ ਕਿ ਚਾਰ ਖਿਡਾਰੀਆਂ ਦੇ ਡੋਪਿੰਗ ਦੇ ਦੋਸ਼ੀ ਪਾਏ ਜਾਣ ਤੋਂ ਬਾਅਦ ਕਮੇਟੀ ਹੋਰ ਸਾਵਧਾਨ ਹੋ ਗਈ ਹੈ।

ਨੈਸ਼ਨਲ ਐਂਟੀ ਡੋਪਿਗ ਏਜੰਸੀ (ਨਾਡਾ) ਤੇ ਡੋਪ ਕੰਟਰੋਲ ਕਮੇਟੀ ਵੱਲੋਂ ਡੋਪ ਕੰਟਰੋਲ ਸਟੇਸ਼ਨਾਂ 'ਤੇ ਕੰਮ ਕਰੇ ਰਹੇ ਵਲੰਟੀਅਰਾਂ ਨੂੰ ਪੂਰੀ ਚੌਕਸੀ ਰੱਖਣ ਦੇ ਹੁਕਮ ਦਿੱਤੇ ਗਏ ਤੇ ਕਿਸੇ ਪ੍ਰਕਾਰ ਦੀ ਕੋਈ ਵੀ ਢਿੱਲ-ਮੱਠ ਨਾ ਵਰਤਣ ਨੂੰ ਕਿਹਾ ਹੈ।

ਡਾ. ਮੁਨੀਸ਼ ਨੇ ਦੱਸਿਆ ਕਿ ਹਰ ਖਿਡਾਰੀ ਦਾ ਇਕ ਵਾਰ ਡੋਪ ਟੈਸਟ ਪਾਜ਼ੇਟਿਵ ਪਾਏ ਜਾਣ ਤੋਂ ਬਾਅਦ ਬੀ ਸੈਂਪਲ ਲਿਆ ਜਾਂਦਾ ਹੈ ਜਿਸ ਤੋਂ ਬਾਅਦ ਅੰਤਿਮ ਫੈਸਲਾ ਆ ਜਾਂਦਾ ਹੈ। ਵਿਸ਼ਵ ਕੱਪ ਦੌਰਾਨ ਸਾਰੇ ਖਿਡਾਰੀਆਂ ਦੇ ਡੋਪ ਟੈਸਟ ਨਾਡਾ ਵੱਲੋਂ ਲਏ ਜਾਂਦੇ ਹਨ ਜਿਹੜੀ ਦੇਸ਼ ਦੀ ਸਭ ਤੋਂ ਵੱਡੀ ਡੋਪ ਵਿਰੋਧੀ ਸੰਸਥਾ ਹੈ।

# ਅਮਰੀਕਾ ਨੇ ਲਗਾਈ ਜਿੱਤ ਦੀ ਹੈਟ੍ਰਿਕ, ਪਾਕਿਸਤਾਨ ਤੇ ਸਪੇਨ ਨੇ ਵੀ ਜਿੱਤੇ ਮੈਚ

**ਚੋਹਲਾ ਸਾਹਿਬ (ਤਰਨਤਾਰਨ):** ਇਤਿਹਾਸਕ ਪਿੰਡ ਚੋਹਲਾ ਸਾਹਿਬ ਦੇ ਸ੍ਰੀ ਗੁਰੂ ਅਰਜਨ ਦੇਵ ਜੀ ਖੇਡ ਸਟੇਡੀਅਮ ਵਿਖੇ ਦੂਜੇ ਪਰਲਜ਼ ਵਿਸ਼ਵ ਕੱਪ ਕਬੱਡੀ-2011 ਦੇ ਪੂਲ 'ਬੀ' ਦੇ 7 ਨਵੰਬਰ ਨੂੰ ਹੋਏ ਮੈਚਾਂ ਵਿਚ ਅਮਰੀਕਾ ਨੇ ਜਿੱਤ ਦੀ ਹੈਟ੍ਰਿਕ ਜੜਦਿਆਂ ਅਰਜਨਟਾਈਨਾ ਨੂੰ 71-17 ਨਾਲ ਹਰਾਇਆ। ਪਾਕਿਸਤਾਨ ਤੇ ਸਪੇਨ ਨੇ ਵੀ ਆਪੋ-ਆਪਣੇ ਲੀਗ ਮੈਚ ਜਿੱਤਦਿਆਂ ਕ੍ਰਮਵਾਰ ਇਟਲੀ ਨੂੰ 50-37 ਅਤੇ ਸ੍ਰੀਲੰਕਾ ਨੂੰ 70-26 ਨਾਲ ਹਰਾਇਆ। ਇਨ੍ਹਾਂ ਮੈਚਾਂ ਦੇ ਮੁੱਖ ਮਹਿਮਾਨ ਵਜੋਂ ਪੁੱਜੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਪਾਕਿਸਤਾਨ ਤੇ ਇਟਲੀ ਦੀਆਂ ਟੀਮਾਂ ਨਾਲ ਜਾਣ ਪਛਾਣ ਕੀਤੀ।

ਖਚਾਖਚ ਭਰੇ ਸਟੇਡੀਅਮ ਦੌਰਾਨ ਦਰਸ਼ਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਅਗਲੇ ਸਾਲ ਕਰਵਾਏ ਜਾਣ ਵਾਲੇ ਤੀਜੇ ਵਿਸ਼ਵ ਕੱਪ ਤੋਂ ਪਹਿਲਾਂ ਚੋਹਲਾ ਸਾਹਿਬ ਦੇ ਸ੍ਰੀ ਗੁਰੂ ਅਰਜਨ ਦੇਵ ਜੀ ਖੇਡ ਸਟੇਡੀਅਮ ਵਿਖੇ ਫਲੱਡ ਲਾਈਟਾਂ ਵਾਲਾ ਅਤਿ ਆਧੁਨਿਕ ਸਟੇਡੀਅਮ ਬਣਾ ਦਿੱਤਾ ਜਾਵੇਗਾ ਅਤੇ ਤੀਜੇ ਵਿਸ਼ਵ ਕੱਪ ਦੇ ਮੈਚ ਇਸੇ ਸਟੇਡੀਅਮ ਵਿਚ ਰਾਤ ਸਮੇਂ ਫਲੱਡ ਲਾਈਟਾਂ ਹੇਠ ਖੇਡੇ ਜਾਣਗੇ।

ਸਪੇਨ ਨੇ ਸ੍ਰੀਲੰਕਾ ਨੂੰ ਇਕਪਾਸੜ ਮੁਕਾਬਲੇ ਵਿਚ 70-26 ਨਾਲ ਹਰਾ ਦਿੱਤਾ। ਸ੍ਰੀਲੰਕਾ ਦੀ ਟੀਮ ਵਿਰੁੱਧ ਖੇਡਦਿਆਂ ਸਪੇਨ ਦੀ ਟੀਮ ਨੇ ਸ਼ੁਰੂਆਤ ਵਿਚ ਹੀ ਲੀਡ ਲੈ ਲਈ ਜੋ ਅੰਤ ਤੱਕ ਕਾਇਮ ਰਹੀ। ਸਪੇਨ ਦੀ ਟੀਮ ਅੱਧੇ ਸਮੇਂ ਤੱਕ 37-12 ਨਾਲ ਅੱਗੇ ਸੀ। ਸਪੇਨ ਵੱਲੋਂ ਰੇਡਰ ਜਗਤਾਰ ਪੱਤੜ ਨੇ 11, ਸੁਖਜਿੰਦਰ ਸੈਫਲਾਬਾਦ ਨੇ 10 ਅਤੇ ਯਾਦਵਿੰਦਰ ਸਿੰਘ ਸੋਨੂੰ ਪਤਾਰਾ ਨੇ 9 ਅੰਕ ਬਟੋਰੇ। ਜਾਫੀਆਂ ਵਿਚੋਂ ਕੁਲਦੀਪ ਪੱਡਾ ਤੇ ਸੱਬਾ ਪਰਸਰਾਮਪੁਰ ਨੇ 6-6 ਜੱਫੇ ਲਾਏ। ਸ੍ਰੀਲੰਕਾ ਦੇ ਰੇਡਰ ਅਨੁਰਾਧਿਕਾ ਨੇ 10 ਅੰਕ ਬਟੋਰੇ।

ਦੂਜੇ ਮੈਚ ਵਿਚ ਨੇ ਵਿਸ਼ਵ ਕੱਪ ਵਿਚ ਜਿੱਤ ਦੀ ਹੈਟ੍ਰਿਕ ਜੜਦਿਆਂ ਅਮਰੀਕਾ ਨੇ ਅਰਜਨਟਾਈਨਾ ਨੂੰ 71-17 ਨਾਲ ਹਰਾਇਆ। ਅੱਧੇ ਸਮੇਂ ਤੱਕ ਅਮਰੀਕਾ ਦੀ ਟੀਮ 35-8 ਨਾਲ ਅੱਗੇ ਸੀ। ਅਮਰੀਕਾ ਵੱਲੋਂ ਰੇਡਰ ਇੰਦਰਜੀਤ ਸਿੰਘ ਨੇ 10 ਅਤੇ ਮਨਿੰਦਰ ਮੋਨੀ ਤੇ ਦਲਬੀਰ ਸਿੰਘ ਦੁੱਲਾ ਨੇ 8-8 ਅੰਕ ਬਟੋਰੇ। ਜਾਫੀਆਂ ਵਿਚੋਂ ਜੈਸਿਸ ਐਂਜ਼ਰੋ ਨੇ 9 ਅਤੇ ਬਲਜਿੰਦਰ ਬਿੱਲਾ ਨੇ 7 ਜੱਫੇ ਲਾਏ। ਅਰਜਨਟਾਈਨਾ ਦਾ ਰੇਡਰ ਯੂਰੀ ਮਾਇਰ ਇਸ ਮੈਚ ਵੀ ਛਾਇਆ ਰਿਹਾ। ਯੂਰੀ ਨੇ 9 ਅਤੇ ਲੀਓਨਾਰਡੋ ਨੇ 5 ਅੰਕ ਬਟੋਰੇ।

ਪਾਕਿਸਤਾਨ ਤੇ ਇਟਲੀ ਵਿਚਾਲੇ ਖੇਡਿਆ ਦਿਨ ਦਾ ਤੀਜਾ ਤੇ ਆਖਰੀ ਮੈਚ ਬਹੁਤ ਫਸਵਾਂ ਰਿਹਾ। ਸ਼ੁਰੂਆਤ ਵਿਚ ਦੋਵਾਂ ਟੀਮਾਂ ਨੇ ਬਰਾਬਰੀ ਦਾ ਮੁਕਾਬਲਾ ਕੀਤਾ ਪਰ ਹੌਲੀ-ਹੌਲੀ ਪਾਕਿਸਤਾਨ ਨੇ ਲੀਡ ਬਣਾ ਲਈ ਜੋ ਅੰਤ ਤੱਕ ਕਾਇਮ ਰਹਿੰਦੀ ਹੋਈ ਜੇਤੂ ਸਾਬਤ ਹੋ ਨਿਬੜੀ। ਪਾਕਿਸਤਾਨ ਨੇ ਅਮਰੀਕਾ ਨੂੰ 50-37 ਨਾਲ ਹਰਾ ਦਿੱਤਾ। ਅੱਧੇ ਸਮੇਂ ਤੱਕ ਪਾਕਿਸਤਾਨ ਦੀ ਟੀਮ 27-16 ਨਾਲ ਅੱਗੇ ਸੀ।

ਪਾਕਿਸਤਾਨ ਦੇ ਰੇਡਰ ਐਬਦਉੱਲਾ ਲਾਲਾ ਨੇ 10 ਤੇ ਆਮਿਰ ਇਸਮਾਇਲ ਜੱਟ ਨੇ 8 ਅੰਕ ਬਟੋਰੇ ਜਦੋਂ ਕਿ ਜਾਫੀ ਹਾਮਿਦ ਇਸਮਾਇਲ ਜੱਟ ਨੇ 4 ਜੱਫੇ ਲਾਏ। ਇਟਲੀ ਦੇ ਰੇਡਰ ਕਰਨਜੀਤ ਘੁੱਗਸ਼ੋਰ ਨੇ 11 ਅਤੇ ਮਨਜਿੰਦਰ ਇਸਮਾਇਲ ਜੱਟ ਨੇ 8 ਅੰਕ ਬਟੋਰੇ ਜਦੋਂ ਕਿ ਜਾਫੀ ਹਰਜਿੰਦਰ ਸਿੰਘ ਨੇ 2 ਜੱਫੇ ਲਾਏ।





*ਪਾਕਿਸਤਾਨ ਤੇ ਇਟਲੀ ਦਾ ਭੇੜ*

## ਸੀਰੀਆ ਤੇ ਪਾਕਿ ਵਿਚਾਲੇ ਪਰਮਾਣੂ ਸਬੰਧਾਂ ਦਾ ਸਬੂਤ

**ਵਾਸ਼ਿੰਗਟਨ:** ਸੰਯੁਕਤ ਰਾਸ਼ਟਰ ਦੇ ਜਾਂਚਕਾਰਾਂ ਨੇ ਸੀਰੀਆ 'ਚ ਅਜਿਹੇ ਭਵਨ ਦੀ ਸ਼ਨਾਖਤ ਕੀਤੀ ਹੈ ਜੋ ਇਸ ਸ਼ੱਕ ਨੂੰ ਪੱਕਾ ਕਰਦਾ ਹੈ ਕਿ ਸੀਰੀਆਈ ਸਰਕਾਰ, ਪਾਕਿਸਤਾਨ ਦੇ ਬਦਨਾਮ ਵਿਗਿਆਨੀ ਏ. ਕਿਉ. ਖਾਨ ਨਾਲ ਰਲ ਕੇ ਕੰਮ ਕਰ ਰਹੀ ਸੀ ਤਾਂ ਕਿ ਪਰਮਾਣੂ ਬੰਬ ਬਣਾਉਣ ਲਈ ਤਕਨੀਕ ਹਾਸਲ ਕੀਤੀ ਜਾ ਸਕੇ। ਜਾਂਚਕਾਰਾਂ ਅਨੁਸਾਰ ਪਹਿਲਾਂ ਇਸ ਇਮਾਰਤ ਦੀ ਕੋਈ ਹੋਂਦ ਨਹੀਂ ਸੀ। ਪਤਾ ਲੱਗਿਆ ਹੈ ਕਿ ਉਤਰ-ਪੱਛਮੀ ਸੀਰੀਆ ਵਿਚ ਮਿਲੀਆਂ ਕੁਝ ਇਮਾਰਤਾਂ ਦੇ ਡਿਜ਼ਾਈਨ ਲਿਬੀਆ ਦੇ ਯੂਰੇਨੀਅਮ ਸੋਧ ਪਲਾਂਟ ਨਾਲ ਰਲਦੇ-ਮਿਲਦੇ ਹਨ ਜਦੋਂ ਮੁਅਮਰ ਗੱਦਾਫੀ, ਕਦੀਰ ਖਾਨ ਦੀ ਅਗਵਾਈ 'ਚ ਪਰਮਾਣੂ ਹਥਿਆਰ ਬਣਾਉਣ ਦੇ ਯਤਨ ਕਰ ਰਿਹਾ ਸੀ। ਸੰਯੁਕਤ ਰਾਸ਼ਟਰ ਦੀ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਖਾਨ ਤੇ ਸੀਰੀਆ ਦੇ ਸੀਨੀਅਰ ਸਰਕਾਰੀ ਅਧਿਕਾਰੀ ਮੁਹਿਦੀਨ ਮੂਸਾ ਵਿਚਾਲੇ ਹੋਈ ਖੱਤ-ਖਿਤਾਬਤ ਵੀ ਹਾਸਲ ਕੀਤੀ ਹੈ।

ਪਾਕਿਸਤਾਨ ਵੱਲੋਂ 1998 'ਚ ਸਫਲ ਪਰਮਾਣੂ ਤਜਰਬੇ ਕੀਤੇ ਜਾਣ ਮਗਰੋਂ ਮੂਸਾ ਨੇ ਵਿਗਿਆਨਕ ਸਹਿਯੋਗ ਦੀ ਤਜਵੀਜ਼ ਰੱਖਦਿਆਂ ਖਾਨ ਦੀਆਂ ਪ੍ਰਯੋਗਸ਼ਾਲਾਵਾਂ ਦਾ ਦੌਰਾ ਵੀ ਕੀਤਾ ਸੀ। ਅਲ ਹਾਸਕਾਹ ਸ਼ਹਿਰ 'ਚ ਸਥਿਤ ਇਹ ਭਵਨ ਹੁਣ ਕਪਾਹ ਦੀ ਕਤਾਈ ਵਾਲੇ ਪਲਾਂਟ ਜਾਪਦੇ ਹਨ ਤੇ ਜਾਂਚਕਾਰਾਂ ਨੂੰ ਉਥੋਂ ਅਜਿਹਾ ਕੋਈ ਸੁਰਾਗ ਨਹੀਂ ਮਿਲਿਆ ਜਿਸ ਤੋਂ ਲੱਗੇ ਕਿ ਕਦੋਂ ਇਨ੍ਹਾਂ ਨੂੰ ਪਰਮਾਣੂ ਉਤਪਾਦਨ ਲਈ ਵਰਤਿਆ ਗਿਆ ਸੀ ਪਰ 2007 'ਚ ਇਸਰਾਈਲੀ ਲੜਾਕੂ ਜਹਾਜ਼ਾਂ ਵੱਲੋਂ ਸੀਰੀਆ 'ਚ ਸ਼ੱਕੀ ਪਲੂਟੋਨੀਅਮ ਪ੍ਰੋਡਕਸ਼ਨ ਭੱਠੀ ਤਬਾਹ ਕਰਨ ਦੇ ਤੱਥਾਂ ਤੋਂ ਇਹ ਵੀ ਜਾਪਦਾ ਹੈ ਕਿ ਸੀਰੀਆ ਪਰਮਾਣੂ ਬੰਬ ਬਣਾਉਣ ਲਈ ਯੂਰੇਨੀਅਮ ਤੇ ਪਲੂਟੋਨੀਅਮ ਦੋਵੇਂ ਰਸਤਿਆਂ 'ਤੇ ਚਲ ਰਿਹਾ ਸੀ। ਸੀਰੀਆ ਸਰਕਾਰ ਇਸ 'ਤੇ ਕੋਈ ਵੀ ਟਿੱਪਣੀ ਨਹੀਂ ਕਰ ਰਹੀ ਪਰ ਇਸ ਵੱਲੋਂ ਪਰਮਾਣੂ ਹਥਿਆਰ ਬਣਾਏ ਜਾਣ ਤੋਂ ਲਗਾਤਾਰ ਇਨਕਾਰ ਕੀਤਾ ਜਾਂਦਾ ਰਿਹਾ ਹੈ। ਇਸ ਨੇ ਆਈ.ਏ.ਈ.ਏ. ਦੀ ਅਲ-ਹਸਕਾਹ ਦੌਰੇ ਦੀ ਬੇਨਤੀ ਨੂੰ ਵੀ ਕੋਈ ਹੁੰਗਾਰਾ ਨਹੀਂ ਦਿੱਤਾ।

## ਪਾਕਿਸਤਾਨ ਵਿਚ ਚਾਰ ਹਿੰਦੂ ਡਾਕਟਰ ਕਤਲ

**ਕਰਾਚੀ:** ਦੱਖਣੀ ਸਿੰਧ ਸੂਬੇ ਵਿਚ ਚਾਰ ਹਿੰਦੂ ਡਾਕਟਰਾਂ ਨੂੰ ਗੋਲੀ ਮਾਰ ਦਿੱਤੀ ਗਈ। ਇਹ ਘਟਨਾ ਸ਼ਿਕਾਰਪੁਰ ਨੇੜੇ ਚੱਕ ਕਸਬੇ ਵਿਚ ਮ੍ਰਿਤਕ ਡਾਕਟਰਾਂ ਦੇ ਕਲੀਨਿਕ 'ਤੇ ਵਾਪਰੀ।

ਡਾ. ਅਸ਼ੋਕ, ਡਾ. ਨਰੇਸ਼, ਡਾ. ਅਜੀਤ ਤੇ ਡਾ. ਸਤੀਆ ਪੌਲ ਨੂੰ ਹਥਿਆਰਬੰਦ ਹਮਲਾਵਰਾਂ ਵੱਲੋਂ ਮਾਰ ਦਿੱਤਾ ਗਿਆ।

## ਹਵਾਰਾ ਦੇ ਸਾਥੀ ਨੂੰ ਤਿੰਨ ਸਾਲ ਦੀ ਸਜ਼ਾ

**ਅਨੰਦਪੁਰ ਸਾਹਿਬ:** ਅਨੰਦਪੁਰ ਸਾਹਿਬ ਦੀ ਅਦਾਲਤ ਵੱਲੋਂ ਬੱਬਰ ਖਾਲਸਾ ਨਾਲ ਸਬੰਧਤ ਖਾੜਕੂ ਜਗਤਾਰ ਸਿੰਘ ਹਵਾਰਾ ਦੇ ਕਰੀਬੀ ਸਾਥੀ ਲਖਵਿੰਦਰ ਸਿੰਘ ਲੱਖਾ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਹੈ। ਜ਼ਿਕਰਯੋਗ ਹੈ ਕਿ ਲਖਵਿੰਦਰ ਸਿੰਘ ਲੱਖਾ ਨਿਵਾਸੀ ਪਿੰਡ ਐਨਾਖੀਰਾ ਤਹਿਸੀਲ ਮਲੋਟ ਜ਼ਿਲ੍ਹਾ ਮੁਕਤਸਰ ਜੋ ਆਨੰਦਪੁਰ ਸਾਹਿਬ ਵਿਖੇ ਸਥਿਤ ਦਮਦਮੀ ਟਕਸਾਲ ਦੇ ਡੇਰੇ ਵਿਚ ਕੀਰਤਨ ਸਿੱਖਦਾ ਸੀ, ਖਿਲਾਫ ਸਥਾਨਕ ਪੁਲਿਸ ਵਲੋਂ 25 ਜੁਲਾਈ 2005 ਨੂੰ ਫੌਜੀ ਪੁਲ ਦੇ ਨੇੜੇ ਤੋਂ ਏ.ਕੇ. ਸੰਤਾਲੀ ਦਾ ਪੰਦਰਾਂ ਕਾਰਤੂਸਾਂ ਵਾਲਾ ਮੈਗਜ਼ੀਨ ਬਰਾਮਦ ਕਰਕੇ ਅਸਲਾ ਕਾਨੂੰਨ ਦੇ ਤਹਿਤ ਕੇਸ ਦਰਜ ਕੀਤਾ ਸੀ।

ਉਸੇ ਸਾਲ ਬੱਬਰ ਖਾਲਸਾ ਦੇ ਨਾਲ ਸਬੰਧਤ ਖਾੜਕੂ ਜਗਤਾਰ ਸਿੰਘ ਹਵਾਰਾ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਜ਼ਿਲ੍ਹੇ ਭਰ ਵਿਚ ਹੋਈ ਛਾਪਾਮਾਰੀ ਮਗਰੋਂ ਹੀ ਲੱਖੇ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਸ ਦਾ ਮਾਮਲਾ ਬੀਤੇ ਛੇ ਸਾਲਾਂ ਤੋਂ ਉਪ ਮੰਡਲ ਨਿਆਇਕ ਮੈਜਿਸਟ੍ਰੇਟ ਦੀ ਅਦਾਲਤ ਵਿਚ ਚੱਲ ਰਿਹਾ ਸੀ ਜਿਸ ਤੋਂ ਬਾਅਦ ਜੱਜ ਕੇਵਲ ਕ੍ਰਿਸ਼ਨ ਨੇ ਉਸ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ ਤੇ ਇਕ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ।

## ਭੁੱਟੋ ਕਤਲ ਕੇਸ 'ਚ ਦੋ ਪੁਲਿਸ ਅਫਸਰਾਂ ਸਣੇ ਸੱਤ ਨਾਮਜ਼ਦ

ਇਸਲਾਮਾਬਾਦ: ਪਾਕਿਸਤਾਨ ਦੀ ਅਤਿਵਾਦ ਵਿਰੋਧੀ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਬੇਨਜ਼ੀਰ ਭੁੱਟੋ ਦੇ ਕਤਲ ਕੇਸ ਦੀ ਸੁਣਵਾਈ ਕਰਦਿਆਂ ਦੋ ਉਚ ਪੁਲਿਸ ਅਧਿਕਾਰੀਆਂ ਸਮੇਤ ਸੱਤ ਜਣਿਆਂ ਨੂੰ ਇਸ ਕੇਸ 'ਚ ਸ਼ਾਮਲ ਕਰ ਲਿਆ ਹੈ। ਇਹ ਦੋਵੇਂ ਪੁਲਿਸ ਅਧਿਕਾਰੀ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਅਣਗਹਿਲੀ ਵਰਤਣ ਲਈ ਜ਼ਿੰਮੇਵਾਰ ਮੰਨੇ ਗਏ ਹਨ।

ਅਦਾਲਤ ਨੇ ਰਾਵਲਪਿੰਡੀ ਦੇ ਪੁਲਿਸ ਮੁਖੀ ਸਾਊਦ ਅਜ਼ੀਜ਼ ਤੇ ਸਾਬਕਾ ਐਸ.ਪੀ. ਖੁਰੱਮ ਸ਼ਹਿਜ਼ਾਦ ਨੂੰ ਅਤਿਵਾਦੀ ਗਰੁੱਪ ਦੇ ਪੰਜ ਮੈਂਬਰਾਂ ਹੁਸਨੈਨ ਗੁਲ, ਰਫਾਕਤ ਹੁਸੈਨ, ਸ਼ੇਰ ਜ਼ਮਾਨ, ਏਤਜ਼ਾਜ਼ ਸ਼ਾਹ ਤੇ ਅਬਦੁੱਲ ਰਸ਼ੀਦ ਸਮੇਤ ਇਸ ਮਾਮਲੇ 'ਚ ਸ਼ਾਮਲ ਕੀਤਾ ਹੈ। ਇਹ ਫੈਸਲਾ ਸੁਣਾਉਣ ਤੋਂ ਬਾਅਦ ਰਾਵਲਪਿੰਡੀ ਦੀ ਅਤਿਵਾਦੀ ਵਿਰੋਧੀ ਅਦਾਲਤ ਦੇ ਜੱਜ ਨੇ ਕੇਸ ਦੀ ਸੁਣਵਾਈ 19 ਨਵੰਬਰ ਤਕ ਮੁਲਤਵੀ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਬੇਗਮ ਭੁੱਟੋ ਦਸੰਬਰ 2007 ਨੂੰ ਚੋਣ ਰੈਲੀ ਨੂੰ ਸੰਬੋਧਨ ਕਰਕੇ ਜਾਣ ਮੌਕੇ ਆਤਮਘਾਤੀ ਬੰਬ ਹਮਲੇ 'ਚ ਮਾਰੇ ਗਏ ਸਨ।

ਦੂਜੇ ਪਾਸੇ ਮੁਲਜ਼ਮਾਂ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਅਦਾਲਤ ਨੇ ਬਚਾਅ ਪੱਖ ਦੇ ਵਕੀਲਾਂ ਨੂੰ 19 ਨਵੰਬਰ ਨੂੰ ਹੋਣ ਵਾਲੀ ਅਗਲੀ ਸੁਣਵਾਈ ਦੌਰਾਨ ਆਪਣੇ ਗਵਾਹ ਪੇਸ਼ ਕਰਨ ਲਈ ਕਿਹਾ ਹੈ। ਇਹ ਦੋਵੇਂ ਪੁਲਿਸ ਅਫਸਰ ਫਿਲਹਾਲ ਜ਼ਮਾਨਤ 'ਤੇ ਰਿਹਾਅ ਹਨ। ਅਦਾਲਤ ਨੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਵੱਲੋਂ ਇਸ ਕੇਸ ਦੀ ਜਾਂਚ ਵਿਚ ਸਹਿਯੋਗ ਨਾ ਦੇਣ ਕਾਰਨ ਉਨ੍ਹਾਂ ਦੀ ਗ੍ਰਿਫਤਾਰੀ ਲਈ ਵਾਰੰਟ ਕੱਢੇ ਹੋਏ ਹਨ।

## ਹਰਿਦੁਆਰ ਵਿਚ ਗੰਗਾ ਕੰਢੇ ਭਗਦੜ ਦੌਰਾਨ 16 ਮੌਤਾਂ

**ਹਰਿਦੁਆਰ:** ਇਥੇ ਹਰਿ ਕੀ ਪੌੜੀ ਨੇੜੇ ਧਾਰਮਿਕ ਰਸਮ ਕਰਨ ਲੱਗਿਆਂ ਮੱਚੀ ਭਗਦੜ ਵਿਚ ਘੱਟੋ-ਘੱਟ 16 ਸ਼ਰਧਾਲੂ ਜਿਨ੍ਹਾਂ 'ਚ ਔਰਤਾਂ ਵੱਧ ਸਨ, ਮਾਰੇ ਗਏ ਤੇ ਕਈ ਹੋਰ ਜ਼ਖ਼ਮੀ ਹੋ ਗਏ। ਇਹ ਭਗਦੜ ਉਦੋਂ ਮੱਚੀ ਜਦੋਂ ਲੋਕਾਂ ਨੇ ਗੰਗਾ ਕੰਢੇ ਚੰਡੀਦੀਪ ਘਾਟ 'ਤੇ ਸ਼ਾਂਤੀ ਕੁੰਜ ਆਸ਼ਰਮ ਦੇ ਬਾਨੀ ਅਚਾਰੀਆ ਪੰਡਤ ਸ੍ਰੀ ਰਾਮ ਸ਼ਰਮਾ ਦੇ ਸ਼ਤਾਬਦੀ ਜਸ਼ਨਾਂ ਮੌਕੇ ਯਜਨਾਸ਼ਾਲਾ 'ਚ ਵੜਨ ਦਾ ਯਤਨ ਕੀਤਾ।

ਹਰਿਦੁਆਰ ਦੇ ਐਸ.ਡੀ.ਐਮ. ਹਰਬੀਰ ਸਿੰਘ ਨੇ ਕਿਹਾ ਕਿ ਇਸ ਭਗਦੜ 'ਚ 16 ਲੋਕ ਮਾਰੇ ਗਏ। ਉਨ੍ਹਾਂ ਦੱਸਿਆ ਕਿ ਉਸ ਥਾਂ ਸਾਹ ਘੁਟਣ ਕਾਰਨ ਲੋਕ ਮਾਰੇ ਗਏ ਜਾਪਦੇ ਹਨ ਜਦਕਿ ਅਸਲ ਕਾਰਨਾਂ ਦਾ ਪਤਾ ਜਾਂਚ ਮਗਰੋਂ ਹੀ ਲੱਗੇਗਾ। ਪੁਲਿਸ ਅਨੁਸਾਰ ਇੱਥੇ ਸਮਾਗਮ 'ਚ ਦੇਸ਼ ਵਿਦੇਸ਼ ਤੋਂ ਕੋਈ ਦੋ ਲੱਖ ਲੋਕ ਪੁੱਜੇ ਹੋਏ ਸਨ ਪਰ ਸ਼ਾਂਤੀ ਕੁੰਜ ਆਸ਼ਰਮ ਨੇ ਸਥਾਨਕ ਪੁਲਿਸ ਤੇ ਪ੍ਰਸ਼ਾਸਨ ਨੂੰ ਨਾਲ ਨਹੀਂ ਲਿਆ ਸੀ। ਘਟਨਾ ਮੌਕੇ ਹਾਜ਼ਰ ਲੋਕਾਂ ਨੇ ਦੱਸਿਆ ਕਿ ਹਜ਼ਾਰਾਂ ਲੋਕ ਯੱਗ ਵਾਲੀ ਥਾਂ ਪੁੱਜਣਾ ਚਾਹੁੰਦੇ ਸਨ। ਸ਼ਰਧਾਲੂ ਇਕ ਨਿੱਕਾ ਜਿਹਾ ਪੁਲ ਪਾਰ ਕਰਨ ਲਈ ਪੌੜੀਆਂ ਚੜ੍ਹ ਰਹੇ ਸਨ ਕਿ ਹਾਲਤ ਵਿਗੜ ਗਈ ਤੇ ਕਈ ਔਰਤਾਂ ਤੇ ਬੱਚੇ ਜ਼ਮੀਨ 'ਤੇ ਆ ਡਿੱਗੇ।

## ਜਮਾਤ-ਉਦ-ਦਾਵਾ ਤੋਂ ਪਾਬੰਦੀ ਖਤਮ

**ਇਸਲਾਮਾਬਾਦ:** ਲਸ਼ਕਰ-ਏ-ਤੋਇਬਾ ਨਾਲ ਸਬੰਧਤ ਅਤਿਵਾਦੀ ਸੰਗਠਨ ਜਮਾਤ-ਉਦ-ਦਾਵਾ ਜਿਸ ਨੇ 2008 'ਚ ਮੁੰਬਈ ਹਮਲਿਆਂ ਨੂੰ ਅੰਜਾਮ ਦਿੱਤਾ ਸੀ, ਉਹ ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ 31 ਪਾਬੰਦੀਸ਼ੁਦਾ ਅੱਤਵਾਦੀ ਸੰਗਠਨਾਂ ਦੀ ਸੂਚੀ 'ਚ ਸ਼ਾਮਲ ਨਹੀਂ ਹੈ। ਈਦ ਦੇ ਤਿਉਹਾਰ ਦੇ ਮੌਕੇ ਕੁਰਬਾਨੀ ਦੇਣ ਵਾਲੇ ਜਾਨਵਰਾਂ ਦੀਆਂ ਚਮੜੀਆਂ ਇਨ੍ਹਾਂ ਸੰਗਠਨਾਂ ਵੱਲੋਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ ਤਾਂ ਕਿ ਬਾਅਦ 'ਚ ਉਨ੍ਹਾਂ ਨੂੰ ਵੇਚ ਕੇ ਫੰਡ ਇਕੱਠਾ ਕੀਤਾ ਜਾ ਸਕੇ।

ਇਸ ਲਈ ਪਾਕਿ ਸਰਕਾਰ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਇਹ ਕਦਮ ਉਠਾਇਆ ਹੈ। ਜਾਰੀ ਸੂਚੀ 'ਚ ਲਸ਼ਕਰ-ਏ-ਤੋਇਬਾ ਤਾਂ ਸ਼ਾਮਲ ਹੈ ਪਰ ਜਮਾਤ-ਉਦ-ਦਾਵਾ ਸੂਚੀ ਦਾ ਹਿੱਸਾ ਨਹੀਂ ਹੈ।

ਮੁੰਬਈ ਹਮਲਿਆਂ ਤੋਂ ਬਾਅਦ ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਵਰਗੇ ਨੇਤਾਵਾਂ ਨੇ ਮੰਗ ਕੀਤੀ ਸੀ ਕਿ ਇਸ ਸੰਗਠਨ 'ਤੇ ਪਾਬੰਦੀ ਲਾ ਦੇਣੀ ਚਾਹੀਦੀ ਹੈ ਪਰ 2009 'ਚ ਲਾਹੌਰ ਹਾਈਕੋਰਟ 'ਚ ਸੁਣਵਾਈ ਦੌਰਾਨ ਸੀਨੀਅਰ ਵਕੀਲ ਨੇ ਕਿਹਾ ਕਿ ਜਮਾਤ-ਉਦ-ਦਾਵਾ 'ਤੇ ਪਾਬੰਦੀ ਲਾਉਣ ਲਈ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ।

## ਕੈਂਸਰ ਦੇ ਇਲਾਜ ਦੀ ਖੋਜ 'ਚ ਨਵਾਂ ਮਾਅਰਕਾ

ਲੰਡਨ: ਭਾਰਤੀ ਮੂਲ ਦੇ ਵਿਗਿਆਨੀ ਨੇ ਕੈਂਸਰ ਦੇ ਇਲਾਜ ਦੀ ਕਾਰਗਰ ਵਿਧੀ ਵਿਕਸਤ ਕੀਤੀ ਹੈ ਜਿਸ ਤਹਿਤ ਕੈਂਸਰ ਵਾਲੇ ਸੈਲਾਂ ਦਾ ਸਫਾਇਆ ਕੀਤਾ ਜਾ ਸਕਦਾ ਹੈ ਜਦਕਿ ਸਿਹਤਮੰਦ ਸੈਲਾਂ ਨੂੰ ਨੁਕਸਾਨ ਨਹੀਂ ਪੁੱਜਣ ਦਿੱਤਾ ਜਾਂਦਾ। ਨਾਟਿੰਗਮ ਯੂਨੀਵਰਸਿਟੀ ਦੇ ਡਾ. ਸ੍ਰੀਨਿਵਾਸਨ ਮਧੂਸੂਦਨ ਤੇ ਉਨ੍ਹਾਂ ਦੇ ਸਾਥੀਆਂ ਨੇ ਖੋਜ ਕੀਤੀ ਹੈ ਕਿ ਸੈਲਾਂ 'ਚ ਜੀਨ ਸਮੱਗਰੀ ਦੀ ਮੁਰੰਮਤ ਕਰਨ ਵਾਲੇ ਰਸਾਇਣ ਦਾ ਰਾਹ ਰੋਕਣ ਨਾਲ ਨੁਕਸਦਾਰ ਜੀਨਾਂ ਵਾਲੇ ਕੈਂਸਰ ਸੈਲਾਂ ਦਾ ਸਫਾਇਆ ਹੁੰਦਾ ਹੈ। ਦਰਅਸਲ ਇਨ੍ਹਾਂ ਦਾ ਫੋਕਸ ਕੈਂਸਰ ਉਪਜਾਉਣ ਵਾਲੇ ਜੀਨਾਂ ਬੀ.ਆਰ.ਸੀ.ਏ. 1 ਤੇ ਬੀ.ਆਰ.ਸੀ.ਏ. 2 'ਤੇ ਰਿਹਾ। ਛਾਤੀ ਦੇ 10 ਫੀਸਦੀ ਕੈਂਸਰ ਇਨ੍ਹਾਂ ਦੋ ਜੀਨਾਂ ਕਰਕੇ ਹੁੰਦੇ ਹਨ ਤੇ ਜਿਹੜੇ ਗੈਰ ਜਿਨੇਟਿਕ ਟਿਊਮਰਾਂ ਨਾਲੋਂ ਵਧੇਰੇ ਘਾਤਕ ਹੁੰਦੇ ਹਨ।

ਆਪਣੀ ਖੋਜ ਵਿਚ ਵਿਗਿਆਨੀਆਂ ਨੇ ਇਹ ਗੱਲ ਨੋਟ ਕੀਤੀ ਕਿ ਸੈਲ ਰਿਪੇਅਰ ਵਾਲੇ ਰਸਾਇਣ ਏ.ਪੀ.ਈ. 1 ਨੂੰ ਵਿਸ਼ੇਸ਼ ਤੰਤੂਆਂ ਨਾਲ ਨੱਪ ਕੇ ਉਨ੍ਹਾਂ ਨੂੰ ਇਕੋ ਸਮੇਂ ਦੇ ਮੁਰੰਮਤੀ ਰੂਟ ਬੰਦ ਕਰਨ ਦਾ ਰਾਹ ਮਿਲ ਗਿਆ। ਇਸ ਤਰ੍ਹਾਂ ਉਹ ਬੀ.ਆਰ.ਸੀ.ਏ. ਸੈਲਾਂ ਨੂੰ ਮਾਰਨ 'ਚ ਕਾਮਯਾਬ ਹੋ ਗਏ। ਇਹੀ ਉਹ ਸੈਲ ਹਨ ਜੋ ਆਪਣੀ 'ਰਿਪੇਅਰ ਕਿੱਟ' ਦੇ ਬਲਬੂਤੇ ਬੇਤਹਾਸ਼ਾ ਵਧ ਕੇ ਬੇਕਾਬੂ ਹੋ ਜਾਂਦੇ ਹਨ।

'ਡੇਲੀ ਐਕਸਪ੍ਰੈਸ' ਦੀ ਰਿਪੋਰਟ ਅਨੁਸਾਰ ਇਹ ਮਾਲੀਕਿਊਲ ਛਾਤੀ, ਪੈਂਕਰੀਆਜ਼ ਤੇ ਸਰਵਾਈਕਲ ਕੈਂਸਰ ਸੈਲਾਂ 'ਤੇ ਅਜ਼ਮਾਏ ਗਏ ਹਨ। ਡਾ. ਮਧੂਸੂਦਨ ਨੇ ਆਖਿਆ, 'ਇਸ ਖੋਜ ਨੇ ਪਹਿਲਾ ਸਬੂਤ ਪੇਸ਼ ਕੀਤਾ ਹੈ ਕਿ ਏ.ਪੀ.ਈ.1 ਮਹੱਤਵਪੂਰਨ ਨਵਾਂ ਟਾਰਗੈਟ ਹੈ। ਇਹ ਮਾਲੀਕਿਊਲ ਨਾ ਕੇਵਲ ਨਵੀਆਂ ਦਵਾਈਆਂ ਦਾ ਆਧਾਰ ਬਣ ਸਕਦੇ ਹਨ ਸਗੋਂ ਕੈਂਸਰ ਦੀ ਮਾਰ ਹੇਠਲੇ ਬਹੁਤ ਸਾਰੇ ਸੈਲਾਂ 'ਤੇ ਰੇਡੀਓਥੈਰੇਪੀ ਤੇ ਕੀਮੋਥੈਰੇਪੀ ਦੇ ਉਲਟ ਅਸਰ ਨੂੰ ਵੀ ਘਟਾਉਣ 'ਚ ਮਦਦਗਾਰ ਹੁੰਦਾ ਹੈ।

# ਬਾਬਾ ਧਨੌਲਾ ਹੋਇਆ ਸਿਆਸੀ ਬਦਲਾਖੋਰੀ ਦਾ ਸ਼ਿਕਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬ) ਨੇ ਬਾਗੀ ਹੋਏ ਆਗੂ ਬਾਬਾ ਟੇਕ ਸਿੰਘ ਧਨੌਲਾ ਨੂੰ ਕੇਸ 'ਚ ਉਲਝਾਉਣ ਦੀ ਕੋਸ਼ਿਸ਼ ਕੀਤੀ ਪਰ ਹਾਈ ਕੋਰਟ ਦੀ ਦਖ਼ਲ ਨੇ ਸਰਕਾਰ ਦੀ ਇਹ ਯੋਜਨਾ ਸਿਰੇ ਨਹੀਂ ਚੜ੍ਹਨ ਦਿੱਤੀ। ਬਾਬਾ ਧਨੌਲਾ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੰਜਾਬ ਪੁਲਿਸ ਵੀ ਕਸੂਤੀ ਫਸ ਗਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪੁੱਛਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਆਗੂ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਕਾਰਜਕਾਰੀ ਮੈਂਬਰ ਟੇਕ ਸਿੰਘ ਧਨੌਲਾ ਨੂੰ ਪੁਲਿਸ ਨੇ ਕਿਵੇਂ ਗ੍ਰਿਫਤਾਰ ਕਰ ਲਿਆ ਜਦਕਿ ਉਸ ਦੀ ਗ੍ਰਿਫਤਾਰੀ ਤੋਂ ਪੰਜ ਦਿਨ ਪਹਿਲਾਂ ਨੋਟਿਸ ਜਾਰੀ ਕਰਨ ਦੀ ਹਦਾਇਤ ਅਦਾਲਤ ਵੱਲੋਂ ਦਿੱਤੀ ਹੋਈ ਸੀ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਪੁਲਿਸ ਨੇ ਬਾਬਾ ਧਨੌਲਾ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿਤਾ। ਇਸ ਮਾਮਲੇ 'ਚ ਹਾਈ ਕੋਰਟ ਵੱਲੋਂ ਲਏ ਸਖ਼ਤ ਸਟੈਂਡ ਕਾਰਨ ਪੁਲਿਸ ਨੇ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਤੋਂ ਮਿਲੇ ਇਕ ਦਿਨਾ ਪੁਲਿਸ ਰਿਮਾਂਡ ਦੇ ਬਾਵਜੂਦ ਬਾਬਾ ਧਨੌਲਾ ਨੂੰ ਰਾਤ 11 ਵਜੇ ਮੁੜ ਚੀਫ਼ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ 'ਚ ਪੇਸ਼ ਕੀਤਾ ਤੇ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।

ਬਾਬਾ ਧਨੌਲਾ ਨੇ ਪੰਥਕ ਮੋਰਚੇ ਦੀ ਟਿਕਟ 'ਤੇ ਹਾਲ ਹੀ 'ਚ ਸ਼੍ਰੋਮਣੀ ਕਮੇਟੀ ਦੀ ਚੋਣ ਲੜੀ ਸੀ ਤੇ ਹਾਰ ਗਿਆ ਸੀ। ਹਾਸਲ ਜਾਣਕਾਰੀ ਅਨੁਸਾਰ 5 ਨਵੰਬਰ ਨੂੰ ਜਦੋਂ ਬਾਬਾ ਧਨੌਲਾ ਜਾਂਚ 'ਚ ਸ਼ਾਮਲ ਹੋਣ ਲਈ ਬਰਨਾਲਾ ਥਾਣੇ ਪੁੱਜਿਆ ਤਾਂ ਪੁਲਿਸ ਨੇ ਉਸ ਨੂੰ ਕਾਰ 'ਚ ਸੁੱਟ ਲਿਆ ਗਿਆ ਤੇ ਕਿਸੇ ਅਣਦੱਸੀ ਥਾਂ 'ਤੇ ਲੈ ਗਈ ਸੀ। ਉਧਰ ਬਾਬਾ ਧਨੌਲਾ 'ਤੇ ਸਿਆਸੀ ਰੰਜਿਸ਼ ਤਹਿਤ ਥਾਣੇ ਬੁਲਾ ਕੇ ਪੁਲਿਸ ਵੱਲੋਂ ਕੇਸਾਂ ਤੇ ਦਸਤਾਰ ਦੀ ਕੀਤੀ ਬੇਅਦਬੀ ਦਾ ਪੰਥਕ ਧਿਰਾਂ ਨੇ ਗੰਭੀਰ ਨੋਟਿਸ ਲਿਆ ਹੈ।

ਬਾਬਾ ਧਨੌਲਾ ਨਾਲ ਹੋਏ ਧੱਕੇ 'ਤੇ ਕਰੜਾ ਰੁਖ ਅਖ਼ਤਿਆਰ ਕਰਦਿਆਂ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਰਾਮ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਬਾਬਾ ਟੇਕ ਸਿੰਘ ਨੂੰ ਥਾਣੇ 'ਚ ਬੁਲਾ ਕੇ ਉਨ੍ਹਾਂ ਦੇ ਕੇਸਾਂ ਤੇ ਦਸਤਾਰ ਦੀ ਬੇਅਦਬੀ ਕੀਤੀ ਹੈ ਉਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਘੱਟ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪੰਥਕ ਕਹਾਉਣ ਵਾਲੀ ਸਰਕਾਰ ਦੇ ਕਾਰਜਕਾਲ ਵਿਚ

## ਪੁਲਿਸ ਵੱਲੋਂ ਖਿੱਚ-ਧੂਹ, ਕੇਸਾਂ ਦੀ ਬੇਅਦਬੀ



ਨੌਕਰੀਆਂ ਮੰਗ ਰਹੇ ਨੌਜਵਾਨ ਬੱਚੇ-ਬੱਚੀਆਂ ਤੋਂ ਬਾਅਦ ਹੁਣ ਬਾਬਿਆਂ ਦੀਆਂ ਦਸਤਾਰਾਂ ਥਾਣਿਆਂ ਵਿਚ ਰੋਲੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਸਿੱਖਾਂ ਦੀ ਦਸਤਾਰ 'ਤੇ ਹੋ ਰਹੇ ਹਮਲਿਆਂ ਨੂੰ ਸਰਕਾਰ ਨੇ ਕੀ ਰੋਕਣਾ ਹੈ ਬਲਕਿ ਪੰਜਾਬ ਵਿਚ ਹੀ ਸਿੱਖਾਂ ਦੀਆਂ ਪੱਗਾਂ ਰੋਲੀਆਂ ਜਾ ਰਹੀਆਂ ਹਨ।

ਬਾਬਾ ਧਨੌਲਾ ਦੀ ਹੋਈ ਖਿੱਚ-ਧੂਹ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਮੰਗ ਕੀਤੀ ਹੈ ਮਨੁੱਖੀ ਅਧਿਕਾਰ ਜਥੇਬੰਦੀਆਂ ਸਰਕਾਰੀ ਸ਼ਹਿ 'ਤੇ ਕੀਤੀ ਗਈ ਇਸ ਕਾਰਵਾਈ ਵਿਰੁੱਧ ਲਾਮਬੰਦ ਹੋਣ। ਸ. ਕਲਕੱਤਾ ਨੇ ਦੱਸਿਆ ਕਿ ਜਥੇਦਾਰ ਧਨੌਲਾ ਪੰਥਪ੍ਰਸਤ ਅਕਾਲੀ ਹਨ ਜਿਨ੍ਹਾਂ ਨੇ ਹਰ ਪੰਥਕ ਜੱਦੋ ਜਹਿਦ ਵਿਚ ਹਿੱਸਾ ਪਾਇਆ। ਉਨ੍ਹਾਂ ਦੱਸਿਆ ਕਿ ਬਾਬਾ ਧਨੌਲਾ ਨੂੰ ਬਾਦਲ ਦਲ ਨੇ ਹੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦਾ ਮੈਂਬਰ ਬਣਾਇਆ।

ਉਨ੍ਹਾਂ ਨੇ ਵਿਦਿਅਕ ਸੰਸਥਾਵਾਂ ਖੋਲ੍ਹ ਕੇ ਇਲਾਕੇ ਦੀ ਸੇਵਾ ਕੀਤੀ ਜਿਸ ਕਾਰਨ ਪਾਰਟੀ ਖੇਮਿਆਂ ਵਿਚ ਉਨ੍ਹਾਂ ਵਿਰੁਧ ਧੜੇਬੰਦੀ ਵੀ ਉਭਰੀ ਜਿਸਦੇ ਨਤੀਜੇ ਵਜੋਂ ਟੇਕ ਸਿੰਘ ਬਾਦਲ ਦਲ ਨੂੰ ਛੱਡ ਕੇ ਲੌਂਗੋਵਾਲ ਦਲ ਵਿਚ ਚਲੇ ਗਏ।

ਉਨ੍ਹਾਂ ਕਿਹਾ ਕਿ ਬਾਬਾ ਧਨੌਲਾ ਇਸ ਵਾਰ ਵੀ ਕਮੇਟੀ ਮੈਂਬਰ ਚੁਣੇ ਗਏ ਪਰ ਉਨ੍ਹਾਂ ਨੂੰ ਸਿਆਸੀ ਬਗ਼ਾਵਤ ਦੀ ਸਜ਼ਾ ਦੇਣ ਲਈ ਇਹ ਵਿਉਂਤਬੰਦੀ ਕੀਤੀ ਗਈ ਜਿਸਦਾ ਪ੍ਰਤੱਖ ਸਬੂਤ ਪੁਲਿਸ ਨੇ ਦਿੱਤਾ ਹੈ। ਸ. ਕਲਕੱਤਾ ਨੇ ਕਿਹਾ ਕਿ ਜੇਕਰ ਸੱਤਾ ਧਾਰੀ ਅਕਾਲੀ ਦਲ ਦੀ ਸ਼ਹਿ 'ਤੇ ਪੁਲਿਸ ਕਿਸੇ ਟਕਸਾਲੀ ਦੀ ਪਗੜੀ ਉਤਾਰ ਦਿੰਦੀ ਹੈ ਤਾਂ ਦੂਸਰੇ ਦੇਸ਼ਾਂ ਵਿਚ ਪਗੜੀ ਦਾ ਸਤਿਕਾਰ ਕਿਵੇਂ ਕਾਇਮ ਰੱਖਿਆ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਗਾਂਧਾ ਸਿੰਘ ਟਰੱਸਟ ਦੇ ਪ੍ਰਧਾਨ ਬਾਬਾ ਟੇਕ ਸਿੰਘ ਧਨੌਲਾ ਨੇ ਹਾਈ ਕੋਰਟ 'ਚ ਅਰਜ਼ੀ ਦਾਖ਼ਲ ਕਰ ਕੇ ਕਿਹਾ ਸੀ ਕਿ ਉਨ੍ਹਾਂ ਨੂੰ ਸੁਰੱਖਿਆ ਚਾਹੀਦੀ ਹੈ ਕਿਉਂਕਿ ਰਾਜਸੀ ਰੰਜਸ਼ ਕਾਰਨ ਉਨ੍ਹਾਂ ਵਿਰੁਧ ਝੂਠੇ ਮਾਮਲੇ ਦਰਜ ਕਰਵਾਏ ਜਾ ਸਕਦੇ ਹਨ। ਨਾਲ ਹੀ ਬਾਬਾ ਧਨੌਲਾ ਨੇ ਕਿਹਾ ਸੀ ਕਿ 5 ਨਵੰਬਰ ਨੂੰ ਉਨ੍ਹਾਂ ਨੂੰ ਮਾਮਲੇ ਦੀ ਤਫ਼ਤੀਸ਼ ਵਿਚ ਸ਼ਾਮਲ ਹੋਣ ਲਈ ਬੁਲਾਇਆ ਗਿਆ ਹੈ। ਹਾਈ ਕੋਰਟ ਨੇ ਪੁਲਿਸ ਨੂੰ ਹਦਾਇਤ ਕੀਤੀ ਸੀ ਕਿ ਉਹ ਬਾਬਾ ਧਨੌਲਾ ਨੂੰ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਪੰਜ ਦਿਨ ਦਾ ਨੋਟਿਸ ਦੇਵੇ।

# ਸਾਬਕਾ ਪੁਲਿਸ ਮੁਖੀ ਗਿੱਲ ਵੱਲੋਂ ਮੋਗਾ ਤੋਂ ਚੋਣ ਲੜਨ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਸਾਬਕਾ ਮੁਖੀ ਤੇ ਗ੍ਰਹਿ ਵਿਭਾਗ ਦੇ ਸਲਾਹਕਾਰ ਪਰਮਦੀਪ ਸਿੰਘ ਗਿੱਲ ਨੇ ਸਰਗਰਮ ਰਾਜਨੀਤੀ ਵਿਚ ਪ੍ਰਵੇਸ਼ ਕਰਨ ਬਾਰੇ ਚੁੱਪ ਤੋੜਦਿਆਂ ਮੋਗਾ ਵਿਧਾਨ ਸਭਾ ਹਲਕੇ ਤੋਂ ਰਾਜ ਦੀ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰਾਜਨੀਤੀ ਵਿਰਸੇ ਵਿਚ ਮਿਲੀ ਹੈ। ਉਨ੍ਹਾਂ ਦੇ ਪਿਤਾ ਨਛੱਤਰ ਸਿੰਘ ਗਿੱਲ ਨੇ ਮੋਗਾ ਵਿਧਾਨ ਸਭਾ ਹਲਕੇ ਤੋਂ ਨੁਮਾਇੰਦਗੀ ਕੀਤੀ। ਉਹ ਐਸ.ਐਸ.ਬੋਰਡ ਦੇ ਚੇਅਰਮੈਨ ਵੀ ਰਹੇ।

ਇਸ ਲਈ ਉਹ ਸਮਝਦੇ ਹਨ ਜਿਸ ਤਰ੍ਹਾਂ ਉਨ੍ਹਾਂ ਕੋਲ ਲੰਬਾ ਪ੍ਰਸ਼ਾਸਕੀ ਤਜਰਬਾ ਹੈ ਜਿਸ ਦੇ ਅਧਾਰ 'ਤੇ ਉਹ ਲੋਕਾਂ ਦੀ ਨੁਮਾਇੰਦਗੀ ਕਰਦੇ ਹੋਏ ਆਪਣੇ ਵੋਟਰਾਂ ਦੀਆਂ ਇੱਛਾਵਾਂ 'ਤੇ ਖਰੇ ਉਤਰਣਗੇ। ਸ਼੍ਰੋਮਣੀ ਅਕਾਲੀ ਦਲ ਦੇ ਕਈ ਸਥਾਨਕ ਆਗੂਆਂ ਵੱਲੋਂ ਵਿਰੋਧ ਦੀਆਂ ਅਫਵਾਹਾਂ ਬਾਰੇ ਸਾਬਕਾ ਪੁਲਿਸ ਮੁਖੀ ਨੇ ਕਿਹਾ ਕਿ ਵਿਰੋਧੀ ਸੁਰਾਂ ਨੂੰ ਦਬਾਉਣਾ ਪਾਰਟੀ ਦੀ ਜ਼ਿੰਮੇਵਾਰੀ ਹੈ ਉਹ ਤਾਂ ਪਾਰਟੀ ਦਾ ਹੁਕਮ ਵਜਾ ਕੇ ਚੋਣ ਲੜਨਗੇ।

ਪੰਜਾਬ ਪੁਲਿਸ ਦੇ ਸਾਬਕਾ ਮੁਖੀ ਨੇ ਅਹੁਦੇ 'ਤੇ ਹੁੰਦਿਆਂ ਸਿਆਸੀ ਸਰਗਰਮੀਆਂ ਚਲਾਉਣ ਦੇ ਦੋਸ਼ਾਂ ਨੂੰ ਰੱਦ ਕੀਤਾ ਹੈ। ਉਨ੍ਹਾਂ ਕਿਹਾ ਕਿ ਮੋਗੇ ਵਿਚ ਉਸ ਦੇ ਮਾਤਾ ਰਹਿੰਦੇ ਹਨ ਤੇ ਉਹ ਤਾਂ ਆਪਣੀ ਮਾਂ ਨੂੰ ਮਿਲਣ ਜਾਂਦੇ ਸੀ ਤੇ ਲੋਕ ਉਥੇ ਉਨ੍ਹਾਂ ਨੂੰ ਮਿਲਣ ਆ ਜਾਂਦੇ ਸਨ। ਸ. ਗਿੱਲ ਨੇ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਜੋ ਹੰਢੇ ਵਰਤੇ ਸਿਆਸਤਦਾਨ ਹਨ, ਵੀ ਇਸ ਮਾਮਲੇ ਵਿਚ ਗੁੰਮਰਾਹ ਹੋ ਗਏ। ਉਨ੍ਹਾਂ ਕਿਹਾ ਕਿ ਸਾਢੇ 37 ਸਾਲ ਦੀ ਪੁਲਿਸ ਸੇਵਾ ਦੌਰਾਨ ਬੜੀਆਂ ਸੰਵੇਦਨਸ਼ੀਲ ਥਾਵਾਂ 'ਤੇ ਸੇਵਾਵਾਂ ਦੇਣ ਦਾ ਮੌਕਾ ਮਿਲਿਆ ਹੈ। ਇਸ ਲਈ ਪੁਲਿਸ ਦੀ ਸੇਵਾ ਨਿਭਾਉਣ ਤੋਂ ਬਾਅਦ ਇਕ ਵਿਧਾਇਕ ਵਜੋਂ ਵਿਚਰਨ ਤੇ ਕੰਮ ਕਰਨ ਦਾ ਮੌਕਾ ਉਨ੍ਹਾਂ ਲਈ ਬਹੁਤ ਚੰਗਾ ਹੋਏਗਾ।

ਸਾਬਕਾ ਪੁਲੀਸ ਮੁਖੀ ਨੇ ਮੋਗਾ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦੇ ਸੰਭਾਵੀ ਉਮੀਦਵਾਰ ਤੇ ਵਰਤਮਾਨ ਵਿਧਾਇਕ ਜੋਗਿੰਦਰ ਜੈਨ ਨੂੰ ਆਪਣੇ ਮੁਕਾਬਲੇ ਕਮਜ਼ੋਰ ਉਮੀਦਵਾਰ ਦੱਸਦਿਆਂ ਕਿਹਾ ਕਿ ਗਿੱਲ ਪਰਿਵਾਰ ਦਾ ਇਸ ਇਲਾਕੇ ਵਿਚ ਖਾਸ ਅਧਾਰ ਹੈ। ਇਸ ਲਈ ਜਿੱਤ ਉਨ੍ਹਾਂ ਦੀ ਹੋਵੇਗੀ। ਸ. ਗਿੱਲ ਨੇ ਕਿਹਾ ਕਿ ਮੋਗਾ ਵਿਕਾਸ ਪੱਖੋਂ ਕਾਫੀ ਪਛੜ ਗਿਆ ਹੈ। ਉਥੇ ਨੈਸਲੇ ਤੋਂ ਬਾਅਦ ਕੋਈ ਵੱਡਾ ਉਦਯੋਗ ਸਥਾਪਤ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਲੁਧਿਆਣਾ ਤੋਂ ਬਾਅਦ ਮੋਗਾ ਸ਼ਹਿਰ ਵਿਚ ਹੀ ਸਨਅਤੀ ਸ਼ਹਿਰ ਵਜੋਂ ਵਿਕਸਤ ਹੋਣ ਦੀਆਂ ਸੰਭਾਵਨਾਵਾਂ ਹਨ।

# ਅਕਾਲੀਆਂ ਦੇ ਰਾਜ 'ਚ ਬੇਰੁਜ਼ਗਾਰਾਂ ਦੀ ਡੰਡੇ ਨਾਲ 'ਸੇਵਾ'

**ਫ਼ਰੀਦਕੋਟ:** ਅਕਾਲੀ-ਭਾਜਪਾ ਸਰਕਾਰ 'ਰਾਜ ਨਹੀਂ ਸੇਵਾ' ਦੇ ਸੰਕਲਪ 'ਤੇ ਪੂਰਾ ਅਮਲ ਕਰਦਿਆਂ ਬੇਰੁਜ਼ਗਾਰਾਂ ਤੇ ਹੱਕ ਮੰਗਣ ਵਾਲਿਆਂ ਦੀ ਡੰਡੇ ਨਾਲ 'ਸੇਵਾ' ਕਰ ਰਹੀ ਹੈ। ਅੱਠ ਨਵੰਬਰ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਗਤ ਦਰਸ਼ਨ ਵਿਚ ਪੰਜਾਬ ਪੁਲਿਸ ਨੇ ਲੋਕਾਂ ਦੀ ਚੰਗੀ ਭੁਗਤ ਸਵਾਰੀ। ਬੇਰੁਜ਼ਗਾਰ ਲਾਈਨਮੈਨਾਂ ਨੇ ਆਪਣੇ ਹੱਕ ਲੈਣ ਲਈ ਮੁੱਖ ਮੰਤਰੀ ਸਾਹਮਣੇ ਨਾਅਰੇਬਾਜ਼ੀ ਕੀਤੀ ਤੇ ਮੁੱਖ ਮੰਤਰੀ ਨੂੰ ਕਾਲੀਆਂ ਝੰਡੀਆਂ ਦਿਖਾਈਆਂ ਪਰ ਰੋਸ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਪੰਜਾਬ ਪੁਲਿਸ ਦੇ ਕਹਿਰ ਦਾ ਸ਼ਿਕਾਰ ਹੋਣਾ ਪਿਆ। ਪੁਲਿਸ ਨੇ ਸੜਕ ਤੋਂ ਲੰਘ ਰਹੇ ਲੋਕਾਂ ਨੂੰ ਵੀ ਨਹੀਂ ਬਖ਼ਸ਼ਿਆ। ਮੁੱਖ ਮੰਤਰੀ ਦੀ ਪ੍ਰੈਸ ਕਾਨਫ਼ਰੰਸ ਲਈ ਜਾ ਰਹੇ ਪੱਤਰਕਾਰ ਤੇ ਕੁਝ ਹੋਰ ਲੋਕਾਂ ਨੂੰ ਬਿਨਾਂ ਕੋਈ ਕਾਰਨ ਦੱਸੇ ਥਾਣੇ ਵਿਚ ਬੰਦ ਕਰ ਦਿੱਤਾ।

ਥਾਣੇਦਾਰ ਨੇ ਫੜੇ ਗਏ ਵਿਅਕਤੀਆਂ ਖਿਲਾਫ਼ ਝੂਠਾ ਮੁਕੱਦਮਾ ਦਰਜ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਪਰ ਪੱਤਰਕਾਰਾਂ ਨੇ ਇਹ ਮਾਮਲਾ ਜ਼ਿਲ੍ਹਾ ਪੁਲਿਸ ਮੁਖੀ ਸੱਤਪਾਲ ਸਿੰਘ ਸਿੱਧੂ ਦੇ ਧਿਆਨ ਵਿਚ ਲਿਆਂਦਾ। ਉਨ੍ਹਾਂ ਦੇ ਦਖਲ ਨਾਲ ਪੱਤਰਕਾਰਾਂ ਨੂੰ ਥਾਣੇ 'ਚੋਂ ਰਿਹਾਅ ਕੀਤਾ ਗਿਆ। ਬਾਅਦ ਵਿਚ ਜ਼ਿਲ੍ਹਾ ਪੁਲਿਸ ਮੁਖੀ ਨੇ ਸਿਟੀ ਐਸ.ਐਚ.ਓ ਗੁਰਸ਼ੇਰ ਸਿੰਘ ਤੇ ਹੌਲਦਾਰ ਬੋਹੜ ਸਿੰਘ ਨੂੰ ਤੁਰੰਤ ਮੁਅੱਤਲ ਕਰ ਦਿੱਤਾ।

# ਜਰਮਨੀ ਨੇ ਗ਼ੈਰ-ਯੂਰਪੀ ਹੁਨਰਮੰਦ ਕਾਮਿਆਂ ਲਈ ਦਰਵਾਜ਼ੇ ਖੋਲ੍ਹੇ

**ਬਰਲਿਨ:** ਹੁਨਰਮੰਦ ਕਾਮਿਆਂ ਦੀ ਭਾਰੀ ਕਿੱਲਤ ਨਾਲ ਨਜਿੱਠਣ ਲਈ ਜਰਮਨੀ ਹੁਣ ਭਾਰਤ ਸਮੇਤ ਹੋਰ ਗ਼ੈਰ-ਯੂਰਪੀ ਮੁਲਕਾਂ ਦੇ ਲੋਕਾਂ ਲਈ ਆਪਣੀ ਕਿਰਤ ਮੰਡੀ ਖੋਲ੍ਹਣ ਲਈ ਸਹਿਮਤ ਹੋ ਗਿਆ ਹੈ। ਹੁਣ ਜਰਮਨੀ ਵੱਲੋਂ ਇਥੇ ਰਿਹਾਇਸ਼ ਪਰਮਿਟ ਹਾਸਲ ਕਰਨ ਲਈ ਘੱਟੋ-ਘੱਟ ਲੋੜੀਂਦੀ ਉਜਰਤ ਦੀ ਸ਼ਰਤ 'ਚ ਨਰਮੀ ਲਿਆਂਦੀ ਜਾ ਰਹੀ ਹੈ। ਚਾਂਸਲਰ ਏਂਜਲਾ ਮਰਕਲ ਦੀ ਸੀ.ਡੀ.ਯੂ. ਦੇ ਆਗੂਆਂ ਤੇ ਇਸ ਦੇ ਕੁਲੀਸ਼ਨ ਭਾਈਵਾਲਾਂ ਨੇ ਮੀਟਿੰਗ ਕਰਕੇ ਫ਼ੈਸਲਾ ਲਿਆ ਕਿ ਗ਼ੈਰ-ਯੂਰਪੀ ਨਾਗਰਿਕਾਂ ਲਈ ਦੇਸ਼ 'ਚ ਰੁਜ਼ਗਾਰ ਲੈਣ ਲਈ ਘੱਟੋ-ਘੱਟ ਸਾਲਾਨਾ ਤਨਖਾਹ 66000 ਤੋਂ 48000 ਯੂਰੋ ਕਰ ਦਿੱਤੀ ਗਈ ਹੈ। ਇਸ ਸਰਕਾਰ ਦਾ ਇਹ ਫ਼ੈਸਲਾ ਉਸ ਯਤਨ ਦਾ ਹਿੱਸਾ ਹੈ ਜੋ ਸਰਕਾਰ ਵੱਲੋਂ ਵੱਖ-ਵੱਖ ਸੈਕਟਰਾਂ ਵਿਚ ਬੇਹੱਦ ਮਾਹਰ ਤੇ ਹੁਨਰਮੰਦ ਕਾਮਿਆਂ ਦੀ ਵੱਡੇ ਪੱਧਰ 'ਤੇ ਆ ਰਹੀ ਘਾਟ ਨਾਲ ਨਜਿੱਠਣ ਲਈ ਕੀਤੇ ਜਾ ਰਹੇ ਹਨ ਤੇ ਦੇਸ਼ ਨੂੰ ਗ਼ੈਰ-ਯੂਰਪੀ ਮੁਲਕਾਂ ਦੇ ਲੋਕਾਂ ਲਈ ਵਧੇਰੇ ਆਕਰਸ਼ਕ ਬਣਾਇਆ ਜਾ ਰਿਹਾ ਹੈ।

ਪਿਛਲੇ ਮਹੀਨੇ ਸਰਕਾਰ ਨੇ ਵਿਦੇਸ਼ੀ ਵਿਦਿਅਕ ਯੋਗਤਾ ਨੂੰ ਮਾਨਤਾ ਦੇਣ ਲਈ ਬਿੱਲ ਪਾਸ ਕੀਤਾ ਸੀ। ਸਹੀਬੰਦ ਹੋਣ ਮਗਰੋਂ ਇਸ ਨਾਲ 300,000 ਲੋਕਾਂ ਨੂੰ ਲਾਭ ਪੁੱਜਣ ਦਾ ਅਨੁਮਾਨ ਹੈ ਜੋ ਇਸ ਵੇਲੇ ਆਪਣੀ ਵਿਦਿਅਕ ਯੋਗਤਾ ਨੂੰ ਮਾਨਤਾ ਨਾ ਮਿਲਣ ਕਾਰਨ ਘੱਟ ਵੱਕਾਰੀ ਨੌਕਰੀਆਂ ਕਰਨ ਲਈ ਮਜਬੂਰ ਹਨ। ਹਾਲ ਹੀ 'ਚ ਜਰਮਨੀ 'ਚ ਹੋਏ ਇਕ ਸਰਵੇਖਣ ਮੁਤਾਬਕ 2020 ਤੱਕ ਦੇਸ਼ 'ਚ 24,0000 ਇੰਜੀਨੀਅਰਾਂ ਦੀ ਕਮੀ ਹੋਵੇਗੀ।

*To Advertise with us*
*Call: 847-359-0746*
*web:www.punjabtimesusa.com*

# ਸੁਪਰੀਮ ਕੋਰਟ ਵੱਲੋਂ ਦਾਗ਼ੀ ਸੰਸਦ ਮੈਂਬਰਾਂ ਬਾਰੇ ਸਰਕਾਰ ਦੀ ਖਿਚਾਈ

**ਨਵੀਂ ਦਿੱਲੀ:** ਵੱਡੀ ਗਿਣਤੀ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਅਪਰਾਧਕ ਪਿਛੋਕੜ 'ਤੇ ਫ਼ਿਕਰਮੰਦੀ ਪ੍ਰਗਟਾਉਂਦਿਆਂ ਸੁਪਰੀਮ ਕੋਰਟ ਨੇ ਕੇਂਦਰ ਤੇ ਸਾਰੀਆਂ ਰਾਜ ਸਰਕਾਰਾਂ ਨੂੰ ਨੋਟਿਸ ਜਾਰੀ ਕਰਕੇ ਇਕ ਜਨਹਿੱਤ ਪਟੀਸ਼ਨ 'ਤੇ ਉਨ੍ਹਾਂ ਦਾ ਜਵਾਬ ਮੰਗਿਆ ਹੈ ਜਿਸ 'ਚ ਅਜਿਹੇ ਚੁਣੇ ਹੋਏ ਨੁਮਾਇੰਦਿਆਂ ਨਾਲ ਸਬੰਧਤ ਮੁਕੱਦਮਿਆਂ ਦਾ ਨਿਬੇੜਾ ਛੇ ਮਹੀਨਿਆਂ ਦੇ ਅੰਦਰ-ਅੰਦਰ ਕੀਤੇ ਜਾਣ ਦੀ ਬੇਨਤੀ ਕੀਤੀ ਗਈ ਹੈ। ਸੰਖੇਪ ਸੁਣਵਾਈ ਦੌਰਾਨ ਜਸਟਿਸ ਪੀ. ਸਦਾਸ਼ਿਵਮ ਤੇ ਜਸਟਿਸ ਚੇਲਮੇਸ਼ਵਰ ਨੇ ਪਟੀਸ਼ਨਰਾਂ ਦੇ ਇਸ ਦਾਅਵੇ ਨੂੰ ਬੜਾ 'ਪ੍ਰੇਸ਼ਾਨ ਕਰਨ ਵਾਲਾ' ਕਰਾਰ ਦਿੱਤਾ ਜਿਸ 'ਚ ਦੱਸਿਆ ਗਿਆ ਹੈ ਕਿ ਵਰਤਮਾਨ ਲੋਕ ਸਭਾ ਦੇ 545 ਸੰਸਦ ਮੈਂਬਰਾਂ ਵਿਚੋਂ 163 ਮੈਂਬਰ ਅਪਰਾਧਕ ਕੇਸਾਂ ਦਾ ਸਾਹਮਣਾ ਕਰ ਰਹੇ ਹਨ।

ਸਰਕਾਰਾਂ ਨੂੰ ਚਾਰ ਹਫ਼ਤਿਆਂ ਵਿਚ ਜਵਾਬ ਦੇਣ ਦੇ ਨਿਰਦੇਸ਼ ਦਿੰਦਿਆਂ ਬੈਂਚ ਨੇ ਇਹ ਵੀ ਜਾਣਨਾ ਚਾਹਿਆ ਹੈ ਕਿ ਫਾਸਟ ਟਰੈਕ ਅਦਾਲਤਾਂ ਨੇ ਅਜਿਹੇ ਕੇਸਾਂ ਨੂੰ ਪਹਿਲ ਕਿਉਂ ਨਹੀਂ ਦਿੱਤੀ। ਇਸ 'ਤੇ ਪਟੀਸ਼ਨਰਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਜੀਵ ਧਵਨ ਨੇ ਦੱਸਿਆ ਕਿ ਫਾਸਟ ਟਰੈਕ ਅਦਾਲਤਾਂ ਲਈ 75 ਕਰੋੜ ਰੁਪਏ ਸਾਲਾਨਾ ਰੱਖੇ ਜਾਣ ਦੇ ਬਾਵਜੂਦ ਕਈ ਰਾਜਾਂ 'ਚ ਇਹ ਹਾਲੇ ਵੀ ਕਾਰਜਸ਼ੀਲ ਨਹੀਂ ਹੋਈਆਂ।

ਇਹ ਪਟੀਸ਼ਨ ਸਾਬਕਾ ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਜੇ.ਐਮ. ਲਿੰਗਦੋਹ, ਸਾਬਕਾ ਡੀ.ਜੀ.ਪੀ. ਬੀ.ਆਰ. ਲਾਲ (ਹਰਿਆਣਾ), ਜੂਲੀਓ ਐਨ. ਰਿਬੈਰੋ (ਪੰਜਾਬ), ਸਾਬਕਾ ਏਅਰ ਚੀਫ਼ ਮਾਰਸ਼ਲ ਐਸ. ਕ੍ਰਿਸ਼ਨਾਸਵਾਮੀ ਤੇ ਸੱਤ ਹੋਰ ਅਹਿਮ ਹਸਤੀਆਂ ਨੇ 'ਇੰਡੀਆ ਰੀਜਵੀਨੇਸ਼ਨ ਇਨੀਸ਼ੀਏਟਿਵ' ਤਹਿਤ ਇਕੱਠੇ ਹੋਣ ਮਗਰੋਂ ਕੀਤੀ ਸੀ। ਇਹ ਸਮਾਜਕ ਮੰਚ, ਜਨਤਕ ਜੀਵਨ 'ਚੋਂ ਨੈਤਿਕ ਤੇ ਸਿਧਾਂਤਕ ਪਤਨ ਨੂੰ ਠੱਲ੍ਹ ਪਾਉਣ ਲਈ ਯਤਨਸ਼ੀਲ ਹੈ। ਇਹ ਫੋਰਮ ਪੀ.ਜੇ. ਥੌਮਸ ਨੂੰ ਕੇਂਦਰੀ ਵਿਜੀਲੈਂਸ ਕਮਿਸ਼ਨਰ (ਸੀ.ਵੀ.ਸੀ.) ਦੇ ਅਹੁਦੇ ਤੋਂ ਲਹਾਉਣ 'ਚ ਸਰਗਰਮ ਸੀ ਤੇ ਇਸ ਨੇ ਹੀ ਜੁਲਾਈ 2008 'ਚ ਲੋਕ ਸਭਾ 'ਚ ਭਰੋਸੇ ਦੀ ਵੋਟ ਲੈਣ ਲਈ ਸੰਸਦ ਮੈਂਬਰਾਂ ਨੂੰ ਵੱਢੀ ਦਿੱਤੇ ਜਾਣ ਦੇ ਮਾਮਲੇ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਕੇਸ ਦਾਇਰ ਕੀਤੇ ਸਨ।

ਪਟੀਸ਼ਨਰਾਂ ਦਾ ਕਹਿਣਾ ਹੈ ਕਿ ਚੁਣੇ ਹੋਏ ਸੰਸਦ ਮੈਂਬਰ ਤੇ ਵਿਧਾਇਕ, ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ, ਮੰਤਰੀਆਂ ਤੇ ਲੋਕ ਨੁਮਾਇੰਦਿਆਂ ਦੀ ਹੈਸੀਅਤ 'ਚ ਸਰਕਾਰ ਦੀਆਂ ਨੀਤੀਆਂ ਤੇ ਪ੍ਰੋਗਰਾਮ ਤਿਆਰ ਕਰਕੇ ਦੇਸ਼ ਦੀ 'ਹੋਣੀ ਤੈਅ' ਕਰਦੇ ਹਨ। ਇਸ ਕਰਕੇ ਇਨ੍ਹਾਂ 'ਚੋਂ ਜਿਨ੍ਹਾਂ ਵਿਰੁੱਧ ਵੀ ਅਪਰਾਧਕ ਮਾਮਲੇ ਚੱਲ ਰਹੇ ਹਨ, ਉਨ੍ਹਾਂ ਦਾ ਫ਼ੌਜਦਾਰੀ ਕੇਸਾਂ ਦਾ ਫਾਸਟ ਟਰੈਕ ਅਦਾਲਤਾਂ 'ਚ ਨਿਬੇੜਾ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਅਪਰਾਧਕ ਮਾਮਲਿਆਂ ਦਾ ਸਾਹਮਣਾ ਕਰ ਰਹੇ 163 ਸੰਸਦ ਮੈਂਬਰਾਂ 'ਚੋਂ 76 'ਤੇ ਬਹੁਤ ਗੰਭੀਰ ਦੋਸ਼ ਲੱਗੇ ਸਨ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਅਪਰਾਧਕ ਪਿਛੋਕੜ ਵਾਲੇ ਮੈਂਬਰਾਂ ਨੂੰ ਛੇ ਮਹੀਨੇ ਦੇ ਅੰਦਰ-ਅੰਦਰ ਆਪਣੇ ਨਾਂ ਕਲੀਅਰ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ ਤੇ ਉਸ ਤੋਂ ਮਗਰੋਂ ਉਨ੍ਹਾਂ ਵੱਲੋਂ ਅਤੀਤ 'ਚ ਕੀਤੇ ਅਪਰਾਧ ਦੇ ਸਿੱਟੇ ਭੁਗਤਣ ਲਈ ਕਿਹਾ ਜਾਵੇ।

## ਅੰਮ੍ਰਿਤਸਰ ਕੌਮਾਂਤਰੀ ਹਰਿਆਲੀ ਲਹਿਰ 'ਚ ਸ਼ਾਮਲ

**ਵਾਸ਼ਿੰਗਟਨ:** ਨਵੇਂ ਬਣਾਏ 'ਗਰੀਨ ਪਿਲਗ੍ਰੀਮੇਜ ਨੈਟਵਰਕ' ਜਿਸ ਦਾ ਦੱਖਣੀ ਏਸ਼ੀਆ 'ਚੋਂ ਅੰਮ੍ਰਿਤਸਰ ਇਕੱਲਾ ਮੈਂਬਰ ਹੈ, ਨੇ ਧਾਰਮਿਕ ਮਹੱਤਤਾ ਵਾਲੇ ਸ਼ਹਿਰਾਂ ਨੂੰ ਹਰਿਆ-ਭਰਿਆ ਬਣਾਉਣ ਲਈ ਕਈ ਤਰ੍ਹਾਂ ਦੇ ਉਪਰਾਲੇ ਕਰਨ ਦਾ ਅਹਿਦ ਲਿਆ। ਵਾਸ਼ਿੰਗਟਨ ਦੀ ਈਕੋਸਿੱਖ ਜਥੇਬੰਦੀ ਅਨੁਸਾਰ ਧਾਰਮਿਕ ਥਾਵਾਂ ਦੇ ਰੂਟਾਂ 'ਤੇ ਕਾਰਾਂ ਦੀ ਪਾਬੰਦੀ, ਸੂਰਜੀ ਰੋਸ਼ਨੀਆਂ ਤੇ ਸ਼ਰਧਾਲੂਆਂ ਲਈ ਸੱਜਰੇ ਸਾਫ ਪਾਣੀ ਤੋਂ ਇਲਾਵਾ ਧਾਰਮਿਕ ਥਾਵਾਂ ਦੁਆਲੇ ਵੱਧ ਤੋਂ ਵੱਧ ਬੂਟੇ ਲਾਉਣਾ ਇਨ੍ਹਾਂ ਉਪਰਾਲਿਆਂ 'ਚ ਸ਼ਾਮਲ ਹੈ।

ਅੰਮ੍ਰਿਤਸਰ ਦੀ ਇਸ ਨੈੱਟਵਰਕ 'ਚ ਸ਼ਮੂਲੀਅਤ ਕਰਾਉਣ ਵਾਲੇ 'ਈਕੋ ਸਿੱਖ' ਅਨੁਸਾਰ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੂੰ ਅੰਮ੍ਰਿਤਸਰ ਦੀ ਬਿਨਾਅ 'ਤੇ



ਸ਼ਮੂਲੀਅਤ ਪੱਤਰ ਮਿਲ ਗਿਆ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਕੇ.ਐਸ. ਪੰਨੂ, ਈਕੋ ਸਿੱਖ ਦੇ ਪ੍ਰਧਾਨ ਰਾਜਵੰਤ ਸਿੰਘ ਤੇ ਈਕੋ ਸਿੱਖ ਇੰਡੀਆ ਪ੍ਰਾਜੈਕਟ ਦੇ ਮੈਨੇਜਰ ਰਣਜੀਤਪਾਲ ਸਿੰਘ ਹੋਰ ਸਿੱਖ ਡੈਲੀਗੇਟਾਂ 'ਚ ਸ਼ਾਮਲ ਸਨ। ਹਰਮੰਦਿਰ ਸਾਹਿਬ ਤੇ ਸ਼੍ਰੋਮਣੀ ਕਮੇਟੀ ਵੱਲੋਂ ਵਾਤਾਵਰਨ ਦੀ ਸਾਂਭ ਸੰਭਾਲ ਲਈ ਇਕ ਪੇਸ਼ਕਾਰ ਰਾਜਵੰਤ ਸਿੰਘ ਤੇ ਰਵਨੀਤਪਾਲ ਸਿੰਘ ਨੇ ਦਿਖਾਈ।

ਹਰਮੰਦਿਰ ਸਾਹਿਬ 'ਚ ਹਜ਼ਾਰਾਂ ਦੀ ਗਿਣਤੀ ਦੀ ਸੰਗਤ ਲਈ ਤਿਆਰ ਹੁੰਦੇ ਲੰਗਰ ਤੇ ਸਫਾਈ ਪ੍ਰਬੰਧਾਂ ਬਾਰੇ ਇਕ ਫਿਲਮ ਵੀ ਤਿਆਰ ਕਰਕੇ ਦਿਖਾਈ ਗਈ। ਦੁਨੀਆਂ ਭਰ ਤੋਂ ਪੁੱਜੇ ਹੋਰ ਡੈਲੀਗੇਟਾਂ ਨੂੰ ਸਿੱਖਾਂ ਦੀ ਲੰਗਰ ਪਰੰਪਰਾ ਦਾ ਪਹਿਲੀ ਵਾਰ ਪਤਾ ਲੱਗਿਆ। ਉਨ੍ਹਾਂ ਨੂੰ ਸਿੱਖੀ ਬਾਰੇ ਕਈ ਹੋਰ ਖ਼ੂਬਸੂਰਤ ਪਹਿਲੂਆਂ ਬਾਰੇ ਜਾਣਕਾਰੀ ਮਿਲੀ। ਰਜਵੰਤ ਸਿੰਘ ਨੇ ਕਿਹਾ ਕਿ ਅੰਮ੍ਰਿਤਸਰ ਨੂੰ ਹਰਿਆ-ਭਰਿਆ ਬਣਾਉਣ ਲਈ ਧਾਰਮਿਕ ਖੇਤਰ, ਸਿਵਲ ਸੁਸਾਇਟੀ ਤੇ ਸਰਕਾਰ ਵਿਚਾਲੇ ਵਿਆਪਕ ਤਾਲਮੇਲ ਦੀ ਲੋੜ ਹੋਵੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਸਾਰਾ ਕੁਝ ਵੇਲੇ ਸਿਰ ਹੋ ਜਾਵੇਗਾ ਤੇ ਪੰਜਾਬ ਸਰਕਾਰ ਛੇਤੀ ਹੀ ਉਪਰਾਲੇ ਕਰੇਗੀ।

# ਖਾਲੜਾ ਹੱਤਿਆ ਕੇਸ:ਸੁਪਰੀਮ ਕੋਰਟ ਵਲੋਂ ਦੋਸ਼ੀਆਂ ਦੀ ਸਜ਼ਾ ਬਰਕਰਾਰ

## ਪੁਲਿਸ ਜ਼ਿਆਦਤੀਆਂ ਲਈ ਉਦਾਰਤਾ ਕਾਨੂੰਨ ਦੀ ਉਲੰਘਣ ਕਰਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮਨੁੱਖੀ ਹੱਕਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਨੂੰ ਸਤੰਬਰ 1995 ਨੂੰ ਅਗਵਾ ਕਰਕੇ ਕਤਲ ਕਰਨ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਪੰਜਾਬ ਪੁਲਿਸ ਦੇ ਛੇ ਅਧਿਕਾਰੀਆਂ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖੀ ਹੈ। ਖਾਲੜਾ ਨੇ ਪੁਲੀਸ ਵੱਲੋਂ ਖਾੜਕੂਵਾਦ ਨਾਲ ਲੜਨ ਦੇ ਬਹਾਨੇ ਅੰਮ੍ਰਿਤਸਰ ਤੇ ਤਰਨ ਤਾਰਨ ਜ਼ਿਲ੍ਹਿਆਂ 'ਚ ਨਿਰਦੋਸ਼ ਲੋਕਾਂ ਨੂੰ ਮਾਰ ਕੇ ਬਿਨਾਂ ਸ਼ਨਾਖਤ ਬੇਹੁਰਮਤੀ ਨਾਲ ਉਨ੍ਹਾਂ ਦੀਆਂ ਲਾਸ਼ਾਂ ਨੂੰ ਬਿਲੇ ਲਾਉਣ ਦੀ ਕਾਰਵਾਈ ਜੱਗ ਜ਼ਾਹਰ ਕੀਤੀ ਸੀ।

ਦੋਸ਼ੀ ਪੁਲਿਸ ਵਾਲਿਆਂ 'ਚ ਜਸਪਾਲ ਸਿੰਘ (ਡੀ.ਐੱਸ.ਪੀ.), ਅਮਰਜੀਤ ਸਿੰਘ (ਏ.ਐਸ.ਆਈ.), ਪ੍ਰਿਥੀਪਾਲ ਸਿੰਘ (ਹੈੱਡ ਕਾਂਸਟੇਬਲ), ਸਤਨਾਮ ਸਿੰਘ (ਐਸ.ਐਚ ਓ. ਝਬਾਲ), ਸੁਰਿੰਦਰਪਾਲ ਸਿੰਘ ਤੇ ਜਸਬੀਰ ਸਿੰਘ (ਦੋਵੇਂ ਸਬ-ਇੰਸਪੈਕਟਰ) ਸ਼ਾਮਲ ਹਨ। ਜਸਟਿਸ ਪੀ. ਸਦਾਸ਼ਿਵਮ ਤੇ ਬੀ.ਐਸ. ਚੌਹਾਨ 'ਤੇ ਆਧਾਰਤ ਬੈਂਚ ਨੇ ਇਨ੍ਹਾਂ ਦੋਸ਼ੀਆਂ ਦੀ ਉਮਰ ਕੈਦ ਦੀ ਸਜ਼ਾ ਦੀ ਪੁਸ਼ਟੀ ਦੇ ਹੱਕ 'ਚ 24 ਕਾਰਨ ਦਿੱਤੇ ਹਾਲਾਂਕਿ ਖਾਲੜਾ ਦੀ ਲਾਸ਼ ਨਹੀਂ ਮਿਲੀ ਸੀ। 50 ਸਫ਼ਿਆਂ ਦੇ ਫੈਸਲੇ 'ਚ ਬੈਂਚ ਨੇ ਕਿਹਾ ਕਿ ਚਸ਼ਮਦੀਦ ਗਵਾਹਾਂ ਨੇ ਖਾਲੜਾ ਦੇ ਅਗਵਾ ਤੇ ਥਾਣੇ 'ਚ ਉਸ ਨੂੰ ਬੰਦ ਕੀਤੇ ਜਾਣ ਦੀ ਪੁਸ਼ਟੀ ਕੀਤੀ ਸੀ। ਅਜਿਹੀ ਤੱਥ ਭਰਪੂਰ ਹਾਲਤ 'ਚ ਮੁਲਜ਼ਮਾਂ ਦੀ ਇਹ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੀੜਤ ਦੀ ਹੋਣੀ ਦਾ ਖੁਲਾਸਾ ਕਰਨ।

ਅਦਾਲਤ ਨੇ ਐਡੀਸ਼ਨਲ ਸਾਲਿਸਿਟਰ ਜਨਰਲ ਮੋਹਨ ਜੈਨ ਦੀ ਦਲੀਲ ਨੂੰ ਵੀ ਸਵੀਕਾਰਿਆ ਕਿ ਦੋਸ਼ੀਆਂ ਨੂੰ ਦਿੱਤੀ ਜਾਣ ਵਾਲੀ ਕਿਸੇ ਵੀ ਕਿਸਮ ਦੀ ਛੋਟ ਜਾਂ ਰਾਹਤ ਆਮ ਮਨੁੱਖ ਦੇ ਨਿਆਂਤੰਤਰ 'ਚ ਵਿਸ਼ਵਾਸ ਨੂੰ ਹਿਲਾ ਦੇਵੇਗੀ। ਬੈਂਚ ਨੇ ਕਿਹਾ, "ਪੁਲਿਸ ਵਧੀਕੀਆਂ ਜਿਹਾ ਕਿ ਇਸ ਹੱਥਲੇ ਕੇਸ 'ਚ ਹੋਇਆ, ਨੂੰ ਸਵੀਕਾਰ ਕਰਨਾ ਕਾਨੂੰਨ ਦੇ ਰਾਜ ਨੂੰ ਸਿਲਸਿਲੇਵਾਰ ਢੰਗ ਨਾਲ ਲੱਗੇ ਖੋਰੇ ਤੇ ਇਸ ਦੇ ਦਮਨ ਨੂੰ ਸਵੀਕਾਰ ਕਰਨ ਦੇ ਤੁੱਲ ਹੋਏਗਾ।" ਅਦਾਲਤ ਨੇ ਇਸ



ਭਾਈ ਜਸਵੰਤ ਸਿੰਘ ਖਾਲੜਾ

ਸਾਰੇ ਕਾਂਡ ਨੂੰ ਬੇਹੱਦ ਘਿਨੌਣਾ ਕਰਾਰ ਦਿੱਤਾ।


ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਪ੍ਰਿਥੀਪਾਲ, ਸਤਨਾਮ, ਸੁਰਿੰਦਰਪਾਲ ਤੇ ਜਸਬੀਰ ਦੀ 7-7 ਸਾਲ ਦੀ ਕੈਦ ਨੂੰ ਵਧਾ ਕੇ ਉਮਰ ਕੈਦ 'ਚ ਤਬਦੀਲ ਕਰਨ ਦੇ 16 ਅਕਤੂਬਰ, 2007 ਦੇ ਫੈਸਲੇ ਦੀ ਪੁਸ਼ਟੀ ਕਰਦਿਆਂ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਕਿ ਹਾਈ ਕੋਰਟ ਵੀ ਮੂਕ ਦਰਸ਼ਕ ਬਣ ਕੇ ਨਹੀਂ ਰਹਿ ਸਕੀ ਹੋਏਗੀ ਕਿਉਂਕਿ ਮਾਮਲੇ ਦੇ ਸਾਰੇ ਤੱਥ ਨਿਆਂ ਦੀ ਦੁਹਾਈ ਦਿੰਦਿਆਂ ਸੱਚ ਬਿਆਨ ਕਰ ਰਹੇ ਸਨ। ਸੁਪਰੀਮ ਕੋਰਟ ਨੇ ਇਸ ਤੱਥ ਨੂੰ ਵੀ ਧਿਆਨ 'ਚ ਰੱਖਿਆ ਕਿ ਖਾਲੜਾ ਨੇ ਬਹੁਤ ਸਾਰੇ ਲੋਕਾਂ ਨੂੰ ਦੱਸਿਆ ਹੋਇਆ ਸੀ ਕਿ ਉਸ ਦੀ ਜਾਨ ਨੂੰ ਖਤਰਾ ਸੀ ਤੇ ਓਪਰੇ ਬੰਦੇ ਉਸ ਦੇ ਘਰ ਦੇ ਦੁਆਲੇ ਘੁੰਮਦੇ ਸਨ।

ਇਸ ਤੋਂ ਇਲਾਵਾ ਖਾਲੜਾ ਪੁਲਿਸ ਤੰਤਰ ਵਿਰੁੱਧ ਲੋਕਾਂ ਦਾ ਦਬਾਅ ਬਣਾ ਸਕਦਾ ਸੀ। ਪੰਜਾਬ ਪੁਲਿਸ ਨੇ ਪੀੜਤ ਦੀ ਪਤਨੀ ਪਰਮਜੀਤ ਕੌਰ ਵੱਲੋਂ ਦਾਇਰ ਸ਼ਿਕਾਇਤ ਨੂੰ ਵੀ ਨਹੀਂ ਗੌਲਿਆ। ਕੇਸ ਦੀ ਜਾਂਚ ਕਰਨ ਵਾਲੀ ਸੀ.ਬੀ.ਆਈ. ਨੂੰ ਵੀ ਉਨ੍ਹਾਂ ਨੇ ਸਹਿਯੋਗ ਨਹੀਂ ਦਿੱਤਾ। ਪੰਜਾਬ ਦੇ ਪੁਲਿਸ ਅਧਿਕਾਰੀ ਆਪਣੇ ਨਾਲ ਦਿਆਂ ਨੂੰ ਬਚਾਉਣ ਲਈ ਨਾਪਾਕ ਢੰਗ ਨਾਲ ਇਕਜੁੱਟ ਹੋ ਗਏ। ਦੋਸ਼ੀ ਪੁਲਿਸ ਵਾਲਿਆਂ ਨੇ ਗਵਾਹਾਂ ਨੂੰ ਵੀ ਡਰਾ-ਧਮਕਾ ਕੇ, ਤੰਗ-ਪ੍ਰੇਸ਼ਾਨ ਕਰਕੇ ਗਵਾਹੀਆਂ ਤੋਂ ਵਰਜਿਆ। ਉਨ੍ਹਾਂ ਨੂੰ ਝੂਠੇ ਕੇਸਾਂ 'ਚ ਫਸਾਇਆ। ਬੈਂਚ ਨੇ ਦੋਸ਼ੀਆਂ ਦੀਆਂ ਅਪੀਲਾਂ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਨਹੀਂ ਜਾਪਦਾ ਕਿ ਹਾਈ ਕੋਰਟ ਦੇ ਤੋਲ ਪਰਖ ਕੇ ਸੁਣਾਏ ਫੈਸਲੇ 'ਚ ਕੋਈ ਤਬਦੀਲੀ ਲਿਆਂਦੀ ਜਾਵੇ।

ਸੁਪਰੀਮ ਕੋਰਟ ਨੇ ਕਿਹਾ ਕਿ ਪੁਲਿਸ ਵਾਲਿਆਂ ਦੇ ਅੱਤਿਆਚਾਰਾਂ ਪ੍ਰਤੀ ਕੋਈ ਉਦਾਰਤਾ ਨਹੀਂ ਹੋਣੀ ਚਾਹੀਦੀ। ਸੁਪਰੀਮ ਕੋਰਟ ਨੇ ਫੈਸਲੇ 'ਚ ਕਿਹਾ ਕਿ ਪੁਲਿਸ ਦੀਆਂ ਜ਼ਿਆਦਤੀਆਂ ਲਈ ਉਦਾਰਤਾ ਦਿਖਾਉਣੀ ਕਾਨੂੰਨ ਦੇ ਨਿਯਮਾਂ ਦਾ ਉਲੰਘਣ ਹੋਵੇਗਾ। ਅਦਾਲਤ ਨੇ ਕਿਹਾ ਕਿ ਦੋਸ਼ੀਆਂ ਨੂੰ ਰਾਹਤ ਦੇਣ ਨਾਲ ਆਮ ਆਦਮੀ ਦਾ ਕਾਨੂੰਨ ਤੋਂ ਭਰੋਸਾ ਉਠ ਜਾਵੇਗਾ। ਅਦਾਲਤ ਨੇ ਕਿਹਾ ਕਿ ਪੰਜਾਬ ਪੁਲਿਸ ਦੇ ਅਧਿਕਾਰੀ ਵਰਗ ਦੇ ਇਸ ਮਾਮਲੇ 'ਚ ਦੋਸ਼ੀ ਹੋਣ ਨਾਲ ਪੁਲਿਸ ਦੀ ਸਾਖ ਨੂੰ ਵੱਟਾ ਲੱਗਾ ਹੈ।

# ਆਲਮ ਨੂੰ ਟਿਕਟ ਦੇਣ ਵਿਰੁਧ ਮੁਹਿੰਮ ਵਿੱਢਣ ਦਾ ਐਲਾਨ

**ਅੰਮ੍ਰਿਤਸਰ:** ਅਕਾਲੀ ਦਲ ਬਾਦਲ ਦੇ ਹਲਕਾ ਮਲੇਰਕੋਟਲਾ ਦੇ ਚੋਣ ਇੰਚਾਰਜ ਮੁਹੰਮਦ ਇਜ਼ਹਾਰ ਆਲਮ ਦੇ ਚੋਣ ਲੜਨ ਦੀਆਂ ਰਾਹਾਂ ਵਿਚ ਵੱਡੀ ਰੁਕਾਵਟ ਪਾਉਂਦਿਆਂ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਨੇ ਕਿਹਾ ਕਿ ਜੇਕਰ ਅਕਾਲੀ ਦਲ ਨੇ ਆਲਮ ਨੂੰ ਟਿਕਟ ਦਿੱਤੀ ਤਾਂ ਆਲਮ ਸੈਨਾ ਦੇ ਜ਼ੁਲਮਾਂ ਤੋਂ ਪੀੜਤਾਂ ਨੂੰ ਮਲੇਰਕੋਟਲਾ ਲੈ ਜਾ ਕੇ ਆਲਮ ਤੇ ਆਲਮ ਸੈਨਾ ਦੀ ਸਚਾਈ ਆਮ ਲੋਕਾਂ ਸਾਹਮਣੇ ਰੱਖੀ ਜਾਵੇਗੀ।



ਅੰਮ੍ਰਿਤਸਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖਾਲੜਾ ਮਿਸ਼ਨ ਦੇ ਪ੍ਰਧਾਨ ਹਰਮਨ ਦੀਪ ਸਿੰਘ ਸਰਹਾਲੀ, ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਤੇ ਕ੍ਰਿਪਾਲ ਸਿੰਘ ਰੰਧਾਵਾ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਕਿਹਾ ਕਿ ਅੰਮ੍ਰਿਤਸਰ ਦੇ ਸਾਬਕਾ ਐਸ.ਐਸ.ਪੀ ਇਜ਼ਹਾਰ ਆਲਮ ਤੇ ਵਿਜੀਲੈਂਸ ਚੀਫ਼ ਸੁਮੇਧ ਸੈਣੀ ਦੇ ਗ਼ੈਰ ਕਾਨੂੰਨੀ ਕਾਰਿਆਂ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਅਦਾਲਤੀ ਜਾਂਚ ਕਰਵਾਈ ਜਾਵੇ ਕਿਉਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਦੋਵਾਂ ਨੂੰ ਕਲੀਨ ਚਿੱਟ ਦੇ ਕੇ ਸਿੱਖ ਪੰਥ ਨੂੰ ਵੰਗਾਰਿਆ ਹੈ।

ਆਲਮ ਸੈਨਾ ਦੇ ਜ਼ੁਲਮਾਂ ਦੀ ਦਾਸਤਾਨ ਦਸਦਿਆਂ ਬੀਬੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਆਲਮ ਸੈਨਾ ਵੱਲੋਂ 31 ਦਸੰਬਰ 1987 ਨੂੰ ਅੰਮ੍ਰਿਤਸਰ ਦੇ ਚੀਮਾ ਬਾਠ ਪਿੰਡ ਵਿਚ ਫ਼ਾਰਮ ਹਾਊਸ 'ਤੇ ਇਕ ਪਰਵਾਰ ਦੇ ਨੌਂ ਜੀਅ ਮਾਰ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਫ਼ਰਵਰੀ ਨੂੰ ਪਿੰਡ ਸਹਿੰਸਰਾ ਵਿਚ ਇਕ ਪਰਿਵਾਰ ਦੇ ਅੱਠ ਜੀਅ ਮਾਰ ਦਿੱਤੇ। ਪੁਲਿਸ ਨੇ ਇਨ੍ਹਾਂ ਕਤਲਾਂ ਨੂੰ ਖਾੜਕੂਆਂ ਦੀ ਆਪਸੀ ਦੁਸ਼ਮਣੀ ਦੱਸਿਆ ਤੇ ਕਦੀ ਇਨ੍ਹਾਂ ਪਿੱਛੇ ਪਾਕਿਸਤਾਨ ਦਾ ਹੱਥ ਦੱਸਿਆ ਗਿਆ।

ਉਨ੍ਹਾਂ ਕਿਹਾ ਕਿ ਆਲਮ ਸੈਨਾ ਦੇ ਅੱਤਿਆਚਾਰਾਂ ਬਾਰੇ ਉਸ ਸਮੇਂ ਦੇ ਡੀ.ਸੀ. ਸਰਬਜੀਤ ਸਿੰਘ ਨੇ ਬਲੈਕ ਥੰਡਰ ਬਾਰੇ ਲਿਖੀ ਕਿਤਾਬ ਵਿਚ ਇਸ ਦੇ ਜ਼ੁਲਮਾਂ ਦੀ ਸਹੀ ਤਸਵੀਰ ਪੇਸ਼ ਕੀਤੀ। ਖਾਲੜਾ ਮਿਸ਼ਨ ਦੇ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਵਿਚ ਇਸ ਅਣਮਨੁੱਖੀ ਕਾਰੇ ਕਰ ਕੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਪੜਤਾਲ ਹੋਵੇ। ਉਨ੍ਹਾਂ ਕਿਹਾ ਕਿ ਜੇਕਰ ਇਜ਼ਹਾਰ ਆਲਮ ਨੂੰ ਟਿਕਟ ਦਿੱਤੀ ਗਈ ਤਾਂ 117 ਹਲਕਿਆਂ ਵਿਚ ਰੋਸ ਪ੍ਰਗਟ ਕੀਤੇ ਜਾਣਗੇ।

# '84 ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਦਿੱਲੀ 'ਚ ਪ੍ਰਦਰਸ਼ਨ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵੱਲੋਂ ਸੰਸਦ ਭਵਨ ਦੇ ਨੇੜੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਵਿਚ ਦੋਵਾਂ ਪਾਰਟੀਆਂ ਦੀ ਸੀਨੀਅਰ ਲੀਡਰਸ਼ਿਪ, ਅਹੁਦੇਦਾਰ, ਵਰਕਰਾਂ ਤੇ ਪੀੜਤਾਂ ਸਮੇਤ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਸ਼ਮੂਲੀਅਤ ਕਰਕੇ ਸਰਕਾਰ ਵਿਰੁੱਧ ਤਿੱਖਾ ਰੋਸ ਪ੍ਰਗਟਾਇਆ।

ਗੁਰਦੁਆਰਾ ਬੰਗਲਾ ਸਾਹਿਬ ਤੋਂ ਅਰਦਾਸ ਕਰਕੇ ਇਕ ਕਾਫ਼ਲੇ ਦੇ ਰੂਪ 'ਚ ਸੰਸਦ ਨੇੜੇ ਪੁੱਜੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਬਠਿੰਡਾ ਤੋਂ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਸਿੱਖ ਕਤਲੇਆਮ ਦੇ ਮਾਮਲੇ 'ਚ ਕਾਂਗਰਸ ਦੇ ਰਵੱਈਏ 'ਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਇਕ ਪਾਸੇ ਤਾਂ ਕਾਂਗਰਸ ਆਪਣੀ ਗ਼ਲਤੀਆਂ 'ਤੇ ਪਰਦਾ ਪਾਉਣ ਲਈ ਕਤਲੇਆਮ ਦੇ ਦੋਸ਼ੀਆਂ ਨੂੰ ਸਿੱਧੇ ਰੂਪ 'ਚ ਬਚਾਅ ਰਹੀ ਹੈ ਤੇ ਦੂਜੇ ਪਾਸੇ ਸਿੱਖਾਂ ਤੇ ਪੀੜਤਾਂ ਨੂੰ ਇਸ ਕਤਲੇਆਮ ਨੂੰ ਭੁੱਲਣ ਦੀ ਸਿੱਖਿਆ ਦੇ ਰਹੀ ਹੈ।




ਉਨ੍ਹਾਂ ਚਿਤਾਵਨੀ ਦਿੱਤੀ ਕਿ ਕਾਂਗਰਸ ਇਸ ਭੁਲੇਖੇ 'ਚ ਨਾ ਰਹੇ ਕਿ ਸਿੱਖ ਕੌਮ 1984 ਦੇ ਕਤਲੇਆਮ ਨੂੰ ਭੁੱਲ ਜਾਵੇਗੀ। ਉਨ੍ਹਾਂ ਕਿਹਾ ਕਿ ਇਨਸਾਫ ਮਿਲਣ ਤਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇੰਦਰਾ ਗਾਂਧੀ ਦੀ ਬਰਸੀ ਮਨਾਉਣ ਵਾਲੀ ਕਾਂਗਰਸ ਉਸੇ ਦਿਨ ਹੋਏ 7000 ਸਿੱਖਾਂ ਦੇ ਕਤਲੇਆਮ ਨੂੰ ਕਿਉਂ ਭੁੱਲ ਜਾਂਦੀ ਹੈ? ਇਸ ਮੌਕੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ, ਸ. ਬਲਵਿੰਦਰ ਸਿੰਘ ਭੂੰਦੜ, ਬੀਬੀ ਪਰਮਜੀਤ ਕੌਰ ਗੁਲਸ਼ਨ, ਸ੍ਰੀ ਨਰੇਸ਼ ਗੁਜਰਾਲ, ਸ. ਤਰਲੋਚਨ ਸਿੰਘ (ਚੇਅਰਮੈਨ ਕੌਮ ਸਾਬਕਾ ਘੱਟ ਗਿਣਤੀ ਕਮਿਸ਼ਨ) ਤੇ ਵੈਂਕਈਆ ਨਾਇਡੂ (ਭਾਜਪਾ ਆਗੂ) ਨੇ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਸਿੱਖਾਂ ਨੂੰ ਨਿਆਂ ਦੇਣ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹੈ, ਸਗੋਂ ਦੋਸ਼ੀਆਂ ਨੂੰ ਬਚਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਸ ਮੁੱਦੇ ਨੂੰ ਕਈ ਵਾਰੀ ਸੰਸਦ ਤੇ ਸੜਕਾਂ 'ਤੇ ਵੀ ਚੁੱਕਿਆ ਜਾ ਚੁੱਕਾ ਹੈ ਪਰ ਇੰਜ ਪ੍ਰਤੀਤ ਹੁੰਦਾ ਹੈ ਕਿ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਦੀ ਕਾਂਗਰਸ ਦੀਆਂ ਨਜ਼ਰਾਂ ਵਿਚ ਕੋਈ ਕੀਮਤ ਨਹੀਂ ਹੈ। ਉਨ੍ਹਾਂ ਕਿਹਾ ਕਿਹਾ ਕਿ ਜਦ ਤੱਕ ਸਿੱਖਾਂ ਨੂੰ ਇਨਸਾਫ ਨਹੀ ਮਿਲਦਾ, ਕਾਂਗਰਸ ਦੇ ਮੱਥੇ 'ਤੇ ਲੱਗਾ ਸਿੱਖ ਕਤਲੇਆਮ ਦਾ ਕਲੰਕ ਦਿਨੋਂ-ਦਿਨ ਵੱਡਾ ਹੁੰਦਾ ਜਾਵੇਗਾ। ਉਨ੍ਹਾਂ ਕਿਹਾ ਕਿ ਹੋਂਦ ਚਿੱਲੜ ਦੇ ਮਾਮਲੇ ਵਿਚ ਕਮੇਟੀ ਬਣਾਉਣ ਦਾ ਭਰੋਸਾ ਦਿੱਤਾ ਗਿਆ ਸੀ ਪਰ ਇਕ ਵਰ੍ਹਾ ਬੀਤ ਜਾਣ ਤੋਂ ਬਾਅਦ ਵੀ ਕੁਝ ਨਹੀਂ ਹੋਇਆ। ਇਸ ਮੌਕੇ ਪੰਜ ਮੈਂਬਰੀ ਵਫ਼ਦ ਨੇ ਪ੍ਰਧਾਨ ਮੰਤਰੀ ਦੇ ਦਫ਼ਤਰ ਯਾਦ-ਪੱਤਰ ਵੀ ਸੌਂਪਿਆ।

# ਹੋਂਦ ਚਿੱਲੜ 'ਚ 'ਸਿੱਖ ਨਸਲਕੁਸ਼ੀ ਯਾਦਗਾਰ' ਬਣਾਉਣ ਤੋਂ ਸ਼੍ਰੋਮਣੀ ਕਮੇਟੀ ਮੁਕਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਕਮੇਟੀ ਹੋਂਦ ਚਿਲੜ 'ਚ 'ਸਿੱਖ ਨਸਲਕੁਸ਼ੀ ਯਾਦਗਾਰ' ਬਣਾਉਣ ਤੋਂ ਭੱਜ ਗਈ ਹੈ ਤੇ ਹੁਣ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਉਸਾਰੀ ਦਾ ਕੰਮ ਆਪਣੇ ਜ਼ਿੰਮੇ ਲੈ ਲਿਆ ਹੈ । ਦੱਸਣਯੋਗ ਹੈ ਕਿ ਹੋਂਦ ਚਿੱਲੜ ਵਿਖੇ ਸਿੱਖ ਨਸਲਕੁਸ਼ੀ ਯਾਦਗਾਰ ਦਾ ਨੀਂਹ ਪੱਥਰ ਇਸੇ ਸਾਲ 6 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਰੱਖਿਆ ਸੀ। ਮਾਰਚ 2011 ਵਿਚ ਸ਼੍ਰੋਮਣੀ ਅਕਾਲੀ ਦਲ (ਬ) ਤੇ ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਸੀ ਕਿ ਪਿੰਡ ਹੋਂਦ ਚਿਲੜ ਵਿਖੇ ਖੰਡਰ ਬਣੇ ਘਰ ਤੇ ਗੁਰਦਵਾਰੇ ਨੂੰ ਸਿੱਖ ਨਸਲਕੁਸ਼ੀ ਦੀ ਯਾਦਗਾਰ ਵਜੋਂ ਸੰਭਾਲਿਆ ਜਾਵੇਗਾ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਪਿੰਡ ਹੋਂਦ ਚਿਲੜ ਨੂੰ ਸਿੱਖ ਜਗਤ ਲਈ ਇਕ ਯਾਦਗਾਰ ਵਜੋਂ ਸੰਭਾਲਿਆ ਜਾਣਾ ਚਾਹੀਦਾ ਹੈ ਤਾਂ ਜੋ ਇਹ ਇਕ ਅਜਿਹੀ ਥਾਂ ਬਣੇ ਜੋ ਸਾਨੂੰ ਇਹ ਯਾਦ ਦਿਵਾਵੇ ਕਿ 1984 ਸਿੱਖ ਨਸਲਕੁਸ਼ੀ ਦੌਰਾਨ ਸਿੱਖਾਂ 'ਤੇ ਕਿੰਨੇ ਜ਼ੁਲਮ ਕੀਤੇ ਗਏ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਹੋਂਦ ਚਿਲੜ ਵਿਖੇ ਸਿੱਖ ਨਸਲਕੁਸ਼ੀ ਯਾਦਗਾਰ ਬਣਾਉਣ ਵਿਚ ਨਾਕਾਮ ਰਹੀ ਹੈ ਤੇ ਇਸ ਲਈ ਹੁਣ ਫ਼ੈਡਰੇਸ਼ਨ, ਸਿੱਖ



ਪੰਥ ਤੇ ਨਵੰਬਰ 1984 ਦੇ ਪੀੜਤਾਂ ਦੀ ਮਦਦ ਨਾਲ ਨਸਲਕੁਸ਼ੀ ਯਾਦਗਾਰ ਬਣਾਏਗੀ।

ਪੀਰ ਮੁਹੰਮਦ ਨੇ ਦੱਸਿਆ ਕਿ ਨਸਲਕੁਸ਼ੀ ਯਾਦਗਾਰ ਦੀ ਉਸਾਰੀ ਦਾ ਕੰਮ 10 ਨਵੰਬਰ ਨੂੰ ਹੋਂਦ ਚਿਲੜ ਗੁਰਦਵਾਰਾ ਵਿਖੇ ਕਾਰਸੇਵਾ ਰਾਹੀਂ ਅਰੰਭ ਕੀਤੀ ਗਈ ਹੈ। ਫ਼ੈਡਰੇਸ਼ਨ ਦੇ ਜਨਰਲ ਸਕੱਤਰ ਦਵਿੰਦਰ ਸਿੰਘ ਸੋਢੀ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਕਿ ਸ਼੍ਰੋਮਣੀ ਕਮੇਟੀ ਪੀੜਤਾਂ ਦੀ ਯਾਦ ਵਿਚ ਨਸਲਕੁਸ਼ੀ ਯਾਦਗਾਰ ਬਣਾਉਣ ਦੇ ਆਪਣੇ ਵਾਅਦੇ ਤੋਂ ਮੁਕਰੀ ਹੈ ਸਗੋਂ ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦ-ਏ-ਮੀਨਾਰ ਦੀ ਉਸਾਰੀ ਬਾਰੇ ਆਪਣੇ ਵਾਅਦੇ ਤੋਂ ਮੁਕਰ ਗਈ ਸੀ। ਹੋਂਦ ਚਿੱਲੜ ਦਾ ਪ੍ਰਗਟਾਵਾ ਕਰਨ ਵਾਲੇ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਕਮੇਟੀ ਲਈ ਹੋਂਦ ਚਿੱਲੜ ਵਿਖੇ ਸਿੱਖ ਨਸਲਕੁਸ਼ੀ ਯਾਦਗਾਰ ਦਾ ਕੋਈ ਮਤਲਬ ਨਹੀਂ ਰਿਹਾ। ਸਿੱਖ ਨਸਲਕੁਸ਼ੀ ਯਾਦਗਾਰ ਦੀ ਉਸਾਰੀ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੇ ਨਵੰਬਰ 1984 ਦੇ ਪੀੜਤਾਂ ਦੇ ਫ਼ੈਸਲੇ ਦਾ ਸਮਰਥਨ ਕਰਦਿਆਂ ਸਿੱਖਸ ਫ਼ਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਹੋਂਦ ਚਿੱਲੜ ਵਿਖੇ ਯਾਦਗਾਰ ਉਸਾਰਨ ਦਾ ਖ਼ਰਚ ਸਿੱਖਸ ਫ਼ਾਰ ਜਸਟਿਸ ਸਮੁਚੇ ਸਿੱਖ ਜਗਤ ਦੀ ਮਦਦ ਨਾਲ ਕਰੇਗੀ। ਅਟਾਰਨੀ ਪੰਨੂ ਨੇ ਕਿਹਾ ਕਿ ਇਕ ਵਾਰ ਜਦੋਂ ਸਿੱਖ ਨਸਲਕੁਸ਼ੀ ਯਾਦਗਾਰ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਜਾਵੇਗਾ ਤਾਂ ਹੋਂਦ ਚਿੱਲੜ ਵਿਖੇ ਖੰਡਰਾਂ ਦੀ ਸਾਂਭ ਸੰਭਾਲ ਲਈ ਯੂਨੈਸਕੋ ਤਕ ਪਹੁੰਚ ਕੀਤੀ ਜਾਵੇਗੀ ਤਾਂ ਜੋ ਇਸ ਤੋਂ ਪਹਿਲਾਂ ਕਿ ਹੋਂਦ ਚਿੱਲੜ ਵਿਚ ਖੰਡਰਾਂ ਨੂੰ ਪੂਰੀ ਤਰ੍ਹਾਂ ਤਬਾਹ ਨਾ ਕਰ ਦਿੱਤਾ ਜਾਵੇ ਜਿਵੇਂ ਕਿ ਸਮੁੱਚੇ ਭਾਰਤ ਵਿਚ ਕਈ ਅਜਿਹੀਆਂ ਥਾਵਾਂ 'ਤੇ ਕੀਤਾ ਗਿਆ ਹੈ।

## ਖਾਲਸਾ ਵਿਰਾਸਤ ਕੰਪਲੈਕਸ ਦਾ ਉਦਘਾਟਨ 25 ਨੂੰ

**ਚੰਡੀਗੜ੍ਹ:** ਸ੍ਰੀ ਆਨੰਦਪੁਰ ਸਾਹਿਬ ਸਥਿਤ ਖਾਲਸਾ ਵਿਰਾਸਤ ਕੰਪਲੈਕਸ ਦਾ ਉਦਘਾਟਨ ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 25 ਨਵੰਬਰ ਨੂੰ ਕੀਤਾ ਜਾਵੇਗਾ। ਇਹ ਫੈਸਲਾ ਸਰਕਾਰੀ ਪੱਧਰ 'ਤੇ ਲੈ ਲਿਆ ਹੈ ਕਿਉਂਕਿ ਪ੍ਰਧਾਨ ਮੰਤਰੀ ਸਕੱਤਰੇਤ ਵੱਲੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਪੰਜਾਬ ਇਸ ਪ੍ਰਾਜੈਕਟ ਦੇ ਉਦਘਾਟਨ ਲਈ ਆਉਣ ਬਾਰੇ ਹੁਣ ਤੱਕ ਕੋਈ ਪ੍ਰੋਗਰਾਮ ਜਾਰੀ ਨਹੀਂ ਕੀਤਾ ਤੇ ਪ੍ਰਧਾਨ ਮੰਤਰੀ ਸਕੱਤਰੇਤ ਦੇ ਬੁਲਾਰੇ ਵੱਲੋਂ ਸਪੱਸ਼ਟ ਕੀਤਾ ਹੈ ਕਿ ਨਵੰਬਰ ਵਿਚ ਪ੍ਰਧਾਨ ਮੰਤਰੀ ਦਾ ਪੰਜਾਬ ਜਾਣ ਦਾ ਕੋਈ ਪ੍ਰੋਗਰਾਮ ਨਹੀਂ ਹੈ। ਮੁੱਖ ਮੰਤਰੀ ਪੱਧਰ 'ਤੇ ਅਹਿਮ ਪ੍ਰਾਜੈਕਟ ਦਾ ਉਦਘਾਟਨ 25 ਨਵੰਬਰ ਨੂੰ ਕਰਨ ਬਾਰੇ ਲਏ ਫੈਸਲੇ ਤੋਂ ਬਾਅਦ ਰਾਜ ਸਰਕਾਰ ਵੱਲੋਂ ਇਸ ਸਮਾਗਮ ਲਈ ਵੱਡੇ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ ਕਿਉਂਕਿ ਰਾਜ ਸਰਕਾਰ ਇਸ ਸਮਾਗਮ ਨੂੰ ਯਾਦਗਾਰੀ ਬਣਾਉਣਾ ਚਾਹੁੰਦੀ ਹੈ।

ਰਾਜ ਦੇ ਉੱਚ ਅਧਿਕਾਰੀਆਂ ਦੀਆਂ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਤੇ ਤਿਆਰੀਆਂ ਨੂੰ ਲੈ ਕੇ ਮੀਟਿੰਗਾਂ ਜਾਰੀ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਪਾਰਟੀ ਪੱਧਰ 'ਤੇ ਅਕਾਲੀ ਵਰਕਰਾਂ ਨੂੰ ਰਾਜ ਦੇ ਵੱਖ ਵੱਖ ਖੇਤਰਾਂ ਤੋਂ ਇਸ ਸਮਾਗਮ ਵਿਚ ਲਿਆਉਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਵੱਲੋਂ ਭਾਜਪਾ ਸਮੇਤ ਕੁਝ ਇਕ ਦੂਜੀਆਂ ਕੌਮੀ ਪਾਰਟੀਆਂ ਦੇ ਸੀਨੀਅਰ ਆਗੂਆਂ ਨੂੰ ਵੀ ਇਸ ਸਮਾਗਮ ਵਿਚ ਸ਼ਮੂਲੀਅਤ ਲਈ ਸੱਦੇ ਪੱਤਰ ਭੇਜੇ ਜਾ ਰਹੇ ਹਨ।

ਅਕਾਲੀ-ਭਾਜਪਾ ਸਰਕਾਰ ਇਸ ਅਹਿਮ ਪ੍ਰੋਜੈਕਟ ਦੇ ਉਦਘਾਟਨ ਸਮਾਗਮ ਨੂੰ ਨਵੰਬਰ ਤੋਂ ਅੱਗੇ ਨਹੀਂ ਲਿਜਾਣਾ ਚਾਹੁੰਦੇ ਕਿਉਂਕਿ ਸਰਕਾਰ ਵੱਲੋਂ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਦਸੰਬਰ ਵਿਚ ਚੋਣ ਜ਼ਾਬਤਾ ਕਿਸੇ ਸਮੇਂ ਵੀ ਲਾਗੂ ਹੋ ਸਕਦਾ ਹੈ ਜਿਸ ਕਾਰਨ ਇਸ ਪ੍ਰਾਜੈਕਟ ਦਾ ਉਦਘਾਟਨ ਕਰਨਾ ਸਰਕਾਰ ਲਈ ਮੁਸ਼ਕਲ ਹੋ ਜਾਵੇਗਾ।


Vista
CCTV TECHNOLOGY
A leader of worldwide CCTV surveillance
(14years old experience in cctv tech.)
2 Years Warranty
WE INSTALL ANYWHERE IN USA
DIRECT ACCESS FROM Smart Phone
Buy Online
www.eZchase.com
As Saw On the TV
Hot Offer
4 Camera Package
$949.00
INSTALLATION INCLUDED
8 Camera Package
$1749.00
12 Cameras Installation $ 2249.00
Coming Soon 3rd Generation LED
New
Call - Sukhpal@ 661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www.markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ੴ ਸਤਿਗੁਰ ਪ੍ਰਸਾਦਿ

ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ-ਕਾਮਲਿ ਨੇ ਜਗਾਇਆ ਖੁਆਬ ਸੇ।

# ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਪ੍ਰਥਮ ਪਾਤਸ਼ਾਹੀ ਜਗਤ ਗੁਰੂ, ਹੱਕ ਸੱਚ ਦਾ ਹੋਕਾ ਦੇਣ ਵਾਲੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

## ਗੁਰਪੁਰਬ ਸਬੰਧੀ ਪ੍ਰੋਗਰਾਮ

**ਵੀਰਵਾਰ, 10 ਨਵੰਬਰ 2011**
ਭੋਗ ਸ੍ਰੀ ਅਖੰਡ ਪਾਠ
ਸਵੇਰੇ 10 ਵਜੇ
ਕੀਰਤਨ ਦਰਬਾਰ
ਸ਼ਾਮੀ 6:30 ਤੋਂ 8:30 ਵਜੇ ਤੱਕ

**ਐਤਵਾਰ, 13 ਨਵੰਬਰ 2011**
ਨਿਸ਼ਾਨ ਸਾਹਿਬ ਦੀ ਸੇਵਾ
ਸਵੇਰੇ 8:30 ਵਜੇ
ਮਹਾਨ ਕੀਰਤਨ ਦਰਬਾਰ
ਸਵੇਰੇ 10:30 ਤੋਂ
ਬਾਅਦ ਦੁਪਹਿਰ 2 ਵਜੇ ਤੱਕ



ਨੋਟ: ਭਾਈ ਜਸਵੰਤ ਸਿੰਘ ਜੀਰੇ ਵਾਲਿਆਂ ਦਾ ਕੀਰਤਨੀ ਜਥਾ 7 ਨਵੰਬਰ ਤੋਂ 13 ਨਵੰਬਰ 2011 ਤੱਕ ਰੋਜ਼ਾਨਾ ਗੁਰੂ ਘਰ ਵਿਖੇ ਸ਼ਾਮੀ 7 ਵਜੇ ਤੋਂ 8 ਵਜੇ ਤੱਕ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ।

*ਸੰਗਤਾਂ ਦੇ ਦਾਸ*

ਪ੍ਰਧਾਨ-ਗੁਰਬਚਨ ਸਿੰਘ 510-334-3225
ਮੀਤ ਪ੍ਰਧਾਨ-ਝਿਰਮਲ ਸਿੰਘ 510-910-3966
ਸਕੱਤਰ-ਗੁਰਮੇਲ ਸਿੰਘ ਸੈਣੀ 510-672-1605
ਮੀਤ ਸਕੱਤਰ-ਰਵਿੰਦਰ ਸਿੰਘ ਬਾਠ 925-323-8626

# ਗੁਰਦੁਆਰਾ ਸਾਹਿਬ ਐਲ ਸਬਰਾਂਟੇ

ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥ -ਭਾਈ ਗੁਰਦਾਸ



# ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਮੂਹ ਸਾਧ ਸੰਗਤ ਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਕੋਟਾਨਿ ਕੋਟਿ ਵਧਾਈ

ਪੰਥ ਦੇ ਦਾਸ

**ਜੀਤ ਸਿੰਘ ਬੈਣੀਵਾਲ**

**ਸੁਖਦੇਵ ਸਿੰਘ ਬੈਣੀਵਾਲ**

**ਹਿੰਮਤ ਸਿੰਘ ਬੈਣੀਵਾਲ**

ਅਤੇ ਪਰਿਵਾਰ (ਸੈਨ ਹੋਜ਼ੇ, ਕੈਲੀਫੋਰਨੀਆ)

ਫੋਨ: 408-421-9463

ਸ੍ਰੀ ਗੁਰੂ ਨਾਨਕ ਸੂਰਜ ਪ੍ਰਗਟੇ, ਦਹਿਦਿਸ ਮਾਹਿ ਪ੍ਰਕਾਸ਼ ਭਯਾ।।
ਪਰਮ ਅਨੰਦ ਮੋਖ ਤਿਸ ਪਲਾਈ, ਜੋ ਸਤਿਗੁਰ ਕੋ ਦਾਸ ਭਯਾ।।

ਸਮੂਹ ਸਿੱਖ ਜਗਤ ਨੂੰ ਜਗਤ ਜਲੰਦੇ ਦੇ ਰਾਖੇ
ਅਤੇ ਸੱਚ ਦਾ ਹੋਕਾ ਦੇਣ ਵਾਲੇ
ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪਾਵਨ ਪ੍ਰਕਾਸ਼ ਦਿਹਾੜੇ ਦੀ

# ਲਖ ਲਖ ਵਧਾਈ

ਸੰਗਤਾਂ ਦਾ ਦਾਸ



ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

ਪ੍ਰੀਤਮ ਸਿੰਘ ਗਰੇਵਾਲ
ਦੇਵ ਗਰੇਵਾਲ
ਅਤੇ ਸਮੂਹ ਪਰਿਵਾਰ

**Grewal Enterprises**
**San Jose, CA,**
**Ph: 408-406-0703**

ੴ ਸਤਿਗੁਰ ਪ੍ਰਸਾਦਿ

ੴ ੴ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ
-ਭਾਈ ਗੁਰਦਾਸ

# ਸਮੂਹ ਨਾਨਕ ਨਾਮ ਲੇਵਾ ਸੰਗਤ, ਸਮੂਹ ਪੰਜਾਬੀ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ-ਲੱਖ ਵਧਾਈ ਹੋਵੇ



ਸ. ਜਸਵੀਰ ਸਿੰਘ ਜੱਸੀ ਖੰਗੂੜਾ (ਵਿਧਾਇਕ, ਹਲਕਾ ਕਿਲਾ ਰਾਏਪੁਰ),
ਸ. ਮੇਜਰ ਸਿੰਘ ਦਿਓਲ (ਫਰਿਜ਼ਨੋ) ਅਤੇ ਸ. ਕੰਵਲਜੀਤ ਸਿੰਘ ਖੰਗੂੜਾ (ਫਰੀਮਾਂਟ)

ਮੇਜਰ ਸਿੰਘ ਦਿਓਲ (ਫਰਿਜ਼ਨੋ), ਫੋਨ: (559) 274-2431

ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
ਨੋਬਲ ਡੈਂਟਲ ਕੇਅਰ ਵਲੋਂ
ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ
ਲੱਖ ਲੱਖ ਵਧਾਈ ਹੋਵੇ

# Noble Dental Care



Shital Shah, DDS

Family and Cosmetic Dentistry

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply


Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign



Starting at $2,550*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

*State of the Art Dental Technology*
*Most Dental PPO Plans Accepted*
*Interest Free Payment Plans Available*

Ph:510-493-2130

www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)

# ਘਰ ਖਰੀਦਣਾ ਹੈ ਜਾਂ ਵੇਚਣਾ!

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

ਫੋਨ:209-856-2131



Jarnail Singh Lallria
Broker Associate
DRE#01440382

Century 21
M&M AND ASSOCIATES
Each office is independently owned and operated.

MLS

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

1472 'B' Street, Ste. D, Livingston, CA 95334

# Desi World Radio

Pure desi Entertainment



ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇੰਗਲੈਂਡ, ਅਸਟਰੇਲੀਆ, ਨਿਊਜ਼ੀਲੈਂਡ, ਫੀਜੀ, ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।

ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਸੁਣੋ ਸਿਰਫ ਦੇਸੀ ਵਰਲਡ ਰੇਡੀਓ ਦੇ ਚੈਨਲ ਨੰ. 1 'ਤੇ

ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ

ਅਸੀਂ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ

Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento,Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,

WWW.desiworldradio.com
Email-info@desiworldradio.com
Toll Free Number 1-800-604-6024

ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ

# Dhillon Truck Stop
# Dhillon Road Service

Interstate 40, exit 356, San Jon, NM

*Gill Manj Gurdaspur Wale*

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

# ਪੰਜਾਬੀਆਂ ਦਾ ਹਥਿਆਰਾਂ ਲਈ ਝੁਕਾਅ ਵਧਿਆ

## ਲਾਇਸੰਸੀ ਹਥਿਆਰਾਂ ਦੀ ਗਿਣਤੀ ਤਿੰਨ ਲੱਖ ਤੋਂ ਟੱਪੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਖਾੜਕੂਵਾਦ ਤੋਂ ਬਾਅਦ ਪੰਜਾਬੀਆਂ ਦਾ ਹਥਿਆਰਾਂ ਵੱਲ ਮੁੜ ਝੁਕਾਅ ਹੋ ਗਿਆ ਹੈ ਤੇ ਇਸ ਵੇਲੇ ਲੋਕਾਂ ਨੇ 3 ਲੱਖ ਤੋਂ ਵੱਧ ਨਿੱਜੀ ਹਥਿਆਰ ਰੱਖੇ ਹੋਏ ਹਨ। ਗ੍ਰਹਿ ਵਿਭਾਗ ਮੁਤਾਬਕ ਸਤੰਬਰ ਮਹੀਨੇ ਦੇ ਅੰਤ ਤੱਕ 3 ਲੱਖ 23 ਹਜ਼ਾਰ 927 ਲਾਇਸੰਸ ਜਾਰੀ ਕੀਤੇ ਗਏ। ਜ਼ਿਕਰਯੋਗ ਹੈ ਖਾੜਕੂਵਾਦ ਦੌਰਾਨ ਲੋਕਾਂ ਨੇ ਜ਼ਿਆਦਾਤਰ ਹਥਿਆਰ ਸਰਕਾਰੀ ਅਸਲਾ ਖਾਨਿਆਂ 'ਚ ਜਮਾਂ ਕਰਵਾ ਦਿੱਤੇ ਸਨ ਤੇ ਉਸ ਤੋਂ ਬਾਅਦ ਵੀ ਕਾਫੀ ਸਮਾਂ ਪੰਜਾਬ 'ਚ ਲਾਇਸੰਸ ਜਾਰੀ ਕਰਨ 'ਤੇ ਪਾਬੰਧੀ ਲੱਗੀ ਰਹੀ।

ਅਸਲਾ ਰੱਖਣ ਦੇ ਸ਼ੌਕੀਨਾਂ ਦੀ ਸਭ ਤੋਂ ਵੱਡੀ ਗਿਣਤੀ ਗੁਰਦਾਸਪੁਰ ਤੇ ਬਠਿੰਡਾ ਜ਼ਿਲ੍ਹਿਆਂ ਵਿਚ ਹੈ ਜਿਥੇ 35794 ਹਥਿਆਰ ਹਨ। ਬਠਿੰਡਾ ਜ਼ਿਲ੍ਹੇ ਦੇ ਲੋਕਾਂ ਨੇ 35152 ਹਥਿਆਰ ਖਰੀਦੇ ਹਨ। ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਪਿਛਲੇ ਦੋ ਮਹੀਨਿਆਂ ਦੌਰਾਨ ਲੁਧਿਆਣਾ ਤੇ ਸੰਗਰੂਰ ਜ਼ਿਲ੍ਹਿਆਂ ਵਿਚ ਸਭ ਤੋਂ ਵੱਧ ਲਾਇਸੰਸ ਜਾਰੀ ਕੀਤੇ ਗਏ। ਇਨ੍ਹਾਂ ਜ਼ਿਲ੍ਹਿਆਂ ਵਿਚ ਕ੍ਰਮਵਾਰ 156 ਤੇ 116 ਲਾਇਸੰਸ ਅਗਸਤ ਤੇ ਸਤੰਬਰ ਮਹੀਨਿਆਂ ਦੌਰਾਨ ਹੀ ਜਾਰੀ ਹੋਏ।

ਗੁਰਦਾਸਪੁਰ ਤੇ ਬਠਿੰਡਾ ਜ਼ਿਲ੍ਹੇ ਦੇ ਬਹੁਗਿਣਤੀ ਲੋਕਾਂ ਨੇ ਆਪਣੇ ਨਿੱਜੀ ਹਥਿਆਰਾਂ ਸਾਰੇ ਭਾਰਤ ਵਿਚ ਰੱਖਣ ਦੇ ਲਾਇਸੰਸ ਬਣਾਏ ਹੋਏ ਹਨ। ਇਹ ਪ੍ਰਵਾਨਗੀ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਦਿੱਤੀ ਜਾਂਦੀ ਹੈ। ਬਠਿੰਡਾ ਵਿਚ 8659 ਤੇ ਗੁਰਦਾਸਪੁਰ ਵਿਚ 12875 ਵਿਅਕਤੀ ਅਜਿਹੇ ਹਨ ਜੋ ਆਪਣੇ ਹਥਿਆਰ ਸਾਰੇ ਦੇਸ਼ ਵਿਚ ਰੱਖ ਸਕਦੇ ਹਨ। ਸਾਰੇ ਦੇਸ਼ ਵਿਚ ਹਥਿਆਰ ਰੱਖਣ ਦੇ ਲਾਇਸੰਸ ਹਾਸਲ ਕਰਨ ਵਾਲਿਆਂ ਵਿੱਚ ਤੀਜਾ ਨੰਬਰ ਨਵੇਂ ਬਣੇ ਜ਼ਿਲ੍ਹੇ ਫਾਜ਼ਿਲਕਾ ਦਾ ਹੈ।

ਇਸ ਜ਼ਿਲ੍ਹੇ ਦੇ ਤਿੰਨ ਵੱਡੇ ਕਸਬਿਆਂ ਅਬੋਹਰ, ਫਾਜ਼ਿਲਕਾ ਤੇ ਜਲਾਲਾਬਾਦ ਵਿਚਲੇ ਲੋਕਾਂ ਨੇ 6557 ਲਾਇਸੰਸ ਇਸ ਪੱਧਰ ਦੇ ਹਾਸਲ ਕੀਤੇ ਹੋਏ ਹਨ। ਬੇਸ਼ੱਕ ਲੁਧਿਆਣਾ ਜਲੰਧਰ ਵਿਚ ਵੀ ਲਾਇਸੰਸ ਹਾਸਲ ਕਰਨ ਵਾਲਿਆਂ ਦੀ ਵੱਡੀ ਗਿਣਤੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਕ੍ਰਮਵਾਰ 26726 ਤੇ 24365 ਲਾਇਸੰਸ ਹਨ ਪਰ ਸਾਰੇ ਭਾਰਤ ਦੇ ਪੱਧਰ ਦੇ ਲਾਇਸੰਸ ਹਾਸਲ ਕਰਨ ਵਾਲਿਆਂ ਦੀ ਗਿਣਤੀ ਬਠਿੰਡਾ, ਗੁਰਦਾਸਪੁਰ ਤੇ ਫਾਜ਼ਿਲਕਾ ਦੇ ਮੁਕਾਬਲਤਨ ਬਹੁਤ ਘੱਟ ਹੈ। ਸੰਗਰੂਰ, ਅੰਮ੍ਰਿਤਸਰ ਤੇ ਮੁਕਤਸਰ ਜ਼ਿਲ੍ਹੇ ਦੇ ਲੋਕ ਦੂਜੇ ਨੰਬਰ 'ਤੇ ਆਉਂਦੇ ਹਨ ਜਿਨ੍ਹਾਂ ਨੇ ਪੂਰੇ ਦੇਸ਼ ਦੀ ਮਾਨਤਾ ਵਾਲੇ ਲਾਇਸੰਸੀ ਹਥਿਆਰ ਰੱਖੇ ਹੋਏ ਹਨ। ਹਥਿਆਰ ਰੱਖਣ ਦੇ ਮਾਮਲੇ ਵਿਚ ਪਟਿਆਲਾ ਵਾਲੇ ਵੀ ਕਿਸੇ ਤੋਂ ਘੱਟ ਨਹੀਂ ਇਸ ਜ਼ਿਲ੍ਹੇ ਵਿਚ 24361 ਲਾਇਸੰਸ ਜਾਰੀ ਹੋਏ। ਇਸੇ ਤਰ੍ਹਾਂ ਮੋਗਾ 21326, ਹੁਸ਼ਿਆਰਪੁਰ 21485, ਸੰਗਰੂਰ 15197, ਅੰਮ੍ਰਿਤਸਰ 20616, ਤਰਨਤਾਰਨ 17276, ਮੁਕਤਸਰ 17107, ਫਿਰੋਜ਼ਪੁਰ 17342 ਲਾਈਸੰਸ ਜਾਰੀ ਹੋਏ। ਰੋਪੜ, ਫਹਿਗੜ੍ਹ ਸਾਹਿਬ, ਮਾਨਸਾ, ਮੁਹਾਲੀ, ਪਠਾਨਕੋਟ, ਫਰੀਦਕੋਟ ਕਪੂਰਥਲਾ ਜ਼ਿਲ੍ਹੇ ਅਜਿਹੇ ਹਨ ਜਿੱਥੇ 10 ਹਜ਼ਾਰ ਤੋਂ ਘੱਟ ਲਾਇਸੰਸ ਜਾਰੀ ਹੋਏ।



# ਹਰਿਦੁਆਰ ਵਿਖੇ ਗੁਰਦੁਆਰਾ ਗਿਆਨ ਗੋਦੜੀ ਲਈ ਸੰਘਰਸ਼ ਸ਼ੁਰੂ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਹਰਿਦੁਆਰ ਸਥਿਤ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਗੋਦੜੀ ਸਥਾਪਤ ਕਰਨ ਦੀ ਮੰਗ ਨੂੰ ਲੈ ਕੇ ਆਲ ਇੰਡੀਆ ਸਿੱਖ ਕਾਨਫਰੰਸ ਜਥੇਬੰਦੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਹਰਿਦੁਆਰ ਹਰਿ ਕੀ ਪਉੜੀ ਤਕ ਰੋਸ ਯਾਤਰਾ ਕੀਤੀ ਗਈ ਹੈ। ਜਥੇਬੰਦੀ ਦੇ ਪ੍ਰਧਾਨਗੁਰਚਰਨ ਸਿੰਘ ਬੱਬਰ ਨੇ ਦੱਸਿਆ ਕਿ ਇਹ ਰੋਸ ਯਾਤਰਾ 7 ਨਵੰਬਰ ਨੂੰ ਦੁਪਹਿਰ ਦੋ ਵਜੇ ਸ੍ਰੀ ਹਰਿਮੰਦਰ ਸਾਹਿਬ ਤੋਂ ਅਰਦਾਸ ਕਰਕੇ ਅਰੰਭ ਹੋਈ ਤੇ 10 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਹਰਿਦੁਆਰ ਪੁੱਜੀ ਜਿਥੇ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਜੋਦੜੀ ਦੀ ਥਾਂ 'ਤੇ ਬਣਾਏ ਗਏ ਭਾਰਤ ਸਕਾਊਟ ਵਿਭਾਗ ਦੇ ਦਫ਼ਤਰ ਦਾ ਵਿਰੋਧ ਕੀਤਾ ਗਿਆ। ਇਹ ਰੋਸ ਯਾਤਰਾ ਪੰਜਾਬ, ਹਰਿਆਣਾ, ਹਿਮਾਚਲ ਤੇ ਉਤਰਾਂਚਲ ਸਮੇਤ ਚਾਰ ਸੂਬਿਆਂ ਵਿਚੋਂ ਲੰਘੀ।

ਉਨ੍ਹਾਂ ਦੱਸਿਆ ਕਿ ਪਿਛਲੇ ਵਰ੍ਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵੀ ਹਰਿ ਕੀ ਪਉੜੀ ਵਿਖੇ ਇਸੇ ਮੰਗ ਨੂੰ ਲੈ ਕੇ ਧਰਨਾ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਪਰ ਹਰਿਦੁਆਰ ਦੇ ਡਿਸਟ੍ਰਿਕ ਮੈਜਿਸਟਰੇਟ ਤੇ ਪੁਲਿਸ ਮੁਖੀ ਵੱਲੋਂ ਗੁਰਦੁਆਰੇ ਨਾਲ ਸਬੰਧਤ ਥਾਂ ਦੋ ਮਹੀਨਿਆਂ ਵਿਚ ਦੇਣ ਦੇ ਵਾਅਦੇ ਤੋਂ ਬਾਅਦ ਮੁਲਤਵੀ ਕਰ ਦਿੱਤਾ ਗਿਆ ਸੀ। ਇਸ ਦੌਰਾਨ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਤੇ ਸਿੰਘ ਸਾਹਿਬਾਨ ਵੱਲੋਂ ਵੀ ਹਰਿਦੁਆਰ ਦਾ ਦੌਰਾ ਕੀਤਾ ਜਾ ਚੁੱਕਾ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਉਤਰਾਂਚਲ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਵੀ ਕੀਤੀ ਜਾ ਚੁੱਕੀ ਹੈ ਪਰ ਹੁਣ ਤਕ ਇਹ ਸਾਰੇ ਯਤਨਾਂ ਦਾ ਕੋਈ ਸਿੱਟਾ ਸਾਹਮਣੇ ਨਹੀਂ ਆਇਆ। ਇਸ ਬਾਰੇ ਉਨ੍ਹਾਂ ਵੱਲੋਂ ਪੰਜਾਬ ਅਤੇ ਉਤਰਾਂਚਲ ਦੇ ਮੁੱਖ ਮੰਤਰੀਆਂ ਸਮੇਤ ਕੇਂਦਰੀ ਗ੍ਰਹਿ ਮੰਤਰਾਲੇ ਤੇ ਭਾਜਪਾ ਤੇ ਆਰ.ਐਸ.ਐਸ. ਦੇ ਆਗੂਆਂ ਨੂੰ ਵੀ ਪੱਤਰ ਭੇਜੇ ਜਾ ਚੁੱਕੇ ਹਨ ਪਰ ਕੋਈ ਸੁਣਵਾਈ ਨਹੀਂ ਹੋਈ। ਕੁਝ ਸਮਾਂ ਪਹਿਲਾਂ ਇਸ ਬਾਰੇ ਉਨ੍ਹਾਂ ਰਾਸ਼ਟਰਪਤੀ ਨਾਲ ਵੀ ਮੁਲਾਕਾਤ ਕੀਤੀ ਹੈ ਤੇ ਗੁਰਦੁਆਰੇ ਲਈ ਥਾਂ ਦੇਣ ਦੀ ਮੰਗ ਬਾਰੇ ਪੱਤਰ ਵੀ ਸੌਂਪਿਆ ਗਿਆ ਸੀ ਜੋ ਅਗਲੇਰੀ ਕਾਰਵਾਈ ਲਈ ਰਾਸ਼ਟਰਪਤੀ ਵੱਲੋਂ ਉਤਰਾਂਚਲ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ ਪਰ ਇਸ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ।




ਉਨ੍ਹਾਂ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਇਸ ਰੋਸ ਮਾਰਚ ਵਿਚ ਸਹਿਯੋਗ ਦੇਣ ਤਾਂ ਜੋ 450 ਵਰ੍ਹੇ ਪੁਰਾਣੇ ਇਸ ਗੁਰਦੁਆਰੇ ਲਈ ਥਾਂ ਪ੍ਰਾਪਤ ਕੀਤੀ ਜਾ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਹਰਿ ਕੀ ਪਉੜੀ ਸਥਿਤ ਗੁਰਦੁਆਰਾ ਗਿਆਨ ਗੋਦੜੀ ਨੂੰ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਸਮੇਂ ਤਹਿਸ-ਨਹਿਸ ਕਰ ਦਿੱਤਾ ਗਿਆ ਸੀ ਤੇ ਬਾਅਦ ਵਿਚ ਜਗ੍ਹਾ ਚੌੜੀ ਕਰਨ ਦੇ ਨਾ ਹੇਠ ਇਸ ਜ਼ਮੀਨ 'ਤੇ ਕਬਜ਼ਾ ਕਰ ਲਿਆ ਗਿਆ।

ਜਥੇਬੰਦੀ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਇਹ ਗੁਰਦੁਆਰੇ ਵਾਸਤੇ ਹਰਿ ਕੀ ਪਉੜੀ ਸਥਿਤ ਓਹੀ ਥਾਂ ਦਿੱਤੀ ਜਾਵੇ ਜਿਥੇ ਇਹ ਗੁਰਦੁਆਰਾ ਸਥਾਪਿਤ ਸੀ। ਗੁਰਦੁਆਰੇ ਦੀ ਜ਼ਮੀਨ ਪ੍ਰਾਪਤੀ ਲਈ ਸ੍ਰੀ ਬੱਬਰ ਵੱਲੋਂ ਕਮੇਟੀ ਵੀ ਬਣਾਈ ਗਈ ਹੈ ਜਿਸ ਵਿਚ ਉਨ੍ਹਾਂ ਸਮੇਤ ਬਲਜੀਤ ਸਿੰਘ ਚੰਡੀਗੜ੍ਹ, ਸੁਖਵੰਤ ਸਿੰਘ ਚੀਮਾ ਨਵਾਂ ਸ਼ਹਿਰ, ਗੁਰਨਾਮ ਸਿੰਘ, ਜਥੇਦਾਰ ਬਲਦੇਵ ਸਿੰਘ ਸਿਰਸਾ, ਬਚਿੱਤਰ ਸਿੰਘ ਗੁਰਦਾਸਪੁਰ ਸ਼ਾਮਲ ਹਨ। ਇਥੇ ਦੱਸਣਯੋਗ ਹੈ ਕਿ ਗੁਰਦੁਆਰਾ ਗਿਆਨ ਗੋਦੜੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ। ਇਸ ਥਾਂ 'ਤੇ ਉਨ੍ਹਾਂ ਗੰਗਾ ਵਿਚ ਖੜੇ ਹੋ ਕੇ ਆਪਣੇ ਖੇਤਾਂ ਨੂੰ ਪਾਣੀ ਦਿੰਦਿਆਂ ਲੋਕਾਂ ਨੂੰ ਸਹੀ ਰਾਹ ਦਿਖਾਇਆ ਸੀ।

## ਪਾਕਿ ਜੇਲ੍ਹਾਂ 'ਚੋਂ 32 ਭਾਰਤੀਆਂ ਦੇ ਰਿਹਾਅ ਹੋਣ ਦੀ ਆਸ

**ਚੰਡੀਗੜ੍ਹ:** ਪਾਕਿਸਤਾਨ ਦੀਆਂ ਜੇਲ੍ਹਾਂ 'ਚ 32 ਭਾਰਤੀ ਸਜ਼ਾ ਖ਼ਤਮ ਹੋਣ ਤੋਂ ਬਾਅਦ ਵੀ ਰੁਲ ਰਹੇ ਹਨ। ਮਨੁੱਖੀ ਅਧਿਕਾਰ ਕਮਿਸ਼ਨ ਦੇ ਵਕੀਲ ਅਵੈਦ ਸ਼ੇਖ ਵੱਲੋਂ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਬੰਦ ਸਜ਼ਾ ਭੁਗਤ ਚੁੱਕੇ ਵਿਦੇਸ਼ੀਆਂ ਨੂੰ ਰਿਹਾਅ ਕਰਵਾਉਣ ਲਈ ਪਾਈ ਪਟੀਸ਼ਨ ਤੋਂ ਬਾਅਦ ਪਾਕਿ ਹਾਈ ਕੋਰਟ ਦੇ ਚੀਫ ਜਸਟਿਸ ਨੇ ਪਾਕਿਸਤਾਨ ਦੇ ਇੰਟਰਨਲ ਸੈਕਟਰੀ ਨੂੰ ਆਦੇਸ਼ ਜਾਰੀ ਕਰ ਕੇ 74 ਵਿਦੇਸ਼ੀ ਜਿਨ੍ਹਾਂ ਵਿਚ 32 ਭਾਰਤੀ ਹਨ, ਨੂੰ ਤੁਰੰਤ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਪਾਕਿਸਤਾਨ ਹਾਈ ਕੋਰਟ ਵੱਲੋਂ ਇਨ੍ਹਾਂ ਹੁਕਮਾਂ ਦੀ ਸਮਾਂ ਹੱਦ ਨਹੀਂ ਦੱਸੀ ਗਈ ਪਰ ਫਿਰ ਵੀ ਇਨ੍ਹਾਂ ਦੀ ਰਿਹਾਈ ਆਉਂਦੇ ਕੁਝ ਦਿਨਾਂ ਵਿਚ ਹੋ ਜਾਵੇਗੀ ਜੋ ਸਜ਼ਾ ਭੁਗਤਣ ਦੇ ਬਾਵਜੂਦ ਜੇਲ੍ਹਾਂ ਵਿਚ ਸੜ ਰਹੇ ਹਨ। ਪਾਕਿਸਤਾਨ ਤੋਂ ਭੇਜੀ ਮੇਲ ਦੇ ਰਾਹੀਂ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਅਵੈਦ ਸ਼ੇਖ ਨੇ ਦੱਸਿਆ ਕਿ ਪਾਕਿਸਤਾਨ ਹਾਈ ਕੋਰਟ ਵੱਲੋਂ ਸਜ਼ਾ ਭੁਗਤਣ ਤੋਂ ਬਾਅਦ ਪਾਕਿਸਤਾਨ ਦੀਆਂ ਜੇਲ੍ਹਾਂ 'ਚ ਬੰਦ ਵਿਦੇਸ਼ੀ ਕੈਦੀਆਂ ਦੀਆਂ ਸੂਚੀਆਂ ਮੰਗੀਆਂ ਸਨ ਜਿਸ ਦੇ ਜਵਾਬ ਵਿਚ ਅਧਿਕਾਰੀਆਂ ਨੇ 74 ਵਿਦੇਸ਼ੀ ਕੈਦੀਆਂ ਦੀ ਸੂਚੀ ਹਾਈਕੋਰਟ ਨੂੰ ਭੇਜੀ ਹੈ। ਪਾਕਿਸਤਾਨ ਹਾਈ ਕੋਰਟ ਨੇ ਕਿਹਾ ਕਿ ਇਨ੍ਹਾਂ 74 ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤੇ ਉਨ੍ਹਾਂ ਦੇ ਦੇਸ਼ ਵਾਪਸ ਪਹੁੰਚਾਉਣ ਦਾ ਇੰਤਜ਼ਾਮ ਕੀਤਾ ਜਾਵੇ। ਜਾਰੀ ਸੂਚੀ ਮੁਤਾਬਕ ਸੈਂਟਰਲ ਜੇਲ੍ਹ ਲਾਹੌਰ ਵਿਚ 56, ਡਿਸਟ੍ਰਿਕ ਜੇਲ੍ਹ ਕਸੂਰ ਵਿਚ 01, ਸੈਂਟਰਲ ਜੇਲ੍ਹ ਰਾਵਲਪਿੰਡੀ ਵਿਚ 16 ਤੇ ਸੈਂਟਰਲ ਜੇਲ੍ਹ ਜੀ. ਜੀ. ਖਾਨ ਵਿਚ ਇਕ ਕੈਦੀ ਹੈ। ਇਨ੍ਹਾਂ ਕੈਦੀਆਂ ਵਿਚ 32 ਭਾਰਤੀ ਕੈਦੀ ਸ਼ਾਮਲ ਹਨ।

## ਬਲਬੀਰ ਸਿੰਘ ਭੂਤਨਾ ਸਮੇਤ ਨੌਂ ਵਿਅਕਤੀ ਬਰੀ

**ਫ਼ਰੀਦਕੋਟ:** ਸਥਾਨਕ ਵਧੀਨ ਸੈਸ਼ਨ ਜੱਜ ਰਮੇਸ਼ ਕੁਮਾਰੀ ਨੇ ਖਾੜਕੂ ਬਲਬੀਰ ਸਿੰਘ ਭੂਤਨਾ ਸਮੇਤ ਨੌਂ ਵਿਅਕਤੀਆਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ। ਸਾਦਿਕ ਪੁਲਿਸ ਨੇ ਜੁਲਾਈ 2009 ਵਿਚ ਬਲਕਾਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਦੀਪਸਿੰਘ ਵਾਲਾ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਸੀ ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਬਲਬੀਰ ਸਿੰਘ ਭੂਤਨਾ ਨੇ ਕਮਾਂਡੋ ਪੁਲਿਸ ਦੀ ਵਰਦੀ ਪਾ ਕੇ ਰਾਤ ਸਮੇਂ 8-9 ਵਿਅਕਤੀਆਂ ਦੀ ਮਦਦ ਨਾਲ ਬਲਕਾਰ ਸਿੰਘ ਦੀ 315 ਬੋਰ ਰਾਈਫ਼ਲ ਚੋਰੀ ਕਰ ਲਈ।

ਪੁਲਿਸ ਦਾ ਦਾਅਵਾ ਸੀ ਕਿ ਬਲਬੀਰ ਸਿੰਘ ਭੂਤਨਾ ਨੇ ਇਸੇ ਰਾਈਫ਼ਲ ਨਾਲ ਮਾਨਸਾ ਵਿਖੇ ਲਿੱਲੀ ਨਾਂ ਦੇ ਡੇਰਾ ਪ੍ਰੇਮੀ ਦਾ ਕਤਲ ਕੀਤਾ ਸੀ। ਪੁਲਿਸ ਨੇ ਆਪਣੀ ਪੜਤਾਲ ਦੌਰਾਨ ਇਸ ਮਾਮਲੇ ਵਿਚ ਬਲਬੀਰ ਸਿੰਘ ਭੂਤਨਾ, ਹਰਜੀਤ ਸਿੰਘ, ਗੁਰਜੀਤ ਸਿੰਘ, ਗੁਰਜੰਟ ਸਿੰਘ, ਕੁਲਜੀਤ ਸਿੰਘ, ਭੁਪਿੰਦਰ ਸਿੰਘ, ਕਰਮ ਸਿੰਘ, ਅੰਮ੍ਰਿਤਪਾਲ ਸਿੰਘ ਤੇ ਗਮਦੂਰ ਸਿੰਘ ਨੂੰ ਦੋਸ਼ੀ ਨਾਮਜ਼ਦ ਕੀਤਾ ਸੀ ਪਰ ਪੁਲਿਸ ਅਦਾਲਤ ਸਾਹਮਣੇ ਇਨ੍ਹਾਂ ਨੂੰ ਦੋਸ਼ੀ ਸਾਬਤ ਨਹੀਂ ਕਰ ਸਕੀ। ਅਦਾਲਤ ਨੇ ਸਾਰੇ ਮੁਲਜ਼ਮਾਂ ਨੂੰ ਸ਼ੱਕ ਦੇ ਆਧਾਰ 'ਤੇ ਬਰੀ ਕਰ ਦਿੱਤਾ।

# ਪੰਜਾਬ ਨੂੰ ਕੈਂਸਰ ਨੇ ਬੁਰੀ ਤਰ੍ਹਾਂ ਜਕੜਿਆ

## ਰਿਆਇਤੀ ਦਰਾਂ 'ਤੇ ਟੈਸਟ ਦੀ ਸਹੂਲਤ ਸ਼ੁਰੂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਨੂੰ ਕੈਂਸਰ ਨੇ ਬੁਰੀ ਤਰ੍ਹਾਂ ਜਕੜ ਲਿਆ ਹੈ ਤੇ ਨਿੱਤ ਨਵੇਂ ਕੇਸ ਸਾਹਮਣੇ ਆ ਰਹੇ ਹਨ। ਪੰਜਾਬ ਸਰਕਾਰ ਨੇ ਕੈਂਸਰ ਦੇ ਮਰੀਜ਼ਾਂ ਲਈ ਲੈਬਾਰਟਰੀ ਟੈਸਟ ਰਿਆਇਤੀ ਦਰਾਂ 'ਤੇ ਕਰਨ ਦਾ ਫੈਸਲਾ ਲਿਆ ਹੈ ਜਿਸ ਨਾਲ ਹੋਰ ਕੇਸ ਸਾਹਮਣੇ ਆਉਣ ਦਾ ਖਦਸ਼ਾ ਹੈ। ਉਂਜ ਅਜੇ ਤੱਕ ਸਰਕਾਰ ਕੋਲ ਕੈਂਸਰ ਪੀੜਤਾਂ ਦਾ ਪੱਕਾ ਅੰਕੜਾ ਮੌਜੂਦ ਨਹੀਂ ਹੈ ਕਿਉਂਕਿ ਅਨੇਕਾਂ ਮਰੀਜ਼ ਬਾਹਰਲੇ ਸੂਬਿਆਂ ਤੋਂ ਇਲਾਜ ਕਰਵਾ ਰਹੇ ਹਨ।



ਸਰਕਾਰ ਵੱਲੋਂ ਸਕੂਲ ਦੇ ਬੱਚਿਆਂ ਨੂੰ ਦਿਲ ਦੀਆਂ ਬਿਮਾਰੀਆਂ ਦੇ ਨਾਲ ਕੈਂਸਰ ਦੇ ਮੁਫਤ ਇਲਾਜ ਦੀ ਸਹੂਲਤ ਵੀ ਦੇਣੀ ਸ਼ੁਰੂ ਕਰ ਦਿੱਤੀ ਗਈ ਹੈ। ਕੈਂਸਰ ਦੀ ਸਭ ਤੋਂ ਵੱਧ ਮਾਰ ਝੱਲ ਰਹੇ ਮਾਲਵਾ ਦੇ ਬਠਿੰਡਾ ਦੇ ਸਿਵਲ ਹਸਪਤਾਲ ਨੂੰ ਮੁਲਕ ਦੇ ਵੱਡੇ ਹਸਪਤਾਲਾਂ ਨਾਲ ਜੋੜ ਦਿੱਤਾ ਗਿਆ ਹੈ। ਔਨਕੋਨੈਡ ਨਾਂ ਦੀ ਇਸ ਸੇਵਾ ਤਹਿਤ ਸਿਵਲ ਹਸਪਤਾਲ ਬਠਿੰਡਾ ਦੇ ਡਾਕਟਰ ਕੈਂਸਰ ਦੇ ਮਰੀਜ਼ ਦੇ ਇਲਾਜ ਜਾਂ ਅਪਰੇਸ਼ਨ ਲਈ ਦੇਸ਼ ਦੇ ਕਿਸੇ ਵੀ ਵੱਡੇ ਹਸਪਤਾਲ ਦੇ ਡਾਕਟਰਾਂ ਨਾਲ ਸਲਾਹ ਮਸ਼ਵਰਾ ਕਰ ਸਕਣਗੇ। ਹਸਪਤਾਲ ਵੱਲੋਂ ਪੀ.ਜੀ.ਆਈ. ਸਮੇਤ ਦੂਜੇ ਕਈ ਹਸਪਤਾਲਾਂ ਤੋਂ ਇਸ ਸੇਵਾ ਦਾ ਲਾਭ ਲੈਣਾ ਸ਼ੁਰੂ ਕਰ ਦਿੱਤਾ ਗਿਆ ਹੈ।

ਪੀ.ਜੀ.ਆਈ. ਵਿਚ ਹਰ ਸਾਲ ਵਿਚ ਕੈਂਸਰ ਦੇ 1500 ਨਵੇਂ ਮਰੀਜ਼ ਇਕੱਲੇ ਪੰਜਾਬ 'ਚੋਂ ਇਲਾਜ ਲਈ ਆ ਰਹੇ ਹਨ। ਉਂਜ ਪੀ.ਜੀ.ਆਈ. ਵਿਚ ਹਰ ਸਾਲ ਕੈਂਸਰ ਦੇ ਨਵੇਂ ਆ ਰਹੇ ਮਰੀਜ਼ਾਂ ਦੀ ਗਿਣਤੀ ਛੇ ਹਜ਼ਾਰ ਹੈ। ਪੰਜਾਬ ਵਿਚ ਹਰ ਸਾਲ ਕੈਂਸਰ ਦੇ 70 ਤੋਂ 80 ਫੀਸਦੀ ਨਵੇਂ ਮਰੀਜ਼ ਵਧ ਰਹੇ ਹਨ। ਭਾਰਤ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ 25 ਲੱਖ ਹੈ।

ਸਿਹਤ ਵਿਭਾਗ ਵੱਲੋਂ ਪੰਜਾਬ ਭਰ ਦੇ ਸਰਕਾਰੀ ਹਸਪਤਾਲਾਂ ਨੂੰ ਕੈਂਸਰ ਨਾਲ ਸਬੰਧਤ ਮੈਡੀਕਲ ਟੈਸਟ ਮਾਮੂਲੀ ਦਰਾਂ 'ਤੇ ਕਰਨ ਲਈ ਕਹਿ ਦਿੱਤਾ ਗਿਆ ਹੈ। ਇਨ੍ਹਾਂ ਟੈਸਟਾਂ ਵਿਚ ਮੈਮੋਗ੍ਰਾਫੀ, ਐਕਸਰੇ, ਐਮ ਆਰ ਆਈ ਤੇ ਖ਼ੂਨ ਤੇ ਪਿਸ਼ਾਬ ਦੇ ਸਾਰੇ ਟੈਸਟ ਸ਼ਾਮਲ ਹਨ। ਇਸ ਤੋਂ ਬਿਨਾਂ ਵਿਭਾਗ ਵੱਲੋਂ ਰਾਜ ਦੇ ਸਰਕਾਰੀ ਹਸਪਤਾਲਾਂ ਵਿਚ ਕੈਂਸਰ ਜਾਂਚ ਕੈਂਪ ਲਾਏ ਜਾ ਰਹੇ ਹਨ।

ਵਿਭਾਗ ਵੱਲੋਂ ਵਿਸ਼ੇਸ਼ ਸਕੀਮ ਤਹਿਤ ਸਕੂਲਾਂ 'ਚ ਪੜ੍ਹਦੇ ਬੱਚਿਆਂ ਨੂੰ ਕੈਂਸਰ ਦੇ ਇਲਾਜ ਦੀ ਮੁਫਤ ਸਹੂਲਤ ਹੋਵੇਗੀ। ਇਸ ਤੋਂ ਬਿਨਾਂ ਪੰਜਾਬ ਸਰਕਾਰ ਵੱਲੋਂ ਕੈਂਸਰ ਦੇ ਮਰੀਜ਼ ਨੂੰ ਡੇਢ ਲੱਖ ਦੀ ਵਿੱਤੀ ਮਦਦ ਦੀ ਸ਼ੁਰੂ ਕੀਤੀ ਹੈ। ਕੈਂਸਰ ਦੇ ਮਰੀਜ਼ਾਂ ਲਈ ਵਿੱਤੀ ਮਦਦ ਦੀਆਂ ਵਿਭਾਗ ਕੋਲ 278 ਅਰਜ਼ੀਆਂ ਨਿਬੇੜੇ ਲਈ ਪਈਆਂ ਹਨ। ਦੱਸਿਆ ਗਿਆ ਹੈ ਕਿ ਕੈਂਸਰ ਦੇ ਮਰੀਜ਼ਾਂ ਦੀ ਵਿੱਤੀ ਮਦਦ ਲਈ 20 ਕਰੋੜ ਰੁਪਏ ਰੱਖੇ ਗਏ ਸਨ ਤੇ ਇਸ ਵਿੱਚੋਂ ਪਿਛਲੇ ਚਾਰ ਮਹੀਨਿਆਂ ਦੌਰਾਨ ਸੱਤ ਕਰੋੜ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ। ਪੀ.ਜੀ.ਆਈ ਦੇ ਰੈਡੀਓਥਰੈਪੀ ਵਿਭਾਗ ਦੇ ਮੁਖੀ ਡਾਕਟਰ ਐਸ ਸੀ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਤੀ ਮਰੀਜ਼ ਡੇਢ ਲੱਖ ਦੀ ਰਕਮ ਮਿਲਣ ਲੱਗੀ ਹੈ ਜਦੋਂਕਿ ਸਕੂਲ ਬੱਚਿਆਂ ਦੇ ਲਾਇਲਾਜ ਬਿਮਾਰੀਆਂ ਦੇ ਮੁਫਤ ਇਲਾਜ ਵਾਸਤੇ ਵੀ ਪੱਤਰ ਮਿਲ ਚੁੱਕਿਆ ਹੈ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਰਾਜ ਵਿਚ ਕੈਂਸਰ ਦੇ ਮਰੀਜ਼ਾਂ ਦਾ ਸਹੀ ਰਿਕਾਰਡ ਰੱਖਣ ਲਈ ਰਾਜਿੰਦਰਾ ਹਸਪਤਾਲ ਨੂੰ ਜ਼ਿੰਮੇਵਾਰੀ ਦਿੱਤੀ ਹੈ। ਡਾਕਟਰ ਸ਼ਰਮਾ ਨੇ ਦੱਸਿਆ ਕਿ ਪੰਜਾਬ ਵਿਚ ਦੂਜੇ ਰਾਜਾਂ ਦੀ ਨਿਸਬਤ ਮੂੰਹ ਦੇ ਕੈਂਸਰ ਦੇ ਮਰੀਜ਼ ਘੱਟ ਹਨ।

## ਕੁਵੈਤ 'ਚ ਫਸੇ 60 ਨੌਜਵਾਨਾਂ ਨੂੰ ਜਲਦ ਛੁਡਾਇਆ ਜਾਵੇਗਾ:ਪਰਨੀਤ ਕੌਰ

**ਪਟਿਆਲਾ:** ਵਿਦੇਸ਼ ਰਾਜ ਮੰਤਰੀ ਬੀਬੀ ਪਰਨੀਤ ਕੌਰ ਨੇ ਕੁਵੈਤ 'ਚ ਫਸੇ 60 ਪੰਜਾਬੀ ਨੌਜਵਾਨਾਂ ਨੂੰ ਪਹਿਲ ਦੇ ਆਧਾਰ 'ਤੇ ਛੁਡਾਇਆ ਜਾਵੇਗਾ। ਬੀਬੀ ਪਰਨੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੌਜਵਾਨਾਂ ਦੇ ਮਾਪਿਆਂ ਨੂੰ ਮਿਲ ਕੇ ਪੂਰੀ ਜਾਣਕਾਰੀ ਹਾਸਲ ਕੀਤੀ ਹੈ ਤੇ ਉਹ ਕੁਵੈਤ ਸਰਕਾਰ ਨਾਲ ਸੰਪਰਕ ਕਰਨਗੇ ਤੇ ਜਲਦ ਹੀ ਉਨ੍ਹਾਂ ਨੂੰ ਪੰਜਾਬ 'ਚ ਲਿਆਂਦਾ ਜਾਵੇਗਾ।

ਉਨ੍ਹਾਂ ਪਰਿਵਾਰ ਨੂੰ ਭਰੋਸਾ ਦਿਵਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਬੱਚਿਆਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਤੇ ਭਾਰਤ ਸਰਕਾਰ ਹਰ ਪਾਸੇ ਤੋਂ ਉਨ੍ਹਾਂ ਦੀ ਮਦਦ ਕਰੇਗਾ। ਜ਼ਿਕਰਯੋਗ ਹੈ ਕਿ ਕੁਵੈਤ ਦੀ ਅਰਬ ਸੈਂਟਰ ਐਸ ਗੁਰਾਨੀ ਕੰਪਨੀ ਨੇ 6 ਮਹੀਨੇ ਤੋਂ 60 ਪੰਜਾਬੀ ਨੌਜਵਾਨਾਂ ਨੂੰ ਇਕ ਕਮਰੇ 'ਚ ਕੈਦ ਕਰਕੇ ਰੱਖਿਆ ਹੋਇਆ ਹੈ ਤੇ ਉਹ ਖਾਣ ਪੀਣ ਤੋਂ ਵੀ ਤਰਸ ਗਏ ਹਨ ਤੇ ਕੰਪਨੀ ਉਨ੍ਹਾਂ ਨੂੰ ਪਾਸਪੋਰਟ ਵੀ ਨਹੀਂ ਦੇ ਰਹੀ ਹੈ। ਇਨ੍ਹਾਂ 'ਚੋਂ ਕਈਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

# ਜੂਲੀਅਨ ਅਸਾਂਜ ਨੂੰ ਵਤਨ ਭੇਜਣ ਦੀ ਤਿਆਰੀ

**ਲੰਡਨ:** ਜੂਲੀਅਨ ਅਸਾਂਜ ਬਰਤਾਨੀਆ 'ਚ ਰਹਿਣ ਦੀ ਲੜਾਈ ਹਾਰ ਗਿਆ ਹੈ। ਵਿਕੀਲੀਕਸ ਦੇ ਬਾਨੀ ਦੀ ਅਪੀਲ 'ਤੇ ਇਥੋਂ ਦੀ ਹਾਈ ਕੋਰਟ ਨੇ ਫੈਸਲਾ ਸੁਣਾਇਆ ਹੈ ਕਿ ਉਸ ਨੂੰ ਬਲਾਤਕਾਰ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਸਵੀਡਨ ਵਾਪਸ ਭੇਜਿਆ ਜਾਣਾ ਚਾਹੀਦਾ ਹੈ। ਚਾਲੀ ਸਾਲਾ ਆਸਟਰੇਲਿਆਈ ਅਸਾਂਜ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਹ 14 ਦਿਨ ਦੇ ਅੰਦਰ-ਅੰਦਰ ਸੁਪਰੀਮ ਕੋਰਟ 'ਚ ਅੰਤਿਮ ਅਪੀਲ ਕਰਨਗੇ।



ਹਾਈ ਕੋਰਟ ਵਿਚ ਜਸਟਿਸ ਜੌਹਨ ਥਾਮਸ ਤੇ ਜਸਟਿਸ ਡੰਕਨ ਆਓਸਲੇ ਨੇ ਅਸਾਂਜ ਦੇ ਵਕੀਲਾਂ ਦੀਆਂ ਦਲੀਲਾਂ ਖਾਰਜ ਕਰਦਿਆਂ ਉਸ ਦੀ ਸਵੀਡਨ ਨੂੰ ਸਪੁਰਦਗੀ ਦਾ ਪਹਿਲਾ ਫੈਸਲਾ ਬਹਾਲ ਰੱਖਿਆ ਹੈ। ਸਵੀਡਨ ਦੀ ਸਰਕਾਰ ਨੂੰ ਉਹ ਸਟਾਕਹੋਮ 'ਚ ਇਕ ਔਰਤ ਵੱਲੋਂ ਲਾਏ ਬਲਾਤਕਾਰ ਦੇ ਦੋਸ਼ਾਂ 'ਚ ਤੇ ਦੂਜੀ ਨਾਲ ਜਬਰੀ ਸਰੀਰਕ ਛੇੜਛਾੜ ਦੇ ਮਾਮਲਿਆਂ 'ਚ ਪੁੱਛ-ਪੜਤਾਲ ਨੂੰ ਲੋੜੀਂਦਾ ਹੈ। ਹਾਈ ਕੋਰਟ ਦੇ ਜੱਜਾਂ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਇਹ ਪ੍ਰਤੱਖ ਹੈ ਕਿ ਇਹ ਮਾਮੂਲੀ ਜਿਹੇ ਮਾਮਲੇ ਨਹੀਂ ਹਨ ਬਲਕਿ ਗੰਭੀਰ ਜਿਸਮਾਨੀ ਜ਼ਬਰਦਸਤੀ ਦੇ ਮਾਮਲੇ ਹਨ।

ਸਵੀਡਨ ਸਰਕਾਰ ਵੱਲੋਂ ਅਸਾਂਜ ਵਿਰੁੱਧ ਯੂਰਪੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ। ਜੱਜਾਂ ਨੇ ਕਿਹਾ ਕਿ ਯੂਰਪੀ ਵਾਰੰਟ ਜਾਰੀ ਕੀਤੇ ਜਾਣੇ ਜਿਨ੍ਹਾਂ ਸਦਕਾ ਅਸਾਂਜ ਦੀ ਗ੍ਰਿਫਤਾਰੀ ਸੰਭਵ ਹੋ ਸਕੀ ਤੇ ਮਗਰੋਂ ਉਸ ਦੀ ਸਪੁਰਦਗੀ ਲੈਣ ਲਈ ਕੀਤੀਆਂ ਜਾ ਰਹੀਆਂ ਸਾਰੀਆਂ ਕਾਰਵਾਈਆਂ ਠੀਕ ਦਿਸ਼ਾ 'ਚ ਕੀਤੇ ਜਾ ਰਹੇ ਯਤਨ ਹਨ। ਜੱਜਾਂ ਨੇ ਅਸਾਂਜ ਦੇ ਵਕੀਲਾਂ ਦੀ ਇਹ ਦਲੀਲ ਰੱਦ ਕਰ ਦਿੱਤੀ ਕਿ ਗ੍ਰਿਫਤਾਰੀ ਵਾਰੰਟ ਅਣਉਚਿਤ ਸੀ ਕਿਉਂਕਿ ਇਹ ਨਿਆਂਇਕ ਅਥਾਰਟੀ ਦੀ ਬਜਾਏ ਪ੍ਰਾਸੀਕਿਊਟਰ ਵੱਲੋਂ ਜਾਰੀ ਕੀਤਾ ਗਿਆ ਸੀ। ਅਸਾਂਜ ਦੀ ਵੈੱਬਸਾਈਟ ਦੇ ਖੁਲਾਸਿਆਂ ਨੇ ਇਕ ਵਾਰ ਤਾਂ ਭਾਰਤ ਸਮੇਤ ਦੁਨੀਆਂ ਦੀਆਂ ਕਈ ਕਹਿੰਦੀਆਂ ਕਹਾਉਂਦੀਆਂ ਸਰਕਾਰਾਂ ਹਿਲਾ ਦਿੱਤੀਆਂ ਸਨ।

ਅਸਾਂਜ ਦੇ ਵਕੀਲਾਂ ਨੇ ਕਿਹਾ ਕਿ ਉਹ ਇਸ ਆਧਾਰ 'ਤੇ ਸੁਪਰੀਮ ਕੋਰਟ ਅੱਗੇ ਅਪੀਲ ਕਰਨਗੇ ਕਿ ਇਹ ਕੇਸ ਆਮ ਲੋਕਾਂ ਲਈ ਮਹੱਤਵਪੂਰਨ ਮੁੱਦੇ ਉਠਾਉਂਦਾ ਹੈ। ਉਂਜ ਜੇਕਰ ਉਸ ਨੂੰ ਅਪੀਲ ਦੇ ਅਧਿਕਾਰ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ ਤਾਂ ਬਰਤਾਨਵੀ ਅਧਿਕਾਰੀਆਂ ਦੀ ਹੀ ਜ਼ਿੰਮੇਵਾਰੀ ਹੋਏਗੀ ਕਿ ਉਹ ਅਸਾਂਜ ਨੂੰ 10 ਦਿਨਾਂ ਦੇ ਅੰਦਰ ਸਵੀਡਨ ਪਹੁੰਚਾਉਣ।

# 'ਏਸ਼ਿਆਈ ਬੁੱਕਰ' ਪੁਰਸਕਾਰ ਲਈ ਪੰਜ ਭਾਰਤੀ ਲੇਖਕ ਦਾਅਵੇਦਾਰ

**ਨਵੀਂ ਦਿੱਲੀ:** ਇਸ ਸਾਲ ਦੇ 'ਮੈਨ ਏਸ਼ੀਅਨ ਲਿਟਰੇਰੀ ਪ੍ਰਾਈਜ਼' ਦੀ ਸੂਚੀ 'ਚ ਪੰਜ ਭਾਰਤੀ ਲੇਖਕਾਂ ਦੇ ਨਾਵਲ ਵੀ ਸ਼ਾਮਲ ਹਨ ਜਿਨ੍ਹਾਂ 'ਚ ਅਮਿਤਵ ਘੋਸ਼ ਤੇ ਤਰੁਨ ਤੇਜਪਾਲ ਵੀ ਹਨ। ਇਸ ਸੂਚੀ 'ਚ ਬੰਗਲਾਦੇਸ਼ ਤੇ ਪਾਕਿਸਤਾਨ ਤੋਂ ਇਲਾਵਾ ਹੋਰ ਦੇਸ਼ਾਂ ਦੇ ਲੇਖਕਾਂ ਦਾ ਕਾਰਜ ਵੀ ਸ਼ਾਮਲ ਹੈ।

ਏਸ਼ੀਅਨ ਬੁੱਕਰ ਵਜੋਂ ਜਾਣੇ ਜਾਂਦੇ ਇਸ ਪੁਰਸਕਾਰ ਲਈ ਜਾਹਨਵੀ ਬਰੂਆ ਦਾ 'ਰਿਬਰਥ', ਅਨੁਰਾਧਾ ਰਾਏ ਦਾ 'ਫੋਲਡਿਡ ਅਰਥ', ਰਾਹੁਲ ਭੱਟਾਚਾਰੀਆ ਦਾ 'ਦ ਸਲਾਈ ਕੰਪਨੀ ਆਫ ਪੀਪਲ ਹੂ ਕੇਅਰ', ਅਮਿਤਵ ਘੋਸ਼ ਦਾ 'ਰਿਵਰ ਆਫ ਸਮੋਕ' ਤੇ ਤਰੁਨ ਤੇਜਪਾਲ ਦਾ ਨਾਵਲ 'ਦ ਵੈਲੀ ਆਫ ਮਾਸਕਲ' ਹਨ।

ਤਹਿਮੀਨਾ ਅਨਾਮ (ਬੰਗਲਾਦੇਸ਼) ਦਾ 'ਦ ਗੁੱਡ ਮੁਸਲਿਮ', ਜਮੀਲ ਅਹਿਮਦ (ਪਾਕਿਸਤਾਨ) ਦਾ 'ਦ ਵਾਂਡਰਿੰਗ ਫਾਲਕਨ', ਮਹਿਮੂਦ ਦੌਲਤਾਬਾਦੀ (ਇਰਾਨ) ਦਾ 'ਦ ਕੋਲੋਨਲ', ਹਾਰੂਕੀ ਮੁਰਾਕਾਮੀ (ਜਪਾਨ) ਦਾ '1 ਕਿਊ 84', ਕਿਊਂਗ-ਸੂਕ ਸ਼ਿਨ (ਦੱਖਣੀ ਕੋਰੀਆ) ਦਾ 'ਪਲੀਜ਼ ਕੁੱਕ ਆਫਟਰ ਮੌਮ', ਯਾਨ ਲਿਐਂਕੇ (ਚੀਨ) ਦਾ 'ਡਰੀਮ ਆਫ ਡਿੰਗ ਵਿਲੇਜ', ਬਨਾਨਾ ਯੋਸ਼ੀਮੋਤੋ (ਜਪਾਨ) ਦਾ 'ਦ ਲੇਕ' ਇਸ ਸੂਚੀ 'ਚ ਸ਼ੁਮਾਰ ਹਨ।

ਬੰਗਲੌਰ ਦੀ ਜਾਹਨਵੀ ਬਰੂਆ ਨੇ ਇਸ ਗੱਲ 'ਤੇ ਖੁਸ਼ੀ ਜ਼ਾਹਿਰ ਕੀਤੀ ਕਿ ਅਮਿਤਵ ਘੋਸ਼, ਹਾਰੂਕੀ, ਮੁਰਾਕਾਮੀ, ਰਾਹੁਲ ਭੱਟਾਚਾਰੀਆ ਤੇ 8 ਹੋਰ ਕਮਾਲ ਦੇ ਲੇਖਕ ਇਸ ਸੂਚੀ 'ਚ ਸ਼ਾਮਲ ਹਨ। 2011 ਲਈ 90 ਕਿਤਾਬਾਂ ਪੁਰਸਕਾਰ ਲਈ ਪੁੱਜੀਆਂ ਹਨ। 10 ਜਨਵਰੀ 2012 ਨੂੰ ਛਪੀ ਹੋਈ ਸੂਚੀ ਦਾ ਐਲਾਨ ਕਰ ਦਿੱਤਾ ਜਾਵੇਗਾ ਤੇ 15 ਮਾਰਚ ਨੂੰ ਹਾਂਗਕਾਂਗ 'ਚ ਜੇਤੂ ਦਾ ਨਾਂ ਐਲਾਨਿਆ ਜਾਵੇਗਾ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਹਿਲਾ ਇਜਲਾਸ ਅਗਲੇ ਮਹੀਨੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਚੋਣ ਹੋਇਆਂ ਨੂੰ ਭਾਵੇਂ ਕਈ ਮਹੀਨੇ ਲੰਘ ਗਏ ਹਨ ਪਰ ਅਹੁਦੇਦਾਰਾਂ ਦੀ ਚੋਣ ਅਜੇ ਤੱਕ ਲਟਕੀ ਹੋਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਦਾ ਕਹਿਣਾ ਹੈ ਕਿ ਨਵੇਂ ਬਣੇ ਸ਼੍ਰੋਮਣੀ ਕਮੇਟੀ ਹਾਊਸ ਦਾ ਪਹਿਲਾ ਇਜਲਾਸ ਪੰਜ ਦਸੰਬਰ ਨੂੰ ਹੋਣ ਦੀ ਸੰਭਾਵਨਾ ਹੈ। ਸ. ਮੱਕੜ ਨੇ ਕਿਹਾ ਕਿ ਗੁਰਦਵਾਰਾ ਚੋਣ ਕਮਿਸ਼ਨ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਚਿੱਠੀ ਭੇਜੀ ਸੀ ਤੇ ਉਸ ਦੀ ਇਕ ਕਾਪੀ ਉਨ੍ਹਾਂ ਨੂੰ ਵੀ ਮਿਲੀ ਸੀ ਜਿਸ ਦੇ ਆਧਾਰ 'ਤੇ 5 ਦਸੰਬਰ ਨੂੰ ਹਾਊਸ ਦੀ ਮੀਟਿੰਗ ਸੱਦਣ ਦਾ ਫ਼ੈਸਲਾ ਕੀਤਾ ਹੈ।

ਸ. ਮੱਕੜ ਨੇ ਕਿਹਾ ਕਿ ਸਿੱਖ ਇਤਿਹਾਸ ਨਾਲ ਸਬੰਧਤ ਪੰਜਾਬ 'ਚ ਵੱਖ-ਵੱਖ ਇਤਿਹਾਸਕ ਸਥਾਨਾਂ 'ਤੇ ਉਸਾਰੀਆਂ ਯਾਦਗਾਰਾਂ ਸਿੱਖ ਕੌਮ ਦੀ ਵਿਰਾਸਤ ਹਨ। ਇਨ੍ਹਾਂ ਯਾਦਗਾਰਾਂ ਦੇ ਉਦਘਾਟਨੀ ਸਮਾਗਮਾਂ ਦੀਆਂ ਤਾਰੀਖਾਂ ਦਾ ਵੇਰਵਾ ਦਿੰਦਿਆਂ ਉਨ੍ਹਾਂ ਦੱਸਿਆ ਕਿ 25 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਖ਼ਾਲਸਾ ਹੈਰੀਟੇਜ ਕੰਪਲੈਕਸ', 28 ਨਵੰਬਰ ਨੂੰ ਗੁਰਦਾਸਪੁਰ ਜ਼ਿਲ੍ਹੇ 'ਚ ਕਾਹਨੂੰਵਾਨ ਵਿਖੇ ਯਾਦਗਾਰ 'ਛੋਟਾ ਘੱਲੂਘਾਰਾ', 29 ਨਵੰਬਰ ਨੂੰ ਸੰਗਰੂਰ ਜ਼ਿਲ੍ਹੇ 'ਚ ਕੁਪਰਹੀੜਾ ਵਿਖੇ ਯਾਦਗਾਰ 'ਵੱਡਾ ਘੱਲੂਘਾਰਾ' ਤੇ 30 ਨਵੰਬਰ ਨੂੰ ਚੱਪੜਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਹਿ ਦੀ ਯਾਦ 'ਚ ਉਸਾਰੀ ਯਾਦਗਾਰ ਦੇ ਉਦਘਾਟਨ ਹੋਣਗੇ।

ਭਰੋਸੇਯੋਗ ਸੂਤਰਾਂ ਅਨੁਸਾਰ ਬਾਦਲਾਂ ਨੇ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਖ਼ੁਸ਼ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਬਾਕੀ ਜਥੇਦਾਰਾਂ ਨੂੰ ਵੀ ਇਧਰੋਂ ਉਧਰ ਕਰਨ ਦਾ ਮਨ ਬਣਾ ਲਿਆ ਹੈ। ਅਜਿਹਾ ਕਰਨ ਨਾਲ ਜਿਥੇ ਬਾਦਲ ਦਲ ਵਿਰੋਧੀ ਧਿਰ ਵੱਲੋਂ ਲਾਏ ਜਾ ਰਹੇ ਗ਼ੈਰ ਸਿਧਾਂਤਕ ਹੋਣ ਦੇ ਦੋਸ਼ਾਂ ਤੋਂ ਮੁਕਤ ਹੋ ਜਾਏਗਾ ਉਥੇ ਨਵੇਂ ਜਥੇਦਾਰ ਨੂੰ ਸੇਵਾ ਦਾ ਮੌਕਾ ਦੇ ਕੇ ਪੁਰਾਣੇ ਜਥੇਦਾਰਾਂ ਦੇ ਕੀਤੇ ਕੰਮ ਉਨ੍ਹਾਂ ਦੇ ਸਿਰ ਮੜ੍ਹ ਕੇ ਇਕ ਤਰ੍ਹਾਂ ਨਾਲ ਦੋਸ਼ ਮੁਕਤ ਵੀ ਹੋ ਜਾਵੇਗਾ।

# ਸਾਊਦੀ ਅਰਬ 'ਚ ਪੰਜਾਬੀ ਨੌਜਵਾਨ ਦਾ ਕਤਲ

**ਕਲਾਨੌਰ:** ਪਿੰਡ ਵਡਾਲਾ ਬਾਂਗਰ ਦੇ ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ ਗਏ ਨੌਜਵਾਨ ਦਾ ਭੇਤਭਰੀ ਹਾਲਤ ਵਿਚ ਕਤਲ ਹੋ ਗਿਆ। ਨੌਜਵਾਨ ਦੀ ਮੌਤ ਦੀ ਖਬਰ ਪਿੰਡ ਪਹੁੰਚਣ 'ਤੇ ਪਿੰਡ ਵਿਚ ਸੋਗ ਫੈਲ ਗਿਆ। ਕਤਲ ਹੋਏ ਨੌਜਵਾਨ ਦੇ ਛੋਟੇ ਭਰਾ ਅਜੀਤ ਰਾਜ ਨੇ ਦੱਸਿਆ ਕਿ ਉਸ ਦਾ ਵੱਡਾ ਭਰਾ ਕੁਲਦੀਪ ਰਾਜ ਜੋ ਦੋ ਬੱਚਿਆਂ ਦਾ ਬਾਪ ਹੈ, ਤਕਰੀਬਨ ਛੇ ਮਹੀਨੇ ਪਹਿਲਾਂ ਤੀਰਥਪੁਰ ਨਜ਼ਦੀਕ ਮਹਿਤਾ ਜ਼ਿਲ੍ਹਾ ਅੰਮ੍ਰਿਤਸਰ ਦੇ ਏਜੰਟ ਰਾਹੀਂ ਟਰੱਕ ਡਰਾਈਵਰ ਵਜੋਂ ਸਾਊਦੀ ਅਰਬ ਗਿਆ ਸੀ।

ਉਸ ਨੇ ਦੱਸਿਆ ਕਿ ਏਜੰਟ ਨੇ ਉਸ ਦੇ ਭਰਾ ਨੂੰ ਕਿਸੇ ਵੱਡੀ ਕੰਪਨੀ ਵਿਚ ਡਰਾਈਵਰ ਲਾਉਣ ਦੀ ਬਜਾਏ ਕੰਪਨੀ ਤੋਂ ਬਾਹਰ ਹੀ ਕਿਸੇ ਆਮ ਵਿਅਕਤੀ ਕੋਲ ਡਰਾਈਵਰੀ ਲਈ ਕੰਮ ਦਿੱਤਾ ਹੋਇਆ ਸੀ। ਉਸ ਨੇ ਦੱਸਿਆ ਕਿ ਉਸ ਦੇ ਭਰਾ ਦਾ ਪਿਛਲੇ ਕੁਝ ਦਿਨਾਂ ਤੋਂ ਕਿਸੇ ਵਿਅਕਤੀ ਨਾਲ ਝਗੜਾ ਹੋ ਗਿਆ ਸੀ ਤੇ ਉਸ ਦੇ ਸਮਝੌਤੇ ਲਈ ਪਿਛਲੇ ਦਿਨੀਂ 50 ਹਜ਼ਾਰ ਰੁਪਏ ਭੇਜੇ ਸਨ। ਅਜੀਤ ਰਾਜ ਨੇ ਦੱਸਿਆ ਕਿ 2 ਨਵੰਬਰ ਨੂੰ ਉਸ ਦੇ ਭਰਾ ਨੇ ਆਪਣੀ ਪਤਨੀ ਨਾਲ ਫੋਨ 'ਤੇ ਗੱਲਬਾਤ ਕੀਤੀ ਸੀ ਜਦਕਿ ਉਨ੍ਹਾਂ ਨੂੰ ਬੀਤੇ ਦਿਨ ਹੀ ਸਾਊਦੀ ਅਰਬ ਵਿਚੋਂ ਕਿਸੇ ਨੇ ਫੋਨ ਰਾਹੀਂ ਦੱਸਿਆ ਕਿ ਕੁਲਦੀਪ ਰਾਜ ਦੀ ਭੇਤਭਰੀ ਹਾਲਤ ਵਿਚ ਮੌਤ ਹੋ ਗਈ ਹੈ।


Quik Signs

Signs * Graphics * Wraps




ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi

*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US



ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਬਾਦਲ ਪਰਿਵਾਰ ਟਰਾਂਸਪੋਰਟ ਘੁਟਾਲੇ 'ਚ ਘਿਰਿਆ

## ਹਾਈ ਕੋਰਟ ਵੱਲੋਂ ਨੋਟਿਸ ਜਾਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਪਰਿਵਾਰ ਟਰਾਂਸਪੋਰਟ ਘੁਟਾਲੇ 'ਚ ਘਿਰਦਾ ਜਾ ਰਿਹਾ ਹੈ। ਭਾਵੇਂ ਬਾਦਲ ਸਰਕਾਰ ਨੇ ਲੋਕਪਾਲ ਵੱਲੋਂ ਇਸ ਮਾਮਲੇ ਦੀ ਜਾਂਚ ਕਰ ਰਹੇ ਸੀਨੀਅਰ ਪੁਲਿਸ ਅਧਿਕਾਰੀ ਦਾ ਤਬਾਦਲਾ ਕਰਕੇ ਜਾਂਚ ਨੂੰ ਬਰੇਕਾਂ ਲਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਹਾਈ ਕੋਰਟ ਨੇ ਇਸ ਬਾਰੇ ਦਾਇਰ ਇਕ ਹੋਰ ਲੋਕ ਹਿੱਤ ਪਟੀਸ਼ਨ ਨੂੰ ਸਵੀਕਾਰ ਕਰਦਿਆਂ ਬਾਦਲ ਪਰਿਵਾਰ ਨੂੰ ਤਲਬ ਕਰ ਲਿਆ ਹੈ।

ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਐਮ.ਐਮ. ਕੁਮਾਰ ਤੇ ਜਸਟਿਸ ਆਰ. ਐਨ. ਰੈਨਾ 'ਤੇ ਆਧਾਰਤ ਦੋਹਰੇ ਬੈਂਚ ਵੱਲੋਂ ਇਕ ਮਾਮਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਵਕੀਲ ਹਿੰਮਤ ਸਿੰਘ ਸ਼ੇਰਗਿੱਲ ਵੱਲੋਂ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਪੰਜਾਬ ਸਰਕਾਰ ਵੱਲੋਂ ਸਾਲ 2007 ਵਿਚ ਬਣਾਈ ਗਈ ਨਵੀਂ ਟਰਾਂਸਪੋਰਟ ਨੀਤੀ ਨੂੰ ਚੁਣੌਤੀ ਦਿੱਤੀ ਗਈ ਸੀ।

ਉਨ੍ਹਾਂ ਦੱਸਿਆ ਕਿ ਨਵੀਂ ਟਰਾਂਸਪੋਰਟ ਨੀਤੀ ਅਨੁਸਾਰ ਬੱਸਾਂ ਦੀ ਤਿੰਨ ਸ਼੍ਰੇਣੀਆਂ ਵਿਚ ਵੰਡ ਕੀਤੀ ਗਈ ਹੈ। ਪਹਿਲੀ ਸ਼੍ਰੇਣੀ ਵਿਚ ਆਮ ਬੱਸਾਂ, ਦੂਸਰੀ ਸ਼੍ਰੇਣੀ ਵਿਚ ਲਗਜ਼ਰੀ ਬੱਸਾਂ ਤੇ ਤੀਸਰੀ ਸ਼੍ਰੇਣੀ ਵਿਚ ਸੁਪਰ ਲਗਜ਼ਰੀ ਬੱਸਾਂ ਰੱਖੀਆਂ ਗਈਆਂ ਹਨ। ਪਹਿਲੀ ਸ਼੍ਰੇਣੀ ਦੀਆਂ ਬੱਸਾਂ ਨੂੰ ਟੈਕਸ ਤੋਂ 10 ਪ੍ਰਤੀਸ਼ਤ ਛੋਟ, ਦੂਜੀ ਸ਼੍ਰੇਣੀ ਨੂੰ 50 ਪ੍ਰਤੀਸ਼ਤ ਤੇ ਤੀਜੀ ਸ਼੍ਰੇਣੀ ਦੀਆਂ ਬੱਸਾਂ ਨੂੰ ਟੈਕਸ ਤੋਂ 93.33 ਫ਼ੀਸਦੀ ਛੋਟ ਦਿੱਤੀ ਗਈ ਹੈ। ਦਿਲਚਸਪ ਗੱਲ ਹੈ ਕਿ ਤੀਜੀ ਸ਼੍ਰੇਣੀ ਦੀਆਂ ਬੱਸਾਂ 'ਤੇ ਬਾਦਲ ਪਰਿਵਾਰ ਤੇ ਹੋਰ ਸਿਆਸੀ ਆਗੂਆਂ ਦਾ ਹੀ ਕਬਜ਼ਾ ਹੈ ਤੇ ਇਨ੍ਹਾਂ ਬੱਸਾਂ 'ਚ ਸਫਰ ਵੀ 'ਰੱਜੇ-ਪੁੱਜੇ' ਹੀ ਕਰਦੇ ਹਨ।

ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਨਵੀਂ ਟਰਾਂਸਪੋਰਟ ਨੀਤੀ ਸਿਰਫ਼ ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਨੂੰ ਫ਼ਾਇਦਾ ਪਹੁੰਚਾਉਣ ਲਈ ਬਣਾਈ ਗਈ ਹੈ। ਸ. ਪ੍ਰਕਾਸ਼ ਸਿੰਘ ਬਾਦਲ ਖੁਦ ਮੁੱਖ ਮੰਤਰੀ ਹਨ ਤੇ ਕੋਈ ਵੀ ਆਪਣੇ ਨਿੱਜੀ ਫਾਇਦੇ ਲਈ ਕੋਈ ਨਵੀਂ ਨੀਤੀ ਨਹੀਂ ਬਣਾ ਸਕਦਾ। ਇਸ ਟਰਾਂਸਪੋਰਟ ਨੀਤੀ ਨਾਲ ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਨੂੰ ਕਰੋੜਾਂ ਦਾ ਫ਼ਾਇਦਾ ਹੋ ਰਿਹਾ ਹੈ ਤੇ ਆਮ ਜਨਤਾ ਉਪਰ ਇਸ ਨੀਤੀ ਨਾਲ ਵਿੱਤੀ ਬੋਝ ਪੈ ਰਿਹਾ ਹੈ। ਪਟੀਸ਼ਨਰ ਵੱਲੋਂ ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਇਸ ਨਵੀਂ ਬਣਾਈ ਟਰਾਂਸਪੋਰਟ ਨੀਤੀ ਦੀ ਜਾਂਚ ਸੀ.ਬੀ.ਆਈ. ਜਾਂ ਕਿਸੇ ਹੋਰ ਨਿਰਪੱਖ ਏਜੰਸੀ ਤੋਂ ਕਰਵਾਈ ਜਾਵੇ। ਹਾਈ ਕੋਰਟ ਵੱਲੋਂ ਪਿਛਲੀ ਤਾਰੀਖ਼ 'ਤੇ ਸਿਰਫ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ ਪਰ ਹੁਣ ਬਾਦਲਾਂ ਨੂੰ ਵੀ ਤਲਬ ਕਰ ਲਿਆ ਗਿਆ ਹੈ।

ਪਟੀਸ਼ਨਰ ਹਿੰਮਤ ਸਿੰਘ ਸ਼ੇਰਗਿੱਲ ਵੱਲੋਂ ਉਪਰੋਕਤ ਮਾਮਲੇ ਵਿਚ ਇਕ ਅਰਜੀ ਦਾਇਰ ਕੀਤੀ ਗਈ ਹੈ। ਪਟੀਸ਼ਨਰ ਵੱਲੋਂ ਮਨਿਸਟਰੀ ਆਫ਼ ਕਾਰਪੋਰੇਟ ਮਾਮਲੇ ਭਾਰਤ ਸਰਕਾਰ ਦੀ ਵੈਬਸਾਈਟ ਤੋਂ ਬਾਦਲ ਪਰਿਵਾਰ ਦੀਆਂ




ਟਰਾਂਸਪੋਰਟ ਕੰਪਨੀਆਂ ਬਾਰੇ ਜੋ ਜਾਣਕਾਰੀ ਹਾਸਲ ਕੀਤੀ ਗਈ ਹੈ, ਉਸ ਦੇ ਵੇਰਵੇ ਹਾਈ ਕੋਰਟ ਵਿਚ ਪੇਸ਼ ਕੀਤੇ ਗਏ ਜਿਸ ਮੁਤਾਬਕ ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਆਰਬਟ ਟਰਾਂਸਪੋਰਟ ਰਜਿਸਟਰਡ, ਬਾਜ ਟਰਾਂਸਪੋਰਟ ਪ੍ਰਾਈਵੇਟ ਲਿਮਟਿਡ, ਡੱਬਵਾਲੀ ਟਰਾਂਸਪੋਰਟ ਪ੍ਰਾਈਵੇਟ ਲਿਮਟਿਡ ਤੇ ਰੀਅਲ ਅਸਟੇਟ ਪ੍ਰਾਈਵੇਟ ਲਿਮਟਿਡ ਕੰਪਨੀਆਂ ਵਿਚ ਮਿਤੀ 29 ਸਤੰਬਰ 2007 ਤੋਂ 26 ਸਤੰਬਰ 2008 ਤੱਕ ਸ. ਪ੍ਰਕਾਸ਼ ਸਿੰਘ ਬਾਦਲ, ਸ. ਸੁਖਬੀਰ ਸਿੰਘ ਬਾਦਲ, ਸ੍ਰੀਮਤੀ ਹਰਸਿਮਰਤ ਕੌਰ ਬਾਦਲ ਐਮ.ਪੀ., ਸ. ਕਰਮਜੀਤ ਸਿੰਘ ਮਜੀਠੀਆ, ਸ. ਸੱਤਿਆਜੀਤ ਸਿੰਘ ਮਜੀਠੀਆ, ਸ੍ਰੀਮਤੀ ਸੁਖਮਨਜੱਸ ਮਜੀਠੀਆ, ਸ੍ਰੀਮਤੀ ਪਰਨੀਤ ਕੌਰ ਕੈਰੋਂ ਦੀ ਹਿੱਸੇਦਾਰੀ ਹੈ।

ਉਨ੍ਹਾਂ ਦੱਸਿਆ ਕਿ ਇਸ ਜਾਣਕਾਰੀ ਮੁਤਾਬਕ ਸਾਲ 2010 ਵਿਚ ਇਹ ਹਿੱਸੇ ਸ. ਸੁਖਬੀਰ ਸਿੰਘ ਬਾਦਲ ਦੇ ਨਾਂ ਤਬਦੀਲ ਕਰ ਦਿੱਤੇ ਗਏ ਸਨ। ਇਸ ਜਾਣਕਾਰੀ ਤੋਂ ਜੋ ਤੱਥ ਸਾਹਮਣੇ ਆਏ ਹਨ, ਉਨ੍ਹਾਂ ਮੁਤਾਬਕ ਡੱਬਵਾਲੀ ਟਰਾਂਸਪੋਰਟ ਕੰਪਨੀ ਲਿਮਟਿਡ ਨੂੰ ਇਸ ਨਵੀਂ ਟਰਾਂਸਪੋਰਟ ਨੀਤੀ ਰਾਹੀਂ ਵਿੱਤੀ ਵਰ੍ਹੇ 2007 ਤੋਂ 2008 ਤੱਕ 1246.90 ਲੱਖ ਦਾ ਫ਼ਾਇਦਾ ਹੋਇਆ ਹੈ। ਉਪਰੋਕਤ ਕੰਪਨੀ ਦਾ ਇਹ ਫ਼ਾਇਦਾ ਸਾਲ 2011 ਦੇ ਵਿੱਤੀ ਵਰ੍ਹੇ ਤੱਕ ਵਧ ਕੇ 2906.98 ਲੱਖ ਤੱਕ ਪੁੱਜ ਗਿਆ। ਇਸ ਟਰਾਂਸਪੋਰਟ ਨੀਤੀ ਤੋਂ ਉਪਰੋਕਤ ਟਰਾਂਸਪੋਰਟ ਕੰਪਨੀ ਨੂੰ ਸਾਲ 2007 ਤੋਂ 2008 ਤੱਕ 117.42 ਲੱਖ ਦੇ ਟੈਕਸ ਦਾ ਫ਼ਾਇਦਾ ਪੁੱਜਾ ਤੇ ਜੋ ਸਾਲ 2011 ਤੱਕ ਵਧ ਕੇ 422.54 ਲੱਖ ਹੋ ਗਿਆ ਹੈ। ਪੰਜਾਬ ਸਰਕਾਰ ਵੱਲੋਂ ਆਪਣੀ ਬਹਿਸ ਦੌਰਾਨ ਦੱਸਿਆ ਗਿਆ ਕਿ ਨਵੀਂ ਟਰਾਂਸਪੋਰਟ ਨੀਤੀ ਬਣਾਉਣ ਬਾਰੇ ਪੰਜਾਬ ਵਿਧਾਨ ਸਭਾ ਵਿਚ ਕੈਬਨਿਟ ਦੀ ਮੀਟਿੰਗ ਕਰ ਕੇ ਬਿੱਲ ਪਾਸ ਕੀਤਾ ਗਿਆ ਸੀ। ਨਵੀਂ ਟਰਾਂਸਪੋਰਟ ਨੀਤੀ ਬਾਰੇ ਬਿੱਲ ਪਾਸ ਕਰਨ ਉਪਰੰਤ ਰਾਜਪਾਲ ਪੰਜਾਬ ਦੀ ਮਨਜ਼ੂਰੀ ਲੈ ਕੇ ਨੀਤੀ ਲਾਗੂ ਕੀਤੀ ਗਈ ਹੈ। ਨਵੀਂ ਟਰਾਂਸਪੋਰਟ ਨੀਤੀ ਨੂੰ ਪੂਰੀ ਕਾਨੂੰਨੀ ਪ੍ਰਕਿਰਿਆ ਵਿਚੋਂ ਗੁਜ਼ਰਨ ਤੋਂ ਬਾਅਦ ਹੀ ਹੋਂਦ ਵਿਚ ਲਿਆਂਦਾ ਗਿਆ। ਹਾਈਕੋਰਟ ਵੱਲੋਂ ਮਾਮਲੇ ਦੀ ਸੁਣਵਾਈ ਕਰਦਿਆਂ ਅਗਲੀ ਮਿਤੀ 18 ਨਵੰਬਰ ਤੈਅ ਕੀਤੀ ਗਈ ਹੈ।

## ਕੈਪਟਨ ਦੀ ਪਟੀਸ਼ਨ 'ਤੇ ਸਰਕਾਰ ਦੀ ਜਵਾਬਤਲਬੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਅੰਮ੍ਰਿਤਸਰ ਇੰਪਰੂਵਮੈਂਟ ਟਰਸਟ ਵਿਚ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ 11 ਸਤੰਬਰ, 2008 ਨੂੰ ਦਰਜ ਐਫ.ਆਈ. ਆਰ. ਰੱਦ ਕਰਵਾਉਣ ਲਈ ਦਾਖਲ ਕੀਤੀ ਗਈ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਜਵਾਬ ਦਾਖਲ ਕਰਨ ਦਾ ਹੁਕਮ ਦਿੱਤਾ ਹੈ।

ਗੌਰਤਲਬ ਹੈ ਕਿ ਇਸ ਐਫ.ਆਈ. ਆਰ. ਵਿੱਚ ਕਾਂਗਰਸ ਸਰਕਾਰ ਵੇਲੇ 32 ਏਕੜ ਜ਼ਮੀਨ ਨੂੰ ਛੋਟ ਦੇਣ ਬਾਰੇ ਬੇਨਿਯਮੀਆਂ ਦਾ ਦੋਸ਼ ਹੈ ਤੇ ਆਈ. ਪੀ.ਸੀ. ਦੀ ਧਾਰਾ 420, 467, 468, 471 ਤੇ 120ਬੀ ਤਹਿਤ ਅਤੇ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਇਹ ਐਫ.ਆਈ.ਆਰ. ਵਿਧਾਨ ਸਭਾ ਵੱਲੋਂ ਮਾਮਲਾ ਵਿਜੀਲੈਂਸ ਵਿਭਾਗ ਨੂੰ ਭੇਜਣ 'ਤੇ ਦਰਜ ਕੀਤੀ ਗਈ ਸੀ।

ਵਿਧਾਨ ਸਭਾ ਨੇ ਇਹ ਮਾਮਲਾ ਢਾਂਡਾ ਕਮੇਟੀ ਦੀ ਰਿਪੋਰਟ 'ਤੇ ਵਿਜੀਲੈਂਸ ਵਿਭਾਗ ਨੂੰ ਭੇਜਿਆ ਸੀ। ਕੈਪਟਨ ਅਮਰਿੰਦਰ ਨੇ ਆਪਣੀ ਪਟੀਸ਼ਨ ਵਿਚ ਕਿਹਾ ਹੈ ਕਿ ਉਨ੍ਹਾਂ ਵਿਰੁੱਧ ਆਰਥਿਕ ਲਾਹਾ ਲੈਣ ਦਾ ਕੋਈ ਦੋਸ਼ ਨਹੀਂ ਹੈ। ਮਾਮਲੇ ਦੀ ਅਗਲੀ ਸੁਣਵਾਈ ਲਈ 25 ਜਨਵਰੀ ਨੂੰ ਤੈਅ ਕੀਤੀ ਗਈ ਹੈ।

## ਦਾਗ਼ੀ ਪੁਲਿਸ ਵਾਲਿਆਂ ਖ਼ਿਲਾਫ਼ ਕਾਰਵਾਈ ਨਾ ਕਰਨ 'ਤੇ ਸਰਕਾਰ ਦੀ ਖਿਚਾਈ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦਾਗ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਨਾ ਕਰਨ 'ਤੇ ਸਰਕਾਰ ਦੀ ਖਿਚਾਈ ਕੀਤੀ ਹੈ। ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਐਮ.ਐਮ. ਕੁਮਾਰ ਤੇ ਜਸਟਿਸ ਆਰ.ਐਨ. ਰੈਨਾ 'ਤੇ ਆਧਾਰਤ ਬੈਂਚ ਨੇ ਦਾਗ਼ੀ ਪੁਲਿਸ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਦੇ ਮਾਮਲੇ ਵਿਚ ਪੰਜਾਬ ਦੇ ਗ੍ਰਹਿ ਸਕੱਤਰ ਨੂੰ ਹੁਕਮ ਦਿੱਤਾ ਹੈ ਕਿ ਉਹ ਆਪਣਾ ਹਲਫਨਾਮਾ ਦੋ ਹਫ਼ਤਿਆਂ ਦੇ ਅੰਦਰ-ਅੰਦਰ ਦਾਖਲ ਕਰਨ।

ਬੈਂਚ ਨੇ ਇਹ ਹੁਕਮ ਪੰਜਾਬ ਦੇ ਐਡੀਸ਼ਨਲ ਐਡਵੋਕੇਟ ਜਨਰਲ ਵੱਲੋਂ ਹਲਫਨਾਮਾ ਦਾਖਲ ਕਰਨ ਲਈ ਹੋਰ ਸਮਾਂ ਮੰਗਣ 'ਤੇ ਦਿੱਤਾ। ਬੈਂਚ ਨੇ ਸਰਕਾਰ ਨੂੰ ਸਪਸ਼ਟ ਕੀਤਾ ਹੈ ਕਿ ਜੇ ਉਹ ਸਜ਼ਾਯਾਫਤਾ ਪੁਲਿਸ ਕਰਮਚਾਰੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਕੋਈ ਕਾਰਵਾਈ ਨਹੀਂ ਕਰਦੀ ਤਾਂ ਅਦਾਲਤ ਨੂੰ ਆਪਣਾ ਫਰਜ਼ ਨਿਭਾਉਣਾ ਪਵੇਗਾ। ਜ਼ਿਕਰਯੋਗ ਹੈ ਕਿ ਵਕੀਲ ਐਚ.ਸੀ. ਅਰੋੜਾ ਨੇ ਜਨਹਿਤ ਪਟੀਸ਼ਨ ਦਾਖਲ ਕਰਕੇ ਕਿਹਾ ਸੀ ਕਿ 43 ਸਜ਼ਾਯਾਫਤਾ ਪੁਲਿਸ ਕਰਮਚਾਰੀਆਂ ਨੂੰ ਅਜੇ ਵੀ ਨੌਕਰੀ ਵਿਚ ਬਰਕਰਾਰ ਰੱਖਿਆ ਗਿਆ ਹੈ ਜਿਸ 'ਤੇ 19 ਅਕਤੂਬਰ ਨੂੰ ਪੰਜਾਬ ਦੇ ਗ੍ਰਹਿ ਸਕੱਤਰ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਆਪਣਾ ਹਲਫਨਾਮਾ ਦਾਖਲ ਕਰ ਕੇ ਸੂਚਿਤ ਕਰਨ ਕਿ ਕੋਈ ਸਜ਼ਾਯਾਫਤਾ ਪੁਲਿਸ ਮੁਲਾਜ਼ਮ ਜਿਸ ਦੀ ਸਜ਼ਾ ਤੇ ਅਪੀਲ ਤਹਿਤ ਰੋਕ ਨਾ ਲੱਗੀ ਹੋਵੇ ਨੌਕਰੀ ਵਿਚ ਨਹੀਂ ਹੈ।

ਇਸ ਦੇ ਨਾਲ ਹੀ 1398 ਪੁਲਿਸ ਕਰਮਚਾਰੀਆਂ ਜੋ ਅਪਰਾਧਕ ਮਾਮਲਿਆਂ ਦੇ ਦੋਸ਼ਾਂ ਦੇ ਕੇਸਾਂ ਵਿਚ ਫਸੇ ਹੋਏ ਹਨ, ਖ਼ਿਲਾਫ ਕਾਰਵਾਈ ਲਈ 'ਰਿਸਰਜੈਂਸ ਇੰਡੀਆ' ਵੱਲੋਂ ਦਾਖਲ ਪਟੀਸ਼ਨ ਦੀ ਸੁਣਵਾਈ ਵੀ ਕੀਤੀ ਗਈ ਤੇ ਬੈਂਚ ਨੇ ਇਸ ਤੱਥ 'ਤੇ ਨਿਰਾਸ਼ਾ ਪ੍ਰਗਟ ਕੀਤੀ ਕਿ ਇਸ ਸੂਚੀ ਵਿਚ ਪੁਲਿਸ ਕਰਮਚਾਰੀਆਂ ਦੇ ਨਾਂ ਕਤਲ, ਬਲਾਤਕਾਰ, ਅਗਵਾ ਕਰਨ ਦੇ ਮਾਮਲਿਆਂ ਵਿਚ ਸ਼ਾਮਲ ਸਨ। ਬੈਂਚ ਨੇ ਹੈਰਾਨੀ ਪ੍ਰਗਟਾਈ ਕਿ ਅਜਿਹੇ ਦਾਗ਼ੀ ਪੁਲਿਸ ਕਰਮਚਾਰੀਆਂ ਨੂੰ ਮਹੱਤਵਪੂਰਨ ਅਹੁਦੇ ਕਿਵੇਂ ਦਿੱਤੇ ਗਏ ਸਨ। ਇਨ੍ਹਾਂ ਮਾਮਲਿਆਂ ਵਿਚ ਕੀਤੀ ਗਈ ਕਾਰਵਾਈ ਬਾਰੇ ਹਲਫਨਾਮਾ ਦਾਖਲ ਕਰਨ ਲਈ ਵੀ ਗ੍ਰਹਿ ਸਕੱਤਰ ਨੂੰ ਹੁਕਮ ਦਿੱਤਾ। ਦੋਵਾਂ ਮਾਮਲਿਆਂ ਵਿਚ ਸੁਣਵਾਈ ਲਈ 17 ਨਵੰਬਰ ਤਾਰੀਖ ਨਿਯਤ ਕੀਤੀ ਗਈ ਹੈ।

# ਪਾਕਿ ਜਾਣ ਲਈ ਵੀਜ਼ੇ ਨਾ ਦੇਣ 'ਤੇ ਸਿੱਖ ਖਫ਼ਾ

## ਸ਼੍ਰੋਮਣੀ ਕਮੇਟੀ ਦੇ ਜਥੇ 'ਚੋਂ 510 ਸ਼ਰਧਾਲੂਆਂ ਨੂੰ ਵੀਜ਼ੇ ਨਾ ਮਿਲੇ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਸ਼੍ਰੋਮਣੀ ਕਮੇਟੀ ਦੀ ਅਗਵਾਈ 'ਚ ਜਾਣ ਵਾਲੇ ਸ਼ਰਧਾਲੂਆਂ ਦੇ ਜਥੇ ਦੀ ਸੂਚੀ ਵਿਚੋਂ 510 ਯਾਤਰੂਆਂ ਨੂੰ ਐਨ ਆਖਰੀ ਮੌਕੇ ਵੀਜ਼ੇ ਦੇਣ ਤੋਂ ਇਨਕਾਰ ਕਰ ਦਿੱਤੀ ਗਈ ਹੈ। ਇਨ੍ਹਾਂ ਵਿਚੋਂ 449 ਯਾਤਰੂਆਂ ਨੂੰ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਵੱਲੋਂ ਤੇ 61 ਯਾਤਰੂਆਂ ਨੂੰ ਭਾਰਤ ਸਰਕਾਰ ਵੱਲੋਂ ਜਥੇ ਨਾਲ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਪਾਕਿਸਤਾਨ ਹਾਈ ਕਮਿਸ਼ਨ ਦੀ ਇਸ ਕਾਰਵਾਈ ਦੀ ਸ਼੍ਰੋਮਣੀ ਕਮੇਟੀ ਨੇ ਨਿਖੇਧੀ ਕਰਦਿਆਂ ਕਿਹਾ ਕਿ ਇਸ ਕਾਰਵਾਈ ਨਾਲ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ।

ਸੂਤਰਾਂ ਅਨੁਸਾਰ ਦੋਵਾਂ ਦੇਸ਼ਾਂ ਵਿਚਕਾਰ ਹੋਏ ਸਮਝੌਤੇ ਤਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਭਾਰਤ 'ਚੋਂ ਜਾਣ ਵਾਲੇ ਕੁੱਲ 3000 ਯਾਤਰੂਆਂ ਦੇ ਜਥੇ ਵਿਚੋਂ 60 ਫੀਸਦੀ ਭਾਵ 1800 ਯਾਤਰੂ ਹਰ ਸਾਲ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਜਾਂਦੇ ਹਨ। ਇਸ ਵਾਰ ਸ਼੍ਰੋਮਣੀ ਕਮੇਟੀ ਨੇ 1600 ਯਾਤਰੂਆਂ ਦੀ ਸੂਚੀ ਸਰਕਾਰ ਨੂੰ ਵੀਜ਼ਾ ਲਾਉਣ ਲਈ ਭੇਜੀ ਸੀ ਜਿਸ ਵਿਚੋਂ ਮੁਕੰਮਲ 1425 ਪਾਸਪੋਰਟ ਵੀਜ਼ਾ ਲੈਣ ਲਈ ਦਿੱਲੀ ਸਥਿਤ ਪਾਕਿ ਹਾਈ ਕਮਿਸ਼ਨ 'ਚ ਭੇਜੇ ਗਏ ਸਨ। ਉਨ੍ਹਾਂ ਦੱਸਿਆ ਕਿ ਜਦੋਂ ਸ਼੍ਰੋਮਣੀ ਕਮੇਟੀ ਦੀ ਟੀਮ ਵੀਜ਼ੇ ਲੈਣ ਲਈ ਦਿੱਲੀ ਗਈ ਤਾਂ ਪਾਕਿ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੇ ਸਾਰੇ ਪਾਸਪੋਰਟ ਲੈ ਲਏ ਸਨ ਪਰ 40 ਯਾਤਰੂਆਂ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ। ਬਾਅਦ 'ਚ ਪਾਕਿ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੇ 409 ਪਾਸਪੋਰਟ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਪਾਸਪੋਰਟਾਂ 'ਤੇ ਵੀਜ਼ੇ ਦੀਆਂ ਮੋਹਰਾਂ ਵੀ ਲੱਗੀਆਂ ਹੋਈਆਂ ਹਨ, ਬਗੈਰ ਦਸਤਖ਼ਤ ਕੀਤੇ ਤੇ ਬਿਨਾਂ ਕਾਰਨ ਦੱਸੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਵਾਪਸ ਮੋੜ ਦਿੱਤੇ।

ਸਿੱਖ ਸ਼ਰਧਾਲੂਆਂ ਦਾ ਜਥਾ 8 ਨਵੰਬਰ ਨੂੰ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਪਾਕਿਸਤਾਨ ਰਵਾਨਾ ਹੋਇਆ ਜਿਥੇ 10 ਨਵੰਬਰ ਨੂੰ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਮਨਾਇਆ ਗਿਆ। ਸਿੱਖ ਸ਼ਰਧਾਲੂ ਗੁਰਦੁਆਰਾ ਪੰਜਾ ਸਾਹਿਬ, ਗੁ: ਡੇਹਰਾ ਸਾਹਿਬ, ਗੁ: ਸੱਚਾ ਸੌਦਾ, ਗੁ: ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ 17 ਨਵੰਬਰ ਨੂੰ ਵਾਪਸ ਪਰਤੇਗਾ।

# ਲੰਡਨ 'ਚ ਪੰਜਾਬੀ ਮਕਾਨ ਮਾਲਕਾਂ ਖਿਲਾਫ ਸ਼ਿਕੰਜਾ ਕਸਿਆ

**ਲੰਡਨ (ਪੰਜਾਬ ਟਾਈਮਜ਼ ਬਿਊਰੋ):** ਲੰਡਨ ਵਿਚ ਘਟੀਆ ਦਰਜੇ ਦੀਆਂ ਰਿਹਾਇਸ਼ੀ ਥਾਵਾਂ ਦਾ ਭਾਰੀ ਕਿਰਾਏ ਵਸੂਲਣ ਵਾਲੇ ਪੰਜਾਬੀ ਮਕਾਨ ਮਾਲਕਾਂ ਦੀ ਬਰਤਾਨਵੀ ਅਧਿਕਾਰੀਆ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਇਹ ਜਾਂਚ ਲੰਡਨ ਦੇ ਇਕ ਖ਼ਾਸ ਇਲਾਕੇ ਸਾਊਥਾਲ 'ਤੇ ਕੇਂਦਰਤ ਹੈ ਜਿੱਥੇ ਭਾਰਤੀ ਪੰਜਾਬੀ ਵੱਡੇ ਪੱਧਰ 'ਤੇ ਰਹਿੰਦੇ ਹਨ। ਸਾਊਥਾਲ ਇਲਾਕਾ ਲੰਡਨ ਦੇ ਹੀਥਰੋ ਹਵਾਈ ਅੱਡੇ ਵੱਲ ਪੈਂਦਾ ਹੈ ਜਿਵੇਂ ਦਿੱਲੀ ਦੇ ਇੰਦਰਾ ਗਾਂਧੀ ਹਵਾਈ ਅੱਡੇ ਵੱਲ ਹਰਿਆਣਾ ਦਾ ਗੁੜਗਾਉਂ ਸ਼ਹਿਰ ਪੈਂਦਾ ਹੈ। ਬੀਤੇ ਕੁਝ ਸਾਲਾਂ ਤੋਂ ਸਾਊਥਾਲ ਦੇ ਮਕਾਨ ਮਾਲਕਾਂ ਨੇ ਕਾਨੂੰਨ ਦੀ ਇਕ ਚੋਰ-ਮੋਰੀ ਦਾ ਨਾਜਾਇਜ਼ ਫਾਇਦਾ ਉਠਾਇਆ ਹੈ ਜਿਸ ਮੁਤਾਬਕ ਮਕਾਨ ਮਾਲਕਾਂ ਨੂੰ ਸ਼ੈਡਾਂ ਤੇ ਗੈਰਾਜਾਂ ਨੂੰ ਕੰਮ ਚਲਾਊ ਮਕਾਨਾਂ ਵਿਚ ਤਬਦੀਲ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ ਤਾਂ ਕਿ ਇਹ ਮਕਾਨ ਇਸ ਬਰਤਾਨਵੀ ਰਾਜਧਾਨੀ ਵਿਚ ਅਜਿਹੇ ਲੋਕਾਂ ਨੂੰ ਕਿਰਾਏ ਉਤੇ ਦਿੱਤੇ ਜਾ ਸਕਣ ਜਿਨ੍ਹਾਂ ਨੂੰ ਸਿਰ ਲੁਕਾਉਣ ਲਈ ਸਹਾਰੇ ਦੀ ਲੋੜ ਹੁੰਦੀ ਹੈ।

ਮੌਜੂਦਾ ਕਾਨੂੰਨਾਂ ਮੁਤਾਬਕ ਗੈਰਾਜਾਂ ਵਰਗੀਆਂ ਇਨ੍ਹਾਂ 'ਆਊਟ ਬਿਲਡਿੰਗਾਂ' ਨੂੰ ਵਾਧੂ ਬੈੱਡਰੂਮਾਂ ਜਾਂ ਛੋਟੇ ਫਲੈਟਾਂ ਵਿਚ ਤਬਦੀਲ ਕੀਤਾ ਜਾ ਸਕਦਾ ਹੈ ਤਾਂ ਕਿ ਉਥੇ ਪਰਿਵਾਰ ਦੇ ਬਜ਼ੁਰਗਾਂ ਨੂੰ ਰੱਖਿਆ ਜਾ ਸਕੇ ਪਰ ਹਕੀਕਤ ਇਹ ਹੈ ਕਿ ਇਨ੍ਹਾਂ ਸ਼ੈਡਾਂ ਤੇ ਗੈਰਾਜਾਂ ਨੂੰ ਕੰਮ ਚਲਾਊ ਬੈੱਡਰੂਮਾਂ ਵਿਚ ਬਦਲ ਦਿੱਤਾ ਗਿਆ ਹੈ। ਇਨ੍ਹਾਂ ਸਾਂਝੀ ਰਿਹਾਇਸ਼ ਵਾਲੇ ਕਮਰਿਆਂ ਦਾ ਕਿਰਾਇਆ ਆਮ ਕਰਕੇ ਪ੍ਰਤੀ ਵਿਅਕਤੀ 400 ਪੌਂਡ (31 ਹਜ਼ਾਰ ਰੁਪਏ) ਪ੍ਰਤੀ ਮਹੀਨਾ ਤਕ ਵਸੂਲਿਆ ਜਾਂਦਾ ਹੈ ਜਿਨ੍ਹਾਂ ਨੂੰ ਕਈ ਵਾਰ ਬਾਕਸ ਰੂਮ ਜਾਂ ਸਟੂਡੀਓ ਵੀ ਕਿਹਾ ਜਾਂਦਾ ਹੈ।

## ਕਿਰਾਏਦਾਰਾਂ ਦੀ ਲੁੱਟ ਦੀ ਜਾਂਚ ਸ਼ੁਰੂ



ਇਨ੍ਹਾਂ ਮਕਾਨਾਂ ਦੇ ਦਰਵਾਜ਼ੇ ਤੇ ਖਿੜਕੀਆਂ ਵੀ ਕੰਮ ਚਲਾਊ ਹੀ ਹੁੰਦੇ ਹਨ, ਬਿਜਲੀ ਦੀਆਂ ਤਾਰਾਂ ਖੁੱਲ੍ਹੀਆਂ ਹੁੰਦੀਆਂ ਹਨ ਤੇ ਹੋਰ ਸਹੂਲਤਾਂ ਨਾਮਾਤਰ ਹੀ ਹੁੰਦੀਆਂ ਹਨ। ਕਿਰਾਏਦਾਰ ਹਰਭਜਨ ਸਿੰਘ ਅਨੁਸਾਰ ਉਹ ਆਪਣੇ ਵਤਨ ਭਾਰਤ ਪਰਤਣਾ ਚਾਹੁੰਦਾ ਹੈ। ਉਸ ਨੇ ਕਈ ਸਾਲਾਂ ਤੋਂ ਆਪਣੇ ਬੱਚਿਆ ਨੂੰ ਨਹੀਂ ਦੇਖਿਆ। ਉਸ ਨੇ ਮਨੁੱਖੀ ਤਸਕਰਾਂ ਨੂੰ ਇਥੇ ਆਉਣ ਲਈ 15 ਹਜ਼ਾਰ ਪੌਂਡ ਅਦਾ ਕੀਤੇ ਸਨ ਪਰ ਉਨ੍ਹਾਂ ਨੇ ਉਸ ਦਾ ਪਾਸਪੋਰਟ ਖੋਹ ਲਿਆ ਤੇ ਅੱਗੇ ਵੇਚ ਦਿੱਤਾ। ਹੁਣ ਉਹ ਕਿਤੇ ਵੀ ਨਹੀਂ ਜਾ ਸਕਦਾ। ਉਹ ਇਥੇ ਹੀ ਫਸ ਗਿਆ ਹੈ।

ਹਰਭਜਨ ਸਿੰਘ ਪੰਜ ਸਾਲ ਪਹਿਲਾਂ ਇਥੇ ਆਇਆ ਸੀ ਪਰ ਉਹ ਖੁਸ਼ਕਿਸਮਤ ਵੀ ਹੈ ਕਿਉਂਕਿ ਉਸ ਨੂੰ ਇਥੇ ਰਿਹਾਇਸ਼ ਦਾ ਕਿਰਾਇਆ ਮਹਿਜ਼ 151 ਪੌਂਡ (11 ਹਜ਼ਾਰ ਰੁਪਏ) ਹੀ ਅਦਾ ਕਰਨਾ ਪੈਂਦਾ ਹੈ। ਇਕ ਹੋਰ ਪੰਜਾਬੀ ਮੇਜਰ ਸੰਗਾਰਾ ਨਾਮੀ ਵਿਅਕਤੀ ਨਾਲ ਆਪਣੀ ਸਾਂਝੀ ਰਿਹਾਇਸ਼ ਲਈ 433 ਪੌਂਡ (33700 ਰੁਪਏ) ਅਦਾ ਕਰ ਰਿਹਾ ਹੈ ਜਦੋਂਕਿ ਇਸ ਮਕਾਨ ਦੀਆਂ ਖਿੜਕੀਆਂ ਵਿਚ ਮੋਰੀਆਂ ਹਨ, ਤਾਰਾਂ ਖੁੱਲ੍ਹੀਆਂ ਹਨ ਤੇ ਬਾਥਰੂਮ ਦੀ ਹਾਲਤ ਬੜੀ ਮਾੜੀ ਹੈ। ਉਸ ਦਾ ਕਹਿਣਾ ਹੈ ਕਿ ਭਾਰਤ ਵਿਚ ਉਸ ਦਾ ਬੜਾ ਵੱਡਾ ਘਰ ਹੈ। ਉਸ ਨੇ ਕਿਹਾ, "ਮੈਂ ਸੋਚਿਆ ਸੀ ਕਿ ਮੈਂ ਲੰਡਨ ਜਾ ਕੇ ਕੰਮ ਕਰਾਂਗਾ। ਮੈਂ ਦੇਖਿਆ ਹੈ ਕਿ ਇਥੋਂ ਵਾਪਸ ਭਾਰਤ ਆਪਣੇ ਪਿੰਡਾਂ ਵਿਚ ਜਾਣ ਵਾਲੇ ਲੋਕ ਅਕਸਰ ਅਜਿਹਾ ਦਿਖਾਵਾ ਕਰਦੇ ਹਨ ਕਿ ਉਹ ਬਹੁਤ ਅਮੀਰ ਹਨ ਪਰ ਮੈਨੂੰ ਤਾਂ ਇਥੇ ਰੋਟੀ ਤਕ ਲਈ ਜੂਝਣਾ ਪੈਂਦਾ ਹੈ ਤੇ ਕਈ ਵਾਰ ਤਾਂ ਭੁੱਖੇ ਮਰਦੇ ਨੂੰ ਗੁਰਦੁਆਰੇ ਵਿਚ ਲੰਗਰ ਛਕਣਾ ਪੈਂਦਾ ਹੈ।''

ਸਾਊਥਾਲ ਇਲਾਕਾ ਈਲਿੰਗ ਕੌਂਸਲ ਦੇ ਦਾਇਰਾ ਅਖ਼ਤਿਆਰ ਵਿਚ ਆਉਂਦਾ ਹੈ। ਕੌਂਸਲ ਦਾ ਕਹਿਣਾ ਹੈ ਕਿ ਲੰਡਨ ਵਿਚ ਰਿਹਾਇਸ਼ੀ ਥਾਵਾਂ ਦੀ ਘਾਟ, ਕਿਰਾਇਆਂ ਵਿਚ ਅਚਾਨਕ ਭਾਰੀ ਵਾਧੇ ਤੇ ਕੌਂਸਲ ਦੇ ਬਜਟ ਵਿਚ ਕਮੀ ਵਰਗੀਆਂ ਸਮੱਸਿਆਵਾਂ ਨੇ ਮਿਲ ਕੇ ਰਿਹਾਇਸ਼ੀ ਥਾਵਾਂ ਬਾਰੇ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। ਕੌਂਸਲ ਵੱਲੋਂ ਇਸ ਬਾਰੇ 399 ਸ਼ੱਕੀ ਇਮਾਰਤਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਗਿੱਲ ਇੰਸ਼ੋਰੈਂਸ ਦੇ ਮਾਲਕਾਂ ਹੈਰੀ ਗਿੱਲ ਅਤੇ ਅਵਤਾਰ ਗਿੱਲ ਵਲੋਂ

## ਦੇਸ਼-ਵਿਦੇਸ਼ ਵਿਚ ਵੱਸਦੇ ਸਮੂਹ ਪੰਜਾਬੀ ਭਾਈਚਾਰੇ ਨੂੰ

# ਜਗਤ ਜਲੰਦੇ ਦੇ ਰਾਖੇ ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਬਹੁਤ ਬਹੁਤ ਵਧਾਈ



ਹੈਰੀ ਗਿੱਲ



ਅਵਤਾਰ ਗਿੱਲ

**ਹੁਣ ਪੂਰੇ ਅਮਰੀਕਾ ਵਿਚ ਇੰਸ਼ੋਰੈਂਸ ਕਰਨ ਲਈ ਲਾਈਸੈਂਸਸ਼ੁਦਾ**

ਅਸੀਂ ਮੁਕਾਬਲੇ ਦੀ ਇੰਸ਼ੋਰੈਂਸ ਦੇ ਕਿਸੇ ਵੀ ਰੇਟ ਨੂੰ ਮਾਤ ਪਾਵਾਂਗੇ

**ਹਰ ਤਰ੍ਹਾਂ ਦੀ ਕਮਰਸ਼ੀਅਲ ਇੰਸ਼ੋਰੈਂਸ-ਗੈਸ ਸਟੇਸ਼ਨ, ਹੋਟਲ-ਮੋਟਲ, ਲਿਕਰ ਸਟੋਰ, ਰੈਸਟੋਰੈਂਟ ਅਤੇ ਵਰਕਮੈਨ ਕੌਂਪ।**

**We will meet or beat any competetors quote**

**For All Your Insurance Needs Please Call**

# Gill Insurance & Properties

**2452 W Tahoe, PO Box 67 Caruthers, CA 93609**
**Ph: 559-864-8800 or 1-800-348-Crop (2767)Cell: 559-352-9222**
**Fax: 559-864-8688**

# ਭਾਰਤ ਬਣਿਆ ਪਾਕਿ ਦਾ ਤਰਜੀਹੀ ਵਪਾਰਕ ਭਾਈਵਾਲ




**ਇਸਲਾਮਾਬਾਦ:** ਪਾਕਿਸਤਾਨ ਨੇ ਕਈ ਸਾਲ ਲਟਕਾਉਣ ਤੋਂ ਬਾਅਦ ਆਖ਼ਰ ਭਾਰਤ ਨੂੰ ਸਭ ਤੋਂ ਵੱਧ ਤਰਜੀਹੀ ਮੁਲਕ (ਐਮ.ਐਫ.ਐਨ.) ਦਾ ਦਰਜਾ ਦੇ ਦਿੱਤਾ। ਇਸ ਅਹਿਮ ਕਦਮ ਨਾਲ ਦੋਵੇਂ ਮੁਲਕਾਂ ਦੇ ਦੁਵੱਲੇ ਸਬੰਧ ਵੀ ਮਜ਼ਬੂਤ ਹੋਣਗੇ ਤੇ ਦੋਵਾਂ ਮੁਲਕਾਂ ਦਾ ਆਪਸੀ ਵਪਾਰ ਵੀ ਵਧੇਗਾ ਜਿਹੜਾ ਇਸ ਵੇਲੇ 2.6 ਅਰਬ ਡਾਲਰ ’ਤੇ ਖੜ੍ਹਾ ਹੈ। ਭਾਰਤ ਨੇ ਪਾਕਿਸਤਾਨ ਨੂੰ 1996 ਵਿਚ ਹੀ ਐਮ.ਐਫ.ਐਨ. ਦਾ ਦਰਜਾ ਦੇ ਦਿੱਤਾ ਸੀ ਪਰ ਉਥੇ ਵੱਖ-ਵੱਖ ਧਿਰਾਂ ਦੇ ਜ਼ੋਰਦਾਰ ਵਿਰੋਧ ਤੇ ਕਸ਼ਮੀਰ ਮਸਲੇ ਕਾਰਨ ਭਾਰਤ ਸਬੰਧੀ ਮਾਮਲਾ ਅੜਿਆ ਹੋਇਆ ਸੀ।

ਪਾਕਿਸਤਾਨ ਦੀ ਸੂਚਨਾ ਮੰਤਰੀ ਫਿਰਦੌਸ ਆਸ਼ਿਕ ਅਵਾਨ ਨੇ ਐਲਾਨ ਕੀਤਾ ਕਿ ਲੰਬੇ ਵਿਚਾਰ-ਵਟਾਂਦਰੇ ਤੇ ਵਣਜ ਸਕੱਤਰ ਵੱਲੋਂ ਦਿੱਤੇ ਵੇਰਵਿਆਂ ਤੋਂ ਬਾਅਦ ਕੈਬਨਿਟ ਨੇ ਸਰਬਸੰਮਤੀ ਨਾਲ ਭਾਰਤ ਨੂੰ ਸਭ ਤੋਂ ਵੱਧ ਤਰਜੀਹੀ ਮੁਲਕ ਦਾ ਦਰਜਾ ਦੇਣ ਦੀ ਵਣਜ ਮੰਤਰਾਲੇ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਐਮ.ਐਫ.ਐਨ. ਦਾ ਦਰਜਾ ਦੇਣ ਤੋਂ ਬਾਅਦ ਹੁਣ ਪਾਕਿਸਤਾਨ ਵੱਲੋਂ ਭਾਰਤ ਨੂੰ ਆਪਣੇ ਹੋਰ ਮੁੱਖ ਭਾਈਵਾਲਾਂ ਦੇ ਬਰਾਬਰ ਰੱਖਿਆ ਜਾਵੇਗਾ ਤੇ ਇਸ ਨਾਲ ਯਕੀਨਨ ਦੁਵੱਲੇ ਵਪਾਰਕ ਸਬੰਧ ਮਜ਼ਬੂਤ ਹੋਣਗੇ। ਬੀਬੀ ਅਵਾਨ ਨੇ ਦੱਸਿਆ ਕਿ ਇਹ ਫੈਸਲਾ ਪਾਕਿਸਤਾਨ ਦੀਆਂ ਸਾਰੀਆਂ ਮੁੱਖ ਧਿਰਾਂ ਸਮੇਤ ਫੌਜ ਦੀ 'ਸਹਿਮਤੀ’ ਨਾਲ ਲਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਕੀਤੀ ਜਿਸ ਦੌਰਾਨ ਕਈ ਵਜ਼ੀਰਾਂ ਨੇ ਇਸ ਫੈਸਲੇ ਬਾਰੇ ਆਪਣੇ ਖ਼ਦਸ਼ੇ ਜ਼ਾਹਰ ਕੀਤੇ ਜਿਨ੍ਹਾਂ ਵਿਚ ਕਸ਼ਮੀਰ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਉਤੇ ਡੂੰਘੀ ਵਿਚਾਰ ਕੀਤੀ ਗਈ। ਉਨ੍ਹਾਂ ਨਾਲ ਹੀ ਕਿਹਾ, "ਇਸ ਫੈਸਲੇ ਦਾ ਆਰਥਿਕ ਲਾਭ ਹੋਵੇਗਾ ਤੇ ਇਹ ਕੌਮੀ ਹਿੱਤ ਵਿਚ ਹੈ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੂੰ ਐਮ.ਐਫ.ਐਨ. ਦਰਜਾ ਦੇਣ ਨਾਲ ਪਾਕਿਸਤਾਨ ਦੇ ਕਸ਼ਮੀਰ ਸਬੰਧੀ ਸਟੈਂਡ ਉੱਤੇ ਕੋਈ ਮਾੜਾ ਅਸਰ ਨਹੀਂ ਪਵੇਗਾ। ਇਸੇ ਦੌਰਾਨ ਪਾਕਿਸਤਾਨ ਦੇ ਵਣਜ ਸਕੱਤਰ ਮਹਿਮੂਦ ਨੇ ਦੱਸਿਆ ਕਿ ਦੋਵੇਂ ਮੁਲਕਾਂ ਦਰਮਿਆਨ 1948 ਤੋਂ 1965 ਤਕ ਵਪਾਰ ਬੇਰੋਕ ਜਾਰੀ ਰਿਹਾ ਤੇ ਇਸ ਬਾਰੇ 12 ਦੁਵੱਲੇ ਸਮਝੌਤੇ ਕੀਤੇ ਗਏ ਪਰ 1965 ਦੀ ਜੰਗ ਤੋਂ ਬਾਅਦ ਸਾਰੇ ਸਮਝੌਤੇ ਮੁਅੱਤਲ ਕਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਗੈਟ ਤੋਂ ਬਾਅਦ ਸੰਸਾਰ ਵਪਾਰ ਸੰਸਥਾ ਹੋਂਦ ਵਿਚ ਆ ਜਾਣ ਉੱਤੇ ਭਾਰਤ ਨੇ ਪਾਕਿਸਤਾਨ ਨੂੰ ਐਮ.ਐਫ.ਐਨ. ਦਾ ਰੁਤਬਾ ਦੇ ਦਿੱਤਾ ਸੀ।

ਭਾਰਤ ਦੇ ਉਦਯੋਗ ਤੇ ਵਪਾਰ ਮੰਤਰੀ ਆਨੰਦ ਸ਼ਰਮਾ ਨੇ ਕਿਹਾ ਹੈ ਕਿ ਪਾਕਿਸਤਾਨ ਵੱਲੋਂ ਭਾਰਤ ਨੂੰ 'ਸਭ ਤੋਂ ਜ਼ਿਆਦਾ ਤਰਜੀਹੀ ਦੇਸ਼’ ਦਾ ਦਰਜਾ ਦੇਣ ਨਾਲ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਨੂੰ ਮਜ਼ਬੂਤੀ ਮਿਲੇਗੀ। ਸ੍ਰੀ ਸ਼ਰਮਾ ਨੇ ਕਿਹਾ ਕਿ ਪਾਕਿਸਤਾਨ ਦੇ ਇਸ ਫੈਸਲੇ ਦੀ ਭਾਰਤ ਵੱਲੋਂ ਬੇਹੱਦ ਪ੍ਰਸੰਸਾ ਕੀਤੀ ਜਾਂਦੀ ਹੈ। ਦੂਜੇ ਪਾਸੇ ਪਾਕਿਸਤਾਨ ਦੇ ਇਸ ਫੈਸਲੇ ਤੋਂ ਭਾਰਤੀ ਉਦਯੋਗਪਤੀ ਵੀ ਬਾਗੋਬਾਗ ਹਨ।

# ਪੰਜਾਬ ਦੀਆਂ ਸਨਅਤਾਂ ਨੂੰ ਮਿਲੇਗਾ ਹੁਲਾਰਾ; ਵਪਾਰੀ ਬਾਗੋਬਾਗ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ ਵੱਲੋਂ ਭਾਰਤ ਨੂੰ 'ਸਭ ਤੋਂ ਜ਼ਿਆਦਾ ਤਰਜੀਹੀ ਦੇਸ਼’ (ਮੋਸਟ ਫੇਵਰਡ ਨੇਸ਼ਨ) ਦਾ ਦਰਜਾ ਦੇਣ ਕਾਰਨ ਦੇਸ਼ ਤੇ ਪੰਜਾਬ ਦੇ ਵਪਾਰੀਆਂ ਨੂੰ ਵੱਡਾ ਲਾਭ ਹੋਵੇਗਾ। ਇਸ ਵੇਲੇ ਭਾਰਤ ਤੇ ਪਾਕਿਸਤਾਨ ਵਿਚਾਲੇ ਮੁੰਬਈ-ਕਰਾਚੀ ਬੰਦਰਗਾਹ, ਅਟਾਰੀ-ਵਾਹਗਾ ਸਰਹੱਦ ਸੜਕ ਰਸਤੇ ਤੇ ਹਵਾਈ ਮਾਰਗ ਰਾਹੀਂ ਦੁਵੱਲਾ ਵਪਾਰ ਹੋ ਰਿਹਾ ਹੈ। ਇਹ ਸਾਲਾਨਾ ਵਪਾਰ ਤਕਰੀਬਨ 2.6 ਅਰਬ ਅਮਰੀਕੀ ਡਾਲਰ ਦਾ ਹੈ। ਇਹ ਵਪਾਰ ਦੋਵਾਂ ਦੇਸ਼ਾਂ ਵਿਚਾਲੇ ਕੁਝ ਸਿੱਧੇ ਤੇ ਕੁਝ ਅਸਿੱਧੇ ਢੰਗ ਨਾਲ ਦੁਬਈ ਰਸਤੇ ਵੀ ਹੋ ਰਿਹਾ ਹੈ।

ਇਸ ਵੇਲੇ ਸੜਕ ਰਸਤੇ ਕੁਝ ਚੋਣਵੀਂਆਂ ਵਸਤਾਂ ਦਾ ਹੀ ਦੁਵੱਲਾ ਵਪਾਰ ਹੋ ਰਿਹਾ ਹੈ। ਹੁਣ ਜਦੋਂ ਵਧੇਰੇ ਤਰਜੀਹੀ ਦੇਸ਼ ਦਾ ਦਰਜਾ ਮਿਲ ਗਿਆ ਹੈ ਤਾਂ ਇਹ ਵਸਤਾਂ ਦੀ ਸੂਚੀ ਦਾ ਘੇਰਾ ਵਿਸ਼ਾਲ ਹੋ ਜਾਵੇਗਾ।

ਸੀ.ਆਈ.ਆਈ. (ਕਨਫਡਰੇਸ਼ਨ ਆਫ ਇੰਡੀਅਨ ਇੰਡਸਟਰੀਜ਼) ਦੇ ਆਗੂ ਗੁਣਬੀਰ ਸਿੰਘ ਦਾ ਕਹਿਣਾ ਹੈ ਕਿ ਭਾਰਤ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਪਾਕਿਸਤਾਨ, ਭਾਰਤ ਨੂੰ ਵਧੇਰੇ ਤਰਜੀਹੀ ਦੇਸ਼ ਦਾ ਦਰਜਾ ਦੇਵੇ ਪਰ ਪਾਕਿਸਤਾਨ ਵੱਲੋਂ ਆਪਣੀ ਸਨਅਤ ਨੂੰ ਖ਼ਤਰਾ ਦੱਸਦਿਆਂ ਭਾਰਤ ਨੂੰ ਇਹ ਦਰਜਾ ਨਹੀਂ ਦਿੱਤਾ ਜਾ ਰਿਹਾ ਸੀ ਜਿਸਦੇ ਸਿੱਟੇ ਵਜੋਂ ਦੋਵਾਂ ਦੇਸ਼ਾਂ ਵਿਚਾਲੇ ਸੀਮਤ ਵਸਤਾਂ ਦਾ ਹੀ ਵਪਾਰ ਹੋ ਰਿਹਾ ਸੀ।

ਪਾਕਿਸਤਾਨ ਵਿਚ ਇਸ ਵੇਲੇ 70 ਫੀਸਦੀ ਵਸਤਾਂ ਦੂਜੇ ਦੇਸ਼ਾਂ ਤੋਂ ਮੰਗਵਾਈਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਕੁਝ ਵਸਤਾਂ ਭਾਰਤ ਤੋਂ ਇਲਾਵਾ ਚੀਨ, ਅਮਰੀਕਾ ਤੇ ਹੋਰ ਮੁਲਕਾਂ ਤੋਂ ਮੰਗਵਾਈਆਂ ਜਾਂਦੀਆਂ ਹਨ। ਇਸ ਵੇਲੇ ਦੋਵਾਂ ਦੇਸ਼ਾਂ ਵਿਚਾਲੇ ਸਿੱਧੇ ਢੰਗ ਨਾਲ ਦੋ ਅਰਬ ਡਾਲਰ ਦਾ ਵਪਾਰ ਹੋ ਰਿਹਾ ਹੈ ਜਦੋਂਕਿ ਅਸਿੱਧੇ ਢੰਗ ਨਾਲ 2.5 ਅਰਬ ਡਾਲਰ ਦਾ ਵਪਾਰ ਹੋ ਰਿਹਾ ਹੈ। ਐਮ.ਐਫ.ਐਨ ਦਾ ਦਰਜਾ ਮਿਲਣ ਨਾਲ ਅਸਿੱਧੇ ਢੰਗ ਨਾਲ ਹੋ ਰਿਹਾ ਵਪਾਰ ਬੰਦ ਹੋ ਜਾਵੇਗਾ ਤੇ ਇਹ ਵਪਾਰ ਸਿੱਧੇ ਤੌਰ 'ਤੇ ਹੋਵੇਗਾ ਜਿਸ ਦਾ ਦੋਵਾਂ ਦੇਸ਼ਾਂ ਨੂੰ ਲਾਭ ਹੋਵੇਗਾ। ਇਸ ਤੋਂ ਇਲਾਵਾ ਵਪਾਰ ਦੀ ਇਹ ਦਰ ਵਧ ਕੇ ਦੋ ਗੁਣਾ ਹੋ ਜਾਵੇਗੀ। ਇਸ ਵੇਲੇ 1800 ਵਸਤਾਂ ਦੀ ਸੂਚੀ ਹੈ ਜਿਸ ਵਿਚੋਂ ਸਿਰਫ ਤਿੰਨ-ਚਾਰ ਸੌ ਵਸਤਾਂ ਦਾ ਹੀ ਵਪਾਰ ਹੋ ਰਿਹਾ ਹੈ। ਇਹ ਦਰਜਾ ਮਿਲਣ ਤੋਂ ਬਾਅਦ ਪਾਕਿਸਤਾਨ ਵੱਲੋਂ ਨੈਗਟਿਵ ਸੂਚੀ ਜਾਰੀ ਕੀਤੀ ਜਾਵੇਗੀ ਜਿਨ੍ਹਾਂ ਨੂੰ ਛੱਡ ਕੇ ਬਾਕੀ ਸਾਰੀਆਂ ਵਸਤਾਂ ਦਾ ਦੁਵੱਲਾ ਵਪਾਰ ਅਰੰਭ ਹੋ ਜਾਵੇਗਾ। ਪੰਜਾਬ ਵਿਚੋਂ ਕਣਕ, ਸਬਜ਼ੀਆਂ, ਮਸਾਲੇ, ਦਵਾਈਆਂ, ਕੈਮੀਕਲ, ਆਟੋ ਮੋਬਾਇਲ, ਇੰਜੀਨੀਅਰਿੰਗ ਵਸਤਾਂ ਤੇ ਹੋਰ ਸਾਮਾਨ ਸਿੱਧਾ ਸੜਕ ਤੇ ਰੇਲ ਰਸਤੇ ਲਾਹੌਰ ਜਾ ਸਕੇਗਾ। ਪਾਕਿਸਤਾਨੀ ਵਪਾਰੀਆਂ ਨੂੰ ਹੋਰ ਮੁਲਕਾਂ ਦੀ ਥਾਂ ਭਾਰਤ ਤੋਂ ਇਹ ਸਾਮਾਨ ਸੜਕ ਤੇ ਰੇਲ ਰਸਤੇ ਵਧੇਰੇ ਸਸਤਾ ਮਿਲੇਗਾ ਜਿਸ ਨਾਲ ਉਨ੍ਹਾਂ ਨੂੰ ਵੀ ਲਾਭ ਹੋਵੇਗਾ।

ਇੰਡੋ-ਪਾਕਿ ਐਕਸਪੋਰਟਰ ਐਸੋਸੀਏਸ਼ਨ ਦੇ ਪ੍ਰਧਾਨ ਓਮ ਪ੍ਰਕਾਸ਼ ਅਰੋੜਾ ਨੇ ਕਿਹਾ ਕਿ ਇਹ ਦਰਜਾ ਮਿਲਣ ਉਪਰੰਤ ਜੋ ਵਸਤਾਂ ਪਾਕਿਸਤਾਨ ਭੇਜਣ ’ਤੇ ਰੋਕ ਸੀ, ਉਹ ਖ਼ਤਮ ਹੋ ਜਾਵੇਗੀ ਤੇ ਡਿਊਟੀ ਟੈਕਸ ਵੀ ਘਟ ਜਾਣਗੇ। ਇਸ ਨਾਲ ਭਾਰਤੀ ਵਪਾਰੀਆਂ ਨੂੰ ਵੱਡਾ ਲਾਭ ਹੋਵੇਗਾ। ਉਨ੍ਹਾ ਕਿਹਾ ਕਿ ਇਸ ਵੇਲੇ ਸਬਜ਼ੀਆਂ, ਮਸਾਲੇ, ਇੰਜੀਨੀਅਰਿੰਗ ਵਸਤਾਂ, ਦਵਾਈਆਂ, ਕੈਮੀਕਲ ਹੋਰ ਕਈ ਵਸਤਾਂ ਪਾਕਿਸਤਾਨ ਭੇਜੀਆਂ ਜਾ ਰਹੀਆਂ ਹਨ ਜਦੋਂਕਿ ਉਧਰੋਂ ਜਿਪਸਮ, ਖੰਡ, ਸੀਮੇਂਟ, ਸੁੱਕਾ ਮੇਵਾ ਆ ਰਿਹਾ ਹੈ।

## ਜਨੇਵਾ ਦੇ ਬੈਂਕ ’ਚ ਭਾਰਤੀਆਂ ਦੇ 700 ਖਾਤੇ

**ਨਵੀਂ ਦਿੱਲੀ:** ਵਿਦੇਸ਼ ਤੋਂ ਮਿਲੀ ਜਾਣਕਾਰੀ ਦੇ ਆਧਾਰ ’ਤੇ ਆਮਦਨ ਕਰ ਵਿਭਾਗ ਨੇ ਕਾਲੇ ਧਨ ਦੇ ਧੰਦੇ ’ਚ ਸ਼ਾਮਲ ਵਿਅਕਤੀਆਂ ਨੂੰ ਨੋਟਿਸ ਭੇਜਣੇ ਸ਼ੁਰੂ ਕਰ ਦਿੱਤੇ ਹਨ ਜਦਕਿ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਅਦਾਲਤੀ ਕਾਰਵਾਈ ਸ਼ੁਰੂ ਹੋਣ ’ਤੇ ਇਨ੍ਹਾਂ ਵਿਅਕਤੀਆਂ ਦੇ ਨਾਂ ਨਸ਼ਰ ਕੀਤੇ ਜਾਣਗੇ।


ਸਵਿਸ ਬੈਂਕ ਖਾਤਿਆਂ ਬਾਰੇ ਵਿਦੇਸ਼ਾਂ ਤੋਂ ਮਿਲੇ ਗੁਪਤ ਬੈਂਕ ਅੰਕੜਿਆਂ ਦੀ ਪੜਚੋਲ ਤੋਂ ਬਾਅਦ ਡਾਇਰੈਕਟਰ ਆਫ ਕ੍ਰਿਮੀਨਲ ਇਨਵੈਸਟੀਗੇਸ਼ਨ (ਡੀ.ਸੀ.ਆਈ.) ਵੱਲੋਂ ਦੇਸ਼ ਭਰ ’ਚ ਵੱਖ-ਵੱਖ ਵਿਅਕਤੀਆਂ ਤੇ ਇਕਾਈਆਂ ਨੂੰ ਨੋਟਿਸ ਭੇਜੇ ਗਏ ਹਨ। ਸ੍ਰੀ ਮੁਖਰਜੀ ਨੇ ਦੱਸਿਆ ਸੀ ਕਿ ਸਰਕਾਰ ਨੂੰ ਭਾਰਤੀ ਨਾਗਰਿਕਾਂ ਦੇ ਵਿਦੇਸ਼ੀ ਬੈਂਕ ਖਾਤਿਆਂ ਬਾਰੇ ਫਰਾਂਸ ਤੋਂ ਜਾਣਕਾਰੀ ਮਿਲੀ ਹੈ। 69 ਕੇਸਾਂ ਵਿਚ ਕਰਦਾਤਿਆਂ ਨੇ 397.17 ਕਰੋੜ ਰੁਪਏ ਦੀ ਬੇਹਿਸਾਬੀ ਕਮਾਈ ਦੀ ਗੱਲ ਮੰਨੀ ਸੀ। 30.07 ਕਰੋੜ ਰੁਪਏ ਦੇ ਟੈਕਸ ਪਹਿਲਾਂ ਹੀ ਅਦਾ ਕੀਤੇ ਜਾ ਚੁੱਕੇ ਹਨ।


ਵਿੱਤ ਮੰਤਰਾਲੇ ਅਨੁਸਾਰ ਸਰਕਾਰ ਨੂੰ ਹੁਣ ਤੱਕ ਭਾਰਤੀ ਨਾਗਰਿਕਾਂ ਦੇ ਸ਼ੱਕੀ ਲੈਣ-ਦੇਣ ਬਾਰੇ ਬਹੁਤ ਸਾਰੇ ਦੇਸ਼ਾਂ ਤੋਂ 9900 ਸੂਚਨਾਵਾਂ ਹਾਸਲ ਹੋਈਆਂ ਹਨ। ਇਸ ਵੇਲੇ ਇਨ੍ਹਾਂ ਦੀ ਛਾਂਟੀ ਤੇ ਜਾਂਚ ਦਾ ਕੰਮ ਚਲ ਰਿਹਾ ਹੈ। ਸੂਤਰਾਂ ਮੁਤਾਬਕ ਡੀ.ਸੀ.ਆਈ. ਵੱਲੋਂ ਅਗਲੇ ਕੁਝ ਮਹੀਨਿਆਂ ’ਚ ਬਹੁਤ ਸਾਰੇ ਕੇਸਾਂ ਵਿਚ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਦੌਰਾਨ ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਜ਼ (ਸੀ.ਬੀ.ਡੀ.ਟੀ.) ਨੇ ਕਿਹਾ ਕਿ ਕਾਲੇ ਧਨ ਦੇ ਕੇਸਾਂ ਦੀ ਜਾਂਚ ਬਾਰੇ ਸੰਸਦ ਮੈਂਬਰਾਂ ਨੂੰ ਕੋਈ ਸੰਮਨ ਜਾਰੀ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕੁਝ ਅਖਬਾਰਾਂ ’ਚ ਇਹ ਖ਼ਬਰਾਂ ਛਪੀਆਂ ਹਨ ਕਿ ਹਰਿਆਣਾ, ਉੱਤਰ ਪ੍ਰਦੇਸ਼ ਤੇ ਕੇਰਲਾ ਨਾਲ ਸਬੰਧਤ ਤਿੰਨ ਸੰਸਦ ਮੈਂਬਰਾਂ ਨੂੰ ਆਮਦਨ ਕਰ ਵਿਭਾਗ ਦੇ ਡੀ.ਸੀ.ਆਈ. ਦਫ਼ਤਰ ’ਚ ਪੇਸ਼ ਹੋ ਕੇ ਜਨੇਵਾ ’ਚ ਜਮ੍ਹਾਂ ਕਰਵਾਏ ਧਨ ਬਾਰੇ ਸਫਾਈ ਦੇਣ ਲਈ ਤਲਬ ਕੀਤਾ ਗਿਆ ਹੈ।

ਉਧਰ ਭਾਰਤੀ ਜਨਤਾ ਪਾਰਟੀ ਨੇ ਮੰਗ ਕੀਤੀ ਹੈ ਕਿ ਸਰਕਾਰ ਕਾਲੇ ਧਨ ਦੇ ਕਾਰੋਬਾਰ ਵਿਚ ਸ਼ਾਮਲ ਉਨ੍ਹਾਂ 700 ਭਾਰਤੀ ਨਾਗਰਿਕਾਂ ਦੇ ਨਾਂ ਨਸ਼ਰ ਕਰੇ ਜਿਨ੍ਹਾਂ ਬਾਰੇ ਉਸ ਨੂੰ ਫਰਾਂਸ ਤੋਂ ਜਾਣਕਾਰੀ ਮਿਲੀ ਹੈ।

# ਸੋਨੀਆ ਤੇ ਮਨਮੋਹਨ 20 ਸ਼ਕਤੀਸ਼ਾਲੀ ਸ਼ਖ਼ਸੀਅਤਾਂ ’ਚ ਸ਼ੁਮਾਰ

**ਵਾਸ਼ਿੰਗਟਨ:** ਸਾਲ 2011 ਦੀ ਦੁਨੀਆ ਦੀ 70 ਸਭ ਤੋਂ ਸ਼ਕਤੀਸ਼ਾਲੀ ਹਸਤੀਆਂ ਦੀ ਫੋਬਰਸ ਪਤ੍ਰਿਕਾ ਵੱਲੋਂ ਜਾਰੀ ਸੂਚੀ ’ਚ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਸਿਖਰ ’ਤੇ ਹਨ ਤੇ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਵੀ ਸ਼ੁਰੂਆਤੀ 20 ਹਸਤੀਆਂ ’ਚ ਜਗ੍ਹਾ ਬਣਾਈ ਹੈ।





ਪਤ੍ਰਿਕਾ ਦੀ ਇਸ ਸਾਲਾਨਾ ਸੂਚੀ ’ਚ ਓਬਾਮਾ ਨੇ ਚੀਨੀ ਰਾਸ਼ਟਰਪਤੀ ਹੂ ਜਿੰਤਾਓ ਨੂੰ ਪਹਿਲੇ ਸਥਾਨ ਤੋਂ ਹਟਾ ਕੇ ਸਿਖਰ ਦਾ ਸਥਾਨ ਹਾਸਲ ਕੀਤਾ। ਰੂਸੀ ਪ੍ਰਧਾਨ ਮੰਤਰੀ ਵਲਾਦੀ ਮੀਰ ਪੂਤਿਨ ਦੂਜੇ ਸਥਾਨ ’ਤੇ ਹਨ। ਚੌਂਹਠ ਸਾਲਾ ਸੋਨੀਆ ਗਾਂਧੀ ਸਬੰਧੀ ਪੱਤ੍ਰਿਕਾ ਨੇ ਲਿਖਿਆ ਹੈ ਕਿ ਉਹ ਭਾਰਤ ਦੀ ਸਭ ਤੋਂ ਸ਼ਕਤੀਸ਼ਾਲੀ ਰਾਜਨੇਤਾ ਹੈ ਜਿਨ੍ਹਾਂ ਨੇ ਦੋ ਵਾਰ ਪ੍ਰਧਾਨ ਦੇ ਅਹੁਦੇ ਨੂੰ ਠੁਕਰਾ ਕੇ ਮਨਮੋਹਨ ਸਿੰਘ ਨੂੰ ਇਹ ਸਥਾਨ ਦਿੱਤਾ। ਵੈਸੇ ਸੋਨੀਆ ਇਸ ਸਾਲ ਦੋ ਸਥਾਨ ਖਿਸਕ ਕੇ 11ਵੇਂ ਸਥਾਨ ’ਤੇ ਆ ਗਈ ਹੈ। ਪਿਛਲੇ ਸਾਲ ਉਹ ਨੌਵੇਂ ਸਥਾਨ ’ਤੇ ਸੀ।

ਸੂਚੀ ’ਚ ਉਹ ਸੱਤਵੀਂ ਸਭ ਤੋਂ ਸ਼ਕਤੀਸ਼ਾਲੀ ਔਰਤ ਹੈ। 79 ਸਾਲਾ ਮਨਮੋਹਨ ਸਿੰਘ ਵੀ ਇਕ ਸਥਾਨ ਖਿਸਕ ਕੇ 19ਵੇਂ ਸਥਾਨ ’ਤੇ ਆ ਗਏ ਹਨ। ਪਤ੍ਰਿਕਾ ’ਚ ਉਨ੍ਹਾਂ ਨੂੰ ਕੈਮਬ੍ਰਿਜ ਤੇ ਆਕਸਫੋਰਡ ਤੋਂ ਸਿੱਖਿਆ ਪ੍ਰਾਪਤ ਇਮਾਨਦਾਰ ਅਰਥਸ਼ਾਸਤਰੀ ਦੱਸਿਆ ਗਿਆ ਹੈ। ਭਾਰਤ ’ਚ ਆਰਥਿਕ ਸੁਧਾਰਾਂ ਦੇ ਪਿੱਛੇ ਉਨ੍ਹਾਂ ਦੇ ਹੀ ਯੋਗਦਾਨ ਦੀ ਗੱਲ ਕਹੀ ਗਈ ਹੈ। ਸੂਚੀ ’ਚ ਕੁਝ ਹੋਰ ਭਾਰਤੀ ਵੀ ਸ਼ਾਮਲ ਹਨ। ਰਿਲਾਇੰਸ ਇੰਡਸਟ੍ਰੀਜ਼ ਦੇ ਮੁਖੀ ਮੁਕੇਸ਼ ਅੰਬਾਨੀ 35ਵੇਂ ਸਥਾਨ ’ਤੇ ਹਨ। ਆਰਸੇਲਰ ਮਿੱਤਲ ਦੇ ਮੁਖੀ ਲਕਸ਼ਮੀ ਮਿੱਤਲ 47ਵੇਂ ਸਥਾਨ ’ਤੇ ਹਨ ਤੇ ਵਿਪਰੋ ਦੇ ਮੁਖੀ ਅਜੀਮ ਪ੍ਰੇਮਜੀ 61ਵੇਂ ਸਥਾਨ ’ਤੇ ਹਨ।

ਸੂਚੀ ’ਚ ਸ਼ਾਮਲ ਨਵੇਂ ਲੋਕਾਂ ’ਚ ਆਈ.ਐਮ.ਐਫ. ਦੀ ਪ੍ਰਬੰਧ ਨਿਰਦੇਸ਼ਕ ਕ੍ਰਿਸਟੀਨ ਲੇਗਾਰਡ, ਐਪਲ ਦੇ ਨਵੇਂ ਸੀ. ਈ. ਓ. ਟਿਮ ਕੁਕ (58ਵੇਂ), ਚੀਨੀ ਪ੍ਰਧਾਨ ਮੰਤਰੀ ਵੇਨ ਜਿਆਬਾਓ (14ਵੇਂ) ਸ਼ਾਮਲ ਹਨ। ਸੂਚੀ ਤੋਂ ਬਾਹਰ ਹੋਏ 10 ਲੋਕਾਂ 'ਚ ਓਪਰਾਹ ਵਿਨਫ੍ਰੇ, ਡੋਮਿਨਿਕ ਸਟ੍ਰਾਸ-ਕਾਨ, ਬਿਨ ਲਾਦੇਨ, ਦਿਵੰਗਤ ਸਟੀਵ ਜਾਬਸ ਤੇ ਜੂਲੀਅਨ ਅਸਾਂਜ ਸ਼ਾਮਲ ਹਨ।

# ਮੈਚ ਫਿਕਸਿੰਗ ਕੇਸ ’ਚ ਸਲਮਾਨ ਬੱਟ ਸਣੇ ਤਿੰਨ ਨੂੰ ਕੈਦ

**ਲੰਡਨ:** ਪਾਕਿਸਤਾਨ ਦੇ ਸਾਬਕਾ ਕਪਤਾਨ ਸਲਮਾਨ ਬੱਟ ਤੇ ਉਸ ਦੇ ਦੋ ਸਾਥੀ ਖਿਡਾਰੀਆਂ ਮੁਹੰਮਦ ਆਸਿਫ ਤੇ ਮੁਹੰਮਦ ਆਮਿਰ ਨੂੰ ਮੈਚ ਫਿਕਸਿੰਗ ਦੇ ਦੋਸ਼ ਵਿਚ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਾਊਥਵਰਕ ਕਰਾਊਨ ਕੋਰਟ ਨੇ ਸਲਮਾਨ ਬੱਟ ਨੂੰ ਢਾਈ ਸਾਲ, ਆਸਿਫ ਨੂੰ ਇਕ ਸਾਲ ਜਦੋਂਕਿ 19 ਸਾਲਾ ਆਮਿਰ ਨੂੰ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ।

ਇਸ ਤਰ੍ਹਾਂ ਖੇਡ ਵਿਚ ਭ੍ਰਿਸ਼ਟਾਚਾਰ ਦੇ ਲਈ ਸਜ਼ਾ ਪਾਉਣ ਵਾਲੇ ਇਹ ਪਹਿਲੇ ਕ੍ਰਿਕਟਰ ਵੀ ਬਣ ਗਏ ਹਨ। ਤਕਰੀਬਨ ਤਿੰਨ ਹਫਤੇ ਚੱਲੀ ਸੁਣਵਾਈ ਦੌਰਾਨ ਖਿਡਾਰੀਆਂ ਦੇ ਏਜੰਟ ਮਜਹਰ ਮਜ਼ੀਦ ਨੂੰ ਸਭ ਤੋਂ ਸਖ਼ਤ ਸਜ਼ਾ ਸੁਣਾਉਂਦਿਆਂ ਜੱਜ ਜੇਰੇਮੀ ਕੁੱਕ ਨੇ ਉਸ ਨੂੰ ਦੋ ਸਾਲ ਅੱਠ ਮਹੀਨੇ ਦੇ ਲਈ ਜੇਲ੍ਹ ਭੇਜਿਆ। ਜੱਜ ਕੁੱਕ ਨੇ ਅੱਜ ਸਜ਼ਾਯਾਫਤਾ ਚਾਰ ਅਪਰਾਧੀਆਂ ਨੂੰ ਕਿਹਾ ਕਿ ਮੁਆਫੀ ਦੀ ਅਪੀਲ ਦੇ ਬਾਵਜੂਦ ਇਹ ਦੋਸ਼ ਏਨੇ ਸੰਗੀਨ ਹਨ ਕਿ ਇਨ੍ਹਾਂ ਲਈ ਕੈਦ ਦੀ ਸਜ਼ਾ ਹੀ ਢੁਕਵੀਂ ਹੈ। ਆਪਣੇ ਸਾਥੀਆਂ ਨੂੰ ਭ੍ਰਿਸ਼ਟ ਕਰਨ ਵਾਲੇ ਬੱਟ ਨੂੰ ਇਸ ਸਮੁੱਚੇ ਮਾਮਲੇ ਲਈ ਸੂਤਰਧਾਰ ਠਹਿਰਾਇਆ ਗਿਆ




ਇਸ ਸਮੁੱਚੇ ਸਕੈਂਡਲ ਨੂੰ ਹੁਣ ਬੰਦ ਹੋ ਚੁੱਕੇ 'ਨਿਊਜ਼ ਆਫ ਦਿ ਵਰਲਡ’ ਨੇ ਸਟਿੰਗ ਅਪਰੇਸ਼ਨ ਰਾਹੀਂ ਕੱਢਿਆ ਸੀ। ਜੱਜ ਨੇ ਬੱਟ ਨੂੰ ਕਿਹਾ ਕਿ ਇਹ ਸਾਫ ਹੈ ਕਿ ਉਹ ਮਾਮਲੇ ਦਾ ਸੂਤਰਧਾਰ ਹੈ। ਉਸ ਨੇ ਇਹ ਨਿਸ਼ਚਿਤ ਕਰਨਾ ਸੀ ਕਿ ਦੋਵੇਂ ਗੇਂਦਬਾਜ਼ ਫਿਕਸ ਸਮੇਂ ਮੁਤਾਬਕ ਗੇਂਦਬਾਜ਼ੀ ਕਰਨ।

ਇਨ੍ਹਾਂ ਤਿੰਨਾਂ ਕ੍ਰਿਕਟਰਾਂ ਨੂੰ ਇਸ ਦੇ ਨਾਲ ਹੀ ਮਾਮਲੇ ਦੀ ਸੁਣਵਾਈ ਦੌਰਾਨ ਆਏ ਖਰਚ ਦਾ ਭੁਗਤਾਨ ਕਰਨ ਲਈ ਵੀ ਕਿਹਾ ਗਿਆ ਹੈ। ਬੱਟ ਨੂੰ 30937 ਪੌਂਡ ਜਦੋਂਕਿ ਆਸਿਫ ਤੇ ਆਮਿਰ ਨੂੰ ਕ੍ਰਮਵਾਰ 8120 ਤੇ 9389 ਪੌਂਡ ਅਦਾ ਕਰਨ ਲਈ ਕਿਹਾ ਗਿਆ ਹੈ।

ਇਹ ਤਿੰਨੇ ਕ੍ਰਿਕਟ ਖਿਡਾਰੀ ਜਦੋਂ ਅਦਾਲਤ ਵਿਚ ਪੁੱਜੇ ਤਾਂ ਪੱਤਰਕਾਰਾਂ ਤੇ ਹੋਰ ਦਰਸ਼ਕਾਂ ਵਿਚ ਅਦਾਲਤ ’ਚ ਜਗ੍ਹਾ ਹਾਸਲ ਕਰਨ ਲਈ ਕਾਫੀ ਖਿੱਚ-ਧੂਹ ਹੋਈ।

ਮੈਚ ਫਿਕਸਿੰਗ ਦਾ ਇਹ ਕਾਂਡ ਪਿਛਲੇ ਸਾਲ ਅਗਸਤ ਵਿਚ ਸ਼ੁਰੂ ਹੋਇਆ ਜਦੋਂ ਹੈਰਾਨੀਜਨਕ ਫੁਟੇਜ ਸਾਹਮਣੇ ਆਈ ਜਿਸ ’ਚ ਮਜ਼ੀਦ ਦਾਅਵਾ ਕਰ ਰਿਹਾ ਸੀ ਕਿ ਉਹ ਦਸ ਲੱਖ ਡਾਲਰ ਵਿਚ ਟੈਸਟ ਮੈਚ ਫਿਕਸ ਕਰ ਸਕਦਾ ਹੈ। ਉਸ ਨੇ ਦਾਅਵਾ ਕੀਤਾ ਸੀ ਕਿ ਬੱਟ, ਆਸਿਫ ਤੇ ਆਮਿਰ ਉਸ ਲਈ ਕੰਮ ਕਰਦੇ ਹਨ ਤੇ ਕਿਵੇਂ ਤਿੰਨਾਂ ਨੇ ਸਾਜ਼ਿਸ਼ ਤਹਿਤ ਇੰਗਲੈਂਡ ਵਿਰੁੱਧ ਮੈਚ ਵਿਚ ਨੋਬਾਲ ਸੁੱਟੀ।

# ਮਹਾਂਬਲੀ ਮਨੁੱਖ ਨੂੰ ਪਈਆਂ ਵੰਗਾਰਾਂ ਦੀ ਦਾਸਤਾਨ




ਪਹਿਲੀ ਗੱਲ

ਜਤਿੰਦਰ ਮੌਹਰ

ਫੋਨ: +91 97799 34747


*ਸੰਗਲਾਂ ਵਿਚ ਜਕੜਿਆ ਮਹਾਂਬਲੀ ਬੰਦਾ ਸੀਲ ਪਸ਼ੂ ਬਣਨ ਤੋਂ ਮੁਨਕਰ ਰਿਹਾ। ਵਰਿਆਮ ਸੰਧੂ ਦੀ ਕਹਾਣੀ 'ਮੈ ਹੁਣ ਠੀਕ ਠਾਕ ਹਾਂ' ਦਾ ਪਾਤਰ ਜੋਗਿੰਦਰ ਉਰਫ਼ ਜਿੰਦਾ ਜਾਫੀ ਚੇਤੇ ਆਉਂਦਾ ਹੈ। ਛੇ ਫੁੱਟ ਦਾ ਭਰਵਾਂ ਜੁੱਸਾ ਜਦੋਂ ਧਾਵੀ ਨੂੰ ਜੱਫ਼ਾ ਲਾਉਂਦਾ ਹੈ ਤਾਂ ਦੇਖਣ ਵਾਲੇ ਨੂੰ ਗੋਡੀ ਲਾ ਕੇ ਬਹਿਣ ਲਈ ਮਜਬੂਰ ਕਰ ਦਿੰਦਾ ਹੈ। ਇਲਾਕੇ ਵਿਚ ਮਨੁੱਖੀ ਸਮਰੱਥਾ ਦਾ ਮੁਜੱਸਮਾ ਮੰਨਿਆਂ ਜਾਂਦਾ ਹੈ। ਗਲ 'ਚ ਅਸਾਲਟ ਪਾ ਕੇ ਆਇਆ ਮਰੀਅਲ ਜਿਹਾ ਖਾੜਕੂ ਮੁੰਡਾ ਅਤੇ ਸੀ.ਆਰ.ਪੀ.ਐਫ. ਦਾ ਭੂਤਰਿਆ ਫ਼ੌਜੀ ਜੋਗਿੰਦਰ ਦੇ ਗਲਾਵੇਂ ਨੂੰ ਹੱਥ ਪਾ ਕੇ ਉਹਦੇ ਝੋਟੇ ਵਰਗੇ ਜ਼ੋਰ ਅਤੇ ਸਵੈਮਾਣ ਦਾ ਚੂਰਾ ਕਰ ਜਾਂਦੇ ਹਨ। ਪੁਲਿਸ ਦੀ ਕੁੱਟ ਦੇ ਝੰਬੇ ਬੇਕਸੂਰ ਗੱਭਰੂ ਅੰਦਰੋਂ ਚੀਕ ਬੁਲਬੁਲੀ ਉੱਠਦੀ ਹੈ, "ਸੂਰਮੇ ਨੂੰ ਸਾਨੂੰ ਕੀ ਹੋਇਆ...ਨਹੱਥੇ ਬੇਕਸੂਰਿਆਂ ਨੂੰ ਵਰਦੀਆਂ ਪਾ ਕੇ ਮਾਰਨਾ-ਕੁੱਟਣਾ ਬੜਾ ਸੌਖਾ...ਕਿਤੇ ਰੱਖਣ ਖਾਂ ਹਥਿਆਰ ਪਾਸੇ...ਤੇ 'ਕੱਲੇ ਨਾਲ 'ਕੱਲਾ ਆਉਣ...ਜੇ ਘੀਸੀਆਂ ਨਾ ਕਰਾ ਦੀਏ ਤਾਂ ਆਖੀਂ...ਤੇ ਜਾਂ ਫਿਰ ਸਾਨੂੰ ਵੀ ਹਥਿਆਰ ਫੜਾ ਦੇਣ...ਫਿਰ ਵੇਖੀਂ ਕਿਹੜੇ ਭਾਅ ਤੁਲਦੀ ਐ... !"*

ਮਹਾਂਬਲੀ ਮਨੁੱਖ ਅਮੀਬਾ ਦੀ ਤਰ੍ਹਾਂ ਫੈਲਣਾ ਚਾਹੁੰਦਾ ਹੈ। ਮਨੁੱਖੀ ਸਮਰੱਥਾ ਨੇ ਅਪਾਰ ਉਚਾਈਆਂ ਅਤੇ ਨਵੇਂ ਦਿਸਹੱਦੇ ਛੂਹਣੇ ਸਨ। ਸਮੁੱਚੇ ਆਲਮ ਨੂੰ ਕਲਾਵੇ 'ਚ ਲੈਣਾ ਸੀ। ਸਾਂਝੀਵਾਲਤਾ ਅਤੇ ਮਨੁੱਖੀ ਰੂਹ ਦੀ ਖ਼ੂਬਸੂਰਤੀ ਦੇ ਗੀਤ ਗਾਉਣੇ ਸਨ। ਖੇਤਾਂ 'ਚ ਹੁਲਾਰੇ ਲੈਂਦੀਆਂ ਫ਼ਸਲਾਂ ਅਤੇ ਪਗਡੰਡੀਆਂ 'ਤੇ ਵਰ੍ਹਦੇ ਮੀਹਾਂ ਨੇ ਮਨ ਦੇ ਖੇੜੇ ਨੂੰ ਅੰਬਰਾਂ ਤੱਕ ਪੁਚਾਉਣਾ ਸੀ। ਠੰਢੇ ਸੀਤ ਰੁੱਖਾਂ ਦੇ ਪੱਤਿਆਂ 'ਚੋਂ ਛਣ-ਛਣ ਆਉਂਦੀ ਕੋਸੀ ਧੁੱਪ ਨੇ ਬੰਦੇ ਨੂੰ ਕੁਦਰਤ ਦੇ ਰੂਹਾਨੀ ਪਾਸਾਰ ਸਮਝਾਉਣੇ ਸਨ। ਫ਼ਲਸਫ਼ੇ ਨੇ ਆਲਮ ਨੂੰ ਅਮਨ ਅਤੇ ਮੋਹ-ਮੁਹੱਬਤ ਦੀਆਂ ਰੀਤਾਂ ਸਿਖਾਉਣ ਦਾ ਜ਼ਿੰਮਾ ਓਟਣਾ ਸੀ। ਕਾਇਨਾਤ ਦੀਆਂ ਵਗਦੀਆਂ ਧਾਰਾਵਾਂ ਸਾਗਰਾਂ ਦਾ ਰੂਪ ਲੈਂਦੀਆਂ। ਦੋਵਾਂ ਦੀ ਹੋਂਦ ਬਰਾਬਰ ਮਿੱਥੀ ਜਾਣੀ ਸੀ। ਊਚ-ਨੀਚ ਦਾ ਭੇਤ ਪਾਤਾਲ 'ਚ ਗਰਕਿਆ ਜਾਂਦਾ। ਪਰ ਅਤੇ ਪਰਾਰ (ਪਿਛਲੇ ਅਤੇ ਉਸ ਤੋਂ ਪਿਛਲੇ ਵਰ੍ਹੇ ਲਈ ਵਰਤੇ ਜਾਂਦੇ ਸ਼ਬਦ) ਵਰਗੇ ਸ਼ਬਦਾਂ ਨੇ ਲੰਘੇ ਸਮਿਆਂ ਦੀ ਮਿੱਠੀ ਯਾਦ ਦਾ ਝਲਕਾਰਾ ਦੇਣਾ ਸੀ। ਮੱਝ ਦੇ ਸੂਏ ਤੋਂ ਲੈ ਕੇ ਸੋਨੇ ਰੰਗੀਆਂ ਕਣਕਾਂ ਦਾ ਬਿੰਬ ਅੱਖਾਂ ਸਾਹਵੇਂ ਉਸਰਨਾ ਸੀ। ਮਿੱਟੀ 'ਚ ਮਿੱਟੀ ਹੋਏ ਬੋਹੜ ਦੀਆਂ ਛਾਵਾਂ ਜਿਹੇ ਵਡਾਰੂਆਂ ਦੀਆਂ ਯਾਦਾਂ ਮਾਂ-ਬੋਲੀ ਦਾ ਪਹਿਲਾ ਅੱਖਰ ਲਿਖਦੇ ਜੁਆਕਾਂ ਨੂੰ ਬਾਤਾਂ ਦੇ ਰੂਪ 'ਚ ਸੁਣਾਈਆਂ ਜਾਂਦੀਆਂ। ਬਾਬਾਣੀਆਂ-ਕਹਾਣੀਆਂ ਸੁਣਾਉਂਦੇ ਬਾਪੂਆਂ ਤੇ ਮਾਵਾਂ ਨੇ ਪੀੜ੍ਹੀਆਂ ਵਿਚਕਾਰਲੀ ਲਹਿਰਦੀ ਕੜੀ ਬਣਨਾ ਸੀ। ਕਿਰਤ ਦੇ ਨਸ਼ੇ 'ਚ ਤਣੇ ਜੁੱਸਿਆਂ ਨੂੰ ਪਰਉਪਕਾਰ ਦੀ ਗੁੜਤੀ ਮਿਲਣੀ ਸੀ। ਹਥੇਲੀ 'ਤੇ ਪਏ ਅੱਟਣਾਂ ਨੇ ਕਿਰਤ ਦੀ ਮਹਾਨਤਾ ਦਾ ਜਸ਼ਨ ਮਨਾਉਣਾ ਸੀ। ਦਾਬਿਆਂ ਤੋਂ ਮੁਕਤ ਲੋਕਾਈ ਨੇ ਧਰਤੀ ਦੇ ਜੀਅ ਹੋਣ ਦੇ ਮਾਣਮੱਤੇ ਅਹਿਸਾਸ ਤੋਂ ਵਾਰੇ ਵਾਰੇ ਜਾਣਾ ਸੀ। ਅੰਬਰਾਂ ਅਤੇ ਸਾਗਰਾਂ ਤੋਂ ਪਾਰ, ਮਨੁੱਖੀ-ਆਪੇ ਨੇ ਵਿਸ਼ਾਲਤਾ ਦੇ ਨਵੇਂ ਅਰਥ ਸਿਰਜਣੇ ਸਨ। ਮਨੁੱਖ ਨੇ ਸੱਚਮੁੱਚ ਦਾ ਮਨੁੱਖ ਹੋਣਾ ਸੀ। ਉੜਦੇ ਪਖੇਰੂਆਂ ਦੇ ਪਰਛਾਵੇਂ ਮਿਣਦਾ ਅਤੇ ਉਨ੍ਹਾਂ ਦੀ ਮਾਸੂਮ ਤੱਕਣੀ ਨਾਲ ਆਪਣੀ ਹਸਤੀ ਨੂੰ ਮੇਲਣਾ ਸੀ। ਥੱਕ-ਟੁੱਟ ਕੇ ਧਰਤੀ ਮਾਂ ਦੀ ਛਾਤੀ 'ਤੇ ਲਿਟਿਆਂ ਮੁਕਤੀ ਜਿਹਾ ਅਹਿਸਾਸ ਹੋਣਾ ਸੀ। ਪੁਰੇ ਦੀ ਹਵਾ ਦੇ ਉਡੀਕਵਾਨ ਪੇਂਡੂਆਂ ਨੇ ਕਾਲੀਆਂ ਘਟਾਵਾਂ 'ਚ ਉਡਦੇ ਬਗਲਿਆਂ ਨੂੰ ਸੁਪਨਿਆਂ ਵਿੱਚ ਤੱਕਣਾ ਸੀ।

ਸਾਡਾ ਆਲਮ ਇੰਨਾ ਹੁਸੀਨ ਹੋਣਾ ਸੀ ਪਰ ਅਜਿਹਾ ਨਾ ਹੋ ਸਕਿਆ। ਮਾਸਖ਼ੋਰੇ ਜਬ੍ਹਾੜਿਆਂ ਨੂੰ ਬੰਦੇ ਦੇ ਮਾਸ ਦਾ ਸਵਾਦ ਪੈ ਗਿਆ। ਜਿਗਰ ਦੇ ਚੱਕ ਭਰਨ ਦੀਆਂ ਨਵੀਆਂ ਤਰਕੀਬਾਂ ਨੂੰ 'ਸੱਭਿਅਤਾ ਦੀ ਤਰੱਕੀ' ਦਾ ਨਾਮ ਦਿੱਤਾ ਗਿਆ। ਜਬ੍ਹਾੜਿਆਂ ਨੇ ਹੱਦਾਂ-ਸਰਹੱਦਾਂ ਟੱਪੀਆਂ। ਨਵੇਂ ਮੁਖੌਟੇ ਧਾਰਨ ਕੀਤੇ। ਮਹਾਂਬਲੀ ਮਨੁੱਖ ਨੂੰ ਨਿੱਸਲ ਤੇ ਨਿਸੱਤਾ ਕਰਨ ਦੇ ਮਨਸੂਬੇ ਘੜੇ ਗਏ। ਨੇਮਾਂ-ਕਾਨੂੰਨਾਂ ਦੀ ਸੂਲੀ 'ਤੇ ਟੰਗਿਆ ਮਹਾਂਬਲੀ ਬੰਦਾ, ਸੀਲ ਪਸ਼ੂ ਵਾਂਗ ਹੂੰਗਰਾਂ ਮਾਰਨ ਲੱਗ ਪਿਆ। ਮਨੁੱਖੀ ਸਮਰੱਥਾ ਦਾ ਅਪਾਰ ਉਚਾਈਆਂ ਛੂਹਣ ਦਾ ਸੁਪਨਾ ਦੋ ਖਣਾਂ ਅਤੇ ਚੰਦ ਰੋਟੀਆਂ ਦੀ ਲੜਾਈ ਤੱਕ ਮਹਿਦੂਦ ਹੋ ਗਿਆ। ਮਰਨ ਲਈ ਜਿਉਣ ਦਾ ਸਬੱਬ ਮਨੁੱਖੀ ਪਿੰਡਿਆਂ ਦੀ ਹੋਣੀ ਬਣ ਗਿਆ। ਸਾਂਝੀਵਾਲਤਾ ਅਤੇ ਮਨੁੱਖੀ ਰੂਹ ਦੀ ਖ਼ੂਬਸੂਰਤੀ ਦੇ ਗੀਤਾਂ ਨੂੰ ਮੁਨਾਫ਼ੇ ਦੀ ਹਾਬੜੀ ਭੁੱਖ ਨਿਗਲ ਗਈ। ਮਨੁੱਖੀ ਆਪੇ ਦੀ ਵਿਸ਼ਾਲਤਾ 'ਸ਼ੱਕ' ਦੀਆਂ ਤਿੱਖੀਆਂ ਨਹੁੰਦਰਾਂ ਨਾਲ ਵਲੂੰਧਰੀ ਗਈ। ਹੁਲਾਰੇ ਲੈਂਦੀਆਂ ਫ਼ਸਲਾਂ ਤੋਂ ਲੈ ਕੇ ਵਰ੍ਹਦੇ ਮੀਹਾਂ ਨੂੰ ਮਨੁੱਖਤਾ ਦੇ ਖ਼ਿਲਾਫ਼ ਭੁਗਤਾਇਆ ਗਿਆ। ਅਮਨ ਅਤੇ ਮੁਹੱਬਤ ਦੀਆਂ ਰੀਤਾਂ ਸਿਖਾਉਣ ਦੀ ਜਾਮਨੀ ਓਟਣ ਵਾਲੇ ਫ਼ਲਸਫ਼ੇ ਜੰਗੀ ਰੀਤਾਂ ਦਾ ਪਾਠ ਪੜ੍ਹਾਉਣ ਵਾਲੇ ਹਥਿਆਰ-ਘਰ ਬਣ ਗਏ; ਪਰ ਅਤੇ ਪਰਾਰ ਵਰਗੇ ਸ਼ਬਦ ਕਰਜ਼ੇ ਦੀਆਂ ਟੁੱਟੀਆਂ ਕਿਸ਼ਤਾਂ ਦੇ ਡਰਾਉਣੇ ਬਿੰਬ ਬਣ ਗਏ। ਮਾਂ-ਪਿਉ ਦੇ ਧੁਆਂਖੇ ਚਿਹਰਿਆਂ 'ਚੋਂ ਬਾਬਾਣੀਆਂ-ਕਹਾਣੀਆਂ ਦਾ ਰੱਬੀ ਸੱਚ ਹਾਰਾਂ ਦਾ ਭੂਗੋਲ ਜਾਪਣ ਲੱਗਿਆ।



*ਫਿਲਮ 'ਵਨ ਫਲਿਊ ਓਵਰ ਕੁਕੂ'ਜ਼ ਨੈਸਟ' ਦਾ ਦ੍ਰਿਸ਼।*

ਇਸ ਸਭ ਦੇ ਬਾਵਜੂਦ ਸੰਗਲਾਂ ਵਿਚ ਜਕੜਿਆ ਮਹਾਂਬਲੀ ਬੰਦਾ ਸੀਲ ਪਸ਼ੂ ਬਣਨ ਤੋਂ ਮੁਨਕਰ ਰਿਹਾ। ਵਰਿਆਮ ਸੰਧੂ ਦੀ ਕਹਾਣੀ 'ਮੈ ਹੁਣ ਠੀਕ ਠਾਕ ਹਾਂ' ਦਾ ਪਾਤਰ ਜੋਗਿੰਦਰ ਉਰਫ਼ ਜਿੰਦਾ ਜਾਫੀ ਚੇਤੇ ਆਉਂਦਾ ਹੈ। ਛੇ ਫੁੱਟ ਦਾ ਭਰਵਾਂ ਜੁੱਸਾ ਜਦੋਂ ਧਾਵੀ ਨੂੰ ਜੱਫ਼ਾ ਲਾਉਂਦਾ ਹੈ ਤਾਂ ਦੇਖਣ ਵਾਲੇ ਨੂੰ ਗੋਡੀ ਲਾ ਕੇ ਬਹਿਣ ਲਈ ਮਜਬੂਰ ਕਰ ਦਿੰਦਾ ਹੈ। ਇਲਾਕੇ ਵਿਚ ਮਨੁੱਖੀ ਸਮਰੱਥਾ ਦਾ ਮੁਜੱਸਮਾ ਮੰਨਿਆਂ ਜਾਂਦਾ ਹੈ। ਗਲ 'ਚ ਅਸਾਲਟ ਪਾ ਕੇ ਆਇਆ ਮਰੀਅਲ ਜਿਹਾ ਖਾੜਕੂ ਮੁੰਡਾ ਅਤੇ ਸੀ.ਆਰ.ਪੀ.ਐਫ. ਦਾ ਭੂਤਰਿਆ ਫ਼ੌਜੀ ਜੋਗਿੰਦਰ ਦੇ ਗਲਾਵੇਂ ਨੂੰ ਹੱਥ ਪਾ ਕੇ ਉਹਦੇ ਝੋਟੇ ਵਰਗੇ ਜ਼ੋਰ ਅਤੇ ਸਵੈਮਾਣ ਦਾ ਚੂਰਾ ਕਰ ਜਾਂਦੇ ਹਨ। ਪੁਲਿਸ ਦੀ ਕੁੱਟ ਦੇ ਝੰਬੇ ਬੇਕਸੂਰ ਗੱਭਰੂ ਅੰਦਰੋਂ ਚੀਕ ਬੁਲਬੁਲੀ ਉੱਠਦੀ ਹੈ, "ਸੂਰਮੇ ਨੂੰ ਸਾਨੂੰ ਕੀ ਹੋਇਆ...ਨਹੱਥੇ ਬੇਕਸੂਰਿਆਂ ਨੂੰ ਵਰਦੀਆਂ ਪਾ ਕੇ ਮਾਰਨਾ-ਕੁੱਟਣਾ ਬੜਾ ਸੌਖਾ...ਕਿਤੇ ਰੱਖਣ ਖਾਂ ਹਥਿਆਰ ਪਾਸੇ...ਤੇ 'ਕੱਲੇ ਨਾਲ 'ਕੱਲਾ ਆਉਣ...ਜੇ ਘੀਸੀਆਂ ਨਾ ਕਰਾ ਦੀਏ ਤਾਂ ਆਖੀਂ...ਤੇ ਜਾਂ ਫਿਰ ਸਾਨੂੰ ਵੀ ਹਥਿਆਰ ਫੜਾ ਦੇਣ...ਫਿਰ ਵੇਖੀਂ ਕਿਹੜੇ ਭਾਅ ਤੁਲਦੀ ਐ...!"

ਫ਼ਿਲਮਸਾਜ਼ ਮਿਲੋਸ ਫੋਰਮੈਨ ਵੱਲੋਂ 1975 ਵਿਚ ਬਣਾਈ ਅੰਗਰੇਜ਼ੀ ਫ਼ਿਲਮ 'ਵਨ ਫਲਿਊ ਓਵਰ ਕੁਕੂ'ਜ਼ ਨੈਸਟ' (ਇਹ ਫਿਲਮ ਕੇਨ ਕੀਜ਼ੀ ਵੱਲੋਂ 1962 ਵਿਚ ਛਪਵਾਏ ਇਸੇ ਨਾਂ ਵਾਲੇ ਨਾਵਲ 'ਤੇ ਆਧਾਰਿਤ ਸੀ) ਵਿਚਲਾ ਜੈਕ ਨਿਕਲਸਨ ਦਾ ਕਿਰਦਾਰ ਅਜਿਹੇ ਹੀ ਮਨੁੱਖ ਦੀ ਹੋਣੀ ਦਾ ਝਲਕਾਰਾ ਦਿੰਦਾ ਹੈ। ਜੈਕ ਸਜ਼ਾ ਤੋਂ ਬਚਣ ਲਈ ਪਾਗਲ ਹੋਣ ਦਾ ਨਾਟਕ ਕਰਦਾ ਹੋਇਆ ਪਾਗਲਖ਼ਾਨੇ ਪਹੁੰਚ ਜਾਂਦਾ ਹੈ ਜਿੱਥੋਂ ਦਾ ਅਮਲਾ ਮਰੀਜ਼ਾਂ ਨੂੰ ਗ਼ੁਲਾਮਾਂ ਤੋਂ ਭੈੜੀ ਹਾਲਤ 'ਚ ਰੱਖਦਾ ਹੈ। ਭਾਵ-ਰਹਿਤ ਵਾਰਡਨ ਹੁਕਮ-ਅਦੂਲੀ ਨੂੰ ਗੁਨਾਹ ਸਮਝਦੀ ਹੈ। ਜੈਕ ਉਹਦੇ ਗ਼ਲਬੇ ਨੂੰ ਵੰਗਾਰਦਾ ਹੈ। ਵਾਰਡਨ ਵਲੋਂ ਜੈਕ ਅਤੇ ਮਰੀਜ਼ਾਂ 'ਤੇ ਵਰਤਾਇਆ ਕਹਿਰ, ਦੇਖਣ ਵਾਲੇ ਦਾ ਤ੍ਰਾਹ ਕੱਢ ਦਿੰਦਾ ਹੈ। ਜੈਕ ਦਾ ਕਿਰਦਾਰ ਸੰਗਲਾਂ 'ਚ ਨੂੜੇ ਬੰਦੇ ਦੀ ਬੇਵੱਸੀ ਅਤੇ ਸੰਘਰਸ਼ ਦੀ ਨੁਮਾਇੰਦਗੀ ਕਰਦਾ ਹੈ। ਵਾਰਡਨ ਅਤੇ ਅਮਲੇ ਦਾ ਰੂਪ ਢਾਂਚਾਗਤ ਹਿੰਸਾ ਦੀ ਭਿਆਨਕਤਾ ਨੂੰ ਉਘਾੜਦਾ ਹੈ ਜੋ ਅਤਿ ਦੀ ਬੇਰਹਿਮ ਅਤੇ ਬੇਕਿਰਕ ਹੁੰਦੀ ਹੈ। ਮਨੁੱਖ ਨੂੰ ਸੀਲ ਪਸ਼ੂ ਬਣਾਉਣ ਵਿਚ ਯਕੀਨ ਕਰਦੀ ਹੈ। ਸੱਭਿਅਤਾ ਦੀ 'ਤਰੱਕੀ' ਦੇ ਨਵੇਂ ਮਾਪਦੰਡਾਂ ਤਹਿਤ ਸੀਲ ਪਸ਼ੂ ਨੂੰ ਸੀਲ ਖਪਤਕਾਰ ਬਣਾਉਣਾ ਸਮੇਂ ਦੀ ਮੰਗ ਹੈ। ਭਾਰਤ ਮੁਲਕ ਦੇ 'ਇਮਾਨਦਾਰ' ਪ੍ਰਧਾਨ ਮੰਤਰੀ (ਡਾ. ਮਨਮੋਹਨ ਸਿੰਘ) ਦੇ ਤਾਜ਼ਾ ਬਿਆਨ ਮੁਤਾਬਕ, ਵਧਦੀ ਮਹਿੰਗਾਈ ਮੁਲਕ ਦੀ ਤਰੱਕੀ ਦਾ ਸਬੂਤ ਹੈ। ਉਹ ਕਹਿੰਦਾ ਹੈ ਕਿ ਪੈਸੇ ਰੁੱਖਾਂ ਨੂੰ ਨਹੀਂ ਲੱਗਦੇ; ਰੁੱਖਾਂ 'ਤੇ ਪੈਸੇ ਉਗਾਉਣ ਲਈ ਸਬਸਿਡੀਆਂ ਬੰਦ ਕਰਾਂਗੇ ਤੇ ਹਰ ਵਸਤੂ ਨੂੰ ਸਰਕਾਰੀ ਕੰਟਰੋਲ ਤੋਂ ਬਾਹਰ ਰੱਖਾਂਗੇ। ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਕੇ ਮੁਲਕ ਦੀ 'ਤਰੱਕੀ' ਦੀਆਂ ਨਵੀਆਂ ਮੰਜ਼ਲਾਂ ਕੱਛਾਂਗੇ। ਦੂਜੇ ਸ਼ਬਦਾਂ ਵਿਚ, ਬਹੁਕੌਮੀ ਕੰਪਨੀਆਂ ਨੂੰ ਕੁਦਰਤੀ ਅਤੇ ਮਨੁੱਖੀ ਵਸੀਲਿਆਂ ਦੀ ਅੰਨ੍ਹੀ ਲੁੱਟ ਦਾ ਠੇਕਾ ਹੋਰ ਤੇਜ਼ੀ ਨਾਲ ਦੇਵਾਂਗੇ। ਭੁੱਲ ਜਾਓ ਕਿ ਢਾਂਚਾ ਮਨੁੱਖ ਲਈ ਹੈ। ਏਥੇ ਮਨੁੱਖ ਢਾਂਚੇ ਦੀ ਸੇਵਾ ਲਈ ਹੋਵੇਗਾ। ਭਾਰਤ ਦੇ ਪੰਜ ਸਾਲ ਤੋਂ ਘੱਟ ਉਮਰ ਦੇ ਸੰਤਾਲੀ ਫ਼ੀਸਦ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਉਨ੍ਹਾਂ ਦਾ ਭਾਰ ਉਮਰ ਮੁਤਾਬਕ ਨਹੀਂ ਹੈ। ਭਾਰਤ ਦੇ ਸੈਂਤੀ ਫ਼ੀਸਦ ਬਾਲਗ ਮਰਦਾਂ ਅਤੇ ਉਨਤਾਲੀ ਫ਼ੀਸਦ ਬਾਲਗ ਬੀਬੀਆਂ ਦਾ ਮਾਸ ਬੌਡੀ ਇੰਡੈਕਸ 18.5 ਤੋਂ ਹੇਠਾਂ ਹੈ। ਮਾਸ ਬੌਡੀ ਇੰਡੈਕਸ ਵਿਚ ਤਿੰਨ ਚੀਜ਼ਾਂ ਸ਼ਾਮਲ ਹੁੰਦੀਆਂ ਹਨ। ਉਮਰ ਮੁਕਾਬਲੇ ਭਾਰ, ਉਮਰ ਮੁਕਾਬਲੇ ਕੱਦ ਅਤੇ ਕੱਦ ਮੁਕਾਬਲੇ ਭਾਰ। ਉੱਪਰ ਦਿੱਤੀ ਆਬਾਦੀ ਕੁਪੋਸ਼ਣ ਦੀ ਭੈੜੀ ਹਾਲਤ ਵਿਚ ਹੈ। ਉੜੀਸਾ ਦੀ ਚਾਲੀ ਫ਼ੀ ਸਦੀ ਆਬਾਦੀ 18.5 ਤੋਂ ਹੇਠਾਂ ਜ਼ਿੰਦਗੀ ਕੱਟ ਰਹੀ ਹੈ। ਆਲਮੀ ਸਿਹਤ ਸੰਸਥਾ ਦੇ ਨੇਮਾਂ ਮੁਤਾਬਕ ਜਿਸ ਕੌਮ ਦੀ ਚਾਲੀ ਫ਼ੀਸਦ ਆਬਾਦੀ 18.5 ਤੋਂ ਹੇਠਾਂ ਹੈ। ਉਹ ਕੌਮ ਅਤਿ ਦੇ ਭਿਆਨਕ ਹਾਲਾਤ ਵਿਚ ਜੀਅ ਰਹੀ ਹੈ ਅਤੇ ਲਗਾਤਾਰ ਅਕਾਲ ਦੀ ਹਾਲਤ ਵਿਚ ਹੈ। ਅਜਿਹੇ ਹਾਲਾਤ ਵਿਚ ਮੁਲਕ ਦੇ 'ਇਮਾਨਦਾਰ' ਹੁਕਮਰਾਨ ਵੱਲੋਂ ਮਹਿੰਗਾਈ ਨੂੰ ਤਰੱਕੀ ਦਾ ਸਬੂਤ ਮੰਨਣ ਵਾਲਾ ਬਿਆਨ ਸੱਚਮੁੱਚ ਡਰਾਉਣਾ ਹੈ। ਜੇ ਲੋਕਾਂ ਦੀ ਕੀਮਤ 'ਤੇ ਮੁਲਕ ਦੀ 'ਤਰੱਕੀ' ਮਿੱਥੀ ਜਾਣੀ ਹੈ ਤਾਂ ਸਾਡਾ ਜਮਹੂਰੀ ਹੱਕ ਹੈ ਕਿ ਅਸੀਂ ਇਸ ਬਿਆਨ ਨੂੰ ਕੌਮੀ ਹੱਤਕ ਸਮਝੀਏ।



*ਫਿਲਮ 'ਹਾਰਾ-ਕੀਰੀ' ਦਾ ਦ੍ਰਿਸ਼।*

ਭੁੱਖ ਨਾਲ ਮਰਦੇ ਬੰਦੇ ਤੋਂ ਵੱਧ ਮਹਿੰਗਾਈ ਵਧਾਉਣ ਨੂੰ ਤਰਜੀਹ ਦੇਣ ਵਾਲੀ 'ਇਮਾਨਦਾਰ' ਸੋਚ ਜਾਪਾਨੀ ਫ਼ਿਲਮ 'ਹਾਰਾ-ਕੀਰੀ' ਦੇ ਮੱਠ ਦਾ ਚੇਤਾ ਕਰਾਉਂਦੀ ਹੈ। ਇਹ ਫਿਲਮ 1962 ਵਿਚ ਜਪਾਨੀ ਫਿਲਮਸਾਜ਼ ਮਸਾਕੀ ਕੋਬਾਯਸ਼ੀ (14 ਫਰਵਰੀ 1916-4 ਅਕਤੂਬਰ 1996) ਨੇ ਬਣਾਈ ਸੀ। ਹਾਰਾ-ਕੀਰੀ ਅਜਿਹੀ ਰਸਮ ਹੈ ਜਿਸ ਤਹਿਤ ਬੰਦਾ ਸਬੰਧਤ ਮੱਠ ਵਿਚ ਜਾ ਕੇ ਖ਼ੁਦਕੁਸ਼ੀ ਕਰ ਸਕਦਾ ਹੈ। ਮੱਠ ਦੇ ਪੁਜਾਰੀਆਂ ਦੇ ਆਪਣੇ ਵਿਧੀ-ਵਿਧਾਨ ਹਨ। ਉਹ ਮੰਤਰਾਂ ਦਾ ਪਾਠ ਕਰਦੇ ਅਤੇ ਮੌਤ ਦਾ ਜਸ਼ਨ ਮਨਾਉਂਦੇ ਹਨ। ਕਿਸੇ ਸਮੁਰਾਏ (ਜਪਾਨੀ ਯੋਧਿਆਂ ਲਈ ਵਰਤਿਆ ਜਾਂਦਾ ਲਕਬ) ਦਾ ਟੱਬਰ ਬੁਰੀ ਹਾਲਤ ਵਿਚ ਹੈ। ਸਮੁਰਾਏ ਲਈ ਤਲਵਾਰ ਬੇਸ਼ਕੀਮਤੀ ਹੁੰਦੀ ਹੈ। ਉਹ ਟੱਬਰ ਦੇ ਮੂੰਹ 'ਚ ਅੰਨ ਦਾ ਦਾਣਾ ਪਾਉਣ ਲਈ ਜਾਨ ਤੋਂ ਪਿਆਰੀ ਤਲਵਾਰ ਵੀ ਵੇਚ ਚੁੱਕਿਆ ਹੈ। ਦਿਖਾਵੇ ਵਜੋਂ ਲੱਕੜ ਦੀ ਤਲਵਾਰ ਮਿਆਨ ਵਿਚ ਪਾ ਕੇ ਘੁੰਮਦਾ ਹੈ। ਪਰਿਵਾਰ ਕਈ ਦਿਨ ਤੋਂ ਭੁੱਖਾ ਹੈ। ਸਮੁਰਾਏ ਰੋਟੀ ਦੀ ਭਾਲ ਵਿਚ ਘੁੰਮਦਾ ਹਾਰਾ-ਕਰੀ ਦੇ ਮੱਠ ਕੋਲ ਜਾ ਪਹੁੰਚਦਾ ਹੈ ਜਿੱਥੇ ਉਸ ਨੂੰ ਪਤਾ ਲੱਗਦਾ ਹੈ ਕਿ ਹੁਣ ਮੱਠ ਵਾਲੇ ਖ਼ੁਦਕੁਸ਼ੀ ਲਈ ਆਉਣ ਵਾਲੇ ਨੂੰ ਮਾਰਦੇ ਨਹੀਂ ਹਨ। ਤਰਸ ਵਜੋਂ ਕੁਝ ਪੈਸੇ ਦੇ ਕੇ ਵਾਪਸ ਭੇਜ ਦਿੰਦੇ ਹਨ। ਭੁੱਖ ਦਾ ਮਾਰਿਆ ਸਮੁਰਾਏ ਮੱਠ ਅੰਦਰ ਜਾ ਕੇ ਖ਼ੁਦਕੁਸ਼ੀ ਦੀ ਪੇਸ਼ਕਸ਼ ਕਰਦਾ ਹੈ ਪਰ ਮੱਠ ਵਾਲਿਆਂ ਦਾ ਉਹਦੀ ਭੁੱਖ ਨਾਲ ਲਾਗਾ-ਦੇਗਾ ਨਹੀਂ ਹੈ। ਮੱਠ ਦਾ ਕੰਮ ਬੰਦੇ ਨੂੰ ਮਾਰਨਾ ਹੈ। ਮੱਠ ਦੇ ਨੇਮਾਂ ਮੁਤਾਬਕ ਖ਼ੁਦਕੁਸ਼ੀ ਆਪਣੀ ਤਲਵਾਰ ਨਾਲ ਹੀ ਕਰਨੀ ਪੈਂਦੀ ਹੈ। ਲੱਕੜ ਦੀ ਤਲਵਾਰ ਨਾਲ ਆਪਣਾ ਢਿੱਡ ਖੋਦਣਾ ਸਮੁਰਾਏ ਲਈ ਅਸਹਿਣਯੋਗ ਹੋ ਜਾਂਦਾ ਹੈ। ਉਹ ਭੁੱਖ ਨਾਲ ਘੁ਼ਲਦੇ ਪਰਿਵਾਰ ਦਾ ਵਾਸਤਾ ਦਿੰਦਾ ਹੈ। ਅੰਤ ਵਿਚ ਮੱਠ ਦੀਆਂ ਅਟੱਲ ਰਵਾਇਤਾਂ ਮੁਤਾਬਕ ਸਮੁਰਾਏ ਦਾ ਸਿਰ ਧੜ ਤੋਂ ਅਲੱਗ ਕਰ ਕੇ ਰਸਮ ਪੂਰੀ ਹੋਣ ਦਾ ਜਸ਼ਨ ਮਨਾਇਆ ਜਾਂਦਾ ਹੈ।

ਬਾਦ ਵਿਚ ਸਮੁਰਾਏ ਦਾ ਸਹੁਰਾ (ਜੋ ਕਦੇ ਸਮੁਰਾਏ ਰਿਹਾ ਹੈ) ਮੱਠ ਦੀਆਂ ਧਾਰਮਿਕ ਦਲੀਲਾਂ ਅਤੇ ਡੰਡੇ ਦੇ ਜ਼ੋਰ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਉਂਦਾ ਹੈ। ਦਲੀਲ ਪੱਖੋਂ ਹਾਰਿਆ ਮੱਠ ਡੰਡੇ ਦਾ ਛੋਰ ਅਜ਼ਮਾਉਣ 'ਤੇ ਉੱਤਰ ਆਉਂਦਾ ਹੈ। ਯੋਧਾ ਪਹਿਰੇਦਾਰਾਂ ਨਾਲ ਲੜਦਾ ਮਾਰਿਆ ਜਾਂਦਾ ਹੈ। ਮੱਠ ਨੂੰ ਕੋਈ ਫਰਕ ਨਹੀਂ ਪੈਂਦਾ। ਮੱਠ ਯੋਧੇ ਦੀਆਂ ਦਲੀਲਾਂ ਤੋਂ ਨਹੀਂ ਡਰਦਾ। ਉਹ ਇਹ ਦਲੀਲਾਂ ਲੋਕਾਂ 'ਚ ਪਹੁੰਚਣ ਤੋਂ ਡਰਦਾ ਹੈ। ਪਹਿਰੇਦਾਰਾਂ ਨੂੰ ਤਾਕੀਦ ਹੁੰਦੀ ਹੈ ਕਿ ਸਭ ਕੁਝ ਪਹਿਲਾਂ ਵਾਂਗ ਕਰ ਦਿੱਤਾ ਜਾਵੇ, ਤੇ ਗੱਲ ਮੱਠ ਤੋਂ ਬਾਹਰ ਨਹੀਂ ਜਾਣੀ ਚਾਹੀਦੀ। ਇਹ ਮੱਠ ਜਦੋਂ ਪ੍ਰਬੰਧਕੀ ਇਮਾਰਤਾਂ ਦਾ ਰੂਪ ਧਾਰ ਲੈਂਦੇ ਹਨ ਤਾਂ ਮਹਾਂਬਲੀ ਮਨੁੱਖਾਂ ਨੂੰ ਭੁੱਖ ਨਾਲ ਮਰਨ, ਰੋਜ਼ਗਾਰ ਖੁਣੋ ਫ਼ਾਕੇ ਕੱਟਣ ਦੀ, ਪੈਸੇ ਖੁਣੋ ਅਨਪੜ੍ਹ ਰਹਿਣ ਦੀ, ਕੁਪੋਸ਼ਣ ਅਤੇ ਮਾਮੂਲੀ ਬਿਮਾਰੀਆਂ ਨਾਲ ਮਰ ਜਾਣ ਦੀ 'ਜਮਹੂਰੀ ਆਜ਼ਾਦੀ' ਮਿਲਦੀ ਹੈ।

# ਕੈਨੇਡਾ 'ਚ ਪਰਵਾਸੀਆਂ ਲਈ ਮਾਪਿਆਂ ਨੂੰ ਬੁਲਾਉਣਾ ਹੋਇਆ ਸੌਖਾ

**ਚੰਡੀਗੜ੍ਹ:** ਪਰਵਾਸੀਆਂ ਲਈ ਕੈਨੇਡਾ 'ਚ ਮਾਪਿਆਂ ਨੂੰ ਬਲਾਉਣ ਸੌਖਾ ਹੋ ਗਿਆ ਹੈ ਤੇ ਕੈਨੇਡਾ ਸਰਕਾਰ ਵੱਲੋਂ ਇਸ ਲਈ ਸੁਪਰ ਵੀਜ਼ਾ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਕੈਨੇਡਾ 'ਚ 2014 ਤੱਕ ਮਾਪਿਆਂ ਨੂੰ ਸਪਾਂਸਰ ਕਰਨ ਦੀਆਂ ਅਰਜ਼ੀਆਂ ਬੰਦ ਰਹਿਣਗੀਆਂ ਤੇ ਬਦਲ ਵਜੋਂ ਆਪਣੇ ਪਰਿਵਾਰਾਂ ਨੂੰ ਮਿਲਣ ਲਈ ਵਰ੍ਹਿਆਂ ਤੋਂ ਉਡੀਕਦੇ ਮਾਪਿਆਂ ਤੇ ਬਜ਼ੁਰਗਾਂ ਲਈ ਸੁਪਰ ਵੀਜ਼ਾ ਜਾਰੀ ਕੀਤਾ ਜਾਵੇਗਾ ਜਿਸ ਰਾਹੀਂ ਮਾਪੇ ਕੈਨੇਡਾ ਵਿਚ ਲੰਮਾ ਚਿਰ ਰਹਿ ਸਕਣਗੇ। ਅਜਿਹੇ ਕਦਮ ਅੰਬੈਸੀਆਂ ਵਿਚ ਬਕਾਇਆ ਅਰਜ਼ੀਆਂ ਦੇ ਨਿਬੇੜੇ ਲਈ ਚੁੱਕੇ ਗਏ ਹਨ।

ਮੁਲਕ ਦੇ ਆਵਾਸ ਮੰਤਰੀ ਜੇਸਨ ਕੈਨੀ ਅਨੁਸਾਰ ਸਰਕਾਰ 2012 ਵਿਚ 25 ਹਜ਼ਾਰ ਮਾਪਿਆਂ ਨੂੰ ਸੱਦੇਗਾ ਜੋ 2011 ਤੋਂ 46 ਫੀਸਦੀ ਵੱਧ ਹੈ ਪਰ ਸ਼ਰਨਾਰਥੀਆਂ, ਨੈਨੀਆਂ ਤੇ ਮਨੁੱਖਤਾ ਦੇ ਆਧਾਰ 'ਤੇ ਆਉਣ ਵਾਲਿਆਂ ਲਈ ਅਜੇ ਬਹੁਤੀ ਖੁੱਲ੍ਹ ਨਹੀਂ ਦਿੱਤੀ ਜਾਵੇਗੀ। ਇਸ ਵੇਲੇ ਤਕਰੀਬਨ 1,60,000 ਮਾਪੇ ਤੇ ਬਜ਼ੁਰਗ ਆਪਣੇ ਪਰਿਵਾਰਾਂ ਕੋਲ ਪਹੁੰਚਣ ਦੀ ਉਮੀਦ ਲਈ ਬੈਠੇ ਹਨ ਪਰ ਅੰਬੈਸੀਆਂ ਹਰ ਸਾਲ 15-16 ਹਜ਼ਾਰ ਅਰਜ਼ੀਆਂ ਦਾ ਹੀ ਨਿਬੇੜਾ ਕਰਦੀਆਂ ਹਨ ਤੇ ਇਸ ਤਰ੍ਹਾਂ ਹਰ ਸਾਲ 14-15 ਹਜ਼ਾਰ ਅਰਜ਼ੀਆਂ ਬਗੈਰ ਨਜ਼ਰਸਾਨੀ ਤੋਂ ਰਹਿ ਜਾਂਦੀਆਂ ਹਨ।

ਕਿਸੇ ਕੈਨੇਡੀਅਨ ਨਾਗਰਿਕ ਜਾਂ ਪੀ.ਆਰ. ਨੂੰ ਆਪਣੇ ਪਿੱਛੇ ਰਹਿ ਗਏ ਪਰਿਵਾਰ ਨੂੰ ਸਪਾਂਸਰ ਕਰਨ ਲਈ ਕੋਈ ਸੱਤ ਸਾਲ ਲੱਗ ਜਾਂਦੇ ਹਨ ਤੇ ਵਿਜ਼ਟਰ ਵਜੋਂ ਆਏ ਵਿਅਕਤੀ ਨੂੰ ਪੱਕੇ ਸ਼ਹਿਰੀਆਂ ਵਾਲੀਆਂ ਸਹੂਲਤਾਂ ਤੇ ਹੱਕ ਵੀ ਨਹੀਂ ਮਿਲਦੇ। ਇਸ ਸੁਪਰ ਵੀਜ਼ੇ ਨੂੰ ਮਾਪਿਆਂ ਦੀਆਂ ਸਪਾਂਸਰਸ਼ਿਪ ਫਾਈਲਾਂ ਦਾ ਢੇਰ ਘਟਾਉਣ ਲਈ ਹੀ ਲਿਆਂਦਾ ਜਾ ਰਿਹਾ ਹੈ। ਇਹ ਸੁਪਰ ਵੀਜ਼ਾ ਪਹਿਲੀ ਦਸੰਬਰ ਤੋਂ ਜਾਰੀ ਹੋਣਾ ਸ਼ੁਰੂ ਹੋ ਜਾਵੇਗਾ ਜਿਸ ਤਹਿਤ ਕੋਈ ਪਰਿਵਾਰਕ ਮੈਂਬਰ ਦੋ ਸਾਲ ਤੱਕ ਆਰਜ਼ੀ ਤੌਰ 'ਤੇ ਕੈਨੇਡਾ ਵਿਚ ਰਹਿ ਸਕੇਗਾ। ਮੰਤਰੀ ਅਨੁਸਾਰ ਅੱਠ ਕੁ ਹਫ਼ਤਿਆਂ 'ਚ ਜਾਰੀ ਹੋਣ ਵਾਲੇ ਇਸ ਸੁਪਰ ਵੀਜ਼ਾ 'ਤੇ 10 ਸਾਲਾਂ ਤੱਕ ਮਲਟੀਪਲ ਐਂਟਰੀਆਂ ਦਰਜ ਹੋ ਸਕਣਗੀਆਂ। ਜ਼ਿਕਰਯੋਗ ਹੈ ਕਿ ਆਉਣ ਵਾਲਿਆਂ ਨੂੰ ਸਿਹਤ ਸੰਭਾਲ ਦਾ ਜ਼ਿੰਮਾ ਨਿੱਜੀ ਤੌਰ 'ਤੇ ਚੁੱਕਣਾ ਪਵੇਗਾ।

ਸੁਪਰ ਵੀਜ਼ੇ ਦੀ ਤਜਵੀਜ਼ ਦਾ ਬਹੁਤੇ ਲੋਕਾਂ ਵੱਲੋਂ ਸਵਾਗਤ ਕੀਤਾ ਗਿਆ ਹੈ ਪਰ ਕੁਝ ਲੋਕਾਂ ਫਿਕਰ ਜ਼ਾਹਰ ਕੀਤਾ ਹੈ ਕਿ ਸਿਹਤ ਬੀਮੇ ਦਾ ਖਰਚ ਹਰ ਕੋਈ ਨਹੀਂ ਚੁੱਕ ਸਕਦਾ। ਇਸ ਤੋਂ ਇਲਾਵਾ ਅਗਲੇ ਸਾਲ ਇਕਨਾਮਿਕ ਕਲਾਸ ਤਹਿਤ 157,000 ਪਰਵਾਸੀ ਤੇ 26,000 ਸ਼ਰਨਾਰਥੀ ਆ ਸਕਣਗੇ। ਨੈਨੀਆਂ ਵਜੋਂ ਆ ਕੇ ਪੀ.ਆਰ. ਲੈਣ ਵਾਲਿਆਂ ਦੀ ਗਿਣਤੀ ਵੀ ਨੌਂ ਹਜ਼ਾਰ (ਪਹਿਲਾਂ ਤੋਂ ਅੱਧੀ) ਕਰ ਦਿੱਤੀ ਗਈ ਹੈ। ਸਿਰਫ ਪਰਿਵਾਰਕ ਸ਼੍ਰੇਣੀ ਵਿੱਚ ਹੀ ਵਾਧਾ ਕੀਤਾ ਗਿਆ ਹੈ ਜੋ ਹੁਣ 69 ਹਜ਼ਾਰ ਹੈ ਪਰ ਸਪਾਊਜ਼ਲ ਤੇ ਬੱਚਿਆਂ ਦਾ ਕੋਟਾ ਘਟਾ ਕੇ 44 ਹਜ਼ਾਰ ਕਰ ਦਿੱਤਾ ਗਿਆ ਹੈ।

ਗੁਰਪੁਰਬ 'ਤੇ ਵਿਸ਼ੇਸ਼

# ਗੁਰੂ ਨਾਨਕ ਦੇਵ ਜੀ ਦਾ ਸੰਦੇਸ਼

**ਪ੍ਰੋ. ਬਲਕਾਰ ਸਿੰਘ ਪਟਿਆਲਾ**

***ਇਸ ਨੂੰ ਖਾਲਸਾ ਪੰਥ ਨੇ ਤੀਸਰ ਪੰਥ ਦੇ ਰੂਪ ਵਿਚ ਵੀ ਵੇਖਿਆ ਹੈ ਪਰ ਅੱਜ ਦੇ ਸਮੇਂ ਵਿਚ, ਜਦੋਂ ਖਾਲਸਾ ਪੰਥ ਖਾਸ ਕਰ ਕੇ, ਅਤੇ ਸਿੱਖ ਭਾਈਚਾਰਾ ਆਮ ਕਰ ਕੇ ਪਤਿਤਪੁਣੇ ਦੀ ਸਮਸਿਆ ਵਿਚ ਘਿਰਿਆ ਹੋਇਆ ਹੈ, ਤਾਂ ਇਹੀ ਸੰਦੇਸ਼ ਇਕ ਭਵਿਖਮੁਖੀ ਵੰਗਾਰ ਦੀ ਭੂਮਿਕਾ ਵੀ ਨਿਭਾ ਰਿਹਾ ਪ੍ਰਤੀਤ ਹੁੰਦਾ ਹੈ। ਇਹੋ ਕਹਿਣ ਦਾ ਯਤਨ ਇਥੇ ਕੀਤਾ ਜਾ ਰਿਹਾ ਹੈ ਕਿ ਗੁਰੂ ਜੀ ਦਾ ਸੰਦੇਸ਼ ਸ਼ਬਦ ਰੂਪ ਵਿਚ ਪ੍ਰਾਪਤ ਹੈ ਅਤੇ ਇਸ ਦਾ ਲਾਹਾ ਸੁਰਤਿ ਨੂੰ ਸ਼ਬਦ ਨਾਲ ਜੋੜਿਆਂ ਹੀ ਪ੍ਰਾਪਤ ਹੋ ਸਕਦਾ ਹੈ। ਪਤਿਤਪੁਣੇ ਦੀ ਵਬਾਅ, ਬਾਣੀ (ਸ਼ਬਦ) ਨਾਲੋਂ ਟੁਟਣ ਕਾਰਣ ਹੀ ਫੈਲੀ ਹੈ ਅਤੇ ਇਸ ਤੋਂ ਬਾਣੀ ਨਾਲ ਜੁੜ ਕੇ ਹੀ ਬਚਿਆ ਜਾ ਸਕਦਾ ਹੈ। ਗੁਰੂ ਨਾਨਕ ਪਾਤਸ਼ਾਹ ਦੇ ਗੁਰਪੁਰਬ ਤੇ ਜੇ ਇਹ ਸੰਦੇਸ਼ ਦਿਲਾਂ ਵਿਚ ਵਸਾ ਲਿਆ ਜਾਵੇ ਤਾਂ ਸਿੱਖ, ਸਿੱਖ ਹੋਣ ਦੇ ਫਖਰ ਦਾ ਵਾਰਸ ਕਹਾਉਣ ਦਾ ਅਧਿਕਾਰੀ ਵੀ ਹੋ ਸਕਦਾ ਹੈ ਅਤੇ ਗੁਰੂ ਦੇ ਸੰਦੇਸ਼ ਨੂੰ ਲੋੜਵੰਦਾਂ ਤਕ ਲੈ ਕੇ ਜਾਣ ਦੀ ਜੁੰਮੇਵਾਰੀ ਵੀ ਨਿਭਾ ਸਕਦਾ ਹੈ।***

ਸੰਦੇਸ਼ ਨੂੰ ਸਮਕਾਲ ਤਕ ਸੀਮਿਤ ਕਰਕੇ ਵੇਖਣ ਦੀ ਪਹੁੰਚ ਗੁਰੂ ਨਾਨਕ ਦੇਵ ਵਰਗੇ ਧਰਮ-ਸੰਸਥਾਪਕ ਨਾਲ ਨਿਆਂ ਨਹੀਂ ਕਰ ਸਕਦੀ। ਇਸ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਰਹਿ ਗਿਆ ਕਿ ਗੁਰੂ ਨਾਨਕ ਪਾਤਸ਼ਾਹ ਜੀ ਦਾ ਸੰਦੇਸ਼ ਕਿਸੇ ਸਮੇਂ ਦੀ ਸੀਮਾ ਵਿਚ ਜਾਂ ਕਿਸੇ ਇਲਾਕੇ ਦੀ ਸੀਮਾ ਵਿਚ ਬੰਨ੍ਹ ਕੇ ਰਖਣ ਵਾਸਤੇ ਨਹੀਂ ਸੀ। ਉਨ੍ਹਾਂ ਨੇ ਜਿਹੜੀਆਂ ਗੱਲਾਂ ਸੋਲ੍ਹਵੀਂ ਸਦੀ ਵਿਚ ਕਹੀਆਂ, ਉਹ ਅਜ ਵੀ ਓਸੇ ਤਰ੍ਹਾਂ ਰਾਹ ਵਿਖਾਉਣ ਵਿਚ ਸਹਾਇਤਾ ਕਰਦੀਆਂ ਹਨ, ਜਿਵੇਂ ਉਸ ਵੇਲੇ। ਕਾਰਣ ਇਹ ਹੈ ਕਿ ਮਹਾਪੁਰਸ਼ਾਂ ਦੇ ਸੰਦੇਸ਼ ਦਾ ਸਬੰਧ ਸਿਧਾ ਬੰਦੇ ਦੀ ਰੂਹ ਨਾਲ ਪਹਿਲਾਂ ਵੀ ਸੀ ਅਤੇ ਅੱਜ ਵੀ ਹੈ। ਬੰਦਾ ਨਹੀਂ ਬਦਲਦਾ, ਬੰਦੇ ਦੇ ਹਾਲਾਤ ਬਦਲਦੇ ਹਨ। ਸੋ ਗੁਰੂ ਜੀ ਨੇ ਇਹ ਦਸਿਆ ਕਿ ਬੰਦੇ ਨੂੰ ਬਦਲਣ ਲਈ, ਬੰਦੇ ਦੇ ਹਾਲਾਤ ਨੂੰ ਬਦਲਣਾ, ਕਿਸੇ ਵੀ ਧਰਮ ਦੀ ਮੁਢਲੀ ਲੋੜ ਰਹੀ ਹੈ ਅਤੇ ਰਹੇਗੀ। ਹਾਲਾਤ ਨੂੰ ਬਦਲਣ ਦੀ ਪ੍ਰੇਰਨਾ ਨੂੰ ਬਾਣੀ ਵਿਚ ਜੋਤਿ ਕਿਹਾ ਗਿਆ ਹੈ ਅਤੇ ਜੋਤਿ ਨੂੰ ਅਮਲ ਵਿਚ ਲਿਆਉਣ ਦੀ ਵਿਧੀ ਨੂੰ ਜੁਗਤਿ ਕਿਹਾ ਗਿਆ ਹੈ। ਜੋਤਿ ਅਤੇ ਜੁਗਤਿ ਦਾ ਨਿਸਤਾਰਾ ਗੁਰੂ ਨਾਨਕ ਦੇਵ ਜੀ ਨੇ ਕਰ ਦਿਤਾ ਸੀ। ਬਾਕੀ ਨੌਂ ਗੁਰੂ ਸਾਹਿਬਾਨ ਏਸੇ ਜੋਤਿ ਅਤੇ ਜੁਗਤਿ ਨੂੰ ਆਮ ਇਨਸਾਨ ਦੀ ਜਿੰਦਗੀ ਵਿਚ ਉਤਾਰਨ ਦੀ ਜੁੰਮੇਵਾਰੀ ਨਿਭਾਉਂਦੇ ਰਹੇ। ਇਸ ਗੱਲ ਦੀ ਗਵਾਹੀ ਰਾਇ ਬਲਵੰਡ ਅਤੇ ਸੱਤੇ ਡੂਮ ਨੇ ਰਾਮਕਲੀ ਕੀ ਵਾਰ ਵਿਚ ਭਰੀ ਹੋਈ ਹੈ:

ਲਹਣੇ ਦੀ ਫੇਰਾਈਐ
ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ
ਕਾਇਆ ਫੇਰਿ ਪਲਟੀਐ। (ਪੰਨਾ 966)

ਇਸ ਨਾਲ ਇਹ ਗੱਲ ਸਾਹਮਣੇ ਆ ਜਾਂਦੀ ਹੈ ਕਿ ਗੁਰੂ-ਸੰਦੇਸ਼ ਦੇ ਵਾਰਸਾਂ ਦੀ ਜੁੰਮੇਵਾਰੀ ਬਣਦੀ ਹੈ ਕਿ ਉਹ ਜੋਤਿ ਅਤੇ ਜੁਗਤਿ ਦੀ ਗੁਰੂ-ਦਾਤ ਨੂੰ ਪਹਿਲਾਂ ਆਪ ਹੰਢਾਉਣ ਅਤੇ ਫਿਰ ਦੂਜਿਆਂ ਤਕ ਇਸ ਅਹਿਸਾਸ ਨੂੰ ਪਹੁੰਚਾਉਣ ਲਈ ਸੰਭਵ ਯਤਨ ਕਰਨ। ਏਸੇ ਨੂੰ "ਆਪਿ ਜਪੈ ਅਵਰਾ ਨਾਮ ਜਪਾਵੈ" ਰਾਹੀਂ ਸਮਝਿਆ ਵੀ ਜਾ ਸਕਦਾ ਹੈ ਅਤੇ ਸਮਝਾਇਆ ਵੀ ਜਾ ਸਕਦਾ ਹੈ। ਇਹ ਸਭ ਕੁਝ ਬਾਣੀ ਨਾਲ ਜੁੜਿਆਂ ਹੀ ਸੰਭਵ ਹੋ ਸਕਦਾ ਹੈ। ਸਿੱਖੀ ਦੀ ਜ਼ਬਾਨ ਵਿਚ ਬਾਣੀ ਨਾਲੋਂ ਟੁਟਣ ਨਾਲ ਅਗਿਆਨੀ ਅਤੇ ਵਿਕਾਰੀ ਸੁਭਾ ਦਾ ਬੋਲਬਾਲਾ ਹੋ ਜਾਂਦਾ ਹੈ। ਮੇਰਾ ਤਾਂ ਇਹ ਕਹਿਣ ਨੂੰ ਵੀ ਜੀਅ ਕਰਦਾ ਹੈ ਕਿ ਜਿਹੜੀ ਗੱਲ ਗੁਰੂ ਨਾਨਕ ਦੇਵ ਜੀ ਨੇ ਬਾਬਰਵਾਣੀ ਦੇ ਹਵਾਲੇ ਨਾਲ ਕਹੀ ਹੈ, ਉਹ ਅੱਜ ਸਿੱਖਾਂ ਤੇ ਪੂਰੀ ਉਤਰਦੀ ਲਗਦੀ ਹੈ। ਸਿੱਖ ਕੌਮ ਨੂੰ ਜਿਨ੍ਹਾਂ ਦੁਸ਼ਵਾਰੀਆਂ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਦੀ ਜੁੰਮੇਵਾਰੀ ਕਿਸੇ ਨ ਕਿਸੇ ਹੱਦ ਤਕ ਸਾਡੇ ਤੇ ਵੀ ਜ਼ਰੂਰ ਆਉਂਦੀ ਹੈ। ਇਹ ਗੱਲ ਮੈਂ "ਪਰਮੇਸਰ ਤੇ ਭੁਲਿਆ ਵਿਆਪਨ ਸਭੇ ਰੋਗ" ਨੂੰ ਧਿਆਨ ਵਿਚ ਰਖ ਕੇ ਕਹਿ ਰਿਹਾ ਹਾਂ। ਤਾਂ ਤੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਡੇ ਅੰਗ ਸੰਗ ਹਨ। ਜੋ ਬਾਣੀ ਤੋਂ ਦੂਰ ਹੈ ਜਾਂ ਸਿੱਖੀ ਦੇ ਫਖਰ ਤੋਂ ਮਹਿਰੂਮ ਹੈ, ਉਸ ਦੇ ਅੰਗ ਸੰਗ ਰਹਿਣ ਦੀ ਆਸ ਗੁਰੂ ਜੀ ਤੋਂ ਕਿਵੇਂ ਕੀਤੀ ਜਾ ਸਕਦੀ ਹੈ? ਜੋ ਗੁਰੂ ਦੀ ਗੁਲਾਮੀ ਨਹੀਂ ਕਰ ਸਕਦਾ, ਉਸ ਨੂੰ ਹੋਰ ਬਹੁਤ ਸਾਰੀਆਂ ਗੁਲਾਮੀਆਂ ਕਰਨੀਆਂ ਪੈ ਸਕਦੀਆਂ ਹਨ। ਏਸੇ ਨੂੰ ਮੈਂ ਹਾਲਾਤ ਦੀ ਗੁਲਾਮੀ ਕਹਿ ਸਕਦਾ ਹਾਂ ਕਿਉਂਕਿ ਹਾਲਾਤ ਦੀ ਗੁਲਾਮੀ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੀ। ਇਹ ਗੁਲਾਮੀ ਕਿਸੇ ਵੀ ਬਹਾਨੇ ਬੰਦੇ ਨੂੰ ਘੇਰਨ ਦੀ ਕੋਸ਼ਿਸ਼ ਲਗਾਤਾਰ ਕਰਦੀ ਰਹਿੰਦੀ ਹੈ। ਇਸ ਤੋਂ ਬਚਣ ਦੀ ਜੁਗਤਿ ਨੂੰ ਹੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦੇ ਰੂਪ ਵਿਚ ਦਸਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਉਮਰ ਦੇ ਇਸ ਪੜਾਅ ਤੇ ਬਾਣੀ ਦੇ ਵਿਦਿਆਰਥੀ ਵਜੋਂ ਮੇਰਾ ਇਹ ਵਿਸ਼ਵਾਸ ਪੱਕਾ ਹੋ ਗਿਆ ਹੈ ਕਿ ਧਰਮ ਤੋਂ ਬਿਨਾਂ ਬਾਕੀ ਸਾਰੀਆਂ ਜੁਗਤਾਂ ਗੁਲਾਮੀ ਨੂੰ ਕਿਸੇ ਦੂਸਰੀ ਗੁਲਾਮੀ ਨਾਲ ਬਦਲਣ ਦਾ ਰਾਹ ਤਾਂ ਦਸਦੀਆਂ ਹਨ ਪਰ ਗੁਲਾਮੀ ਤੋਂ ਮੁਕਤੀ ਦਾ ਰਾਹ ਉਸ ਤਰ੍ਹਾਂ ਨਹੀਂ ਦਸਦੀਆਂ, ਜਿਵੇਂ ਗੁਰਮਤਿ ਵਿਚ ਦਸਿਆ ਹੋਇਆ ਹੈ। ਕੁਲ ਲੋਕਾਈ ਲਈ ਸਾਂਝਾ ਸੰਦੇਸ਼ ਹੋਰਨਾਂ ਮਹਾਪੁਰਸ਼ਾਂ ਨੇ ਵੀ ਦਿਤਾ ਹੈ ਪਰ ਜਿਸ ਤਰ੍ਹਾਂ ਨਾਨਕ ਪਾਤਸ਼ਾਹ ਨੇ ਜੋ ਕਿਹਾ ਹੈ ਅਤੇ ਉਸੇ ਨੂੰ ਜਿਵੇਂ ਆਪ ਜੀਵਿਆ ਸੀ ਅਤੇ ਬੰਦੇ ਵਲੋਂ ਜੀਵੇ ਜਾਣ ਨੂੰ ਧਰਮ ਦੀ ਮੁਢਲੀ ਲੋੜ ਮੰਨਿਆ ਹੈ, ਉਹ ਨਾ ਕੇਵਲ ਵਖਰੇ ਧਰਮ ਦੀ ਸਥਾਪਨਾ ਹੈ, ਸਗੋਂ ਸਾਰੇ ਸਮਿਆਂ ਦੀ ਲੋੜ ਵੀ ਬਣ ਗਿਆ ਹੈ। ਕਿਸੇ ਵੀ ਮਹਾਪੁਰਸ਼ ਦਾ ਸੰਦੇਸ਼ ਤਾਂ ਉਸ ਹੱਦ ਤਕ ਠੀਕ ਹੀ ਹੁੰਦਾ ਹੈ, ਜੇ ਉਹ ਧਾਰਮਿਕ-ਕਟੜਤਾ ਵਾਸਤੇ ਨਹੀਂ ਵਰਤਿਆ ਜਾ ਸਕਦਾ। ਪਰ ਕਿਸੇ ਵੀ ਮਹਾਪੁਰਖ ਦੇ ਪੈਰੋਕਾਰ ਜੇ ਉਸ ਸੰਦੇਸ਼ ਨੂੰ, ਅਮਲ ਵਿਚ ਜਿਊਂ ਸਕਣ ਦੀ ਸਮਰਥਾ ਤੋਂ ਵਿਰਵੇ ਰਹਿ ਜਾਣ ਤਾਂ ਉਹ ਸੰਦੇਸ਼ ਦੀ ਖੂਬਸੂਰਤੀ ਨਾਲੋ ਹੀ ਟੁੱਟ ਜਾਂਦੇ ਹਨ। ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਤਕ ਇਹੋ ਕੁਝ ਵਾਪਰ ਰਿਹਾ ਸੀ। ਇਸ ਵਿਚੋਂ ਬਾਹਰ ਕਢਣ ਲਈ ਗੁਰੂ ਨਾਨਕ ਦੇਵ ਜੀ ਨੇ ਜੋ ਕੁਝ ਕੀਤਾ, ਉਸੇ ਨੂੰ ਸਿੱਖ ਧਰਮ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਗੁਰੂ ਨਾਨਕ ਪਾਤਸ਼ਾਹ ਦਾ ਗੁਰੂ ਕੋਈ ਵਿਅਕਤੀ ਨਹੀਂ ਸੀ, ਸਗੋ ਅਕਾਲ ਪੁਰਖ ਆਪ ਹੀ ਸੀ। ਗੁਰੂ ਨਾਨਕ ਦੇਵ ਜੀ ਜਨਮ ਤੋਂ ਗੁਰੂ ਸਨ। ਅਕਾਲਪੁਰਖ ਵੀ ਗੁਰੂ ਨਾਨਕ ਪਾਤਸ਼ਾਹ ਵਾਸਤੇ ਅਜਿਹੀ ਸ਼ਕਤੀ ਨਹੀਂ ਸੀ, ਜਿਸ ਤਕ ਜਿਊਂਦੇ ਜੀਅ ਪਹੁੰਚਿਆ ਹੀ ਨਾ ਜਾ ਸਕਦਾ ਹੋਵੇ। ਇਹ ਗੱਲ ਉਨ੍ਹਾਂ ਨੇ ਪਹਿਲਾਂ ਮੂਲ ਮੰਤਰ ਵਿਚ ਹੀ ਸਪਸ਼ਟ ਕਰ ਦਿਤੀ ਹੈ। ਫਿਰ ਇਹ ਵੀ ਕਹਿ ਦਿਤਾ ਹੈ ਕਿ "ਗੁਰੂ ਨਾਨਕ ਕਾ ਪਾਤਸ਼ਾਹ ਦਿਸੈ ਜਾਹਰਾ ਜੀਉ॥" ਇਹੀ ਗੱਲ ਉਸ ਵੇਲੇ ਹੋਰ ਵੀ ਸਪਸ਼ਟ ਹੋ ਜਾਂਦੀ ਹੈ ਜਦੋਂ ਉਨ੍ਹਾਂ ਨੇ ਸਿੱਧ ਗੋਸ਼ਟਿ ਵਿਚ ਸਿਧਾਂ ਜੋਗੀਆਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਆਪ ਹੀ ਕਿਹਾ ਹੈ ਕਿ ਉਨ੍ਹਾਂ ਦਾ ਗੁਰੂ, ਸ਼ਬਦ (ਬਾਣੀ) ਹੈ ਅਤੇ ਇਹ ਰਿਸ਼ਤਾ ਉਨ੍ਹਾਂ ਨੇ ਸ਼ਬਦ ਵਿਚ ਸੁਰਤ ਜੋੜ ਕੇ ਪ੍ਰਾਪਤ ਕੀਤਾ ਹੈ। ਸੋ ਇਸ ਵਿਚੋਂ ਗੁਰੂ-ਸੰਦੇਸ਼ ਉਹੀ ਹੈ, ਜਿਸ ਬਾਰੇ ਅਰਦਾਸ ਕਰਦਿਆਂ, ਹਰ ਸਿੱਖ ਤੋਂ ਇਹ ਚੇਤਾ ਰਖਣ ਦੀ ਆਸ ਕੀਤੀ ਜਾਂਦੀ ਹੈ ਕਿ "ਦਸਾਂ ਪਾਤਸ਼ਾਹੀਆਂ ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ" ਦਾ ਧਿਆਨ ਧਰ ਕੇ ਹੀ ਜਿਊਣਾ ਹੈ। ਲੋਕ ਸਿਮਰਤੀ ਵਿਚ ਇਹ ਵੀ ਮੰਨਿਆ ਜਾਂਦਾ ਰਿਹਾ ਹੈ ਕਿ ਗੁਰੂ ਬਿਨਾਂ ਗਤਿ ਨਹੀਂ ਹੈ। ਜੋਗੀਆਂ ਦਾ ਸਾਰਾ ਅਡੰਬਰ ਗੁਰੂ ਧਾਰਨ ਦੀ ਲੋੜ ਨੂੰ ਲੈ ਕੇ ਨਾਨਕ ਹਜ਼ੂਰ ਨੂੰ ਨਿਗੁਰਾ ਦਸਣ ਲਈ ਹੀ ਕੀਤਾ ਜਾ ਰਿਹਾ ਜਾਪਦਾ ਹੈ। ਇਸੇ ਲਈ ਉਨ੍ਹਾਂ ਦਾ ਇਹ ਸਵਾਲ ਸੀ:

ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ॥

ਦੋਹਾਂ ਹੀ ਸਵਾਲਾਂ ਦਾ ਇਕੱਠਾ ਜਵਾਬ ਦਿੰਦਿਆਂ ਗੁਰੂ ਜੀ ਨੇ ਕਿਹਾ ਹੈ ਕਿ ਸ਼ਬਦ ਉਨ੍ਹਾਂ ਦਾ ਸ਼ਬਦ-ਗੁਰੂ ਹੈ ਅਤੇ ਸ਼ਬਦ ਵਿਚ ਸੁਰਤੀ ਦਾ ਲਗਾਤਾਰ ਟਿਕਣਾ, ਇਹ ਚੇਲਾ ਹੈ:

ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ॥ (943)

ਇਸ ਤਰ੍ਹਾਂ ਨਿਰਸੰਦੇਹ ਉਹ ਜਨਮ ਤੋਂ ਗੁਰੂ ਸਨ ਪਰ ਇਸ ਗੱਲ ਦਾ ਐਲਾਨ ਉਨ੍ਹਾਂ ਨੇ ਉਨਾ ਚਿਰ ਨਹੀਂ ਕੀਤਾ, ਜਿੰਨਾ ਚਿਰ ਉਹ ਇਸ ਅਵਸਥਾ ਨੂੰ ਵਿਧੀ ਵਿਚ, ਅਮਲ ਰਾਹੀਂ ਪ੍ਰਗਟ ਨਹੀਂ ਕਰ ਸਕੇ ਸਨ। ਉਨ੍ਹਾਂ ਨੇ ਆਪਣੇ ਗੁਰੂ-ਮਿਸ਼ਨ ਦਾ ਐਲਾਨ ਵੀ ਵਖਰੇ ਢੰਗ ਨਾਲ ਕੀਤਾ ਸੀ ਅਤੇ ਇਹ ਵੇਈਂ ਨਦੀ ਪਰਵੇਸ਼ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਕੇਵਲ ਇੰਨਾ ਹੀ ਕਿਹਾ ਕਿ ਧਰਮ ਜਨਮ ਤੋਂ ਨਹੀਂ ਹੁੰਦਾ:

ਨ ਕੋ ਹਿੰਦੂ ਨ ਕੋ ਮੁਸਲਮਾਨ॥

ਇਸ ਨੂੰ ਖਾਲਸਾ ਪੰਥ ਨੇ ਤੀਸਰ ਪੰਥ ਦੇ ਰੂਪ ਵਿਚ ਵੀ ਵੇਖਿਆ ਹੈ ਪਰ ਅੱਜ ਦੇ ਸਮੇਂ ਵਿਚ, ਜਦੋਂ ਖਾਲਸਾ ਪੰਥ ਖਾਸ ਕਰ ਕੇ, ਅਤੇ ਸਿੱਖ ਭਾਈਚਾਰਾ ਆਮ ਕਰ ਕੇ ਪਤਿਤਪੁਣੇ ਦੀ ਸਮਸਿਆ ਵਿਚ ਘਿਰਿਆ ਹੋਇਆ ਹੈ, ਤਾਂ ਇਹੀ ਸੰਦੇਸ਼ ਇਕ ਭਵਿਖਮੁਖੀ ਵੰਗਾਰ ਦੀ ਭੂਮਿਕਾ ਵੀ ਨਿਭਾ ਰਿਹਾ ਪ੍ਰਤੀਤ ਹੁੰਦਾ ਹੈ। ਇਹੋ ਕਹਿਣ ਦਾ ਯਤਨ ਇਥੇ ਕੀਤਾ ਜਾ ਰਿਹਾ ਹੈ ਕਿ ਗੁਰੂ ਜੀ ਦਾ ਸੰਦੇਸ਼ ਸ਼ਬਦ ਰੂਪ ਵਿਚ ਪ੍ਰਾਪਤ ਹੈ ਅਤੇ ਇਸ ਦਾ ਲਾਹਾ ਸੁਰਤਿ ਨੂੰ ਸ਼ਬਦ ਨਾਲ ਜੋੜਿਆਂ ਹੀ ਪ੍ਰਾਪਤ ਹੋ ਸਕਦਾ ਹੈ। ਪਤਿਤਪੁਣੇ ਦੀ ਵਬਾਅ, ਬਾਣੀ (ਸ਼ਬਦ) ਨਾਲੋਂ ਟੁਟਣ ਕਾਰਣ ਹੀ ਫੈਲੀ ਹੈ ਅਤੇ ਇਸ ਤੋਂ ਬਾਣੀ ਨਾਲ ਜੁੜ ਕੇ ਹੀ ਬਚਿਆ ਜਾ ਸਕਦਾ ਹੈ। ਗੁਰੂ ਨਾਨਕ ਪਾਤਸ਼ਾਹ ਦੇ ਗੁਰਪੁਰਬ ਤੇ ਜੇ ਇਹ ਸੰਦੇਸ਼ ਦਿਲਾਂ ਵਿਚ ਵਸਾ ਲਿਆ ਜਾਵੇ ਤਾਂ ਸਿੱਖ, ਸਿੱਖ ਹੋਣ ਦੇ ਫਖਰ ਦਾ ਵਾਰਸ ਕਹਾਉਣ ਦਾ ਅਧਿਕਾਰੀ ਵੀ ਹੋ ਸਕਦਾ ਹੈ ਅਤੇ ਗੁਰੂ ਦੇ ਸੰਦੇਸ਼ ਨੂੰ ਲੋੜਵੰਦਾਂ ਤਕ ਲੈ ਕੇ ਜਾਣ ਦੀ ਜੁੰਮੇਵਾਰੀ ਵੀ ਨਿਭਾ ਸਕਦਾ ਹੈ।

ਇਹ ਖੁਸ਼ੀ ਦੀ ਗੱਲ ਹੈ ਕਿ ਸਿੱਖ ਸਾਰੀ ਦੁਨੀਆਂ ਵਿਚ ਫੈਲ ਗਏ ਹਨ ਅਤੇ ਇਸ ਨਾਲ ਸਿੱਖੀ ਦਾ ਸੰਦੇਸ਼ ਸਾਰੀ ਦੁਨੀਆਂ ਵਿਚ ਕਿਸੇ ਨਾ ਕਿਸੇ ਢੰਗ ਨਾਲ ਪਹੁੰਚ ਵੀ ਗਿਆ ਹੈ। ਇਸ ਤਰ੍ਹਾਂ ਵਿਦੇਸ਼ਾਂ ਵਿਚ ਵਸਦਾ ਹਰ ਸਿੱਖ ਸਿੱਖੀ ਦਾ ਰਾਜਦੂਤ ਹੋ ਗਿਆ ਹੈ। ਜਿਥੇ ਰਾਜਦੂਤ ਹੋਵੇਗਾ, ਉਥੇ ਸਿੱਖੀ ਬਾਰੇ ਪੁਛਣ ਵਾਲੇ ਵੀ ਪੈਦਾ ਹੋ ਜਾਣਗੇ। ਤਾਂ ਤੇ ਇਹ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿ ਹਰ ਸਿੱਖ ਸਿੱਖੀ ਬਾਰੇ ਦੂਜਿਆਂ ਨੂੰ ਦਸ ਸਕਣ ਦੀ ਸਮਰਥਾ ਵੀ ਹਾਸਲ ਕਰੇ ਅਤੇ ਸਿੱਖੀ ਸਰੂਪ ਨਾਲ ਨਿਭਣ ਲਈ ਲੋੜੀਂਦੀ ਦ੍ਰਿੜ੍ਹਤਾ ਅਤੇ ਆਪਣੇ ਅੰਦਰ ਫਖਰ ਵੀ ਪੈਦਾ ਕਰੇ। ਇਹ ਗੱਲ ਸਾਨੂੰ ਆਪੋ-ਆਪਣੇ ਘਰਾਂ ਤੋਂ ਅਤੇ ਆਪੋ-ਆਪਣੇ ਬੱਚਿਆਂ ਤੋਂ ਸ਼ੁਰੂ ਕਰ ਲੈਣੀ ਚਾਹੀਦੀ ਹੈ। ਅਮਰੀਕਨ ਸਿੰਘਾਂ ਨੂੰ ਵੇਖ ਕੇ ਮੈਨੂੰ ਵਿਸ਼ਵਾਸ਼ ਹੋ ਗਿਆ ਹੈ ਕਿ ਪੱਛਮੀ ਦੇਸ਼ਾਂ ਵਿਚ ਸਿੱਖੀ ਸਰੂਪ ਦੀ ਪਾਲਨਾ ਏਨੀ ਔਖੀ ਨਹੀਂ ਹੈ, ਜਿੰਨੀ ਬਹੁਤੇ ਸਿੱਖਾਂ ਨੇ ਸਮਝ ਲਈ ਹੈ।

ਦੁਨੀਆਂ ਦਿਨੋ-ਦਿਨ ਬਹੁਤ ਛੋਟੀ ਹੁੰਦੀ ਜਾ ਰਹੀ ਹੈ ਅਤੇ ਇਸੇ ਲਈ ਦੁਨੀਆਂ ਨੂੰ ਗਲੋਬਲ ਪਿੰਡ ਕਿਹਾ ਜਾਣ ਲੱਗਾ ਹੈ। ਸੌੜੀ ਬਿਰਤੀ ਵਾਲੇ ਭਾਈਚਾਰਿਆਂ ਨੂੰ ਸ਼ੱਕ ਨਾਲ ਵੇਖਿਆ ਜਾਣ ਲਗ ਪਿਆ ਹੈ। ਜੇ ਇਸ ਸੌੜੀ ਬਿਰਤੀ ਦੀ ਕੋਈ ਧਰਮ ਵਕਾਲਤ ਕਰਦਾ ਹੈ, ਤਾਂ ਉਸ ਨੂੰ ਵੀ ਵਰਤਮਾਨ ਵਿਚ ਬਹੁਤੀ ਇੱਜ਼ਤ ਨਾਲ ਨਹੀਂ ਵੇਖਿਆ ਜਾਂਦਾ। ਇਹ ਖੁਸ਼ੀ ਦੀ ਗੱਲ ਹੈ ਕਿ ਕਿਸੇ ਸਿੱਖ ਨੂੰ ਆਪਣੇ ਧਰਮ ਨੂੰ ਲੈ ਕੇ ਕਸੂਤੇ ਸਵਾਲਾਂ ਦੇ ਜਵਾਬ ਨਹੀਂ ਦੇਣੇ ਪੈਂਦੇ। ਸਿੱਖਾਂ ਦੀ ਸਿੱਖਿਆ ਅਤੇ ਸਿੱਖਾਂ ਦਾ ਇਤਿਹਾਸ, ਗੈਰਸਿੱਖਾਂ ਲਈ ਦਿਲਚਸਪੀ ਦਾ ਵਿਸ਼ਾ ਵੀ ਬਣਦਾ ਜਾ ਰਿਹਾ ਹੈ। ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿਚ ਜੁਲਾਈ 2004 ਵਿਚ ਦੁਨੀਆਂ ਦੇ ਧਰਮਾਂ ਦੀ ਹੋਈ ਪਾਰਲੀਮੈਂਟ ਵਿਚ ਲਿਆ ਗਿਆ ਮੂਲ ਵਿਸ਼ਾ ਜਪੁਜੀ ਸਾਹਿਬ ਦੀਆਂ 'ਸੁਣੀਐ' ਅਤੇ 'ਮੰਨੀਐ' ਦੀਆਂ ਪੌੜੀਆਂ ਨਾਲ ਬਹੁਤ ਮਿਲਦਾ ਜੁਲਦਾ ਸੀ। ਸਾਡੇ ਸਹਿਯੋਗ ਤੋਂ ਬਿਨਾਂ ਵਾਪਰ ਰਹੀਆਂ ਇਹੋ ਜਿਹੀਆਂ ਘਟਨਾਵਾਂ ਨੂੰ ਲੈ ਕੇ ਕਿਹਾ ਜਾ ਸਕਦਾ ਹੈ ਕਿ ਸਿੱਖੀ ਦਾ ਸੁਪਨਾ ਸਾਕਾਰ ਹੁੰਦਾ ਨਜ਼ਰ ਆ ਰਿਹਾ ਹੈ। ਇਸ ਦੀ ਅਹਿਮੀਅਤ ਉਸ ਵੇਲੇ ਹੋਰ ਵੀ ਵਧ ਲਗਣ ਲਗ ਪੈਂਦੀ ਹੈ, ਜਦੋਂ ਇਹ ਧਿਆਨ ਵਿਚ ਆਉਂਦਾ ਹੈ ਕਿ 2004 ਦਾ ਸਾਲ ਸ਼ਬਦ-ਗੁਰੂ ਦੀ ਸ਼ਤਾਬਦੀ ਦਾ ਸਾਲ ਸੀ। ਇਹ ਕੋਈ ਲੁਕੀ ਛਿਪੀ ਗੱਲ ਨਹੀਂ ਕਿ ਦੁਨੀਆਂ ਦੇ ਧਰਮਾਂ ਦੀ ਪਾਰਲੀਮੈਂਟ ਨੂੰ ਇਹ ਵਿਸ਼ਾ ਕਿਸੇ ਸਿੱਖ ਨੇ ਜਾਂ ਜਪੁਜੀ ਸਾਹਿਬ ਦੇ ਜਾਣਕਾਰ ਨੇ ਨਹੀਂ ਸੁਝਾਇਆ ਸੀ। ਪਾਰਲੀਮੈਂਟ ਦੇ ਪ੍ਰਬੰਧਕ ਤਾਂ ਸੁਣਨ ਦੀ ਸਿਆਣਪ ਅਤੇ ਵਚਨਬਧਤਾ ਦੀ ਸ਼ਕਤੀ ਨੂੰ ਸੰਸਾਰ ਵਿਚ ਅਮਨ ਦੀ ਸਥਾਪਤੀ ਦੇ ਵਸੀਲੇ ਵਜੋਂ ਹੀ ਲੈਂਦੇ ਜਾਪਦੇ ਸਨ ਪਰ ਇਸ ਨਾਲ ਗੁਰੂ ਨਾਨਕ ਦੇਵ ਦੇ ਸੰਦੇਸ਼ ਦੀ ਗੱਲ ਕਰਨ ਦਾ ਮੌਕਾ ਜ਼ਰੂਰ ਪੈਦਾ ਹੋ ਗਿਆ ਸੀ। ਇਸ ਦਾ ਲਾਹਾ ਸਿੱਖੀ ਦੇ ਵਾਰਸਾਂ ਕੋਲੋਂ ਉਨਾ ਨਹੀਂ ਲਿਆ ਗਿਆ ਜਿੰਨਾ ਲਿਆ ਜਾ ਸਕਦਾ ਸੀ। ਇਸ ਲਈ ਗੁਰੂ ਨਾਨਕ ਦੇਵ ਦੇ ਨਾਮਲੇਵਿਆਂ ਦਾ ਫਰਜ਼ ਹੈ ਕਿ ਉਹ ਦੁਨੀਆਂ ਨੂੰ ਦਸਣ ਕਿ ਸਿੱਖੀ ਵਿਚ ਇਹ ਵਿਸ਼ਾ, ਸਿਧਾਂਤ ਰੂਪ ਵਿਚ, ਸਿੱਖਾਂ ਦੇ ਨਿਤ ਨੇਮ ਵਜੋਂ ਪ੍ਰਾਪਤ ਹੈ। ਜਿਹੜੀਆਂ ਕੌਮਾਂ ਮਿਲੇ ਹੋਏ ਮੌਕਿਆਂ ਦਾ ਲਾਭ ਨਹੀਂ ਉਠਾ ਸਕਦੀਆਂ, ਉਹ ਸਮੇਂ ਨਾਲ ਪੈਰ ਮਿਲਾ ਕੇ ਨਹੀਂ ਤੁਰ ਸਕਦੀਆਂ। ਸਮੇਂ ਦੇ ਹਾਣ ਦਾ ਹੋ ਕੇ ਚਲਣ ਲਈ ਸਾਨੂੰ ਗੁਰੂ ਨਾਨਕ ਦੇਵ ਦਾ ਸੰਦੇਸ਼ ਪਹਿਲਾਂ ਆਪਣੇ ਪਰਿਵਾਰ ਨਾਲ ਸਾਂਝਾ ਕਰਨਾ ਚਾਹੀਦਾ ਹੈ। ਫਿਰ ਸਿੱਖ ਭਾਈਚਾਰੇ ਨਾਲ ਸਾਂਝਾ ਕਰਨਾ ਚਾਹੀਦਾ ਹੈ। ਫਿਰ ਜਿਸ ਸਮਾਜ ਵਿਚ ਅਸੀਂ ਰਹਿ ਰਹੇ ਹਾਂ, ਉਸ ਸਮਾਜ ਨਾਲ ਸਾਂਝਾ ਕਰਨ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ। ਇਸੇ ਵਿਚ ਅਸੀਂ ਗੁਰੂ-ਮੁਖ ਹੋ ਕੇ ਤੁਰਨ ਦਾ ਸ਼ਰਫ ਹਾਸਲ ਕਰ ਸਕਾਂਗੇ ਅਤੇ ਪੰਥਕ-ਵਿਰਾਸਤ ਦੇ ਵਾਰਸ ਹੋ ਸਕਣ ਦਾ ਬਿਰਦ ਪਾਲਣ ਦੀ ਕੋਸ਼ਿਸ਼ ਕਰ ਰਹੇ ਹੋਵਾਂਗੇ।

# ਮਹਾਨ ਸੰਗੀਤਕਾਰ ਗੁਰੂ ਨਾਨਕ ਦੇਵ ਜੀ

**ਗੁਰਪਿੰਦਰ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁੱਲ 19 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਉਨ੍ਹਾਂ ਨੇ ਭਾਈ ਮਰਦਾਨੇ ਨੂੰ ਆਪਣੇ ਨਾਲ ਕੀਰਤਨ ਦਾ ਸਾਥੀ ਬਣਾਇਆ। ਮਰਦਾਨਾ ਤੰਤੀ ਸਾਜ਼ ਰਬਾਬ ਵਜਾਉਂਦਾ ਸੀ। ਇਕ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਨੂੰ ਜਦੋਂ ਕਿਸੇ ਵਿਸ਼ੇਸ਼ ਰਾਗ ਵਿਚ ਬਾਣੀ ਰਚਣ ਦੀ ਇੱਛਾ ਹੁੰਦੀ ਤਾਂ ਉਹ ਮਰਦਾਨੇ ਨੂੰ ਕਹਿੰਦੇ, 'ਮਰਦਾਨਿਆਂ ਰਬਾਬ ਵਜਾ, ਬਾਣੀ ਆਈ ਹੈ।' ਮਰਦਾਨਾ ਉਨ੍ਹਾਂ ਦੇ ਆਦੇਸ਼ ਅਨੁਸਾਰ ਉਸੇ ਰਾਗ ਵਿਚ ਰਬਾਬ ਵਜਾਉਣ ਲੱਗ ਪੈਂਦਾ ਜਿਸ ਨਾਲ ਸਾਰੇ ਵਾਤਾਵਰਣ ਵਿਚ ਉਸ ਰਾਗ ਦਾ ਸਰੂਪ ਬਣ ਜਾਂਦਾ ਸੀ। ਫਿਰ ਗੁਰੂ ਨਾਨਕ ਮਗਨ ਹੋ ਕੇ ਬਾਣੀ ਉਚਾਰਨ ਲੱਗ ਪੈਂਦੇ। ਗੁਰੂ ਜੀ ਨੇ ਆਪਣੀਆਂ ਰਚਨਾਵਾਂ ਨੂੰ ਰਾਗਧਾਰਾ ਵਿਚ ਪ੍ਰਚਲਿਤ ਕਈ ਪੱਖਾਂ ਦੇ ਆਧਾਰ 'ਤੇ ਰਚਿਆ ਅਤੇ ਨਿਵੇਕਲੀ ਸੰਗੀਤਕ ਰਾਗਧਾਰਾ ਨੂੰ ਭਗਤੀ ਰਚਨਾਵਾਂ ਨਾਲ ਜੋੜ ਕੇ ਪੇਸ਼ ਕੀਤਾ, ਜਿਵੇਂ ਸਥਾਨਕ ਰਾਗ, ਹਿੰਦੂਆਂ ਅਤੇ ਮੁਸਲਮਾਨਾਂ ਦੇ ਰਾਗ, ਅਲੱਗ-ਅਲੱਗ ਜਾਤੀਆਂ ਨਾਲ ਸਬੰਧਤ ਰਾਗ, ਮੱਧਕਾਲ ਦੇ ਜ਼ਿਆਦਾ ਪ੍ਰਚਲਿਤ ਰਾਗ, ਅਪ੍ਰਚਿਲਤ ਰਾਗ। ਉਨ੍ਹਾਂ ਮੱਧਕਾਲੀਨ ਸੰਗੀਤਕ ਸ਼ੈਲੀਆਂ ਦੇ ਆਧਾਰ 'ਤੇ ਰਾਗਾਂ ਦੀ ਚੋਣ ਕੀਤੀ ਅਤੇ ਲੋਕ ਪੱਖ ਵਿਚ ਰਾਗਾਂ ਦੇ ਅਧੀਨ ਹੀ ਰਚਨਾਵਾਂ ਲਿਖਿਆ, ਜਿਵੇਂ ਬਾਰਾਮਾਂਹ, ਥਿਤੀ, ਪਹਿਰੇ, ਸੋਦਰ, ਅਲਾਹੁਣੀਆਂ, ਕੁਚੱਜੀ, ਸੁਚੱਜੀ, ਆਰਤੀ, ਵਾਰਾਂ ਆਦਿ।

ਗੁਰੂ ਨਾਨਕ ਸੰਗੀਤ ਪ੍ਰਤੀ ਇੰਨੇ ਗਿਆਨਵਾਨ ਸਨ ਕਿ ਉਨ੍ਹਾਂ ਨੇ ਉਸ ਸਮੇਂ ਦੇ ਗਾਇਨ ਰੂਪ ਅਨੁਸਾਰ ਇਕ ਸ਼ਬਦ ਵਿਚ ਗਾਇਨ ਦੇ ਭਾਗ-ਸਥਾਈ, ਅੰਤਰਾ ਲਈ ਰਹਾਓ, ਅੰਕ ਆਦਿ ਵਰਤਿਆ। ਤਾਲ ਅਤੇ ਕਿਸੇ ਖਾਸ ਸੁਰ ਸੰਗਤ ਵਿਚ ਕਿਸੇ ਵਿਸ਼ੇਸ਼ ਸ਼ਬਦ ਨੂੰ ਗਾਉਣ ਲਈ ਘਰ, ਧੁਨੀ, ਸ਼ਬਦ ਅੰਕਿਤ ਕੀਤੇ। ਇਸ ਪ੍ਰਕਾਰ ਗੁਰੂ ਨਾਨਕ ਨੇ ਸੰਗੀਤ ਪ੍ਰਤੀ ਸਮੁੱਚਾ ਪ੍ਰਬੰਧ ਰਾਗਧਾਰਾ 'ਤੇ ਆਧਾਰਤ ਮੰਨ ਕੇ ਭਾਰਤੀ ਰਾਗਧਾਰਾ ਨੂੰ ਕਿਵੇਂ ਜੀਵਤ ਰੱਖਿਆ, ਇਹ ਸਾਰਾ ਪ੍ਰਬੰਧ ਰਾਗਧਾਰਾ ਅਧੀਨ ਗੁਰੂ ਜੀ ਨੇ ਕਿਵੇਂ ਸਮਾਜਿਕ, ਵਿਗਿਆਨਿਕ ਅਤੇ ਧੁਨੀ ਭਾਸ਼ਾ ਦੇ ਆਧਾਰ 'ਤੇ ਸਮਝਿਆ ਅਤੇ ਭਗਤੀ ਸੰਗੀਤ ਨੂੰ ਵੱਖਰੀ ਤੇ ਨਿਵੇਕਲੀ ਧਾਰਾ ਵਿਚ ਪਰੋਇਆ, ਇਸ ਨੂੰ ਸਮਝਣ ਦੀ ਲੋੜ ਹੈ।

ਭਾਰਤੀ ਰਾਗਧਾਰਾ ਦਾ ਨਿਰਮਾਣ ਪੌਰਾਣਿਕ ਦ੍ਰਿਸ਼ਟੀ ਤੋਂ ਸ਼ਿਵ, ਲੱਛਮੀ, ਨਾਰਦ ਆਦਿ ਤੋਂ ਮੰਨਿਆ ਗਿਆ ਹੈ। ਭਾਰਤੀ ਗ੍ਰੰਥਾਂ ਵਿਚ ਸੰਗੀਤ ਸਬੰਧੀ ਗਿਆਨ ਸਭ ਤੋਂ ਪਹਿਲਾਂ ਸਾਮਦੇਵ ਵਿਚ ਹੀ ਉਪਲਬਧ ਹੈ। ਭਰਤ ਮੁਨੀ ਨੇ ਨਾਟਯ ਸ਼ਾਸਤਰ ਵਿਚ ਨਾਟ, ਨ੍ਰਿਤ ਅਤੇ ਸੰਗੀਤ ਬਾਰੇ ਵਿਸ਼ਲੇਸ਼ਣ ਜ਼ਰੂਰ ਕੀਤਾ ਹੈ ਪਰ ਸੰਗੀਤ ਦੀ ਸ਼ਾਸਤਰਬੱਧ ਵਿਆਖਿਆ ਇਸ ਗ੍ਰੰਥ ਵਿਚ ਵੀ ਪੂਰੀ ਤਰ੍ਹਾਂ ਪ੍ਰਾਪਤ ਨਹੀਂ ਹੁੰਦੀ। ਸਨਾਤਨੀ ਕਾਲ (600-500 ਈਸਾ ਪੂਰਬ) ਵਿਚ ਜਾਂ ਤਕਰੀਬਨ ਰਮਾਇਣ ਸਮੇਂ ਮਹਾਂਕਾਵਿ ਰਾਗਾਂ ਵਿਚ ਨਹੀਂ ਰਚੇ ਗਏ। ਵੇਦ ਅਤੇ ਇਹ ਮਹਾਂਕਾਵਿ ਰਾਗ ਪ੍ਰਬੰਧ ਦੀ ਥਾਂ ਕਾਵਿ ਰੂਪਾਂ ਵਿਚ ਲਿਖੇ ਗਏ ਹਨ। ਸਾਨੂੰ ਸਾਰੰਗ ਦੇਵ ਦਾ ਸ਼ਾਸਤਰਬਧ ਗ੍ਰੰਥ (1210 ਤੋਂ 1247) 'ਸੰਗੀਤ ਰਤਨਾਕਾਰ' 13ਵੀਂ ਸਦੀ ਵਿਚ ਹੀ ਮਿਲਦਾ ਹੈ। ਇਸ ਤੋਂ ਬਾਅਦ ਸੁਦਾ ਕੈਲਾਸ਼ (1324) ਦੇ ਸੰਗੀਤ 'ਉਪਨਿਸ਼ਦ' ਅਤੇ 'ਸੰਗੀਤ ਉਪਨਿਸ਼ਦਾਰ' ਗ੍ਰੰਥ ਸੰਗੀਤ ਬਾਰੇ ਪ੍ਰਾਪਤ ਹਨ। 15ਵੀਂ ਸਦੀ ਯਾਨਿ 1450 ਵਿਚ ਰਾਣਾ ਕੁੰਭਕਰਨ ਮਹੀਮਿੰਦੂ ਨੇ 'ਗਸੀਕ ਧਰੀਯ', 'ਸੰਗੀਤ ਮਿਮਾਸਾ' ਅਤੇ 'ਸੰਗੀਤ ਰਾਜ' ਗ੍ਰੰਥ ਲਿਖੇ। ਇਸ ਪ੍ਰਕਾਰ ਗੁਰੂ ਨਾਨਕ ਦੇ ਸਮੇਂ ਤੱਕ ਰਾਗਾਂ ਦੀਆਂ ਪਰਿਭਾਸ਼ਾਵਾਂ ਅਤੇ ਸੰਗੀਤ ਨਾਲ ਸਬੰਧਤ ਕਈ ਗ੍ਰੰਥ ਲਿਖੇ ਗਏ ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਜੀ ਵੀ ਇਨ੍ਹਾਂ ਸੰਗੀਤਕ ਗ੍ਰੰਥਾਂ ਤੋਂ ਪ੍ਰਭਾਵਤ ਹੋਏ ਹੋਣਗੇ।

ਜੋਗੀਆਂ ਦਾ ਕਾਵਿ ਸਾਹਿਤ, ਕਾਵਿ ਰੂਪਾਂ ਵਿਚ ਰਚਿਤ ਹੋਣ ਦੇ ਨਾਲ-ਨਾਲ ਰਾਗ ਆਧਾਰਤ ਹੀ ਉਪਲਬਧ ਹੈ। ਜੈ ਦੇਵ ਨੇ ਆਪਣਾ ਕਾਵਿ ਗ੍ਰੰਥ 'ਗੀਤ ਗੋਬਿੰਦ' ਰਾਗਾਂ ਦੇ ਆਧਾਰ 'ਤੇ ਹੀ ਲਿਖਿਆ। ਇਸੇ ਤਰ੍ਹਾਂ ਪੰਜਾਬੀ ਵਿਚ ਸ਼ੇਖ਼ ਫਰੀਦ ਦੀ ਬਾਣੀ ਵੀ ਰਾਗਾਂ ਅਨੁਸਾਰ ਹੈ। ਭਗਤ ਕਵੀ ਰਵਿਦਾਸ, ਨਾਮਦੇਵ, ਕਬੀਰ ਦੀ ਬਾਣੀ ਵੀ ਰਾਗਾਂ ਅਨੁਸਾਰ ਹੀ ਹੈ। ਇਸੇ ਯੁੱਗ ਵਿਚ ਕਾਵਿ ਅਤੇ ਰਾਗ ਦੇ ਸੁਮੇਲ ਦੇ ਨਾਲ-ਨਾਲ ਕੀਰਤਨ ਦਾ ਸੰਕਲਪ ਹੋਂਦ ਵਿਚ ਆ ਗਿਆ ਸੀ। ਗੁਰੂ ਜੀ ਨੇ ਭਗਤੀ ਧਾਰਾ ਦੀ ਪਰੰਪਰਾ ਤੋਂ ਰਾਗ ਅਤੇ ਕੀਰਤਨ ਦਾ ਸੰਕਲਪ ਤਾਂ ਲਿਆ ਸੀ ਪਰ ਉਨ੍ਹਾਂ ਦੇ ਰਾਗ ਅਤੇ ਕੀਰਤਨ ਦੇ ਸੰਕਲਪ ਦੀ ਪਰੰਪਰਾ ਨੂੰ ਪਰੰਪਰਾਗਤ ਰੂਪ ਵਿਚ ਰੱਖਣ ਦੀ ਥਾਂ ਇਸ ਵਿਚ ਪਰਿਵਰਤਨ ਲਿਆਂਦਾ।

14ਵੀਂ ਅਤੇ 15ਵੀਂ ਸਦੀ ਵਿਚ ਵਿਸ਼ੇਸ਼ ਕਰਕੇ, ਉਤਰੀ ਭਾਰਤੀ ਵਿਚ ਸ਼ਾਸਤਰਬੱਧ ਰਾਗਾਂ ਦਾ ਪ੍ਰਬੰਧ ਢਿੱਲਾ ਪੈਣ ਲੱਗ ਗਿਆ ਸੀ। ਸੂਫ਼ੀ ਲੋਕ ਤਾਂ ਭਾਰਤੀ ਸੱਭਿਆਚਾਰ ਦੇ ਬਹੁਤ ਹੀ ਨੇੜੇ ਜਾ ਚੁੱਕੇ ਸਨ ਕਿਉਂਕਿ ਇਸ ਸਮੇਂ ਵਿਚ ਉਤਰੀ ਭਾਰਤ ਵਿਚ ਮੁਸਲਿਮ ਸੱਭਿਆਚਾਰ ਦਾ ਪ੍ਰਭਾਵ ਭਾਰਤੀ ਜੀਵਨ ਅਤੇ ਕਲਾ ਉਤੇ ਪੈਣ ਲੱਗ ਪਿਆ ਸੀ। ਭਾਰਤੀ ਮੁਸਲਿਮ ਸਭਿਆਚਾਰ ਦੀ ਸਾਂਝ ਤੋਂ ਬਿਨਾ ਉਤਰੀ ਭਾਰਤ ਵਿਚ ਭਗਤੀ ਧਾਰਾ ਨੇ ਰਾਗਾਂ ਦੇ ਸ਼ਾਸਤਰਬੱਧ ਪ੍ਰਬੰਧ ਵਿਚ ਵਿਸ਼ੇਸ਼ ਕ੍ਰਾਂਤੀ ਲਿਆਂਦੀ। ਗੁਰੂ ਨਾਲਕ ਨੇ ਪੰਜਾਬ ਦੇ ਵਾਸੀ ਹੋਣ ਕਰਕੇ ਭਾਰਤੀ ਰਾਗਾਂ ਨੂੰ ਪੰਜਾਬ ਦੇਸ਼ ਅਤੇ ਪੰਜਾਬੀ ਭਾਸ਼ਾ ਦੇ ਸੁਭਾਅ ਅਨੁਸਾਰ ਕਰ ਲਿਆ। ਰਾਗਾਂ ਨੂੰ ਆਪਣੇ ਦੇਸ਼ ਦੇ ਸੁਭਾਅ ਅਨੁਕੂਲ ਢਾਲ ਲੈਣਾ ਅਸਲ ਵਿਚ ਕਲਾ ਦੀ ਬੁਨਿਆਦੀ ਵਿਗਿਆਨਕ ਸੱਚਾਈ ਨੂੰ ਹੀ ਪਾਲਣਾ ਹੈ। ਗੁਰੂ ਜੀ ਨੇ ਸੰਗੀਤ ਦੀ ਸ਼ਾਸਤਰਬੱਧ ਪਰੰਪਰਾ ਨੂੰ ਆਪਣੇ ਦੇਸ਼ ਦੇ ਵਾਤਾਵਰਣ ਅਨੁਕੂਲ ਢਾਲ ਕੇ ਲੋਕ ਪੱਧਰ 'ਤੇ

*(ਬਾਕੀ ਅਗਲੇ ਸਫੇ 'ਤੇ)*

ਲਿਆਂਦਾ। ਇਸੇ ਤਰ੍ਹਾਂ ਹੀ ਗੁਰੂ ਜੀ ਮੌਲਿਕ ਰਾਗ 'ਮਾਝ' ਦੇ ਕਰਤਾਰੀ ਹਨ ਜੋ ਪੰਜਾਬ ਦੇ ਮਾਝੇ ਇਲਾਕੇ ਨਾਲ ਸਬੰਧਤ ਹੈ। ਰਾਗਾਂ ਅਧੀਨ ਆਪਣੀਆਂ ਰਚਨਾਵਾਂ ਵਿਚ ਆਪ ਨੇ ਰਾਗਾਂ ਦੇ ਨਾਮ ਅਤੇ ਉਨ੍ਹਾਂ ਰਾਗਾਂ ਦੀ ਧੁਨੀ ਦੇ ਪ੍ਰਭਾਵ ਦੀ ਮਹਿਮਾ ਕੀਤੀ ਹੈ ਜਿਸ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਨੂੰ ਰਾਗਾਂ ਦੀਆਂ ਸਵਰ ਸੰਗਤੀਆਂ ਦੇ ਵਿਗਿਆਨਕ ਪ੍ਰਭਾਵ ਗਿਆਨ ਸੀ।

ਮਹਲਾ ੧ ਬਸੰਤ॥
ਰੁਤਿ ਆਈਲੇ ਸਰਸ ਬਸੰਤ ਮਾਹਿ॥
ਮਲਾਰੁ ਸੀਤਲ ਰਾਗੁ ਹੈ
ਹਰਿ ਧਿਆਈਐ ਸਾਂਤਿ ਹੋਇ॥

ਇਸ ਤੋਂ ਭਾਵ ਇਹੀ ਹੈ ਕਿ ਗੁਰੂ ਜੀ ਸੰਗੀਤ ਵਿਚਲੇ ਧੁਨੀ ਦੇ ਪ੍ਰਭਾਵ ਤੋਂ ਵਾਕਿਫ਼ ਸਨ ਅਤੇ ਉਹ ਮਹਾਨ ਸੰਗੀਤਕਾਰ ਸਨ। ਉਹ ਮਹਾਨ ਯੁੱਗ ਪਰਿਵਰਤਕ ਸੰਗੀਤਕਾਰ ਸਨ। ਇਸ ਵਿਸ਼ੇ ਦੀ ਪ੍ਰਮਾਣਿਕਤਾ ਦੇ ਚਾਰ ਆਧਾਰ ਹਨ,

1. ਗੁਰੂ ਨਾਨਕ ਦੀਆਂ ਰਚਨਾਵਾਂ, ਸਵੈ-ਪਰਿਚਯ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ।
2. ਮੱਧਕਾਲੀਨ ਸਾਹਿਤ ਵਿਚ ਗੁਰੂ ਜੀ ਦੀ ਸੰਗੀਤ ਪ੍ਰਤਿਭਾ ਦੇ ਸਪੱਸ਼ਟ ਸੰਕੇਤ।
3. ਆਧੁਨਿਕ ਸਿੱਖ ਸਮਾਜ ਅਤੇ ਗੁਰਦੁਆਰਿਆਂ ਵਿਚ ਪ੍ਰਚਲਿਤ ਗੁਰੂ ਜੀ ਦੀਆਂ ਸੰਗੀਤਕ ਰਚਨਾਵਾਂ ਦੀ ਪਰੰਪਰਾਗਤ ਰੂਪ ਵਿਚ ਵਿਕਸਿਤ ਕੀਰਤਨ ਸ਼ੈਲੀ।
4. ਆਧੁਨਿਕ ਸੰਗੀਤਕਾਰਾਂ, ਇਤਿਹਾਸਕਾਰਾਂ ਤੇ ਸਾਹਿਤਕਾਰਾਂ ਦਾ ਗੁਰੂ ਜੀ ਦੀ ਸੰਗੀਤ ਪ੍ਰਤਿਭਾ ਨੂੰ ਸਵੀਕਾਰ ਕਰਨਾ।

ਗੁਰੂ ਨਾਨਕ ਨੇ ਰਾਗਾਂ ਦੇ ਅਧੀਨ ਹੀ ਕਾਵਿ ਛੰਦਾਂ ਦੇ ਸਿਧਾਂਤ ਨੂੰ ਸਮਝਦਿਆਂ ਉਨ੍ਹਾਂ ਵਿਚਲੀ ਸੰਗੀਤਕ ਲੈਅ ਨੂੰ ਆਪਣੀਆਂ ਰਚਨਾਵਾਂ ਵਿਚ



ਚਿੱਤਰਕਾਰ ਸੋਭਾ ਸਿੰਘ ਵਲੋਂ ਤਿਆਰ ਚਿੱਤਰ ਵਿਚ ਗੁਰੂ ਨਾਨਕ ਦੇਵ ਜੀ, ਭਾਈ ਮਰਦਾਨਾ ਅਤੇ ਭਾਈ ਬਾਲਾ

ਸੰਗੀਤ-ਕਾਵਿ ਦਾ ਅਨੋਖਾ ਮਿਸ਼ਰਨ ਕੀਤਾ ਅਤੇ ਰਾਗਾਂ ਅਨੁਸਾਰ ਆਪਣੀਆਂ ਰਚਨਾਵਾਂ ਨੂੰ ਸ਼੍ਰੇਣੀਬੱਧ ਕੀਤਾ:

1. ਜਪੁਜੀ ਸਾਹਿਬ-ਦੋ ਜਾਂ ਤਿੰਨ ਸੁਰਾਂ ਉਪਰ ਗਾਈ ਜਾਣ ਵਾਲੀ ਲੰਬੀ ਕਵਿਤਾ।
2. ਰਾਗ ਸਿਰੀ-33 ਚੌਪਦੇ, 13 ਅਸ਼ਟਪਦ, ਦੋ ਪਹਰੇ, 7 ਸਲੋਕ ਤੇ ਸਿਰੀ ਰਾਗ ਦੀ ਵਾਰ ਮਹਲਾ 4 ਵਿਚ।
3. ਰਾਗ ਮਾਝ-1 ਅਸ਼ਟਪਦ, 46 ਸਲੋਕ, 27 ਪਉੜੀਆਂ ਦੀ ਵਾਰ।
4. ਰਾਗ ਗਉੜੀ-20 ਚੌਪਦੇ।
5. ਰਾਗ ਆਸਾ-1 ਸੋਦਰ, 2 ਚੌਪਦੇ, 22 ਅਸ਼ਟਪਦ, 2 ਪੱਟੀ, 5 ਛੰਤ, 45 ਸਲੋਕ 24 ਪਉੜੀਆਂ ਦੀ ਵਾਰ।
6. ਰਾਗ ਗੂਜਰੀ-2 ਚੌਪਦੇ, 5 ਅਸ਼ਟਪਦ।
7. ਰਾਗ ਬਿਹਾਗੜਾ-2 ਸਲੋਕ ਤੇ ਵਾਰ ਮਹਲਾ 4 ਵਿਚ।
8. ਰਾਗ ਵਡਹੰਸ-3 ਚੌਪਦੇ, 7 ਛੰਤ (ਅਲਾਹੁਣੀਆਂ ਸਹਿਤ), 3 ਸਲੋਕ ਮਹਲਾ 4 ਵਿਚ।
9. ਰਾਗ ਸੋਰਠ-2 ਚੌਪਦੇ, 4 ਅਸ਼ਟਪਦ, 2 ਸਲੋਕ, ਵਾਰ ਮਹਲਾ 4 ਵਿਚ।
10. ਰਾਗ ਧਨਾਸਰੀ-8 ਚੌਪਦੇ, 1 ਆਰਤੀ, 2 ਅਸ਼ਟਪਦ, 3 ਛੰਤ।
11. ਰਾਗ ਤਿਲੰਗ-5 ਚੌਪਦੇ, 2 ਅਸ਼ਟਪਦ।
12. ਰਾਗ ਸੂਹੀ-9 ਚੌਪਦੇ, 5 ਅਸ਼ਟਪਦ (3 ਕਾਫ਼ੀਆਂ ਸਹਿਤ) ਕੁਚੱਜੀ ਤੇ ਸੁਚੱਜੀ ਪਦ।
13. ਰਾਗ ਬਿਲਾਵਲ-4 ਚੌਪਦੇ, 2 ਅਸ਼ਟਪਦ, 1 ਥਿਤੀ, 2 ਛੰਤ, 2 ਸਲੋਕ।
14. ਰਾਗ ਰਾਮਕਲੀ-11 ਚੌਪਦੇ, 9 ਅਸ਼ਟਪਦ, 1 ਦੱਖਣੀ-ਓਂਕਾਰ (54 ਪਦ), ਸਿਧ ਗੋਸ਼ਟਿ (73 ਪਦ)
15. ਰਾਗ ਮਾਰੂ-12 ਚੌਪਦੇ, 11 ਅਸ਼ਟਪਦ (2 ਕਾਫ਼ੀਆਂ ਸਹਿਤ), 22 ਸੋਹਲੇ, 17 ਸਲੋਕ ਵਾਰ ਮਹਲਾ 3 ਵਿਚ।
16. ਰਾਗ ਤੁਖਾਰੀ-ਬਾਰਾਂਮਾਹ (17 ਪਦ) 5 ਚੌਪਦੇ
17. ਰਾਗ ਭੈਰਵ-8 ਚੌਪਦੇ, 1 ਅਸ਼ਟਪਦ।
18. ਰਾਗ ਬਸੰਤ-12 ਚੌਪਦੇ, 1 ਅਸ਼ਟਪਦ।
19. ਰਾਮ ਸਾਰੰਗ-3 ਚੌਪਦੇ, 2 ਅਸ਼ਟਪਦ, 3 ਸਲੋਕ।
20. ਰਾਗ ਮਲਹਾਰ-9 ਚੌਪਦੇ, 5 ਅਸ਼ਟਪਦ, 24 ਸਲੋਕ, 28 ਪਉੜੀਆਂ।
21. ਰਾਗ ਪ੍ਰਭਾਤੀ ਤੇ ਵਿਭਾਸ-17 ਚੌਪਦੇ, 17 ਅਸ਼ਟਪਦ।
22. ਸਹਿਸਕ੍ਰਿਤੀ-4 ਸਲੋਕ, 23 ਵਾਰਾਂ ਤੇ ਵਧੀਕ, 33 ਸਲੋਕ।

ਗੁਰੂ ਜੀ ਆਪਣੀ ਰਚਨਾ ਵਿਚ ਸਵੈ-ਪਰਿਚਯ ਸਪੱਸ਼ਟ ਸ਼ਬਦਾਂ ਵਿਚ ਗਾਇਕ ਕਵੀ ਦੇ ਰੂਪ ਵਿਚ ਸਵੀਕਾਰ ਕਰਦੇ ਹਨ, ਇਸ ਲਈ ਆਪ ਮਹਾਨ ਗਾਇਕ ਦੇ ਨਾਲ-ਨਾਲ ਸੰਗੀਤ ਵਾਗਿਯਕਾਰ ਸਨ ਕਿਉਂਕਿ ਉਨ੍ਹਾਂ ਨੂੰ ਗੀਤ ਰਚਨਾ, ਸੁਰਬੱਧ ਰਚਨਾ, ਨਾਟ ਕਲਾ (ਸਿੱਧ ਗੋਸ਼ਟਿ) ਅਤੇ ਨਾਇਕ (ਅਕਾਲਪੁਰਖ), ਨਾਇਕਾ (ਕੁਚੱਜੀ-ਸੁਚੱਜੀ) ਭੇਤ ਦਾ ਗਿਆਨ ਸੀ ਜੋ ਆਪ ਦੀ ਰਾਗਧਾਰਾ ਪ੍ਰਤੀ ਵਿਗਿਆਨਕ ਸੋਚ ਸੀ। ਇਹ ਸਭ ਸਾਨੂੰ ਉਨ੍ਹਾਂ ਦੀਆਂ ਰਚਨਾਵਾਂ ਵਿਚ ਗਾਉਣ ਦੇ ਸੰਕੇਤ ਵਜੋਂ ਮਿਲਦਾ ਹੈ:

"ਸੋਰਠ ਮਹਲਾ 1 ਘਰ 3 ੴ ਸਤਿਗੁਰ ਪ੍ਰਸਾਦਿ॥
ਜਾ ਤਿਸੁ ਭਾਵਾ ਤਦ ਹੀ ਗਾਵਾ॥
ਤਾ ਗਾਵੇ ਕਾ ਫਲੁ ਪਾਵਾ॥
ਗਾਵੇ ਕਾ ਫਲੁ ਹੋਈ॥
ਜਾ ਆਪੇ ਦੇਵੈ ਸੋਈ॥

ਗੁਰੂ ਜੀ ਦਾ ਝੁਕਾਅ ਸੰਗੀਤ ਵੱਲ ਜ਼ਿਆਦਾ ਸੀ, ਇਸ ਲਈ ਰਬਾਬਵਾਦਕ ਸਾਥੀ ਦੀ ਚੋਣ ਇਕ ਗਾਇਕ ਸੰਗੀਤਕਾਰ ਦੀ ਹੀ ਹੋ ਸਕਦੀ ਸੀ। ਗੁਰੂ ਜੀ ਨੇ ਆਪਣੀ ਬਾਣੀ ਵਿਚ ਗਾਇਨ ਦੇ ਸੰਕੇਤ ਵਜੋਂ ਮਨੁੱਖ ਨੂੰ ਇਸ ਸੰਗੀਤਕ ਨਾਦ ਰਾਹੀਂ ਅਧਿਆਤਮਕਤਾ ਦੇ ਵਿਚਾਰ ਨੂੰ ਗਾਉਣ ਲਈ ਪ੍ਰੇਰਿਆ ਹੈ।

ਗਾਵੈ ਕੋ ਗੁਣ ਵਡਿਆਈਆ ਚਾਰ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤਕਾਰ ਵਜੋਂ ਆਪਣੀਆਂ ਰਚਨਾਵਾਂ ਨੂੰ ਸੰਗੀਤਕ ਰਾਗਧਾਰਾ ਵਿਚ ਪਰੋ ਕੇ ਆਪਣੇ ਗਿਆਨ ਰਾਹੀਂ ਸਮੁੱਚੀ ਲੁਕਾਈ ਨੂੰ ਸੰਗੀਤਕ ਵਾਗਿਯਕਾਰ ਦਾ ਸਬੂਤ ਦਿੱਤਾ ਹੈ।

## ਧੰਨ ਬਾਬਾ ਨਾਨਕ

ਇਕ ਅੰਬਰਾਂ ਦਾ ਚੰਨ
ਦੂਜਾ ਧਰਤੀ 'ਤੇ ਚੰਨ
ਹੁਣ ਗੱਲ ਸਾਰੀ ਮੰਨ
ਚਾਰੇ ਪਾਸੇ ਹੋ ਗਈ ਰੁਸ਼ਨਾਈ।
ਧੰਨ ਧੰਨ ਬਾਬਾ ਨਾਨਕ
ਤੇਰੀ ਵੱਡੀ ਵਡਿਆਈ।

ਜਨਮ ਲਿਆ ਜਦੋਂ ਨਾਨਕ ਨੇ
ਦਾਈ ਦੌਲਤਾਂ ਸੀਸ ਝੁਕਾਇਆ।
ਭਾਗਾਂ ਵਾਲੀ ਮਾਤਾ ਤ੍ਰਿਪਤਾ
ਜਿਸ ਦੀ ਕੁੱਖੋਂ ਗੁਰੂ ਜੀ ਜਾਇਆ।
ਪਿਤਾ ਕਾਲੂ ਜੀ ਦੇ ਵਿਹੜੇ ਵਿਚ
ਵੱਜੀ ਸ਼ਹਿਨਾਈ।

ਜਦ ਬਾਬੇ ਨੂੰ ਪਾਂਧੇ ਕੋਲ
ਪੜ੍ਹਨ ਲਈ ਪਾਇਆ।
ਰੱਬੀ ਨੂਰ ਬਾਬੇ ਨੇ
ਦੇਖੋ ਪਾਂਧੇ ਤਾਈਂ ਪੜ੍ਹਾਇਆ।

ਇਕ ਓਂਕਾਰ ਫੱਟੀ 'ਤੇ ਲਿਖ ਕੇ
ਰੱਬੀ ਗੱਲ ਸਮਝਾਈ।

ਵੀਹ ਰੁਪਏ ਦੇ ਕੇ ਪਿਤਾ ਨੇ
ਤੋਰਿਆ ਵਪਾਰ ਨੂੰ।
ਭੁੱਖੇ ਸਾਧਾਂ ਨੂੰ ਭੋਜਨ ਛਕਾ
ਸਿਖਾਇਆ ਸੰਸਾਰ ਨੂੰ।
ਨਾ ਮਾਰ ਚਪੇੜ ਰੱਬ ਨਾਨਕ ਦੇ
ਭੈਣ ਨਾਨਕੀ ਨੇ ਦਿੱਤੀ ਦੁਹਾਈ।

ਬਾਬੇ ਨੇ ਮੱਝਾਂ ਚਾਰੀਆਂ
ਸੱਪਾਂ ਨੇ ਛਾਂਵਾਂ ਕਰੀਆਂ।
ਰਾਇ ਬੁਲਾਰ ਪਛਾਣਿਆ
ਰੱਬ ਨੂੰ ਨਮਸਕਾਰਾਂ ਕਰੀਆਂ।
ਵੇਈਂ ਨਦੀ 'ਚ ਪ੍ਰਗਟ ਹੋ ਕੇ
ਇਲਾਹੀ ਬਾਣੀ ਗਾਈ।
ਸੱਜਣ ਠੱਗ ਜਿਹੇ ਠੱਗਾਂ ਨੂੰ
ਸੱਚੀ ਕਿਰਤ ਕਰਨ ਲਾਇਆ।
ਮਲਕ ਭਾਗੋ ਨੂੰ ਮੱਤ ਦੇ ਕੇ
ਸਿੱਧੇ ਰਸਤੇ ਪਾਇਆ।
ਵਲੀ ਕੰਧਾਰੀ ਦਾ ਤੋੜ ਹੰਕਾਰ
ਨਿਮਰਤਾ ਸਿਖਾਈ।

ਛੂਤ-ਛਾਤ ਤੇ ਜਾਤ-ਪਾਤ ਦਾ
ਬਾਬੇ ਭੇਦ ਮਿਟਾਇਆ।
ਲੰਗਰ-ਪੰਗਤ, ਗੁਰੂ ਦੀ ਸੰਗਤ
ਬਾਬੇ ਨਾਨਕ ਨੇ ਸਿਖਾਇਆ।
ਦੁਨੀਆਂ 'ਤੇ ਉਚਾ ਉਹੀ
ਜਿਹਨੂੰ ਸ਼ਬਦ ਦੀ ਸੋਝੀ ਆਈ।

ਚਾਰ ਉਦਾਸੀਆਂ ਕਰ ਬਾਬੇ ਨੇ
ਦੁਨੀਆਂ 'ਤੇ ਫੇਰੀ ਲਾਈ।
ਸਿੱਧਾਂ, ਪੀਰਾਂ, ਫਕੀਰਾਂ, ਜੋਗੀ, ਪੰਡਿਤਾਂ,
ਨਾਥਾਂ ਨੂੰ ਗੱਲ ਸਮਝਾਈ।
ਸਰਬ ਵਿਆਪਕ ਇਕੋ ਦਾਤਾ
ਇਕ ਦਾ ਹੋਕਾ ਲਾਈ।

ਸੋ ਕਿਉ ਮੰਦਾ ਆਖੀਐ,
ਔਰਤ ਹੈ ਮਹਾਨ।
ਬਾਬੇ ਦੱਸਿਆ, ਔਰਤ ਨੇ
ਕੁੱਖੋਂ ਜੰਮੇ ਨੇ ਰਾਜਾਨ।
ਜਗ ਦੀ ਜਨਨੀ ਔਰਤ
ਇਸ ਤੋਂ ਬਣੀ ਲੋਕਾਈ।

ਜੁੜਨਾ ਗੁਰੂ ਗ੍ਰੰਥ ਦੇ ਨਾਲ
ਪੜ੍ਹ ਕੇ ਗੁਰੂ ਦੀ ਬਾਣੀ ਨੂੰ।
ਯਾਦ ਰੱਖਣਾ, ਕਦੇ ਨਾ ਭੁੱਲਣਾ,
ਬਾਬੇ ਦੀ ਅਮਰ ਕਹਾਣੀ ਨੂੰ।
ਸੱਚ ਦਾ ਪੱਲਾ ਫੜ੍ਹ ਕੇ
ਮਾਂਗਟ ਕਰ ਲੈ ਸਫਲ ਕਮਾਈ।

*-ਮਨਜੀਤ ਕੌਰ ਮਾਂਗਟ*
*ਪੈਨਸਿਲਵੇਨੀਆ*

## ਕਲਿ ਤਾਰਣ

ਸੁਣੀ ਪੁਕਾਰ ਦਾਤਾਰ ਪ੍ਰਭ
ਗੁਰ ਨਾਨਕ ਜਗ ਮਾਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰ
ਚਰਨਾਮ੍ਰਿਤ ਸਿੱਖਾ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ
ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੇ ਪੈਰ ਧਰੰਮ ਦੇ
ਚਾਰ ਵਰਨ ਇਕ ਵਰਨ ਕਰਾਯਾ॥

ਰਾਣਾ ਰੰਕ ਬਰਾਬਰੀ
ਪੈਰੀਂ ਪਵਣਾ ਜਗ ਵਰਤਾਯਾ॥
ਉਲਟਾ ਖੇਲ ਪਿਰੰਮ ਦਾ
ਪੈਰਾਂ ਉਪਰ ਸੀਸ ਨਿਵਾਯਾ॥
ਕਲਿਜੁਗ ਬਾਬੇ ਤਾਰਿਆ
ਸਤਿਨਾਮ ਪੜ੍ਹ ਮੰਤ੍ਰ ਸੁਣਾਯਾ॥
ਕਲਿ ਤਾਰਣ
ਗੁਰ ਨਾਨਕ ਆਯਾ॥23॥

*-ਭਾਈ ਗੁਰਦਾਸ*

## ਕਾਵਿ-ਮੰਚ

### ਮਾਂ

ਮਾਏ ਨੀ ਮੇਰੀਏ ਮਾਏ,
ਮੈਂ ਤੈਨੂੰ ਸੀਸ ਨਿਵਾਉਂਦਾ ਹਾਂ।
ਜੁਗ ਜੁਗ ਜੀਵੇਂ,
ਦੁੱਧ ਪੁੱਤ ਮਾਣੇ,
ਅਰਦਾਸ-ਬੇਨਤੀ-ਜੋਦੜੀ
ਇਹ ਕਰਦਾ ਹਾਂ।

ਕੱਖ ਖੋਤ ਕੇ,
ਮਿੱਟੀ ਘਟੇ ਵਿਚ,
ਕੋਹ ਕੋਹ ਵਾਟਾਂ ਤੁਰੀਆਂ ਨੇ,
ਨੰਗੇ ਪੈਰੀਂ,
ਗੋਹਾ ਮਿੱਧ ਮਿੱਧ,
ਸਾਰੇ ਟੱਬਰ ਲਈ,
ਗਾਈਆਂ ਮੱਝਾਂ ਰੱਖੀਆਂ ਨੇ।

ਹੁਣ ਕੰਮ ਛੱਡ ਮਾਂ ਤੂੰ,
ਸੇਵਾ ਕਰਾ ਲੈ,
ਮਾਣ ਧੀਆਂ ਪੁੱਤਰਾਂ ਦੀ,
ਠੰਡੀ ਮਿੱਠੀ ਛਾਂ,
ਮਾਏ ਨੀ ਮੇਰੀਏ ਮਾਏ,
ਮੈਂ ਤੈਨੂੰ ਸੀਸ ਨਿਵਾਉਂਦਾ ਹਾਂ।

ਦੁੱਧ ਰਿੜਕਦੀ ਮੱਖਣ ਕੱਢਦੀ,
ਜਦੋਂ ਲੋਕੀਂ ਹੋਵਣ ਘੂਕ ਨੇ ਸੁੱਤੇ।
ਠੰਡ ਨਾਲ ਸਰੀਰ ਹੈ ਕੰਬਦਾ,
ਵੱਜਣ ਦੰਦ ਸਿਆਲ ਦੀ ਰੁੱਤੇ।
ਪਾਲ ਪੋਸ ਕੇ ਵੱਡਾ ਹੈ ਕੀਤਾ,
ਦੇਵੇਂ ਸੁੱਖ ਚੈਨ ਹਰ ਥਾਂ।
ਮਾਏ ਨੀ ਮੇਰੀਏ ਮਾਏ,
ਮੈਂ ਤੈਨੂੰ ਸੀਸ ਨਿਵਾਉਂਦਾ ਹਾਂ।

ਅਕਲਾਂ ਸਿਆਣਪਾਂ
ਝੋਲੀ ਮੇਰੀ ਪਾ ਕੇ,
ਮੈਨੂੰ ਦੁਨੀਆਂ ਦੇ ਰਸਤੇ ਪਾ ਦਿੱਤਾ।
ਸੇਵਾ ਕਰ ਲਉ ਮਾਂ ਦੀ,
ਜਿਸ ਜੀਵਨ ਬੱਚਿਆਂ ਦੇ
ਲੇਖੇ ਲਾ ਦਿੱਤਾ।
ਮੂੰਹ ਦੇ ਬੋਲ 'ਤੇ ਹੱਥ ਦਾ ਵੇਲਾ
ਵਾਪਿਸ ਆਉਂਦੇ ਨਾ,
ਮਾਏ ਨੀ ਮੇਰੀਏ ਮਾਏ,
ਮੈਂ ਤੈਨੂੰ ਸੀਸ ਨਿਵਾਉਂਦਾ ਹਾਂ।

ਪੀਰ ਪੈਗੰਬਰ ਫਕੀਰ ਔਲੀਏ,
ਜਗਤ ਨੂੰ, ਮਾਂ ਦੀਆਂ ਦਿੱਤੀਆਂ
ਸੁਗਾਤਾਂ ਨੇ।
ਭੈਣ-ਭਾਈ ਅਤੇ ਰਿਸ਼ਤੇਦਾਰ,
ਸੌਂਪੀਆਂ ਸੁੰਦਰ ਸੁਗਾਤਾਂ ਨੇ।
"ਸੇਖੋਂ ਦਾਖਿਆਂ ਵਾਲਾ" ਜਿਸਦਾ ਕਰਦਾ,
ਲੇਖੇ ਮਾਂ ਦੇ-ਆਪਣਾ ਜੀਵਨ ਲਾ ਦੇਵਾਂ।
ਮਾਏ ਨੀ ਮੇਰੀਏ ਮਾਏ,
ਮੈਂ ਤੈਨੂੰ ਸੀਸ ਨਿਵਾਉਂਦਾ ਹਾਂ।

*-ਪਰਮਜੀਤ ਸਿੰਘ ਸੇਖੋਂ (ਦਾਖਾ)*
*ਫੋਨ:510-774-5909*

## ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ

ੴ ਸਤਿਗੁਰ ਪ੍ਰਸਾਦਿ
ਰਾਗ ਮਾਝ ਮਹਲਾ 5
ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ॥
ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ॥
ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ
ਸਭਨਾ ਕੇ ਦਾਤਾਰਾ ਜੀਉ॥
ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥
ਨਉ ਨਿਧਿ ਤੇਰੈ ਅਖੁਟ ਭੰਡਾਰਾ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ
ਸੋਈ ਭਗਤੁ ਤੁਮਾਰਾ ਜੀਉ॥
ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥
ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ॥
ਤੂੰ ਆਪੇ ਮਨਮੁਖਿ ਜਨਮਿ ਭਵਾਇਹਿ॥
ਨਾਨਕ ਦਾਸ ਤੇਰੈ ਬਲਿਹਾਰੈ
ਸਭੁ ਤੇਰਾ ਖੇਲੁ ਦਸਾਹਰਾ ਜੀਉ॥

ਇਸ ਸ਼ਬਦ ਰਾਹੀਂ ਪੰਚਮ ਗੁਰਦੇਵ ਉਸ ਪਰਮਾਤਮਾ ਦੀ ਸਿਫ਼ਤ ਸਲਾਹ ਕਰਦੇ ਹਨ ਕਿ ਹੇ ਮੇਰੇ ਪ੍ਰਭ ਜੀਉ! ਉਹ ਰੁੱਤ ਭਾਵ ਮੌਸਮ ਅਤਿ ਸੁਖਦਾਈ ਹੋ ਜਾਂਦਾ ਹੈ ਜਿਸ ਵਿਚ ਮੈਂ ਤੇਰਾ ਨਾਮ ਸਿਮਰਨ ਕਰਦਾ ਹਾਂ ਅਤੇ ਤੇਰੀ ਸੇਵਾ ਲਈ ਜੋ ਵੀ ਕੰਮ ਮੈਂ ਕਰਦਾ ਹਾਂ, ਉਹ ਮੈਨੂੰ ਸੁਖਦਾਈ ਅਤੇ ਆਨੰਦਮਈ ਲਗਦਾ ਹੈ। ਹੇ ਦਾਤਾਂ ਦੇ ਮਾਲਕ ਪ੍ਰਭੂ! ਜਿਸ ਹਿਰਦੇ ਵਿਚ ਤੇਰਾ ਨਿਵਾਸ ਹੋ ਜਾਵੇ ਉਹ ਹਿਰਦਾ ਭੀ ਸੀਤਲ ਹੋ ਜਾਂਦਾ ਹੈ।

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥
ਨਉ ਨਿਧਿ ਤੇਰੈ ਅਖੁਟ ਭੰਡਾਰਾ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ
ਸੋਈ ਭਗਤੁ ਤੁਮਾਰਾ ਜੀਉ॥

ਹੇ ਦਾਤਾਂ ਦੇਣ ਵਾਲੇ ਦਾਤਾਰ ਜੀਉ! ਆਪ ਤਾਂ ਸਾਡੇ ਸਭ ਜੀਵਾਂ ਦੇ ਭੀ ਪਿਤਾ ਹੋ ਅਤੇ ਸਭ ਨੂੰ ਦਾਤਾਂ ਵੀ ਦਿੰਦੇ ਹੋ। ਹੇ ਮਿਹਰਬਾਨ ਪਿਤਾ ਜੀਉ! ਆਪ ਦੇ ਘਰ ਵਿਚ ਨਉਨਿਧ ਭਾਵ, ਨੌਂ ਖਜ਼ਾਨੇ ਭਰੇ ਪਏ ਹਨ ਅਤੇ ਉਨ੍ਹਾਂ ਵਿਚ ਕਦੀ ਤੋਟਾ ਵੀ ਨਹੀਂ ਆਉਂਦੀ, ਪਰ ਹੇ ਮੇਰੇ ਮਿਹਰਬਾਨ ਪਿਤਾ ਜੀਉ! ਜਿਸ ਨੂੰ ਕਿਰਪਾ ਕਰਕੇ ਤੂੰ ਆਪਣੇ ਨਾਮ ਦੀ ਦਾਤ ਦਿੰਦਾ ਹੈਂ, ਉਹ ਜੀਵ ਤ੍ਰਿਪਤਿ ਹੋ ਜਾਂਦਾ ਹੈ ਅਤੇ ਉਹ ਹੀ ਤੇਰਾ ਸੱਚਾ ਭਗਤ ਹੈ।

ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

ਹੇ ਦਾਤਾਂ ਦੇ ਮਾਲਕ ਪ੍ਰਭੂ ਜੀਉ! ਹਰ ਇਕ ਜੀਵ ਤੇਰੇ 'ਤੇ ਹੀ ਆਸ ਲਾ ਕੇ ਬੈਠਾ ਹੈ ਅਤੇ ਆਪ ਜੀ ਦੀ ਮਿਹਰਬਾਨੀ ਹੀ ਵੇਖਦਾ ਹੈ, ਕਿਉਂਕਿ ਪ੍ਰਭੂ ਜੀ ਘਟ ਘਟ ਭਾਵ, ਹਰ ਇਕ ਜੀਵ ਅੰਦਰ ਭੀ ਤਾਂ ਤੇਰਾ ਹੀ ਨਿਵਾਸ ਹੈ। ਇਸ ਲਈ, ਸੰਸਾਰ ਦੇ ਸਾਰੇ ਹੀ ਜੀਵ ਜੰਤਾਂ ਦੀ ਸਾਂਝ ਸਦਾ ਤੇਰੇ ਨਾਲ ਹੀ ਬਣੀ ਰਹਿੰਦੀ ਹੈ ਤੇ ਉਹ ਤੇਰੇ ਹੀ ਸਹਾਰੇ ਵਿਚ ਰਹਿੰਦੇ ਹਨ। ਸੋ, ਹੇ ਮੇਰੇ ਅਕਾਲ ਪੁਰਖ ਪਿਤਾ ਜੀਉ! ਇਸ ਸਾਰੇ ਸੰਸਾਰ ਵਿਚ ਕੋਈ ਵੀ ਜੀਵ ਐਸਾ ਨਹੀਂ ਦਿਸਦਾ ਜੋ ਤੇਰੇ ਤੋਂ ਵੱਖਰਾ ਹੋਵੇ ਅਤੇ ਜਿਸ ਦੇ ਅੰਦਰ ਤੇਰਾ ਨਿਵਾਸ ਨਾ ਹੋਵੇ, ਪ੍ਰਭੂ ਆਪ ਸਭ ਦੇ ਮਾਲਕ ਹੋ।

ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ॥
ਤੂੰ ਆਪੇ ਮਨਮੁਖਿ ਜਨਮਿ ਭਵਾਇਹਿ॥
ਨਾਨਕ ਦਾਸ ਤੇਰੈ ਬਲਿਹਾਰੈ
ਸਭੁ ਤੇਰਾ ਖੇਲੁ ਦਸਾਹਰਾ ਜੀਉ॥

ਹੇ ਸੰਸਾਰ ਦੇ ਮਾਲਕ ਪ੍ਰਭੂ ਜੀਉ! ਤੁਸੀਂ ਆਪ ਹੀ ਆਪਣੀ ਕ੍ਰਿਪਾ ਕਰਕੇ ਜੀਵਾਂ ਨੂੰ ਪੂਰੇ ਗੁਰੂ ਦੇ ਮਿਲਾਪ ਦੇ ਕੇ ਮਾਇਆ ਅਤੇ ਸੰਸਾਰ ਦੇ ਬੰਧਨਾਂ ਤੋਂ ਮੁਕਤ ਕਰਾ ਦਿੰਦੇ ਹੋ, ਆਪ ਹੀ ਮਾਇਆ ਵਿਚ ਫਸੇ ਹੋਏ ਜੀਵਾਂ ਨੂੰ ਮਨਮੁਖ ਭਾਵ, ਮਨ ਦੇ ਅਧੀਨ ਕਰਕੇ ਜਨਮ ਅਤੇ ਮਰਨ ਦੇ ਗੇੜ ਵਿਚ ਪਾ ਦਿੰਦੇ ਹੋ, ਇਹ ਸਭ ਤੇਰੀ ਹੀ ਮਾਇਆ ਹੈ। ਇਸ ਲਈ, ਹੇ ਮੇਰੇ ਤਾਰਨਹਾਰ ਪ੍ਰਭੂ ਜੀਉ! ਤੁਹਾਡਾ ਇਹ ਦਾਸ ਨਾਨਕ ਤੁਹਾਥੋਂ ਬਲਿਹਾਰ ਜਾਂਦਾ ਹੈ, ਸਦਕੇ ਜਾਂਦਾ ਹੈ ਕਿਉਂਕਿ ਇਹ ਜੋ ਸਾਰੀ ਸੰਸਾਰ ਦੀ ਰਚਨਾ ਹੈ, ਇਹ ਸਭ ਤੁਹਾਡਾ ਹੀ ਖੇਲ ਤਮਾਸ਼ਾ ਹੈ, ਸਭ ਆਪ ਦੀ ਮਾਇਆ ਹੈ।

ਆਉ ਗੁਰੂ ਪਿਆਰਿਓ! ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

### ਗੁਰਬਾਣੀ ਗਿਆਨ

# ਗੁਰੂ ਨਾਨਕ ਚਿੰਤਨ ਤੇ ਸਮਾਜਕ ਬਰਾਬਰੀ ਦਾ ਸੰਕਲਪ-2

***ਡਾ. ਗੁਰਨਾਮ ਕੌਰ ਨੇ ਇਹ ਪਰਚਾ ਸਿੱਖ ਗੁਰਦੁਆਰਾ ਐਸੋਸੀਏਸ਼ਨ, ਟੈਕਸਸ ਵਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਲੰਘੀ 29 ਅਕਤੂਬਰ ਨੂੰ ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ, ਟੈਕਸਸ ਵਿਚ ਕਰਵਾਈ ਗਈ ਗੁਰਮਤਿ ਗੋਸ਼ਟੀ ਵਿਚ ਪੜ੍ਹਿਆ। ਇਸ ਗੋਸ਼ਟੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਸ. ਤਰਲੋਚਨ ਸਿੰਘ ਦੁਪਾਲਪੁਰ ਅਤੇ ਸਿੱਖ ਬੁੱਧੀਜੀਵੀ ਪ੍ਰਿੰ. ਗੁਰਦੇਵ ਸਿੰਘ ਸੰਘਾ ਨੇ ਵੀ ਪਰਚੇ ਪੜ੍ਹੇ। ਡਾ. ਗੁਰਨਾਮ ਕੌਰ ਦਾ ਇਹ ਪਰਚਾ ਅਸੀਂ ਦੋ ਕਿਸ਼ਤਾਂ ਵਿਚ ਇਥੇ ਛਾਪ ਰਹੇ ਹਾਂ। ਪੇਸ਼ ਹੈ ਦੂਜੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਸ਼ੂਦਰ ਅਤੇ ਇਸਤਰੀ-ਦੋਹਾਂ ਨੂੰ ਹੀ ਅਧਿਆਤਮਕ ਅਨੁਭਵ ਅਤੇ ਧਾਰਮਕ ਕਰਮ ਕਰਨ ਦਾ ਅਧਿਕਾਰ ਪ੍ਰਾਪਤ ਨਹੀਂ ਸੀ। ਸਮਾਜਕ ਤੌਰ 'ਤੇ ਦੋਹਾਂ ਨੂੰ ਹੀ ਬਹੁਤ ਨੀਵਾਂ ਸਮਝਿਆ ਜਾਂਦਾ ਸੀ। ਸ਼ੂਦਰ ਦਾ ਪਰਛਾਵਾਂ ਪੈਣਾ ਵੀ ਗੁਨਾਹ ਦੇ ਬਰਾਬਰ ਸੀ ਅਤੇ ਇਸਤਰੀ ਨੂੰ ਤਾਂ ਨਾ ਕੇਵਲ ਅਧਿਆਤਮਕ ਪ੍ਰਾਪਤੀ ਦੇ ਰਾਹ ਵਿਚ ਰੋੜਾ ਸਮਝਿਆ ਜਾਂਦਾ ਸੀ ਬਲਕਿ ਸਮਾਜਕ ਤੌਰ 'ਤੇ 'ਪੈਰ ਦੀ ਜੁੱਤੀ' ਆਖਿਆ ਜਾਂਦਾ ਸੀ। ਉਸ ਦੀ ਅਵਸਥਾ ਗ਼ੁਲਾਮਾਂ ਨਾਲੋਂ ਵੀ ਮਾੜੀ ਸੀ।



**ਡਾ. ਗੁਰਨਾਮ ਕੌਰ**

ਉਸ ਦਾ ਸਨਮਾਨ ਅਤੇ ਸਵੈਮਾਨ ਦੋਵੇਂ ਖ਼ਤਰੇ ਵਿਚ ਸਨ। ਹਿੰਦੂ ਅਤੇ ਮੁਸਲਿਮ ਇਸਤਰੀ ਦੋਹਾਂ ਦੀ ਇੱਕੋ ਜਿਹੀ ਹਾਲਤ ਸੀ। ਇਸ ਦਾ ਇਜ਼ਹਾਰ ਗੁਰੂ ਨਾਨਕ ਨੇ ਬਾਬਰਵਾਣੀ ਵਿਚ ਕੀਤਾ ਹੈ ਜਿਸ ਵਿਚ ਬਾਹਰੀ ਹਮਲੇ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਜਦੋਂ ਵੀ ਕੋਈ ਧਾੜਵੀ ਆਉਂਦਾ ਹੈ ਤਾਂ ਆਮ ਜਨਤਾ ਨੂੰ ਦੁੱਖ ਝਲਣੇ ਪੈਂਦੇ ਹਨ। ਉਨ੍ਹਾਂ ਦੀ ਆਜ਼ਾਦੀ, ਮਾਣ, ਸਵੈਮਾਣ ਅਤੇ ਜਾਨ-ਮਾਲ ਮਲੀਆਮੇਟ ਕਰ ਦਿੱਤੇ ਜਾਂਦੇ ਹਨ ਅਤੇ ਇਸ ਦਾ ਸਭ ਤੋਂ ਵੱਧ ਨਿਸ਼ਾਨਾ ਇਸਤਰੀ ਨੂੰ ਬਣਾਇਆ ਜਾਂਦਾ ਹੈ। ਬਾਬਰ ਦੇ ਹਿੰਦੁਸਤਾਨ ਉਤੇ ਹਮਲੇ ਨੂੰ ਗੁਰੂ ਸਾਹਿਬ ਨੇ ਪਾਪ ਕੀ ਜੰਜ ਕਿਹਾ ਹੈ ਜਿਸ ਦਾ ਵਰਤਾਉ ਅਤੇ ਨਜ਼ਰੀਆ ਹਿੰਦੂ ਅਤੇ ਮੁਸਲਿਮ-ਦੋਹਾਂ ਵਰਗਾਂ ਦੀਆਂ ਇਸਤਰੀਆਂ ਪ੍ਰਤੀ ਇੱਕੋ ਜਿਹਾ ਹੈ।

ਸਿੱਖ ਧਰਮ ਦਾ ਪ੍ਰਕਾਸ਼ਨ ਗੁਰੂ ਨਾਨਕ ਦੇਵ ਦੇ 'ਵੇਈਂ ਨਦੀ ਪ੍ਰਵੇਸ਼' ਤੋਂ ਮੰਨਿਆ ਜਾਂਦਾ ਹੈ। ਇਸ ਦੇ ਵਿਸਤਾਰ ਵਿਚ ਜਾਣ ਦੀ ਇਥੇ ਗੁੰਜਾਇਸ਼ ਨਹੀਂ ਹੈ। ਭਾਈ ਗੁਰਦਾਸ ਨੇ ਇਸ ਨੂੰ 'ਪਹਿਲਾ ਬਾਬੇ ਪਾਯਾ ਬਖਸੁ ਦਰਿ' ਕਿਹਾ ਹੈ। ਇਸ ਪ੍ਰਾਪਤੀ ਤੋਂ ਬਾਅਦ ਬਾਬਾ ਨਾਨਕ ਨੇ ਜੋ ਪਹਿਲਾ ਐਲਾਨਨਾਮਾ ਕੀਤਾ, ਉਹ ਸੀ, "ਨ ਕੋ ਹਿੰਦੂ ਨ ਮੁਸਲਮਾਨ", ਜਿਸ ਦਾ ਭਾਵ ਹੈ ਕਿ ਮਨੁੱਖ ਨੂੰ ਧਰਮ ਦੇ ਨਾਂ 'ਤੇ ਚੰਗਾ ਜਾਂ ਮਾੜਾ ਨਹੀਂ ਕਿਹਾ ਜਾ ਸਕਦਾ ਭਾਵ ਵੰਡਿਆ ਨਹੀਂ ਜਾ ਸਕਦਾ। ਉਸ ਦਾ ਚੰਗਾ ਜਾਂ ਮਾੜਾ ਹੋਣਾ ਉਸ ਦੇ ਅਮਲਾਂ ਨੇ ਨਿਰਧਾਰਤ ਕਰਨਾ ਹੈ। ਸਿੱਖ ਧਰਮ ਚਿੰਤਨ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਗਈਆਂ ਹਨ-ਗੁਰਮੁਖਿ ਅਤੇ ਮਨਮੁਖਿ। ਗੁਰਮੁਖਿ ਉਹ ਹਨ ਜੋ ਗੁਰੂ ਦੀ ਸਿੱਖਿਆ 'ਤੇ ਚਲਦਿਆਂ ਸ਼ੁਭ ਕਰਮ ਕਰਦੇ ਹਨ। ਮਨਮੁਖਿ ਉਹ ਹਨ ਜੋ ਆਪਣੇ ਮਨ ਦੀ ਮਤਿ ਦੇ ਅਨੁਸਾਰੀ ਹੋ ਕੇ ਚਲਦੇ ਹਨ। ਮਨ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਕਾਰਾਂ ਦੇ ਅਧੀਨ ਹੋ ਕੇ ਮਨੁੱਖ ਨੂੰ ਚੰਗੇ ਰਸਤੇ ਤੋਂ ਖਿੜਕਾ ਦਿੰਦਾ ਹੈ। ਇਸ ਦਾ ਵਰਣਨ ਕਰਦਿਆਂ ਭਾਈ ਗੁਰਦਾਸ ਨੇ ਲਿਖਿਆ ਹੈ ਕਿ ਜਦੋਂ ਮੱਕੇ ਦੀ ਯਾਤਰਾ 'ਤੇ ਕਾਜ਼ੀ ਅਤੇ ਮੁੱਲਾਂ ਗੁਰੂ ਸਾਹਿਬ ਨੂੰ ਇਕੱਠੇ ਹੋ ਕੇ ਪੁੱਛਦੇ ਹਨ ਕਿ ਹਿੰਦੂ ਅਤੇ ਮੁਸਲਮਾਨ ਦੋਹਾਂ ਵਿਚੋਂ ਕੌਣ ਵੱਡਾ ਹੈ ਤਾਂ ਉਨ੍ਹਾਂ ਦਾ ਉਤਰ ਹੈ ਕਿ "ਸੁਭਿ ਅਮਲਾ ਬਾਝਹੁ ਦੋਨੋ ਰੋਈ" ਅਰਥਾਤ ਸ਼ੁਭ ਅਮਲਾਂ ਤੋਂ ਬਿਨਾਂ ਦੋਵੇਂ ਖੁਆਰ ਹੁੰਦੇ ਹਨ। ਇਸ ਤਰ੍ਹਾਂ ਗੁਰੂ ਨਾਨਕ ਨੇ ਪਹਿਲੀ ਵਾਰ ਧਰਮ ਨੂੰ ਸੌੜੀਆਂ ਵਰਣ-ਆਸ਼ਰਮ ਧਰਮ ਅਤੇ ਵਰਗ-ਵੰਡ ਦੀਆਂ ਵਲਗਣਾਂ ਵਿਚੋਂ ਕੱਢ ਕੇ ਸ਼ੁਭ ਗੁਣਾਂ ਕਿਰਤ, ਦਇਆ, ਸੰਤੋਖ, ਜਤ, ਸਤਿ ਅਤੇ ਨਾਮ ਸਿਮਰਨ ਨਾਲ ਜੋੜਿਆ। ਇਸ ਦਾ ਜ਼ਿਕਰ ਸਾਨੂੰ ਧਾਰਮਕ ਕਹੇ ਜਾਣ ਵਾਲੇ ਵਿਅਕਤੀਆਂ ਜਿਵੇਂ ਯੋਗੀ, ਪੰਡਿਤ, ਮੁੱਲਾਂ ਦੇ ਹਵਾਲੇ ਨਾਲ ਜਪੁਜੀ ਸਾਹਿਬ, ਆਸਾ ਦੀ ਵਾਰ, ਮਾਝ ਕੀ ਵਾਰ, ਦੱਖਣੀ ਓਅੰਕਾਰ, ਮਾਰੂ ਸੋਲਹੇ ਅਤੇ ਹੋਰ ਬਾਣੀਆਂ ਵਿਚ ਭਲੀਭਾਂਤ ਮਿਲ ਜਾਂਦਾ ਹੈ ਜਿਸ ਦੇ ਵਿਸਤਾਰ ਵਿਚ ਜਾ ਸਕਣਾ ਇਥੇ ਸੰਭਵ ਨਹੀਂ ਹੈ। ਇਸ ਕਥਨ ਦੀ ਵਿਆਖਿਆ ਬਹੁਤ ਸਾਰੇ ਵਿਦਵਾਨਾਂ ਨੇ 'ਤੀਸਰ ਪੰਥ' ਵਜੋਂ ਵੀ ਕੀਤੀ ਹੈ ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਅਧਿਐਨ ਕੀਤਿਆਂ ਇਸ ਦਾ ਇਹ ਅਰਥ ਜ਼ਿਆਦਾ ਢੁਕਵਾਂ ਨਹੀਂ ਜਾਪਦਾ।

ਸ਼ੁਰੂ ਵਿਚ ਹੀ ਜ਼ਿਕਰ ਕੀਤਾ ਸੀ ਕਿ ਕਿਸੇ ਧਰਮ ਦਰਸ਼ਨ ਵਿਚ ਪਰਮਸਤਿ ਦੇ ਸੰਕਲਪ, ਉਸ ਦੇ ਸ੍ਰਿਸ਼ਟੀ ਰਚਨਾ ਦੇ ਸਿਧਾਂਤ ਅਤੇ ਆਪਣੀ ਰਚਨਾ ਨਾਲ ਉਸ ਦਾ ਕੀ ਸਬੰਧ ਹੈ? ਇਸ ਦਾ ਉਸ ਦੀ ਸਮਾਜਕ ਬਣਤਰ 'ਤੇ ਅਸਰ ਪੈਂਦਾ ਹੈ। ਗੁਰੂ ਨਾਨਕ ਸਾਹਿਬ ਨੇ ਪਰਮਸਤਿ ਦਾ ਜੋ ਸੰਕਲਪ ਦਿੱਤਾ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਮੂਲ ਮੰਤਰ ਵਿਚ ਵਿਅਕਤ ਕੀਤਾ ਹੈ। ਉਹ ਇੱਕ ਅਕਾਲ ਪੁਰਖ ਹੈ, ਜਿਸ ਦੀ ਹੋਂਦ ਸਦੀਵੀ ਹੈ ਅਤੇ ਜੋ ਸਮੇਂ ਤੋਂ ਉਤੇ ਹੈ, ਇਸ ਲਈ ਜਨਮ ਅਤੇ ਮਰਨ ਵਿਚ ਨਹੀਂ ਆਉਂਦਾ, ਵੈਰ ਅਤੇ ਭੈ ਤੋਂ ਰਹਿਤ ਹੈ ਕਿਉਂਕਿ ਉਸ ਦੇ ਬਰਾਬਰ ਉਸ ਵਰਗਾ ਹੋਰ ਕੋਈ ਨਹੀਂ ਹੈ। ਉਸ ਦੀ ਹੋਂਦ ਆਪਣੇ ਆਪ ਤੋਂ ਹੈ, ਉਸ ਨੂੰ ਗੁਰੂ ਦੀ ਮਿਹਰ ਨਾਲ ਅਨੁਭਵ ਕਰ ਸਕੀਦਾ ਹੈ। ਗੁਰੂ ਨਾਨਕ ਨੇ ਮਨੁੱਖ ਵਾਸਤੇ ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼ ਅਤੇ ਕਿਤੇ ਵੀ ਜਨਮਿਆ ਹੈ, ਜੋ ਆਦਰਸ਼ ਰੱਖਿਆ ਹੈ, ਉਹ ਹੈ 'ਸਚਿਆਰ' ਹੋਣ ਦਾ, ਉਸ ਪਰਮਸਤਿ ਨੂੰ ਅਨੁਭਵ ਕਰਨ ਦਾ। 'ਸੱਚ' ਪਰਮਾਤਮ-ਗੁਣ ਹੈ ਅਤੇ ਇਸ ਗੁਣ ਨੂੰ ਅਨੁਭਵ ਕਰਨਾ ਹੀ ਮਨੁੱਖ ਦਾ ਆਦਰਸ਼ ਹੈ। ਇਸ ਨੂੰ ਅਨੁਭਵ ਕਰਨ ਦਾ ਅਰਥ ਹੈ ਹਉਮੈ ਦੀ ਕੰਧ ਨੂੰ ਤੋੜਨਾ ਜੋ ਜੀਵ ਅਤੇ ਪਰਮਾਤਮਾ ਵਿਚ ਵਿੱਥ ਸਿਰਜਣ ਦਾ ਕਾਰਨ ਬਣਦੀ ਹੈ।

ਗੁਰੂ ਸਾਹਿਬ ਨੇ ਜਪੁਜੀ ਵਿਚ ਇਸ ਧਰਤੀ ਨੂੰ ਪਰਮਾਤਮਾ ਵੱਲੋਂ "ਧਰਮਸਾਲ" ਕਰਕੇ ਸਥਾਪਤ ਕੀਤੀ ਮੰਨਿਆ ਹੈ ਜਿਥੇ ਜੀਵ ਨੂੰ ਧਰਮ ਕਮਾਉਣ ਵਾਸਤੇ ਭੇਜਿਆ ਹੈ। ਇਸ ਸੰਸਾਰ ਦੀ ਰਚਨਾ ਕਰਤਾ ਪੁਰਖ ਨੇ ਆਪਣੇ ਆਪ ਤੋਂ ਕੀਤੀ ਹੈ ਅਤੇ ਉਹ ਆਪਣੀ ਰਚਨਾ ਵਿਚ ਵਿਆਪਕ ਰੂਪ ਵਿਚ ਵੱਸ ਰਿਹਾ ਹੈ। ਧਰਮ ਨੂੰ ਗੁਰੂ ਸਾਹਿਬ ਨੇ ਰੱਬ ਦਾ ਬਣਾਇਆ ਅਜਿਹਾ ਪ੍ਰਬੰਧ ਕਿਹਾ ਹੈ ਜਿਸ ਰਾਹੀਂ ਉਹ ਸੰਸਾਰ ਨੂੰ ਚਲਾ ਰਿਹਾ ਹੈ। ਦਇਆ ਅਤੇ ਸੰਤੋਖ ਇਸ ਨਿਯਮ ਵਿਚ ਕੰਮ ਕਰ ਰਹੇ ਹਨ। ਗੁਰੂ ਸਾਹਿਬ ਨੇ ਧਰਮ ਨੂੰ ਵਰਣ-ਆਸ਼ਰਮ ਦੇ ਬੰਧਨ ਵਿਚੋਂ ਕੱਢ ਕੇ ਨੈਤਿਕ ਗੁਣਾਂ ਨਾਲ ਜੋੜਿਆ ਜਿਵੇਂ ਯੋਗੀ ਨੂੰ ਉਨ੍ਹਾਂ ਨੇ ਉਸ ਦੇ ਭੇਖ ਦੇ ਚਿੰਨ੍ਹਾਂ ਰਾਹੀਂ ਹੀ ਜਪੁਜੀ ਸਾਹਿਬ ਵਿਚ ਦੱਸਿਆ ਹੈ ਕਿ ਸੰਤੋਖ ਨੂੰ ਕੰਨਾਂ ਦੀਆਂ ਮੁੰਦਰਾਂ ਬਣਾ, ਅਰਥਾਤ ਸੰਤੋਖ ਰਾਹੀਂ ਆਪਣੀਆਂ ਖਾਹਸ਼ਾਂ ਨੂੰ ਛੇਦ, ਉਦਮ ਅਤੇ ਮਿਹਨਤ ਨੂੰ ਆਪਣੀ ਚਿੱਪੀ ਅਤੇ ਝੋਲੀ ਬਣਾ ਭਾਵ ਲੋਕਾਂ ਤੋਂ ਮੰਗ ਕੇ ਖਾਣ ਦੀ ਥਾਂ ਆਪਣੀ ਮਿਹਨਤ ਦੀ ਕਮਾਈ ਕਰ, ਤੇਰੀ ਖੱਫਣੀ ਇਹ ਹੋਵੇ ਕਿ ਮਰਨਾ ਹੈ ਅਤੇ ਆਪਣੀ ਦੇਹ ਨੂੰ ਪਵਿੱਤਰ ਰੱਖ, ਤੇਰਾ ਡੰਡਾ ਨਿਸਚੇ ਦਾ ਹੋਵੇ ਅਤੇ ਤੇਰਾ ਪੰਥ ਇਹ ਹੋਵੇ ਕਿ ਸਾਰਿਆਂ ਨੂੰ ਆਪਣੇ ਨਾਲ ਦਾ ਸਮਝ। (ਪੰਨਾ 6)

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਧਰਮ ਨੂੰ ਨਾ ਸਿਰਫ ਨੈਤਿਕ ਗੁਣਾਂ ਨਾਲ ਹੀ ਸਗੋਂ ਸੱਚੀ-ਸੁੱਚੀ ਕਿਰਤ ਨਾਲ ਵੀ ਜੋੜਿਆ। ਪੰਡਿਤ ਨੂੰ ਬਾਹਰੀ ਧਾਰਮਕ ਚਿੰਨ੍ਹਾਂ-ਜਨੇਊ, ਧੋਤੀ, ਟਿੱਕਾ ਆਦਿ ਨੂੰ ਨੈਤਿਕ ਗੁਣਾਂ ਨਾਲ ਜੋੜ ਕੇ ਅਤੇ ਮੁਸਲਮਾਨ ਨੂੰ ਪੰਜ ਵਕਤ ਦੀ ਨਮਾਜ਼ ਦੇ ਚਿੰਨ੍ਹਾਂ ਅਤੇ ਮਸੀਤ, ਮੁਸੱਲਾ, ਹਲਾਲ, ਧਾਰਮਕ ਪੁਸਤਕ ਕੁਰਾਣ ਆਦਿ ਰਾਹੀਂ ਨੈਤਿਕ ਗੁਣਾਂ ਦੀ ਸੋਝੀ ਕਰਾਈ ਹੈ। ਪਰਮਾਤਮਾ ਆਪਣੀ ਰਚਨਾ ਵਿਚ ਵਿਆਪਕ ਹੈ। ਉਸ ਦੀ ਜੋਤਿ ਨਾਲ ਹੀ ਜੀਵ ਪ੍ਰਕਾਸ਼ਿਤ ਹੈ ਅਤੇ ਇਸ ਜੋਤਿ ਦਾ ਅਨੁਭਵ ਮਨੁੱਖ ਨੂੰ ਗੁਰੂ ਦੀ ਸਿੱਖਿਆ ਰਾਹੀਂ ਹੁੰਦਾ ਹੈ (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 13, ਸਭ ਮਹਿ ਜੋਤਿ ਜੋਤਿ ਹੈ ਸੋਇ॥) ਜਦੋਂ ਪਰਮਾਤਮਾ ਦੀ ਜੋਤਿ ਸਭ ਵਿਚ ਇੱਕ ਰਸ ਵਿਆਪਕ ਹੈ ਫਿਰ ਕੋਈ ਜਨਮ ਤੋਂ ਉਚਾ ਜਾਂ ਨੀਵਾਂ ਕਿਵੇਂ ਹੋਇਆ? ਜਿਨ੍ਹਾਂ ਨੂੰ ਵਰਣ-ਆਸ਼ਰਮ ਤਹਿਤ ਸਦੀਆਂ ਤੋਂ ਸਮਾਜ ਵਿਚ ਹੇਠਲਾ ਦਰਜਾ ਦਿੱਤਾ ਹੋਇਆ ਸੀ, ਉਨ੍ਹਾਂ ਬਾਰੇ ਗੁਰੂ ਨਾਨਕ ਕਹਿੰਦੇ ਹਨ ਕਿ ਮੈਂ ਤਾਂ ਇਹੀ ਮੰਗਦਾ ਹਾਂ ਕਿ ਪ੍ਰਭੂ ਮੇਰਾ ਸਾਥ ਉਨ੍ਹਾਂ ਬੰਦਿਆਂ ਨਾਲ ਬਣਾਵੇ ਜਿਨ੍ਹਾਂ ਨੂੰ ਨੀਵੀਂ ਤੋਂ ਨੀਵੀਂ ਜਾਤ ਦੇ ਕਿਹਾ ਜਾਂਦਾ ਹੈ ਕਿਉਂਕਿ ਮੈਨੂੰ ਮਾਇਆਧਾਰੀਆਂ ਨਾਲ ਤੁਰਨ ਦੀ ਤਾਂਘ ਨਹੀਂ ਹੈ। ਪਰਮਾਤਮਾ ਦੀ ਮਿਹਰ ਦੀ ਨਜ਼ਰ ਉਥੇ ਪੈਂਦੀ ਹੈ ਜਿਥੇ ਗ਼ਰੀਬਾਂ ਦੀ ਸਾਰ ਲਈ ਜਾਂਦੀ ਹੈ (ਪੰਨਾ 15, ਨੀਚਾ ਅੰਦਰਿ ਨੀਚ ਜਾਤਿ॥)। ਮਨੁੱਖ ਜਨਮ ਜਾਂ ਪੈਸੇ ਕਰਕੇ ਨੀਵਾਂ ਨਹੀਂ ਹੁੰਦਾ, ਨੀਵਾਂ ਮਾੜੀਆਂ ਬਿਰਤੀਆਂ ਕਾਰਨ ਹੁੰਦਾ ਹੈ ਜਿਵੇਂ ਲੋਭ, ਝੂਠ, ਠੱਗੀ, ਪਰਾਈ ਨਿੰਦਾ, ਕ੍ਰੋਧ ਆਦਿ। ਗੁਰੂ ਸਾਹਿਬ ਨੇ ਲਾਲਚ ਨੂੰ ਮਨੁੱਖ ਦੇ ਅੰਦਰ ਕੁੱਤਾ, ਝੂਠ ਬੋਲਣ ਨੂੰ ਚੂਹੜਾ, ਠੱਗ ਕੇ ਖਾਣ ਨੂੰ ਮੁਰਦਾਰ, ਪਰਾਈ ਨਿੰਦਾ ਨੂੰ ਮੂੰਹ ਵਿਚ ਪਰਾਈ ਮੈਲ, ਕ੍ਰੋਧ ਦੀ ਅੱਗ ਨੂੰ ਚੰਡਾਲ ਕਿਹਾ ਹੈ। ਚੰਗੇ ਉਹੀ ਹਨ ਜੋ ਪਰਮਾਤਮਾ ਦੀ ਹਜ਼ੂਰੀ ਵਿਚ ਚੰਗੇ ਆਖੇ ਜਾਂਦੇ ਹਨ। ਮਾੜੇ ਕੰਮ ਕਰਨ ਵਾਲੇ ਬੈਠ ਕੇ ਰੋਂਦੇ ਹਨ (ਪੰਨਾ 15, ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥)। ਚੰਗੇ ਕਰਮਾਂ ਰਾਹੀਂ ਪਰਮਾਤਮਾ ਦੀ ਮਿਹਰ ਨੂੰ ਪ੍ਰਾਪਤ ਕਰ ਲੈਣਾ ਹੀ ਉਚੀ ਜਾਤਿ ਹੈ (ਪੰਨਾ 16, ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥)। ਗੁਰੂ ਸਾਹਿਬ ਤਾਂ ਆਪਣੇ ਆਪ ਨੂੰ ਉਸ ਪਰਮਾਤਮਾ ਦੇ ਗੁਣ ਗਾਉਣ ਵਾਲਾ ਢਾਡੀ ਜਾਂ ਨੀਚ ਜਾਤੀ ਦਾ ਮੰਨਦੇ ਹਨ ਜਦ ਕਿ ਹੋਰ ਆਪਣੇ ਆਪ ਨੂੰ ਉਚ-ਜਾਤੀਏ ਅਖਵਾਉਂਦੇ ਹਨ।

ਜਾਤ-ਪਾਤ, ਊਚ-ਨੀਚ ਦੇ ਵਿਤਕਰੇ ਮਨੁੱਖ ਦੇ ਬਣਾਏ ਹੋਏ ਹਨ, ਪਰਮਾਤਮਾ ਦੇ ਨਹੀਂ। ਜੇ ਪਰਮਾਤਮਾ ਦੇ ਬਣਾਏ ਹੁੰਦੇ ਤਾਂ ਉਸ ਦੇ ਹਜ਼ੂਰ ਲੇਖਾ ਜਾਤ 'ਤੇ ਆਧਾਰਤ ਹੋਣਾ ਸੀ। ਰੱਬ ਦੇ ਹਜ਼ੂਰ ਜਾਤਿ ਨਹੀਂ ਪੁੱਛੀ ਜਾਂਦੀ, ਉਥੇ ਜਾਤ ਦਾ ਕੋਈ ਜ਼ੋਰ ਨਹੀਂ ਚਲਦਾ, ਅੱਗੇ ਤਾਂ ਜੀਅ ਨਵੇਂ ਹੁੰਦੇ ਹਨ (ਪੰਨਾ 469, ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥)। ਗੁਰੂ ਨਾਨਕ ਫੁਰਮਾਉਂਦੇ ਹਨ ਕਿ ਰਾਜ, ਮਾਲ, ਜੁਆਨੀ ਆਦਿ ਸਭ ਪਰਛਾਵੇਂ ਹਨ। ਅਗਿਆਨ ਦੀ ਹਨੇਰੇ ਨਾਲ ਤੁਲਨਾ ਕੀਤੀ ਹੈ। ਜਿਵੇਂ ਹਨੇਰੇ ਵਿਚ ਸਾਫ ਦਿਖਾਈ ਨਹੀਂ ਦਿੰਦਾ ਤਿਵੇਂ ਅਗਿਆਨ ਕਾਰਨ ਮਨੁੱਖ ਨੂੰ ਅਸਲੀਅਤ ਦੀ ਸਮਝ ਨਹੀਂ ਲਗਦੀ। ਜਿਵੇਂ ਚਾਨਣ ਵਿਚ ਸਭ ਕੁੱਝ ਸਪਸ਼ਟ ਨਜ਼ਰ ਆ ਜਾਂਦਾ ਹੈ ਤਿਵੇਂ ਗਿਆਨ ਦੇ ਪ੍ਰਕਾਸ਼ ਵਿਚ ਰਾਜ, ਜੋਬਨ, ਧਨ, ਜਾਤ ਆਦਿ ਪਰਛਾਵਿਆਂ ਦੀ ਅਸਲੀਅਤ ਸਪਸ਼ਟ ਹੋ ਜਾਂਦੀ ਹੈ। ਅੱਗੇ ਜਾ ਕੇ ਸਰੀਰ, ਨਾਮਵਰੀ ਅਤੇ ਜਾਤ ਆਦਿ ਕੋਈ ਮੁੱਲ ਨਹੀਂ ਰੱਖਦੇ ਕਿਉਂਕਿ ਉਥੇ ਦਿਨ ਹੈ, ਭਾਵ ਅਸਲੀਅਤ ਪ੍ਰਤੱਖ ਹੈ ਅਤੇ ਇਥੇ ਅਗਿਆਨ ਹੈ। ਮੂਰਖ ਮਨ ਦੀ ਤੁਲਨਾ ਡੱਡੂ ਨਾਲ ਕੀਤੀ ਹੈ ਜਿਸ ਨੂੰ ਕੋਲ ਉਗੇ ਕੰਵਲ ਫੁਲ ਦਾ ਪਤਾ ਨਹੀਂ ਲਗਦਾ ਅਤੇ ਕੁਰਾਹੇ ਪਿਆ ਰਹਿੰਦਾ ਹੈ। ਪਰਮਾਤਮਾ ਦੇ ਨਾਮ ਤੋਂ ਸੱਖਣਾ ਮਨ ਇੱਕ ਤਰ੍ਹਾਂ ਨਾਲ ਸਰਾਪਿਆ ਹੋਇਆ ਹੈ। ਨਾਮ ਤੋਂ ਖਾਲੀ ਮਨ ਆਤਮਕ ਗੁਣਾਂ ਤੋਂ ਵਾਂਝਾ ਰਹਿੰਦਾ ਹੈ ਜਿਸ ਦੀ ਨਾ ਕੋਈ ਉਚੀ ਜਾਤ ਹੈ ਨਾ ਇੱਜ਼ਤ ਹੈ ਅਰਥਾਤ ਮਨੁੱਖ ਦੀ ਜਾਤ ਅਤੇ ਪਤਿ, ਉਸ ਦੀ ਇੱਜ਼ਤ ਆਪਣੇ ਅੰਦਰ ਪਰਮਾਤਮਾ ਦੇ ਨਾਮ ਨੂੰ ਵਸਾ ਕੇ ਆਤਮਕ ਗੁਣ ਪੈਦਾ ਕਰਨ ਵਿਚ ਹੈ (ਪੰਨਾ 1188, ਮਨ ਮੁਗਧੋ ਦਾਦਰੁ ਭਗਤਿ ਹੀਨ॥)।

ਗੁਰੂ ਸਾਹਿਬ ਅਨੁਸਾਰ ਉਚੀ ਜਾਤ, ਇੱਜ਼ਤ ਆਦਿ ਸਭ ਪਰਮਾਤਮਾ ਦੇ ਨਾਮ ਕਰਕੇ ਬਣਦੀ ਹੈ ਕਿਉਂਕਿ ਆਪਣਾ ਤਾਂ ਕੁੱਝ ਵੀ ਨਹੀਂ ਹੈ, ਸਭ ਪਰਮਾਤਮਾ ਦਾ ਹੀ ਹੈ (ਪੰਨਾ 1189, ਕਿਆ ਹਉ ਆਖਾ ਜਾਂ ਕਛੂ ਨਾਹਿ॥ ਜਾਤਿ ਪਤਿ ਸਭ ਤੇਰੈ ਨਾਇ॥)। ਗੁਰੂ ਦੀ ਮਤਿ ਰਾਹੀਂ, ਗੁਰੂ ਦੇ ਸ਼ਬਦ ਰਾਹੀਂ ਜੋ ਮਨੁੱਖ ਵਿਚਾਰਵਾਨ ਹੋ ਜਾਂਦਾ ਉਸ ਦੇ ਅੰਦਰੋਂ ਵਰਣ, ਜਨਮ, ਜਾਤ ਆਦਿ ਦੇ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ (ਪੰਨਾ 1198, ਜਾਤ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬਿਚਾਰੀ॥)। ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਦੂਸਰੇ ਵਰਗ ਇਸਤਰੀ ਨੂੰ ਕੀ ਸਥਾਨ ਦਿੱਤਾ ਹੈ? ਇਹ ਅਲੱਗ ਵਿਸ਼ਾ ਹੈ ਜਿਸ ਦੀ ਵਿਸਤਾਰ ਵਿਚ ਚਰਚਾ ਕਰ ਸਕਣਾ ਇਥੇ ਸੰਭਵ ਨਹੀਂ ਹੈ। ਗੁਰੂ ਨਾਨਕ ਨੇ ਧਰਮ ਦਾ ਜੋ ਮਾਰਗ ਦਿੱਤਾ ਹੈ, ਉਹ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਹੈ। ਇਹ ਮਾਰਗ ਨਾ ਸਿਰਫ ਸਿਧਾਂਤ ਰੂਪ ਵਿਚ ਦਿੱਤਾ ਸਗੋਂ ਇਸ ਦਾ ਅਮਲੀ ਪ੍ਰਕਾਸ਼ਨ ਕੀਤਾ। ਇਸ ਮਾਰਗ 'ਤੇ ਚੱਲਣ ਲਈ ਜਾਤ, ਵਰਣ, ਛੋਟਾ, ਬੜਾ ਜਾਂ ਇਸਤਰੀ-ਪੁਰਸ਼ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ। ਇਸ ਮਾਰਗ 'ਤੇ ਚੱਲਣ ਦੀ ਹਰ ਕਿਸੇ ਨੂੰ ਖੁਲ੍ਹ ਹੈ। ਭਾਈ ਗੁਰਦਾਸ ਇਸ ਦਾ ਵਰਣਨ ਆਪਣੀਆਂ ਵਾਰਾਂ ਵਿਚ ਕਰਦੇ ਹਨ ਕਿ ਗੁਰੂ ਨਾਨਕ ਨੇ ਕਲਿਯੁਗ ਵਿਚ ਸੰਸਾਰ ਨੂੰ ਤਾਰਨ ਵਾਸਤੇ ਜਨਮ ਲਿਆ ਅਤੇ 'ਸਤਿਨਾਮ' ਦੇ ਮੰਤਰ ਰਾਹੀਂ ਤਾਰਿਆ। ਕਿਹਾ ਜਾਂਦਾ ਹੈ ਕਿ ਕਲਿਯੁਗ ਵਿਚ ਧਰਮ ਦੇ ਤਿੰਨ ਪੈਰ ਗੁਆਚ ਜਾਂਦੇ ਹਨ, ਸਿਰਫ ਇੱਕ ਪੈਰ ਰਹਿ ਜਾਂਦਾ ਹੈ ਪਰ ਗੁਰੂ ਨਾਨਕ ਨੇ ਧਰਮ ਨੂੰ ਆਪਣੇ ਚਾਰੇ ਪੈਰਾਂ 'ਤੇ ਮੁੜ ਖੜ੍ਹਾ ਕੀਤਾ। ਛੋਟੇ-ਬੜੇ, ਊਚ-ਨੀਚ ਦਾ ਭੇਦ ਖਤਮ ਕਰਕੇ ਰਾਜੇ ਅਤੇ ਪਰਜਾ ਨੂੰ ਇੱਕ ਬਰਾਬਰ ਕਰ ਦਿੱਤਾ। ਸਮਾਜ, ਜੋ 4 ਵਰਣਾਂ ਵਿਚ ਵੰਡਿਆ ਹੋਇਆ ਸੀ, ਉਸ ਨੂੰ ਇਕੱਠਾ ਕਰਕੇ ਇੱਕ ਵਰਣ ਕਰ ਦਿੱਤਾ (ਵਾਰਾਂ ਭਾਈ ਗੁਰਦਾਸ, 1/23)

ਗੁਰੂ ਨਾਨਕ ਸਾਹਿਬ ਨੇ ਮਨੁੱਖ ਦੀ ਸਮਾਜਕ ਬਰਾਬਰੀ ਦਾ ਜੋ ਸਿਧਾਂਤ ਦਿੱਤਾ ਉਸ ਨੂੰ ਆਧੁਨਿਕ ਸ਼ਬਦਾਵਲੀ ਵਿਚ ਅਸੀਂ "ਇਗੈਲੀਟੇਰੀਏਨਿਜਮ" ਦਾ ਸਿਧਾਂਤ ਕਹਿ ਸਕਦੇ ਹਾਂ। ਇਸ ਦੀ ਪਰਿਭਾਸ਼ਾ ਵਿਲਕੀਪੀਡੀਆ ਵਿਚ ਇਸ ਤਰ੍ਹਾਂ ਕੀਤੀ ਗਈ ਹੈ:

"Egalitariainsm ( from French egal, meaning "equal") is a trend of thought that favours equality of some sort among moral agents, whether persons or animals. Emphasis is placed upon the fact that equality contains the idea of equality of quality. That is, all people should be treated with the same dignity or be regarded as possessing the same intrisinct qualities despite our societal diversity of race, religion, ethnicity, sex, sexual orientation, gender expression, species, political affiliation, socio-economic status (dis) ability or cultural heritage.

ਗੁਰੂ ਨਾਨਕ ਅਨੁਸਾਰ ਮਨੁੱਖ ਭਾਵੇਂ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੈ ਉਹ ਆਪਣੇ ਅੰਦਰ ਨੈਤਿਕ ਗੁਣ ਪੈਦਾ ਕਰਕੇ, ਕਿਰਤ ਕਰਨ, ਵੰਡ ਛਕਣ ਅਤੇ ਨਾਮ ਸਿਮਰਨ ਦੇ ਮਾਰਗ ਤੇ ਚੱਲ ਕੇ ਉਸ ਪਰਮਾਤਮ-ਜੋਤਿ ਨੂੰ ਆਪਣੇ ਅੰਦਰ ਅਨੁਭਵ ਕਰ ਸਕਦਾ ਹੈ, ਸਚਿਆਰ ਪਦ ਨੂੰ ਪ੍ਰਾਪਤ ਕਰ ਸਕਦਾ ਹੈ। ਅਧਿਆਤਮਕ ਪ੍ਰਾਪਤੀ ਦੇ ਰਾਹ 'ਤੇ ਚੱਲਣ ਦਾ ਅਧਿਕਾਰ ਇਸਤਰੀ ਅਤੇ ਪੁਰਣ-ਦੋਹਾਂ ਨੂੰ ਹੀ ਬਰਾਬਰ ਪ੍ਰਾਪਤ ਹੈ ਕਿਉਂਕਿ ਦੋਹਾਂ ਵਿਚ ਹੀ ਉਸੇ ਇੱਕ ਰੱਬੀ ਜੋਤਿ ਦਾ ਵਾਸਾ ਹੈ। ਇਸ ਸਿਧਾਂਤ ਦੇ ਅਮਲੀ ਪ੍ਰਕਾਸ਼ਨ ਲਈ ਗੁਰੂ ਨਾਨਕ ਸਾਹਿਬ ਨੇ ਚਾਰ ਉਦਾਸੀਆਂ ਤੋਂ ਬਾਅਦ ਰਾਵੀ ਦੇ ਕੰਢੇ ਕਰਤਾਰਪੁਰ ਵਸਾਇਆ ਜਿਥੇ ਉਨ੍ਹਾਂ ਨੇ ਆਪਣੇ ਹੱਥੀਂ ਕਾਰ ਕਰਨ, ਸਾਂਝੇ ਲੰਗਰ ਦੀ ਰੀਤ ਅਤੇ ਰੱਬੀ ਬਾਣੀ ਦੇ ਕੀਰਤਨ ਰਾਹੀਂ ਨਾਮ ਜਪਣ ਦਾ ਮਾਰਗ ਸਥਾਪਤ ਕੀਤਾ। ਭਾਈ ਮਰਦਾਨਾ ਜੋ ਕਿ ਉਸ ਵੇਲੇ ਦੀ ਨੀਵੀਂ ਕਹੀ ਜਾਣ ਵਾਲੀ ਜਾਤ ਵਿਚੋਂ ਸੀ, ਆਪਣੇ ਆਖ਼ਰੀ ਸਵਾਸਾਂ ਤਕ ਗੁਰੂ ਸਾਹਿਬ ਦਾ ਸੰਗੀ ਰਿਹਾ। ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਹੇਠ ਦਿੱਤੀਆਂ ਵੱਖ ਵੱਖ ਪੰਕਤੀਆਂ ਵਿਚੋਂ ਗੁਰੂ ਨਾਨਕ ਦੇ ਸਿਧਾਂਤ ਦਾ ਪ੍ਰਕਾਸ਼ਨ ਭਲੀ ਭਾਂਤ ਉਜਾਗਰ ਹੋ ਜਾਂਦਾ ਹੈ:

"ਫਿਰਿ ਬਾਬਾ ਆਇਆ ਕਰਤਾਰਪੁਰਿ<br>
ਭੇਖੁ ਉਦਾਸੀ ਸਗਲ ਉਤਾਰਾ॥<br>
ਪਹਿਰਿ ਸੰਸਾਰੀ ਕਪੜੇ<br>
ਮੰਜੀ ਬੈਠਿ ਕੀਆ ਅਵਤਾਰਾ॥" (1/38)<br>
"ਗੁਰਮੁਖਿ ਵਰਨੁ ਅਵਰਨੁ ਹੋਇ<br>
ਨਿਵਿ ਚਲਣਾ ਗੁਰਸਿਖਿ ਵਿਸੇਖੈ॥" (1/26)<br>
"ਫਿਰਿ ਬਾਬਾ ਗਇਆ ਬਗਦਾਦਿ ਨੋ<br>
ਬਾਹਰਿ ਜਾਇ ਕੀਆ ਅਸਥਾਨਾ॥<br>
"ਇਕੁ ਬਾਬਾ ਅਕਾਲ ਰੂਪੁ<br>
ਦੂਜਾ ਰਬਾਬੀ ਮਰਦਾਨਾ॥" (1/35)

***(ਸਮਾਪਤ)***

## ਸਿਆਣਿਆਂ ਦਾ ਕਿਹਾ

(1) ਜਨਮ ਦੇਣ ਵਾਲੀ ਮਾਂ ਨੂੰ ਤਾਂ ਅਸੀਂ ਯਾਦ ਕਰਦੇ ਹਾਂ ਪਰ ਰੋਜ਼ਮੱਰਾ ਲੋੜਾਂ ਪੂਰੀਆਂ ਕਰਨ ਵਾਲੇ ਪਿਤਾ ਨੂੰ ਕਿਉਂ ਭੁੱਲ ਜਾਂਦੇ ਹਾਂ?

(2) ਔਰਤ ਮਨੁੱਖ ਦਾ ਪ੍ਰੇਰਨਾ ਸਰੋਤ ਹੈ।

(3) ਪਤਨੀ ਸੂਝਵਾਨ ਤੇ ਸਿਆਣੀ ਹੋਵੇ ਤਾਂ ਪਤੀ ਦੀ ਉਮਰ ਲੰਬੀ ਹੋ ਸਕਦੀ ਹੈ।

(4) ਨਿੱਕੀ ਜਿਹੀ ਭੁੱਲ ਵੱਲ ਜੇ ਸਮੇਂ ਸਿਰ ਧਿਆਨ ਨਾ ਦਿੱਤਾ ਜਾਵੇ ਤਾਂ ਉਮਰਾਂ ਦੇ ਰੋਗ ਦਾ ਸ਼ਿਕਾਰ ਹੋਣਾ ਕੋਈ ਵੱਡੀ ਗੱਲ ਨਹੀਂ।

(5) ਰਿਸ਼ਤੇ ਤਿੜਕਦਿਆਂ ਦੇਰ ਨਹੀਂ ਲਗਦੀ।

(6) ਖੁਸ਼ ਹੋਣ ਵਿਚ ਅਸੀਂ ਦੇਰ ਲਾਉਂਦੇ ਹਾਂ ਪਰ ਨਾਰਾਜ਼ ਤੇ ਨਿਰਾਸ਼ ਹੋਣ ਵਿਚ ਕੁਝ ਪਲ ਹੀ ਲਗਦੇ ਹਨ।

(7) ਸੰਜਮ ਤੇ ਠਰ੍ਹੰਮੇ ਨੂੰ ਕਦੇ ਹੱਥੋਂ ਨਹੀਂ ਛੱਡਣਾ ਚਾਹੀਦਾ।

(8) ਪਰਿਵਾਰਕ ਵਿਹਾਰ ਤੋਂ ਹੀ ਬੱਚਿਆਂ ਨੇ ਸਲੀਕੇ ਦਾ ਪਾਠ ਸਿੱਖਣਾ ਹੁੰਦਾ ਹੈ।

(9) ਜਦੋਂ ਕਿਸੇ ਨਾਲ ਪਿਆਰ ਕਰਦੇ ਹਾਂ ਤਾਂ ਉਸ ਦੇ ਔਗਣ ਵੀ ਗੁਣਾਂ 'ਚ ਬਦਲ ਜਾਂਦੇ ਹਨ।

(10) ਜਵਾਨੀ ਵੇਲੇ ਲਏ ਸੁਪਨੇ ਦੁਬਾਰਾ ਨਾ ਦੁਹਰਾਏ ਜਾਣ।

(11) ਵਾਅਦੇ ਬਹਾਨੇ ਬਣ ਜਾਂਦੇ ਹਨ ਤੇ ਬਹਾਨੇ ਸ਼ੱਕ ਪੈਦਾ ਕਰਕੇ ਦੰਪਤੀ ਜੀਵਨ ਨੂੰ ਨਰਕ ਬਣਾ ਸਕਦੇ ਹਨ।

(12) ਜੇ ਕਰ ਵਿਸ਼ਵਾਸ ਹੀ ਉਠ ਗਿਆ ਤਾਂ ਪਤੀ-ਪਤਨੀ ਕੋਲ ਕੁਝ ਵੀ ਨਹੀਂ ਬਚਦਾ।

(13) ਯਾਰੀਆਂ, ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣੀਆਂ, ਰਿਸ਼ਤੇਦਾਰੀਆਂ ਦੀ ਤੰਦ ਪੀਡੀ ਕਰਨੀ, ਕੋਈ ਸੌਖਾ ਕੰਮ ਨਹੀਂ।

(14) ਹਾਸਾ ਚਿਹਰੇ 'ਤੇ ਖੇੜਾ ਤੇ ਰੌਣਕ ਲਿਆਉਂਦਾ ਹੈ ਅਤੇ ਗੁੱਸਾ, ਗਮ, ਉਦਾਸੀ ਚਿਹਰੇ ਦਾ ਸਤਿਆਨਾਸ ਕਰਦੇ ਹਨ।

(15) ਖੁਸ਼ੀ ਸਰੀਰ ਵਿਚ ਜਿਉਣ ਦਾ ਚਾਅ ਭਰਦੀ ਹੈ, ਗਮ ਚਾਅ ਨੂੰ ਚੱਟ ਜਾਂਦੇ ਹਨ। ਹਾਸਾ ਸਰੀਰ ਲਈ ਕਸਰਤ ਦਾ ਕੰਮ ਕਰਦਾ ਹੈ।

(16) ਇਕ ਹੱਸਦਾ ਮਨੁੱਖ ਦੇਖਣ ਵਾਲੇ ਨੂੰ ਖੁਸ਼ੀ ਦਿੰਦਾ ਹੈ ਜਦਕਿ ਗੁੱਸੇਖੋਰ ਦੂਜਿਆਂ ਨੂੰ ਨਿਰਾਸ਼ ਅਤੇ ਹਤਾਸ਼ ਕਰਦਾ ਹੈ।

(17) ਹਾਸਾ ਮਨ ਦੀ ਹਰ ਪ੍ਰਕਾਰ ਦੀ ਮੈਲ ਧੋ ਸੁੱਟਦਾ ਹੈ, ਬਸ਼ਰਤੇ ਕਿ ਖੁਸ਼ ਤਬੀਅਤ ਨਾਲ ਹੱਸਿਆ ਜਾਵੇ।

(18) ਜਿਵੇਂ ਰੋਟੀ, ਕੱਪੜਾ, ਮਕਾਨ ਜ਼ਰੂਰੀ ਹੈ, ਹਾਸਾ ਤੇ ਖੁਸ਼ੀ ਵੀ ਜ਼ਰੂਰੀ ਹੈ।

(19) ਸੱਤ ਸਮੁੰਦਰਾਂ ਦੇ ਪਾਣੀ ਨੂੰ ਸਿਆਹੀ ਬਣਾ ਕੇ ਜੇ ਗੁਰ ਸਿੱਖ ਇਤਿਹਾਸ ਲਿੱਖਣਾ ਸ਼ੁਰੂ ਕੀਤਾ ਜਾਵੇ ਤਾਂ ਵੀ ਬਿਆਨ ਨਹੀਂ ਕੀਤਾ ਜਾ ਸਕਦਾ।

(20) ਮਨੁੱਖ ਅਤਿ ਨੀਵਾਂ ਹੋ ਗਿਆ ਹੈ ਅਤੇ ਦਿਨੋ ਦਿਨ ਆਪਣੇ ਪਤਨ ਵੱਲ ਜਾ ਰਿਹਾ ਹੈ।

(21) ਨਾਮ ਸ਼ਕਤੀ ਤੋਂ ਅਗਿਆਤ ਇਹ ਸੰਸਾਰ ਡਾਵਾਂਡੋਲ ਹੋਇਆ ਪਿਆ ਹੈ।

(22) ਜਿਸ ਨੂੰ ਸ਼ਬਦ ਦਾ ਸੁਆਦ ਆ ਗਿਆ, ਉਹ ਹਰੀ ਦੇ ਗੁਣ ਗਾਉਂਦਾ ਹੈ।

(23) ਗੁਰੂ ਦੀ ਹਜ਼ੂਰੀ ਵਿਚ ਸਤਿਸੰਗ ਕੋਈ ਮਾਮੂਲੀ ਗੱਲ ਨਹੀਂ ਹੈ।

(24) ਬੰਦਗੀ ਕਰਨ ਵਾਲੇ ਦੀਆਂ 101 ਕੁਲਾਂ ਤਰ ਜਾਂਦੀਆਂ ਨੇ ਅਤੇ ਤੰਬਾਕੂ ਪੀਣ ਵਾਲੇ 101 ਕੁਲਾਂ ਦਾ ਨਾਸ ਕਰਦੇ ਹਨ।

(25) ਰੋਗ ਮਨ ਤੋਂ ਸ਼ੁਰੂ ਹੁੰਦਾ ਹੈ। ਸਭ ਤੋਂ ਭਿਆਨਕ ਰੋਗ ਹੈ ਹਉਮੈ ਜੋ ਮਨੁੱਖ ਦੇ ਹਿੱਸੇ ਆਇਆ ਹੈ, ਜਾਨਵਰਾਂ ਦੇ ਨਹੀਂ।

(26) ਮੋਹ ਦਾ ਰੋਗ ਸਾਰੇ ਸੰਸਾਰ ਵਿਚ ਹੈ, ਕੋਈ ਨਹੀਂ ਬਚਿਆ ਇਸ ਤੋਂ।

(27) ਚੁਗਲੀ ਨਿੰਦਿਆ ਦੀ ਛੋਟੀ ਭੈਣ ਹੈ।

(28) ਸੂਰਜ ਛੱਡੀਆਂ ਰਿਸ਼ਮਾਂ, ਮੂਲੀ ਛੱਡਿਆ ਬੀਅ। ਭੈਣ ਨੇ ਬੰਨੀ ਰੱਖੜੀ, ਜੁੱਗ ਜੁੱਗ ਵੀਰਾ ਜੀਅ।

(29) ਜੇ ਅਸੀਂ ਆਪਣੇ ਆਪ ਨੂੰ ਸਮੇਂ ਅਨੁਸਾਰ ਨਹੀਂ ਬਦਲਦੇ ਤਾਂ ਜ਼ਿੰਦਗੀ ਦੀ ਦੌੜ ਵਿਚ ਪੱਛੜ ਜਾਵਾਂਗੇ।

(30) ਸਿੱਖ ਵਿਰਸਾ ਇਕ ਅਮੀਰ ਵਿਰਸਾ ਹੈ। ਇਸ ਦੀ ਓਟ ਲੈ ਕੇ ਬਹੁਤਿਆਂ ਨੇ ਪ੍ਰਸਿੱਧੀ ਖੱਟੀ ਹੈ।

(31) ਆਜ਼ਾਦੀ ਅਤੇ ਸ਼ਕਤੀ ਜ਼ਿੰਮੇਵਾਰੀ ਲਿਆਉਂਦੀ ਹੈ।

(32) ਸਿੱਖ ਭਰਾਵੋ ਖਾਲਿਸਤਾਨ ਦੀ ਪ੍ਰਾਪਤੀ ਲਈ ਸੇਵਾ ਦਾ ਅਰਥ, ਸਿੱਖ ਕੌਮ ਦੀਆਂ ਕਰੋੜਾਂ ਪੀੜ੍ਹੀਆਂ ਦੀ ਸੇਵਾ ਹੈ

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN # 978-0-9781624-9-8

## ਕਹਾਣੀ

# ਕਰਾਮਾਤ

***ਪੰਜਾਬੀ ਦੇ ਨਾਮਵਰ ਲੇਖਕ ਕਰਤਾਰ ਸਿੰਘ ਦੁੱਗਲ ਦੀ ਇਸ ਸ਼ਾਹਕਾਰ ਕਹਾਣੀ 'ਕਰਾਮਾਤ' ਵਿਚ ਬਾਲ-ਮਨ ਦੀਆਂ ਦਲੀਲਾਂ ਅਤੇ ਵਿਸ਼ਵਾਸ ਦੀਆਂ ਤੰਦਾਂ ਇਕ-ਮਿਕ ਹੋਈਆਂ ਪਈਆਂ ਹਨ। ਇਸ ਕਹਾਣੀ ਵਿਚ ਬਾਬਾ ਨਾਨਕ ਨਾਲ ਸਬੰਧਤ ਪਹਾੜ ਰੋਕਣ ਵਾਲੀ ਸਾਖੀ ਦੇ ਵੇਰਵੇ ਦਰਜ ਹਨ, ਲੇਖਕ ਨੇ ਇਸ ਨੂੰ ਪੰਜਾ ਸਾਹਿਬ ਵਿਖੇ ਸੰਗਤ ਵੱਲੋਂ ਭੁੱਖੇ-ਪਿਆਸਿਆਂ ਲਈ ਗੱਡੀ ਰੋਕਣ ਵਾਲੇ ਸਾਕੇ ਨਾਲ ਜੋੜ ਕੇ ਵੱਖਰੇ ਰੰਗ ਵਿਚ ਪੇਸ਼ ਕੀਤਾ ਹੈ। ਬਾਬਾ ਨਾਨਕ ਕਰਾਮਾਤਾਂ ਜਾਂ ਚਮਤਕਾਰਾਂ ਦੇ ਖਿਲਾਫ ਸਨ, ਉਨ੍ਹਾਂ ਨੇ ਸੰਗਤ ਨੂੰ ਅਜਿਹੀ ਜੀਵਨ ਜਾਚ ਬਖਸ਼ਿਸ਼ ਕੀਤੀ ਜਿਸ ਦੀ ਬੁਨਿਆਦ ਸੱਚ ਅਤੇ ਸੁੱਚਮ ਸੀ ਪਰ ਇਸ ਕਹਾਣੀ ਵਿਚ ਵਿਸ਼ਵਾਸ, ਸਮਾਜਿਕ ਸੱਚ ਤੇ ਸੁੱਚੇ ਸਰੋਕਾਰ ਜਿਸ ਢੰਗ ਨਾਲ ਗੜੁੱਚ ਹੋਏ ਪਏ ਹਨ, ਇਹੀ ਇਸ ਕਹਾਣੀ ਦੀ ਖੂਬਸੂਰਤੀ ਹੈ। ਬਾਬਾ ਨਾਨਕ ਦੇ ਪ੍ਰਕਾਸ਼ ਪੁਰਬ 'ਤੇ ਅਸੀਂ ਇਹ ਕਹਾਣੀ ਵਿਸ਼ੇਸ਼ ਤੌਰ 'ਤੇ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

### ਕਰਤਾਰ ਸਿੰਘ ਦੁੱਗਲ

"...ਤੇ ਫਿਰ ਬਾਬਾ ਨਾਨਕ ਵਿਚਰਦੇ ਹੋਏ ਹਸਨ ਅਬਦਾਲ ਦੇ ਜੰਗਲ ਵਿਚ ਜਾ ਨਿਕਲੇ। ਗਰਮੀ ਕਹਿਰਾਂ ਦੀ ਸੀ। ਚਿਲਚਲਾਂਦੀ ਧੁੱਪ ਜਿਵੇਂ ਕਾਂ ਦੀ ਅੱਖ ਨਿਕਲਦੀ ਹੋਵੇ! ਚਵ੍ਹੀਂ ਪਾਸੀਂ ਸੁੰਨਸਾਨ-ਪੱਥਰ ਹੀ ਪੱਥਰ, ਰੇਤ ਹੀ ਰੇਤ। ਝੁਲਸੀਆਂ ਹੋਈਆਂ ਝਾੜੀਆਂ, ਸੁੱਕੇ ਰੁੱਖ। ਦੂਰ ਦੂਰ ਤੀਕ ਕੋਈ ਬੰਦਾ-ਬਨਿਆਦਮ ਨਜ਼ਰੀ ਨਹੀਂ ਸੀ ਆਉਂਦਾ।"


"ਤੇ ਫਿਰ ਅੰਮੀ?" ਮੈਂ ਹੁੰਗਾਰਾ ਭਰਿਆ।

"ਬਾਬਾ ਨਾਨਕ ਆਪਣੇ ਧਿਆਨ ਵਿਚ ਮਗਨ ਤੁਰਦੇ ਜਾ ਰਹੇ ਸਨ ਕਿ ਮਰਦਾਨੇ ਨੂੰ ਤ੍ਰੇਹ ਲੱਗਣ ਲੱਗ ਗਈ, ਪਰ ਓਥੇ ਪਾਣੀ ਕਿੱਥੇ! ਬਾਬੇ ਨੇ ਕਿਹਾ, ਮਰਦਾਨਿਆਂ ਸਬਰ ਕਰ ਲੈ, ਅਗਲੇ ਪਿੰਡ ਪੁੱਜ ਕੇ ਤੂੰ ਜਿਤਨਾ ਤੇਰਾ ਜੀਅ ਚਾਹੇ ਪਾਣੀ ਪੀ ਲਵੀਂ ਪਰ ਮਰਦਾਨੇ ਨੂੰ ਤੇ ਡਾਢੀ ਪਿਆਸ ਲੱਗੀ ਹੋਈ ਸੀ। ਬਾਬਾ ਨਾਨਕ ਇਹ ਸੁਣ ਕੇ ਸੋਚੀਂ ਪੈ ਗਏ। ਇਸ ਜੰਗਲ ਵਿਚ ਪਾਣੀ ਤਾਂ ਦੂਰ ਦੂਰ ਤੀਕ ਨਹੀਂ ਸੀ, ਤੇ ਜਦੋਂ ਮਰਦਾਨਾ ਅੜੀ ਕਰ ਬਹਿੰਦਾ ਤਾਂ ਸਭ ਲਈ ਬੜੀ ਮੁਸ਼ਕਲ ਕਰ ਦਿੰਦਾ ਸੀ। ਬਾਬੇ ਨੇ ਫਿਰ ਸਮਝਾਇਆ, ਮਰਦਾਨਿਆਂ ਏਥੇ ਪਾਣੀ ਕਿਤੇ ਵੀ ਨਹੀਂ, ਤੂੰ ਸਬਰ ਕਰ ਲੈ, ਰੱਬ ਦਾ ਭਾਣਾ ਮੰਨ! ਪਰ ਮਰਦਾਨਾ ਤਾਂ ਉਥੇ ਦਾ ਉਥੇ ਹੀ ਬੈਠ ਗਿਆ। ਇਕ ਕਦਮ ਹੋਰ ਉਸ ਤੋਂ ਅੱਗੇ ਨਹੀਂ ਸੀ ਤੁਰਿਆ ਜਾਂਦਾ। ਬਾਬਾ ਡਾਢਾ ਜਿਚ ਪਿਆ। ਗੁਰੂ ਨਾਨਕ ਮਰਦਾਨੇ ਦੀ ਜ਼ਿਦ ਨੂੰ ਵੇਖ ਮੁੜ ਮੁੜ ਮੁਸਕਾਉਂਦੇ ਹੈਰਾਨ ਪਏ ਹੁੰਦੇ। ਆਖ਼ਰ ਜਦੋਂ ਬਾਬੇ ਨੇ ਮਰਦਾਨੇ ਨੂੰ ਕਿਸੇ ਕੌਲੀ ਵਿਚ ਆਉਂਦੇ ਨਾ ਵੇਖਿਆ ਤਾਂ ਉਹ ਅੰਤਰ ਧਿਆਨ ਹੋ ਗਏ। ਜਦੋਂ ਗੁਰੂ ਨਾਨਕ ਦੀ ਅੱਖ ਖੁੱਲ੍ਹੀ, ਮਰਦਾਨਾ ਮੱਛੀ ਵਾਂਗ ਤੜਫ਼ ਰਿਹਾ ਸੀ। ਸਤਿਗੁਰੂ ਉਸ ਨੂੰ ਵੇਖ ਕੇ ਮੁਸਕਰਾਏ ਤੇ ਕਹਿਣ ਲੱਗੇ, ਭਾਈ ਮਰਦਾਨਿਆਂ! ਇਸ ਪਹਾੜੀ ਉਤੇ ਇਕ ਕੁਟੀਆ ਹੈ ਜਿਸ ਵਿਚ ਵਲੀ ਕੰਧਾਰੀ ਨਾਂ ਦਾ ਦਰਵੇਸ਼ ਰਹਿੰਦਾ ਹੈ। ਜੇ ਤੂੰ ਉਹਦੇ ਕੋਲ ਜਾਏਂ ਤਾਂ ਤੈਨੂੰ ਪਾਣੀ ਮਿਲ ਸਕਦਾ ਹੈ। ਇਸ ਇਲਾਕੇ ਵਿਚ ਬੱਸ ਇਕ ਉਹਦਾ ਖੂਹ ਪਾਣੀ ਨਾਲ ਭਰਿਆ ਹੋਇਆ ਹੈ, ਹੋਰ ਕਿਤੇ ਵੀ ਪਾਣੀ ਨਹੀਂ।"

"ਤੇ ਫਿਰ ਅੰਮੀ!" ਮੈਂ ਉਤਾਵਲਾ ਹੋ ਰਿਹਾ ਸਾਂ, ਇਹ ਜਾਣਨ ਲਈ ਕਿ ਮਰਦਾਨੇ ਨੂੰ ਪਾਣੀ ਮਿਲਦਾ ਹੈ ਕਿ ਨਹੀਂ।

"ਮਰਦਾਨੇ ਨੂੰ ਪਿਆਸ ਡਾਢੀ ਲੱਗੀ ਹੋਈ ਸੀ, ਸੁਣਦਿਆਂ ਸਾਰ ਪਹਾੜੀ ਵੱਲ ਦੌੜ ਪਿਆ। ਕੜਕਦੀ ਦੁਪਹਿਰ, ਉਧਰੋਂ ਪਿਆਸ, ਉਧਰੋਂ ਪਹਾੜੀ ਦਾ ਸਫ਼ਰ। ਸਾਹੋ ਸਾਹ, ਪਸੀਨੋ ਪਸੀਨਾ ਹੋਇਆ ਮਰਦਾਨਾ ਬੜੀ ਮੁਸ਼ਕਲ ਨਾਲ ਉਤੇ ਪੁੱਜਾ। ਵਲੀ ਕੰਧਾਰੀ ਨੂੰ ਸਲਾਮ ਕਰ ਉਸ ਪਾਣੀ ਲਈ ਬੇਨਤੀ ਕੀਤੀ। ਵਲੀ ਕੰਧਾਰੀ ਨੇ ਖੂਹ ਵਲ ਇਸ਼ਾਰਾ ਕੀਤਾ। ਜਦੋਂ ਮਰਦਾਨਾ ਖੂਹ ਵੱਲ ਜਾਣ ਲੱਗਾ, ਵਲੀ ਕੰਧਾਰੀ ਦੇ ਮਨ ਵਿਚ ਕੁਝ ਆਇਆ ਤੇ ਉਸ ਮਰਦਾਨੇ ਤੋਂ ਪੁੱਛਿਆ, ਭਲੇ ਲੋਕ, ਤੂੰ ਕਿੱਥੋਂ ਆਇਆ ਏਂ? ਮਰਦਾਨੇ ਕਿਹਾ, ਮੈਂ ਨਾਨਕ ਪੀਰ ਦਾ ਸਾਥੀ ਹਾਂ। ਅਸੀਂ ਤੁਰਦੇ ਤੁਰਦੇ ਇਧਰ ਆ ਨਿਕਲੇ ਹਾਂ। ਮੈਨੂੰ ਪਿਆਸ ਡਾਢੀ ਲੱਗੀ ਹੈ ਤੇ ਹੇਠ ਕਿਤੇ ਪਾਣੀ ਨਹੀਂ। ਬਾਬੇ ਨਾਨਕ ਦਾ ਨਾਂ ਸੁਣ ਕੇ ਵਲੀ ਕੰਧਾਰੀ ਨੂੰ ਸਹਿਸਾ ਕ੍ਰੋਧ ਆਇਆ ਤੇ ਉਸ ਮਰਦਾਨੇ ਨੂੰ ਆਪਣੀ ਕੁਟੀਆ ਵਿਚੋਂ ਉਂਜ ਦਾ ਉਂਜ ਬਾਹਰ ਕਢ ਦਿੱਤਾ। ਥੱਕਿਆ ਹਾਰਿਆ ਮਰਦਾਨਾ ਹੇਠ ਬਾਬੇ ਨਾਨਕ ਕੋਲ ਆ ਕੇ ਫ਼ਰਿਆਦੀ ਹੋਇਆ। ਬਾਬੇ ਨੇ ਉਸ ਤੋਂ ਸਾਰੀ ਵਿਥਿਆ ਸੁਣੀ ਤੇ ਮੁਸਕਰਾ ਪਏ। ਮਰਦਾਨਿਆਂ ਤੂੰ ਇਕ ਵਾਰ ਫੇਰ ਜਾਹ, ਬਾਬੇ ਨਾਨਕ ਨੇ ਮਰਦਾਨੇ ਨੂੰ ਸਲਾਹ ਦਿੱਤੀ। ਏਸ ਵਾਰ ਤੂੰ ਨਿਮਰਤਾ ਨਾਲ ਝਿਕਾ ਦਿਲ ਲੈ ਕੇ ਜਾਹ। ਕਹੀ ਮੈਂ ਨਾਨਕ ਦਰਵੇਸ਼ ਦਾ ਸਾਥੀ ਹਾਂ। ਮਰਦਾਨੇ ਨੂੰ ਪਿਆਸ ਡਾਢੀ ਲੱਗੀ ਸੀ। ਪਾਣੀ ਹੋਰ ਕਿਤੇ ਸੀ ਨਹੀਂ। ਖ਼ਪਦਾ, ਕ੍ਰਿਝਦਾ ਸੜਦਾ-ਭੁੱਜਦਾ ਫੇਰ ਉਤੇ ਤੁਰ ਪਿਆ, ਪਰ ਪਾਣੀ ਵਲੀ ਕੰਧਾਰੀ ਨੇ ਫੇਰ ਵੀ ਨਾ ਦਿੱਤਾ। ਮੈਂ ਕਾਫ਼ਰ ਦੇ ਸਾਥੀ ਨੂੰ ਪਾਣੀ ਦੀ ਚੁਲੀ ਨਹੀਂ ਦਿਆਂਗਾ। ਵਲੀ ਕੰਧਾਰੀ ਨੇ ਮਰਦਾਨੇ ਨੂੰ ਮੁੜ ਉਂਜ ਦਾ ਉਂਜ ਪਰਤਾ ਦਿੱਤਾ। ਜਦੋਂ ਮਰਦਾਨਾ ਇਸ ਵਾਰ ਹੇਠ ਆਇਆ ਤਾਂ ਉਸ ਦਾ ਬੁਰਾ ਹਾਲ ਸੀ। ਉਸ ਦੇ ਹੋਠਾਂ 'ਤੇ ਪੇਪੜੀ ਜੰਮੀ ਹੋਈ ਸੀ। ਮੂੰਹ ਤੇ ਤਰੇਲੀਆਂ ਛੁੱਟ ਰਹੀਆਂ ਸਨ। ਇੰਜ ਜਾਪਦਾ ਸੀ, ਮਰਦਾਨਾ ਬੱਸ ਘੜੀ ਹੈ ਕਿ ਪਲ ਹੈ।

ਬਾਬੇ ਨਾਨਕ ਨੇ ਸਾਰੀ ਗੱਲ ਸੁਣੀ ਤੇ ਮਰਦਾਨੇ ਨੂੰ "ਧੰਨ ਨਿਰੰਕਾਰ" ਕਹਿ ਕੇ ਇਕ ਵਾਰ ਫੇਰ ਵਲੀ ਕੋਲ ਜਾਣ ਲਈ ਕਿਹਾ। ਹੁਕਮ ਦਾ ਬੱਧਾ ਮਰਦਾਨਾ ਤੁਰ ਪਿਆ ਪਰ ਉਸ ਨੂੰ ਪਤਾ ਸੀ ਕਿ ਉਸ ਦੀ ਜਾਨ ਰਸਤੇ ਵਿਚ ਹੀ ਕਿਤੇ ਨਿਕਲ ਜਾਵੇਗੀ। ਮਰਦਾਨਾ ਤੀਜੀ ਵਾਰ ਪਹਾੜੀ ਦੀ ਚੋਟੀ 'ਤੇ ਵਲੀ ਕੰਧਾਰੀ ਦੇ ਚਰਨਾਂ ਵਿਚ ਜਾ ਕੇ ਡਿੱਗਾ ਪਰ ਕ੍ਰੋਧ ਵਿਚ ਬਲ ਰਹੇ ਫ਼ਕੀਰ ਨੇ ਉਸ ਦੀ ਬੇਨਤੀ ਨੂੰ ਇਸ ਵਾਰ ਵੀ ਠੁਕਰਾ ਦਿੱਤਾ। ਨਾਨਕ ਆਪਣੇ-ਆਪ ਨੂੰ ਪੀਰ ਅਖਵਾਉਂਦਾ ਹੈ ਤਾਂ ਆਪਣੇ ਮੁਰੀਦ ਨੂੰ ਪਾਣੀ ਦਾ ਘੁੱਟ ਨਹੀਂ ਪਿਲਾ ਸਕਦਾ? ਵਲੀ ਕੰਧਾਰੀ ਨੇ ਲੱਖ-ਲੱਖ ਸੁਣਾਵਤਾਂ ਸੁੱਟੀਆਂ। ਮਰਦਾਨਾ ਇਸ ਵਾਰ ਜਦੋਂ ਹੇਠ ਪੁੱਜਾ, ਪਿਆਸ ਵਿਚ ਬਿਹਬਲ ਬਾਬੇ ਨਾਨਕ ਦੇ ਚਰਨਾਂ ਵਿਚ ਬੇਹੋਸ਼ ਹੋ ਗਿਆ। ਗੁਰੂ ਨਾਨਕ ਨੇ ਮਰਦਾਨੇ ਦੀ ਕੰਡ 'ਤੇ ਹੱਥ ਫੇਰਿਆ, ਉਸ ਨੂੰ ਹੌਂਸਲਾ ਦਿੱਤਾ ਤੇ ਜਦੋਂ ਮਰਦਾਨੇ ਨੇ ਅੱਖ ਖੋਲ੍ਹੀ, ਬਾਬੇ ਨੇ ਉਹਨੂੰ ਸਾਮਹਣੇ ਇਕ ਪੱਥਰ ਪੁੱਟਣ ਲਈ ਕਿਹਾ। ਮਰਦਾਨੇ ਨੇ ਪੱਥਰ ਪੁੱਟਿਆ ਤੇ ਹੇਠੋਂ ਪਾਣੀ ਦਾ ਝਰਨਾ ਫੁੱਟ ਨਿਕਲਿਆ ਜਿਵੇਂ ਨਹਿਰ ਪਾਣੀ ਦੀ ਵਗਣ ਲੱਗ ਪਈ! ਤੇ ਵੇਖਦਿਆਂ ਵੇਖਦਿਆਂ ਚਵ੍ਹੀਂ ਪਾਸੀਂ ਪਾਣੀ ਹੀ ਪਾਣੀ ਹੋ ਗਿਆ। ਇਤਨੇ ਵਿਚ ਵਲੀ ਕੰਧਾਰੀ ਨੂੰ ਪਾਣੀ ਦੀ ਲੋੜ ਪਈ। ਖੂਹ ਵਿਚ ਵੇਖੇ ਤਾਂ ਪਾਣੀ ਦੀ ਇਕ ਸਿਪ ਵੀ ਨਹੀਂ ਸੀ। ਵਲੀ ਕੰਧਾਰੀ ਡਾਢਾ ਅਸਚਰਜ ਹੋਇਆ ਤੇ ਹੇਠ ਪਹਾੜੀ ਦੇ ਕਦਮਾਂ ਵਿਚ ਕਠੇ ਵਗ ਰਹੇ ਸਨ, ਚਸ਼ਮੇ ਫੁੱਟੇ ਹੋਏ ਸਨ। ਦੂਰ ਬਹੁਤ ਦੂਰ ਇਕ ਕਿੱਕਰ ਹੇਠ ਵਲੀ ਕੰਧਾਰੀ ਨੇ ਵੇਖਿਆ, ਬਾਬਾ ਨਾਨਕ ਤੇ ਉਸ ਦਾ ਸਾਥੀ ਬੈਠੇ ਸਨ। ਗੁੱਸੇ ਵਿਚ ਆ ਕੇ ਵਲੀ ਨੇ ਚਟਾਨ ਦੇ ਇਕ ਟੁਕੜੇ ਨੂੰ ਆਪਣੇ ਪੂਰੇ ਜ਼ੋਰ ਨਾਲ ਉਤੋਂ ਰੇੜ੍ਹਿਆ। ਇੰਜ ਪਹਾੜੀ ਦੀ ਪਹਾੜੀ ਨੂੰ ਆਪਣੀ ਵਲ ਰਿੜ੍ਹਦਾ



ਆਉਂਦਾ ਵੇਖ ਮਰਦਾਨਾ ਚਿਚਲਾ ਉਠਿਆ। ਬਾਬੇ ਨਾਨਕ ਨੇ ਠਰ੍ਹੰਮੇ ਨਾਲ ਮਰਦਾਨੇ ਨੂੰ 'ਧੰਨ ਨਿਰੰਕਾਰ' ਕਹਿਣ ਲਈ ਕਿਹਾ ਤੇ ਜਦੋਂ ਪਹਾੜੀ ਦਾ ਟੁਕੜਾ ਬਾਬੇ ਦੇ ਸਿਰ ਕੋਲ ਆਇਆ, ਗੁਰੂ ਨਾਨਕ ਨੇ ਉਸ ਨੂੰ ਹੱਥ ਦੇ ਕੇ ਆਪਣੇ ਪੰਜੇ ਨਾਲ ਰੋਕ ਲਿਆ ਤੇ ਹਸਨ ਅਬਦਾਲ ਵਿਚ ਜਿਸ ਦਾ ਨਾਂ ਹੁਣ ਪੰਜਾ ਸਾਹਿਬ ਹੈ, ਅਜੇ ਤੀਕ ਪਹਾੜੀ ਦੇ ਟੁਕੜੇ 'ਤੇ ਬਾਬੇ ਨਾਨਕ ਦਾ ਪੰਜਾ ਲੱਗਿਆ ਹੋਇਆ ਹੈ।"

ਮੈਨੂੰ ਇਹ ਸਾਖੀ ਡਾਢੀ ਚੰਗੀ ਲੱਗ ਰਹੀ ਸੀ ਪਰ ਜਦੋਂ ਮੈਂ ਇਹ ਹੱਥ ਨਾਲ ਪਹਾੜੀ ਰੋਕਣ ਵਾਲੀ ਗੱਲ ਸੁਣੀ ਤਾਂ ਮੇਰੇ ਮੂੰਹ ਦਾ ਸੁਆਦ ਫਿੱਕਾ ਜਿਹਾ ਹੋ ਗਿਆ। ਇਹ ਕਿਸ ਤਰ੍ਹਾਂ ਹੋ ਸਕਦਾ ਸੀ? ਕੋਈ ਆਦਮੀ ਪਹਾੜੀ ਨੂੰ ਕਿਸ ਤਰ੍ਹਾਂ ਰੋਕ ਸਕਦਾ ਏ? ਤੇ ਪਹਾੜੀ ਵਿਚ ਅਜੇ ਤੀਕ ਬਾਬੇ ਨਾਨਕ ਦਾ ਪੰਜਾ ਲੱਗਿਆ ਹੋਇਆ ਹੈ! ਮੈਨੂੰ ਜ਼ਰਾ ਵਿਸ਼ਵਾਸ ਨਾ ਆਇਆ। "ਬਾਅਦ ਵਿਚ ਕਿਸੇ ਨੇ ਉਕਰ ਦਿੱਤਾ ਹੋਣਾ ਏ", ਮੈਂ ਆਪਣੀ ਮਾਂ ਨਾਲ ਕਿਤਨਾ ਚਿਰ ਬਹਿਸ ਕਰਦਾ ਰਿਹਾ। ਮੈਂ ਇਹ 'ਤੇ ਮੰਨ ਸਕਦਾ ਸਾਂ ਕਿ ਪੱਥਰ ਹੇਠੋਂ ਪਾਣੀ ਫੁੱਟ ਆਵੇ। ਸਾਇੰਸ ਨੇ ਕਈ ਤਰੀਕੇ ਕੱਢੇ ਹਨ ਜਿਨ੍ਹਾਂ ਨਾਲ ਜਿਸ ਥਾਂ ਪਾਣੀ ਹੋਵੇ, ਉਸ ਦਾ ਪਤਾ ਲਾਇਆ ਜਾ ਸਕਦਾ ਹੈ ਪਰ ਇਕ ਇਨਸਾਨ ਦਾ ਰਿੜ੍ਹੀ ਆ ਰਹੀ ਪਹਾੜੀ ਨੂੰ ਰੋਕ ਲੈਣਾ, ਮੈਂ ਇਹ ਨਹੀਂ ਮੰਨ ਸਕਦਾ ਸਾਂ। ਮੈਂ ਨਹੀਂ ਮੰਨਦਾ ਸਾਂ ਤੇ ਮੇਰੀ ਮਾਂ ਮੇਰੇ ਮੂੰਹ ਵੱਲ ਵੇਖ ਕੇ ਚੁਪ ਹੋ ਗਈ।

"ਕੋਈ ਰਿੜ੍ਹੀ ਆ ਰਹੀ ਪਹਾੜੀ ਨੂੰ ਕਿਵੇਂ ਰੋਕ ਸਕਦਾ ਹੈ?" ਮੈਨੂੰ ਜਦੋਂ ਵੀ ਇਸ ਸਾਖ਼ੀ ਦਾ ਖ਼ਿਆਲ ਆਉਂਦਾ, ਮੈਂ ਫਿੱਕੀ ਜਿਹੀ ਹਾਸੀ ਹੱਸ ਦਿੰਦਾ।

ਕਈ ਵਾਰ ਗੁਰਦੁਆਰੇ ਵਿਚ ਇਹ ਸਾਖ਼ੀ ਸੁਣਾਈ ਗਈ ਪਰ ਪਹਾੜੀ ਨੂੰ ਪੰਜੇ ਨਾਲ ਰੋਕਣ ਵਾਲੀ ਗੱਲ 'ਤੇ ਮੈਂ ਹਮੇਸ਼ਾ ਸਿਰ ਮਾਰਦਾ ਰਹਿੰਦਾ। ਇਹ ਗੱਲ ਮੈਥੋਂ ਨਹੀਂ ਸੀ ਮੰਨੀ ਜਾ ਰਹੀ।

ਇਕ ਵਾਰ ਇਹ ਸਾਖੀ ਸਾਨੂੰ ਸਕੂਲ ਵਿਚ ਸੁਣਾਈ ਗਈ। ਪਹਾੜੀ ਨੂੰ ਪੰਜੇ ਨਾਲ ਰੋਕਣ ਵਾਲੇ ਹਿੱਸੇ 'ਤੇ ਮੈਂ ਆਪਣੇ ਉਸਤਾਦ ਨਾਲ ਬਹਿਸਣ ਲੱਗ ਪਿਆ।

"ਕਰਨੀ ਵਾਲੇ ਲੋਕਾਂ ਲਈ ਕੋਈ ਗੱਲ ਮੁਸ਼ਕਲ ਨਹੀਂ", ਸਾਡੇ ਉਸਤਾਦ ਨੇ ਮੈਨੂੰ ਕਿਹਾ ਤੇ ਫਿਰ ਮੈਨੂੰ ਚੁੱਪ ਕਰਵਾ ਦਿੱਤਾ।

ਮੈਂ ਚੁੱਪ ਤੇ ਹੋ ਗਿਆ, ਪਰ ਮੈਨੂੰ ਇਤਬਾਰ ਨਹੀਂ ਸੀ ਆਉਂਦਾ। "ਆਖ਼ਰ ਪਹਾੜੀ ਨੂੰ ਕਿਵੇਂ ਕੋਈ ਰੋਕ ਸਕਦਾ ਹੈ?" ਮੇਰਾ ਜੀਅ ਚਾਹੁੰਦਾ, ਮੈਂ ਜ਼ੋਰ ਜ਼ੋਰ ਨਾਲ ਚੀਕ ਕੇ ਕਵ੍ਹਾਂ।

ਬਹੁਤ ਦਿਨ ਨਹੀਂ ਸਨ ਗੁਜ਼ਾਰੇ ਕਿ ਅਸੀਂ ਸੁਣਿਆ, ਪੰਜੇ ਸਾਹਿਬ 'ਸਾਕਾ' ਹੋ ਗਿਆ ਹੈ। ਉਨ੍ਹਾਂ ਦਿਨਾਂ ਵਿਚ 'ਸਾਕੇ' ਬੜੇ ਹੁੰਦੇ ਸਨ। ਜਦੋਂ ਵੀ ਕੋਈ 'ਸਾਕਾ' ਹੁੰਦਾ, ਮੈਂ ਸਮਝ ਲੈਂਦਾ-ਅੱਜ ਸਾਡੇ ਘਰ ਰੋਟੀ ਨਹੀਂ ਪੱਕੇਗੀ ਤੇ ਰਾਤ ਨੂੰ ਭੁੰਜੇ ਸੌਣਾ ਪਵੇਗਾ ਪਰ ਇਹ 'ਸਾਕਾ' ਹੁੰਦਾ ਕੀ ਏ, ਇਹ ਮੈਨੂੰ ਨਹੀਂ ਸੀ ਪਤਾ।

ਸਾਡਾ ਪਿੰਡ ਪੰਜਾ ਸਾਹਿਬ ਤੋਂ ਕੋਈ ਜ਼ਿਆਦਾ ਦੂਰ ਨਹੀਂ ਸੀ। ਜਦੋਂ ਇਸ 'ਸਾਕੇ' ਦੀ ਖ਼ਬਰ ਆਈ, ਮੇਰੀ ਮਾਂ ਪੰਜਾ ਸਾਹਿਬ ਨੂੰ ਤੁਰ ਪਈ। ਨਾਲ ਮੈਂ ਸਾਂ, ਮੈਥੋਂ ਨਿੱਕੀ ਭੈਣ ਸੀ। ਪੰਜਾ ਸਾਹਿਬ ਦਾ ਸਾਰਾ ਰਸਤਾ ਮੇਰੀ ਮਾਂ ਦੀ ਅੱਖ ਨਹੀਂ ਸੁੱਕੀ। ਅਸੀਂ ਹੈਰਾਨ ਸਾਂ, ਇਹ 'ਸਾਕਾ' ਹੁੰਦਾ ਕੀ ਏ। ਤੇ ਜਦੋਂ ਪੰਜਾ ਸਾਹਿਬ ਪੁੱਜੇ, ਅਸੀਂ ਇਕ ਅਜੀਬ ਕਹਾਣੀ ਸੁਣੀ।

ਦੂਰ ਕਿਤੇ ਇਕ ਸ਼ਹਿਰ ਵਿਚ ਫ਼ਰੰਗੀ ਨੇ ਨਿਹੱਥੇ ਹਿੰਦੁਸਤਾਨੀਆਂ 'ਤੇ ਗੋਲੀ ਚਲਾ ਕੇ ਕਈ ਲੋਕਾਂ ਨੂੰ ਮਾਰ ਸੁੱਟਿਆ ਸੀ। ਮਰਨ ਵਾਲਿਆਂ ਵਿਚ ਨੌਜਵਾਨ ਵੀ ਸਨ, ਬੁੱਢੇ ਵੀ ਸਨ, ਔਰਤਾਂ ਵੀ ਸਨ, ਬੱਚੇ ਵੀ ਸਨ ਤੇ ਜਿਹੜੇ ਬਾਕੀ ਰਹਿ ਗਏ, ਉਨ੍ਹਾਂ ਨੂੰ ਗੱਡੀ ਵਿਚ ਪਾ ਕੇ ਕਿਸੇ ਹੋਰ ਸ਼ਹਿਰ ਦੀ ਜੇਲ੍ਹ ਵਿਚ ਭੇਜਿਆ ਜਾ ਰਿਹਾ ਸੀ। ਕੈਦੀ ਭੁੱਖੇ ਸਨ, ਪਿਆਸੇ ਸਨ ਤੇ ਹੁਕਮ ਇਹ ਸੀ ਕਿ ਗੱਡੀ ਨੂੰ ਰਸਤੇ ਵਿਚ ਕਿਤੇ ਵੀ ਨਾ ਠਹਿਰਾਇਆ ਜਾਵੇ। ਜਦੋਂ ਪੰਜਾ ਸਾਹਿਬ ਇਹ ਖ਼ਬਰ ਪੁੱਜੀ, ਜਿਸ ਕਿਸੇ ਨੇ ਸੁਣਿਆ, ਲੋਕਾਂ ਨੂੰ ਚਾਰੇ ਕੱਪੜੀਂ ਅੱਗ ਲੱਗ ਗਈ। ਪੰਜਾ ਸਾਹਿਬ ਜਿਥੇ ਬਾਬਾ ਨਾਨਕ ਨੇ ਆਪ ਮਰਦਾਨੇ ਦੀ ਪਿਆਸ ਬੁਝਾਈ ਸੀ, ਉਸ ਸ਼ਹਿਰ ਤੋਂ ਗੱਡੀ ਦੀ ਗੱਡੀ ਭਰੀ ਪਿਆਸਿਆਂ ਦੀ ਲੰਘ ਜਾਏ, ਭੁੱਖਿਆਂ ਦੀ ਲੰਘ ਜਾਏ, ਮਜ਼ਲੂਮਾਂ ਦੀ ਲੰਘ ਜਾਏ; ਇਹ ਕਿਵੇਂ ਹੋ ਸਕਦਾ ਸੀ! ਤੇ ਫ਼ੈਸਲਾ ਹੋਇਆ ਕਿ ਗੱਡੀ ਨੂੰ ਰੋਕਿਆ ਜਾਵੇਗਾ। ਸਟੇਸ਼ਨ ਮਾਸਟਰ ਨੂੰ ਅਰਜ਼ੀ ਪਾਈ ਗਈ, ਟੈਲੀਫ਼ੋਨ ਖੜਕੇ, ਤਾਰਾਂ ਭੇਜੀਆਂ ਗਈਆਂ ਪਰ ਫ਼ਰੰਗੀ ਦਾ ਹੁਕਮ ਸੀ-ਗੱਡੀ ਰਸਤੇ ਵਿਚ ਕਿਤੇ ਨਹੀਂ ਖੜ੍ਹੀ ਕੀਤੀ ਜਾਏਗੀ। ਤੇ ਗੱਡੀ ਵਿਚ ਆਜ਼ਾਦੀ ਦੇ ਪਰਵਾਨੇ, ਦੇਸ਼ ਭਗਤ ਹਿੰਦੀ ਭੁੱਖੇ ਸਨ। ਉਨ੍ਹਾਂ ਲਈ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ, ਉਨ੍ਹਾਂ ਲਈ ਰੋਟੀ ਦਾ ਕੋਈ ਇੰਤਜ਼ਾਮ ਨਹੀਂ ਸੀ। ਗੱਡੀ ਨੇ ਪੰਜਾ ਸਾਹਿਬ ਨਹੀਂ ਰੁਕਣਾ ਸੀ ਪਰ ਪੰਜਾ ਸਾਹਿਬ ਦੇ ਲੋਕਾਂ ਦਾ ਇਹ ਫੈਸਲਾ ਅਟੱਲ ਸੀ ਕਿ ਗੱਡੀ ਨੂੰ ਜ਼ਰੂਰ ਰੋਕ ਲੈਣਾ ਹੈ ਤੇ ਸ਼ਹਿਰ ਵਾਸੀਆਂ ਨੇ ਸਟੇਸ਼ਨ 'ਤੇ ਰੋਟੀਆਂ ਦੇ, ਖ਼ੀਰਾਂ ਦੇ, ਪੂੜਿਆਂ ਦੇ, ਦਾਲ ਦੀਆਂ ਦੇਗ਼ਾਂ ਦੇ ਢੇਰ ਲਾ ਦਿੱਤੇ।

## ਪੁਰਾਣਾ ਮਾਖਿਓਂ

ਪਰ ਗੱਡੀ ਤੇ ਹਨੇਰੀ ਦੀ ਤਰ੍ਹਾਂ ਆਵੇਗੀ, ਤੇ ਇਕ ਤੂਫ਼ਾਨ ਦੀ ਤਰ੍ਹਾਂ ਨਿਕਲ ਜਾਵੇਗੀ। ਉਸ ਨੂੰ ਕਿਵੇਂ ਰੋਕਿਆ ਜਾਏ?

ਤੇ ਮੇਰੀ ਮਾਂ ਦੀ ਸਹੇਲੀ ਨੇ ਸਾਨੂੰ ਦੱਸਿਆ, "ਉਸ ਥਾਂ ਪਟੜੀ 'ਤੇ ਪਹਿਲੇ ਉਹ ਲੇਟੇ, ਮੇਰੇ ਬੱਚਿਆਂ ਦੇ ਪਿਤਾ। ਫਿਰ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਹੋਰ ਸਾਥੀ ਲੇਟ ਗਏ। ਉਨ੍ਹਾਂ ਤੋਂ ਬਾਅਦ ਅਸੀਂ ਪਤਨੀਆਂ ਲੇਟੀਆਂ। ਫੇਰ ਸਾਡੇ ਬੱਚੇ।...ਤੇ ਫਿਰ ਗੱਡੀ ਆਈ ਦੂਰੋਂ ਚੀਖ਼ਦੀ ਹੋਈ, ਚਿਚਲਾਂਦੀ ਹੋਈ, ਸੀਟੀਆਂ 'ਤੇ ਸੀਟੀਆਂ ਮਾਰਦੀ ਹੋਈ। ਅਜੇ ਦੂਰ ਹੀ ਸੀ ਕਿ ਮੱਠੀ ਪੈ ਗਈ ਪਰ ਰੇਲ ਸੀ, ਖਲੋਂਦਿਆਂ ਖਲੋਂਦਿਆਂ ਹੀ ਖਲੋਂਦੀ। ਮੈਂ ਵੇਖ ਰਹੀ ਸਾਂ ਕਿ ਪਹੀਏ ਉਨ੍ਹਾਂ ਦੀ ਛਾਤੀ 'ਤੇ ਚੜ੍ਹ ਗਏ। ਫੇਰ ਉਨ੍ਹਾਂ ਨਾਲ ਦੇ ਸਾਥੀ ਦੀ ਛਾਤੀ ਤੇ...ਤੇ ਫੇਰ ਮੈਂ ਅੱਖਾਂ ਮੀਟ ਲਈਆਂ। ਮੈਂ ਅੱਖਾਂ ਖੋਲ੍ਹੀਆਂ ਤਾਂ ਮੇਰੇ ਸਿਰ ਉਤੇ ਗੱਡੀ ਖਲੋਤੀ ਸੀ। ਮੇਰੇ ਨਾਲ ਧੁੜਕ ਰਹੀਆਂ ਛਾਤੀਆਂ ਵਿਚੋਂ 'ਧੰਨ ਨਿਰੰਕਾਰ', 'ਧੰਨ ਨਿਰੰਕਾਰ' ਦੀ ਆਵਾਜ਼ ਆ ਰਹੀ ਸੀ। ਤੇ ਫੇਰ ਮੇਰੇ ਵੇਖਦਿਆਂ ਵੇਖਦਿਆਂ ਗੱਡੀ ਮੁੜੀ। ਗੱਡੀ ਮੁੜੀ ਤੇ ਪਹੀਆਂ ਹੇਠ ਆਈਆਂ ਲਾਸ਼ਾਂ ਟੁਕੜੇ ਟੁਕੜੇ ਹੋ ਗਈਆਂ...।"

ਮੈਂ ਆਪਣੀ ਅੱਖੀਂ ਲਹੂ ਦੀ ਵਗੀ ਹੋਈ ਨਦੀ ਨੂੰ ਵੇਖਿਆ। ਵਗਦੀ ਵਗਦੀ ਕਿਤਨੇ ਹੀ ਦੂਰ ਇਕ ਪੱਕੇ ਬਣੇ ਨਾਲੇ ਦੇ ਪੁਲ ਤੱਕ ਚਲੀ ਗਈ ਸੀ।

ਤੇ ਮੈਂ ਹੱਕਾ-ਬੱਕਾ ਹੈਰਾਨ ਸਾਂ। ਮੈਥੋਂ ਇਕ ਬੋਲ ਨਾ ਬੋਲਿਆ ਗਿਆ। ਸਾਰਾ ਦਿਨ ਮੈਂ ਪਾਣੀ ਦਾ ਘੁੱਟ ਨਾ ਪੀ ਸਕਿਆ।

ਸ਼ਾਮੀ ਜਦੋਂ ਅਸੀਂ ਵਾਪਸ ਆ ਰਹੇ ਸਾਂ, ਰਸਤੇ ਵਿਚ ਮੇਰੀ ਮਾਂ ਨੇ ਮੇਰੀ ਛੋਟੀ ਭੈਣ ਨੂੰ ਪੰਜਾ ਸਾਹਿਬ ਦੀ ਸਾਖੀ ਸੁਣਾਉਣੀ ਸ਼ੁਰੂ ਕਰ ਦਿੱਤੀ। ਕਿਵੇਂ ਬਾਬਾ ਨਾਨਕ ਮਰਦਾਨੇ ਨਾਲ ਇਸ ਪਾਸੇ ਆਏ। ਕਿਵੇਂ ਮਰਦਾਨੇ ਨੂੰ ਪਿਆਸ ਲੱਗੀ। ਕਿਵੇਂ ਬਾਬੇ ਨੇ ਵਲੀ ਕੰਧਾਰੀ ਕੋਲ ਮਰਦਾਨੇ ਨੂੰ ਪਾਣੀ ਲਈ ਭੇਜਿਆ। ਕਿਵੇਂ ਵਲੀ ਕੰਧਾਰੀ ਨੇ ਤਿੰਨ ਵਾਰ ਮਰਦਾਨੇ ਨੂੰ ਨਿਰਾਸ਼ ਵਾਪਸ ਕਰ ਦਿੱਤਾ। ਕਿਵੇਂ ਬਾਬੇ ਨਾਨਕ ਨੇ ਮਰਦਾਨੇ ਨੂੰ ਪੱਥਰ ਪੁੱਟਣ ਲਈ ਕਿਹਾ। ਕਿਵੇਂ ਹੇਠੋਂ ਪਾਣੀ ਦਾ ਚਸ਼ਮਾ ਫੁੱਟ ਪਿਆ, ਤੇ ਵਲੀ ਕੰਧਾਰੀ ਦੇ ਖੂਹ ਦਾ ਸਾਰੇ ਦਾ ਸਾਰਾ ਪਾਣੀ ਹੇਠ ਖਿੱਚਿਆ ਹੋਇਆ ਆ ਗਿਆ। ਫਿਰ ਕਿਵੇਂ ਗੁੱਸੇ ਵਿਚ ਵਲੀ ਕੰਧਾਰੀ ਨੇ ਉਤੋਂ ਪਹਾੜੀ ਦਾ ਟੁਕੜਾ ਰੇੜ੍ਹਿਆ। ਕਿਵੇਂ ਮਰਦਾਨਾ ਘਬਰਾਇਆ ਪਰ ਬਾਬੇ ਨਾਨਕ ਨੇ 'ਧੰਨ ਨਿਰੰਕਾਰ' ਕਹਿ ਕੇ ਆਪਣੇ ਹੱਥ ਨਾਲ ਪਹਾੜ ਦੇ ਟੁਕੜੇ ਨੂੰ ਠੱਲ੍ਹ ਲਿਆ।...

"ਪਰ ਪਹਾੜ ਨੂੰ ਕਿਵੇਂ ਕੋਈ ਰੋਕ ਸਕਦਾ ਹੈ?" ਮੇਰੀ ਛੋਟੀ ਭੈਣ ਨੇ ਸੁਣਦੇ ਸਾਰ ਝੱਟ ਮਾਂ ਨੂੰ ਟੋਕਿਆ।

"ਕਿਉਂ ਨਹੀਂ ਕੋਈ ਰੋਕ ਸਕਦਾ?" ਮੈਂ ਵਿਚੋਂ ਬੋਲ ਪਿਆ, "ਹਨੇਰੀ ਵਾਂਗ ਉਡਦੀ ਹੋਈ ਟਰੇਨ ਨੂੰ ਜੇ ਰੋਕਿਆ ਜਾ ਸਕਦਾ ਹੈ, ਤੇ ਪਹਾੜ ਦੇ ਟੁਕੜੇ ਨੂੰ ਕਿਉਂ ਨਹੀਂ ਕੋਈ ਰੋਕ ਸਕਦਾ?"

ਤੇ ਫਿਰ ਮੇਰੀਆਂ ਅੱਖਾਂ ਵਿਚੋਂ ਛਮ ਛਮ ਅੱਥਰੂ ਵਗਣ ਲੱਗ ਪਏ, ਕਰਨੀ ਵਾਲੇ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨੇ ਆਪਣੀ ਜਾਨ 'ਤੇ ਖੇਡ ਕੇ ਨਾ ਰੁਕਣ ਵਾਲੀ ਟਰੇਨ ਨੂੰ ਰੋਕ ਲਿਆ ਸੀ ਤੇ ਆਪਣੇ ਭੁੱਖੇ-ਭਾਣੇ ਦੇਸ਼ ਵਾਸੀਆਂ ਨੂੰ ਰੋਟੀ ਖਵਾਈ ਸੀ, ਪਾਣੀ ਪਹੁੰਚਾਇਆ ਸੀ।

# ਫਲਸਫੇ ਦੀਆਂ ਬਾਰੀਕ ਤੰਦਾਂ ਦੀ ਨਿਸ਼ਾਨਦੇਹੀ

### ਹਰਦੇਵ ਸਿੰਘ ਆਰਟਿਸਟ

ਮੈਂ ਦਸ ਪੇਂਟਿੰਗਾਂ ਬਣਾਈਆਂ ਜੋ "ਮੇਰੀ ਸੇਜੜੀਏ ਆਡੰਬਰ ਬਣਿਆ" ਸ਼ਬਦ ਦੀਆਂ ਪੰਕਤੀਆਂ ਉਪਰ ਆਧਾਰਿਤ ਹਨ। ਇਨ੍ਹਾਂ ਦਾ ਇਕ ਇਕ ਸੈਟ ਦੁਨੀਆਂ ਦੇ ਹਰੇਕ ਵੱਡੇ ਅਜਾਇਬਘਰ ਵਿਚ ਪਿਆ ਹੈ। ਦੂਜਾ ਸੈਟ ਮੈਂ ਬਾਰ੍ਹਾਂ ਮਾਂਹ 'ਤੇ ਤਿਆਰ ਕੀਤਾ ਹੈ ਕਿਉਂਕਿ ਹਰ ਮਹੀਨੇ ਦਾ ਵੱਖਰਾ ਪ੍ਰਭਾਵ ਹੈ। ਮੈਂ ਰਾਗਮਾਲਾ ਉਪਰ ਵੀ ਸੈਟ ਤਿਆਰ ਕਰ ਲਿਆ ਹੈ। ਉਹ ਪੰਜਾਬੀ ਯੂਨੀਵਰਸਿਟੀ ਦੇ ਡਾ. ਗੁਰਨਾਮ ਸਿੰਘ ਨੂੰ ਗੁਰਮਤਿ ਸੰਗੀਤ ਵਿਭਾਗ ਵਾਸਤੇ ਦੇ ਕੇ ਜਾਵਾਂਗਾ। ਮੈਨੂੰ ਗੁਰਭਗਤ ਸਿੰਘ ਨੇ ਕਿਹਾ ਕਿ ਦਸਮ ਗ੍ਰੰਥ ਵਿਚਲੀ ਸ਼ਸਤਰ ਨਾਮਮਾਲਾ ਉਪਰ ਸੈਟ ਬਣਾਵਾਂ। ਮੈਂ ਇਹ ਬਾਣੀ ਪੜ੍ਹੀ। ਇਸ ਵਿਚ ਤਾਂ ਕੇਵਲ ਸ਼ਸਤਰਾਂ ਦੇ ਨਾਮ ਮਾਤ੍ਰ ਹਨ ਜੋ ਵਿਭਿੰਨ ਆਰਟ ਆਭਾ ਦੀ ਸਿਰਜਣਾ ਨਹੀਂ ਕਰਦੇ। ਸੋ ਇਹ ਨਹੀਂ ਹੋਇਆ। ਸਿੱਖ ਰਾਜ ਵੇਲੇ ਗੁਰੂ ਸਾਹਿਬਾਨ ਦੀਆਂ ਜਿਹੜੀਆਂ ਪੇਂਟਿੰਗਾਂ ਬਣੀਆਂ, ਉਹ ਪੂਰਬਲੇ ਅਵਤਾਰਾਂ ਦਾ ਰਤਾ ਕੁ ਰੂਪ ਬਦਲ ਕੇ ਬਣਾਈਆਂ ਹੋਈਆਂ ਹਨ। ਕਲਗੀ, ਬਾਜ਼, ਘੋੜਾ ਆਦਿਕ ਸਿੱਖਾਂ ਦੀਆਂ ਧਾਰਮਿਕ ਨਿਸ਼ਾਨੀਆਂ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਚਿੰਨ੍ਹ ਹਨ। ਬੇਸ਼ਕ ਪਿਛਲੇ ਸਮਿਆਂ ਵਿਚ ਪੰਜ ਪਿੰਡਾਂ ਦਾ ਮਾਲਕ ਕਲਗੀ ਸਜਾ ਲੈਂਦਾ ਸੀ। ਬਾਜ਼ ਤੇ ਘੋੜੇ ਦੇ ਸ਼ੁਕੀਨ ਤਾਂ ਹਰ ਯੁਗ ਵਿਚ ਮਿਲ ਜਾਂਦੇ ਹਨ, ਅੱਜ ਵੀ। ਮਿਸਰ ਦੇ ਫਰਾਊਨ, ਰੂਸ ਦੇ ਜ਼ਾਰ ਅਤੇ ਈਰਾਨ ਦੇ ਬਾਦਸ਼ਾਹ ਦਾ ਚਿੰਨ੍ਹ ਵੀ ਬਾਜ਼ ਹੈ। ਪੋਲੈਂਡ ਦੇ ਘੋੜੇ ਸਾਰੀ ਦੁਨੀਆਂ ਵਿਚ ਸਭ ਤੋਂ ਸੁਹਣੇ ਮੰਨੇ ਗਏ ਹਨ, ਲਾਲ, ਸਫੈਦ, ਕਾਲੇ, ਨੀਲੇ, ਥਿਰਕਦੇ ਜਿਸਮ।

ਸੰਸਾਰ, ਤਿੰਨ ਮੰਨੇ ਗਏ ਹਨ, ਪਤਾਲ ਲੋਕ, ਮਾਤਲੋਕ, ਅਕਾਸ਼ ਲੋਕ। ਪਤਾਲ ਦਾ ਮਾਲਕ ਫਨੀਅਰ ਹੈ, ਧਰਤੀ ਦਾ ਮਾਲਕ ਸ਼ੇਰ ਅਤੇ ਆਕਾਸ਼ ਦਾ ਮਾਲਕ ਬਾਜ਼। ਪੱਥਰਾਂ ਵਿਚੋਂ ਬਲੌਰ, ਧਾਤਾਂ ਵਿਚੋਂ ਸੋਨਾ, ਮਣਕਿਆਂ ਵਿਚ ਮਾਣਕ (ਅਮਬਰ), ਉਵੇਂ ਮਨੁੱਖਾਂ ਵਿਚੋਂ ਜੋਗੀ ਨੂੰ ਸ਼੍ਰੋਮਣੀ ਮੰਨਿਆ ਗਿਆ ਸੀ।

ਤੁਸੀਂ ੴ ਵਿਚਲੇ ਏਕੇ ਦੀ ਦਾਰਸ਼ਨਿਕ ਵਿਆਖਿਆ ਵਾਸਤੇ ਗ੍ਰੰਥ ਲਿਖੀ ਜਾਓ, ਮੈਨੂੰ ਲਗਦਾ ਹੈ 1 ਗੁਰੂ ਨਾਨਕ ਦੇਵ ਜੀ ਦੀ ਉਂਗਲ ਹੈ। ਗੁਰੂ ਨਾਨਕ ਦੇਵ ਜੀ ਵਰਗਾ ਉਦਾਰਚਿਤ ਪੈਗੰਬਰ ਸੰਸਾਰ ਵਿਚ ਕਿੱਥੋਂ ਮਿਲੇਗਾ? ਉਨ੍ਹਾਂ ਦੇ ਨਕਸ਼ਿ-ਕਦਮਾਂ 'ਤੇ ਚਲਦਿਆਂ ਸਿੱਖਾਂ ਨੇ ਜਿਹੜੇ ਗੁਰਦੁਆਰੇ ਬਣਾਏ, ਉਨ੍ਹਾਂ ਦਾ ਗੁੰਬਦ ਇਸਲਾਮ ਦਾ ਹੈ ਤੇ ਕੰਵਲ ਦਾ ਫੁੱਲ ਵੈਦਿਕ ਪਰੰਪਰਾ ਦਾ। ਕਾਰੀਗਰ ਤਾਂ ਉਹੀ ਸਨ ਨਾ ਪੁਰਾਣੇ, ਉਨ੍ਹਾਂ ਨੂੰ ਨਵੀਂ ਸੇਧ ਮਿਲੀ। ਰੰਗ, ਮੁਸਲਮਾਨ ਕਾਰੀਗਰ ਬਣਾਉਂਦੇ ਸਨ, ਹੋਲੀ ਹਿੰਦੂ-ਸਿੱਖ ਖੇਡਦੇ। ਕ੍ਰਿਸ਼ਨ ਜੀ ਦੀ ਰਾਸਲੀਲਾ ਦੀਆਂ ਝਲਕੀਆਂ ਕੱਢੀਆਂ ਜਾਂਦੀਆਂ ਤਾਂ ਉਨ੍ਹਾਂ ਦੇ ਲਿਬਾਸ ਮੁਸਲਮਾਨ ਦਰਜੀ ਡਿਜ਼ਾਈਨ ਕਰਦੇ ਤੇ ਸਿਉਂਦੇ। ਹਿੰਦੂਆਂ ਦੇ ਤਾਂ 'ਸ੍ਰੀ ਭਗਵਾਨ ਜੀ ਨੰਗ-ਮਨੰਗੇ' ਹੋਇਆ ਕਰਦੇ ਸਨ। ਇਨ੍ਹਾਂ ਸੰਯੁਕਤ ਸਭਿਆਚਾਰਾਂ ਨੂੰ ਸਮਝਣ ਅਤੇ ਪਿਆਰ ਕਰਨ ਤੋਂ ਬਗੈਰ ਭਾਰਤੀ ਆਰਟ ਸਿਹਤਮੰਦ ਨਹੀਂ ਹੋਵੇਗਾ।

# ਗੁਰਪੁਰਬ ਦੀ ਲੱਖ ਲੱਖ ਵਧਾਈ

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਦੇ ਸਮੂਹ ਸੇਵਾਦਾਰਾਂ ਵਲੋਂ ਆਪ ਸਭ ਨੂੰ ਜਗਤ ਜਲੰਦੇ ਦੇ ਰਾਖੇ, ਕੁਲ ਜਗਤ ਨੂੰ ਤਾਰਨ ਵਾਲੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਕੋਟਾਨਿ ਕੋਟਿ ਵਧਾਈ ਹੋਵੇ ਜੀ






ਸੇਵਾ ਸਿਮਰਨ ਸੁਸਾਇਟੀ ਯੂਬਾ ਸਿਟੀ ਦੇ ਸੇਵਾਦਾਰ

## ਸਮੂਹ ਸੇਵਾਦਰ, ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ (ਕੈਲੀਫੋਰਨੀਆ)

ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ
ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ
ਕੋਟਾਨਿ ਕੋਟਿ ਵਧਾਈ



Manjit Gill (President)

# Gill Financial & Insurance Services

*For All Your Insurance & Real Estate Needs.*

New location address:
27165 Mission Blvd, Hayward CA 94544

*Please call us or visit us:*

Phone:209-524-4008 or 510-415-2368

www.gillfinancial.com

**Auto, Home, Life & Business**



*New Location*

# All Star Auto Care

27165 Mission Blvd, Hayward CA 94544 (Next to Tandoor Restaurant)

ਸਮੂਹ ਸਿੱਖ ਜਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ
ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

ਲੱਖ ਲੱਖ ਵਧਾਈ

32 Years Experience
ASE Certified
Master Auto Technician
Engine Performance Specialist

**Why Pay More?**

- Brakes
- Tune Up
- Timing Belts
- Water Pump
- Check Engine Light
- Electrical

ਵਧੀਆ ਸਰਵਿਸ
ਵਾਜਬ ਕੀਮਤ



*Guljender Dhami*

ਆਪਣੀਆਂ ਕਾਰਾਂ ਅਤੇ
ਗੱਡੀਆਂ ਦੀ ਵਧੀਆ ਦੇਖਭਾਲ
ਵਾਸਤੇ ਸਾਨੂੰ ਯਾਦ ਰੱਖਣਾ।

**Ph:510-885-0666**

# ਸਮੂਹ ਗਾਹਕਾਂ, ਸਰਪ੍ਰਸਤਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਦੀ

# ਲਖ ਲਖ ਵਧਾਈ ਹੋਵੇ ਜੀ

## ਦੋ ਪੰਜਾਬੀਆਂ ਨੇ ਸਿਰਜਿਆ ਨਵਾਂ ਇਤਿਹਾਸ

## ਉਤਰੀ ਅਮਰੀਕਾ ਦਾ ਸਭ ਤੋਂ ਵੱਡਾ ਪੰਜਾਬੀ ਸਟੋਰ

# ਆਪਣਾ ਬਾਜ਼ਾਰ




**ਐਸ. ਅਸ਼ੋਕ ਭੌਰਾ**

ਸਿਆਣੇ ਕਹਿੰਦੇ ਨੇ-ਹੋਰ ਅੱਗੇ ਵਧਣਾ ਹੈ ਤਾਂ ਪਿੱਛੇ ਵੱਲ ਧੌਣ ਘੁਮਾਉਣੀ ਛੱਡ ਦਿਓ, ਪਰ ਵੱਡੇ ਬਣ ਕੇ ਇਨਸਾਨੀਅਤ ਤੋਂ ਪੈਰ ਨਾ ਖਿੱਚੋ। ਤੇ ਇਨਸਾਨ ਤੋਂ ਵੀ ਵੱਧ ਦੇਵਤਿਆਂ ਵਰਗੇ ਦੋ ਦੋਸਤਾਂ-ਜਸਵਿੰਦਰ ਸਿੰਘ ਜੌਹਲ ਅਤੇ ਦੀਪਕ ਭਾਰਦਵਾਜ ਨੇ ਇਤਫਾਕ ਨਾਲ ਬਿਜਨੈਸ ਤਾਂ ਕੀਤਾ ਪਰ ਸਤਿਕਾਰ ਇਸ ਤੋਂ ਕਈ ਗੁਣਾਂ ਵੱਡਾ ਖੱਟਿਆ, ਤੇ ਹਾਲ ਹੀ ਵਿਚ ਦੋਹਾਂ ਨੇ ਹਿਕਸਵਿਲ, ਨਿਊ ਯਾਰਕ ਵਿਚ ਉਤਰੀ ਅਮਰੀਕਾ ਦਾ ਸਭ ਤੋਂ ਵੱਡਾ ਸਟੋਰ 'ਆਪਣਾ ਬਾਜ਼ਾਰ' ਖੋਲ੍ਹ ਕੇ ਜਿਹੜਾ ਕੀਰਤੀਮਾਨ ਸਥਾਪਤ ਕੀਤਾ, ਉਹਦੇ ਨਾਲ ਪੰਜਾਬੀ ਭਾਈਚਾਰੇ ਦੀ ਨਵੀਂ ਪ੍ਰਾਪਤੀ ਨਾਲ ਮਾਣ-ਪਿਆਰ ਵਿਚ ਕੋਠੇ ਜਿੱਡੀ ਛਾਲ ਮਾਰੀ ਹੈ। ਵਿਸਥਾਰ ਵਿਚ ਗੱਲ ਕਰਨ ਤੋਂ ਪਹਿਲਾਂ ਇਹ ਜ਼ਰੂਰ ਕਹਾਂਗਾ ਕਿ ਜੇ ਕਦੇ ਨਿਊ ਯਾਰਕ ਜਾਣ ਦਾ ਮੌਕਾ ਮਿਲਿਆ ਤਾਂ ਜੌਹਲ ਅਤੇ ਦੀਪਕ ਨੂੰ ਮਿਲ ਕੇ ਜ਼ਰੂਰ ਆਇਓ, ਫਿਰ ਲੱਗੇਗਾ ਕਿ ਜ਼ਿੰਦਗੀ ਦੀਆਂ ਝਾਂਜਰਾਂ ਵਿਚ ਸੰਗੀਤ ਹੀ ਹੁੰਦਾ ਹੈ, ਖੜਾਕਾ ਜਾਂ ਰੌਲਾ ਨਹੀਂ; ਤੇ ਜਦੋਂ ਆਪਣਾ ਬਾਜ਼ਾਰ ਵਿਚ ਗੇੜੀ ਲਾਓਗੇ ਤਾਂ ਮੰਨ ਜਾਉਗੇ ਕਿ ਪੰਜਾਬੀਆਂ ਵਿਚ ਆਪਣੇ ਅਤੇ ਵੱਖਰੇ ਰਾਹ ਬਣਾਉਣ ਦੀ ਹਿੰਮਤ ਸਦੀਵੀ ਸੱਚ ਹੈ।

ਬੜੀ ਦੇਰ ਪਹਿਲਾਂ ਜਦੋਂ 1983 ਵਿਚ ਮੈਂ ਹਾਲੈਂਡ ਦੀ ਰਾਜਧਾਨੀ ਐਮਸਟਰਡਮ ਤੋਂ ਲਕਸਮਬਰਗ ਟ੍ਰੇਨ ਰਾਹੀਂ ਜਾ ਰਿਹਾ ਸਾਂ-ਪਹਾੜੀ ਸੁਰੰਗਾਂ ਵਿਚੋਂ ਲੰਘਦਿਆਂ ਲੱਗਦਾ ਸੀ ਕਿ ਕੋਲੰਬਸ ਵਾਂਗ ਸ਼ਾਇਦ ਪਹਿਲੀ ਵਾਰ ਕੋਈ ਦਿੱਲੀ ਜਿੱਡਾ ਦੇਸ਼ ਤੇ ਉਹਦੀ ਰਾਜਧਾਨੀ ਕੋਈ ਪੰਜਾਬੀ ਦੇਖਣ ਜਾ ਰਿਹਾ ਹੋਵੇ ਪਰ ਉਸ ਵੇਲੇ ਵੀ ਪੰਜਾਬੀਆਂ ਦੀ ਉਥੇ ਵੀ ਬੱਲੇ-ਬੱਲੇ ਸੀ, ਹੀਰਿਆਂ ਦੇ ਵਪਾਰੀ। ...ਤੇ ਹੁਣ ਤੱਕ ਤੀਹ ਦੇਸ਼ ਦੇਖ ਲਏ ਨੇ... ਪੰਜਾਬੀਆਂ ਦੇ ਬਿਜਨੈਸ ਬਹੁਤ ਵੱਡੇ ਨੇ, ਪੈਸੇ ਵਾਲੇ ਬੜੇ ਨੇ, ਪਰ ਮੁਹੱਬਤ ਦਾ ਤਾਲ ਅਤੇ ਸਿਰੜ ਦਾ ਰਾਗ ਜੌਹਲ ਤੇ ਦੀਪਕ ਵਰਗਾ ਸ਼ਾਇਦ ਕਿਸੇ ਕੋਲ ਇਤਫਾਕਨ ਹੀ ਹੋਵੇ।

ਦੋਹਾਂ ਨੂੰ ਮੈਂ ਆਪਣੇ ਹਮਜਮਾਤੀ ਅਤੇ ਜਿਗਰੀ ਮਿੱਤਰ ਹਰਬੰਸ ਬੱਧਣ ਰਾਹੀਂ ਨੇੜੇ ਤੋਂ ਜਾਣ ਸਕਿਆ ਹਾਂ। ਲੰਘੀ 6 ਅਕਤੂਬਰ ਨੂੰ ਜਦੋਂ 'ਆਪਣਾ ਬਾਜ਼ਾਰ' ਦੇ ਉਦਘਾਟਨ 'ਤੇ ਪਹੁੰਚਣ ਲਈ ਮੈਨੂੰ ਸੱਦਾ ਮਿਲਿਆ ਤਾਂ ਕੁਝ ਐਸੇ ਮਹਾਨ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ ਜਿਨ੍ਹਾਂ ਦਾ ਜ਼ਿਕਰ ਅਗਲੀ ਵਾਰ ਕਰਾਂਗਾ; ਜਿਨ੍ਹਾਂ ਦੇ ਨਾਂ ਸੁਣਦੇ ਸਾਂ ਤਾਂ ਅਹਿਸਾਸ ਹੋਇਆ ਕਿ ਜ਼ਿੰਦਗੀ ਦਾ ਇਕ ਹੋਰ ਚਾਅ ਪੂਰਾ ਹੋ ਗਿਆ ਹੈ।

ਸਮਾਗਮਾਂ ਦੀ ਮਹਾਨਤਾ ਇਸ ਗੱਲ ਵਿਚ ਹੁੰਦੀ ਹੈ ਕਿ ਕੌਣ ਤੇ ਕਿੰਨੇ ਲੋਕ ਆਏ ਸਨ। ਚਲੋ, ਢਿੱਡ ਲਈ ਕਾਰੋਬਾਰ ਤਾਂ ਚਲਾਉਣੇ ਹੀ ਪੈਂਦੇ ਨੇ ਪਰ ਉਦਘਾਟਨੀ ਸਮਾਰੋਹ 'ਤੇ ਇੰਨਾ 'ਕੱਠ ਕਦੇ ਪ੍ਰੋ. ਮੋਹਨ ਸਿੰਘ ਮੇਲੇ ਜਾਂ ਕਿਲਾ ਰਾਏਪੁਰ ਦੀਆਂ ਖੇਡਾਂ 'ਤੇ ਦੇਖਿਆ ਸੀ ਤੇ ਇੰਨੇ ਲੋਕਾਂ 'ਚ ਏਦਾਂ ਦਾ ਕੁਝ ਵੀ ਨਹੀਂ ਸੀ ਕਿ ਉਹ ਬਾਕੀਆਂ ਨਾਲੋਂ ਵੱਖਰੇ ਦਿਸਦੇ ਹੋਣ। ਲਗਦਾ ਇਉਂ ਸੀ ਕਿ ਉਹ ਆਮ ਗਾਹਕਾਂ ਵਾਂਗ ਕੁਝ ਖਰੀਦਣ ਹੀ ਆਏ ਸਨ। ਆਓ ਭਗਤ ਕਰਨ ਦਾ ਤਰੀਕਾ ਤੇ ਸਵਾਗਤ 'ਚ ਮੁਸਕਰਾਹਟ ਦਾ ਢੰਗ, ਸ਼ਾਇਦ ਹੀ ਕਿਤੇ ਵੱਡੇ ਕਾਰੋਬਾਰੀ ਲੋਕਾਂ ਕੋਲ ਹੋਵੇ।

ਅੰਕੜਿਆਂ ਮੁਤਾਬਕ ਪੱਚੀ ਹਜ਼ਾਰ ਸਕੁਏਅਰ ਫੁੱਟ ਵਿਚ ਬਣੇ ਇਸ 'ਆਪਣਾ ਸਟੋਰ' ਦੇ ਅਹਾਤੇ ਵਿਚ ਦੋ ਸੌ ਤੋਂ ਵੱਧ ਗੱਡੀਆਂ ਇਕੋ ਵੇਲੇ ਪਾਰਕ ਕੀਤੀਆਂ ਜਾ ਸਕਦੀਆਂ ਹਨ। ਸੰਖੇਪ 'ਚ ਇਸ ਸਟੋਰ ਨੂੰ ਪੰਜਾਬੀਆਂ ਦਾ ਕਾਸਕੋ, ਵਾਲਮਾਰਟ ਜਾਂ ਸੈਮ ਕਲੱਬ ਕਹਿਣ 'ਚ ਮਾਣ ਹੀ ਹੋ ਸਕਦੈ। ਅੱਠ ਵੱਡੇ ਕਾਊਂਟਰ ਹਨ ਤੇ ਅੱਠ ਸੇਲਜ਼ਮੈਨ, ਨਾਲ ਅੱਠ ਹੀ ਹੈਲਪਰ ਹਨ। ਇਸ ਸਟੋਰ ਵਿਚ ਇੰਡੀਅਨ, ਪਾਕਿਸਤਾਨੀ ਅਤੇ ਬੰਗਲਾਦੇਸ਼ੀ, ਹਰ ਤਰ੍ਹਾਂ ਦੀ ਗਰੌਸਰੀ ਹੈ ਤੇ ਪੰਜਾਬੀਆਂ ਦੀ ਕਹਾਵਤ ਮੁਤਾਬਕ, ਇਨ੍ਹਾਂ ਤਿੰਨਾਂ ਦੇਸ਼ਾਂ ਦੇ ਲੋਕਾਂ ਨੂੰ ਸ਼ਾਇਦ ਇਥੋਂ ਸਿਰਫ਼ ਚਿੜੇ ਦਾ ਦੁੱਧ ਹੀ ਨਾ ਮਿਲ ਸਕੇ। ਸਟੋਰ ਦੀ ਅੰਦਰੂਨੀ ਤੇ ਬਾਹਰੀ ਦਿੱਖ ਦੇਖ ਕੇ ਜ਼ਰੂਰ ਕਹੋਗੇ ਕਿ ਚਲੋ, ਜੇ ਹਾਲੇ ਤੀਕਰ ਤਾਜ ਮਹਿਲ ਨਹੀਂ ਦੇਖਿਆ ਤਾਂ ਕੋਈ ਗੱਲ ਨਹੀਂ; ਖਾਣ-ਪੀਣ ਦੀਆਂ ਵਸਤਾਂ ਦਾ ਤਾਜ ਮਹਿਲ ਤਾਂ ਦੇਖ ਲਿਆ ਹੈ।

ਦੀਪਕ ਭਾਰਦਵਾਜ ਦਾ ਪਿੰਡ ਸਾਡੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ 'ਚ ਮੱਲਪੁਰ ਹੈ ਤੇ ਆਮ ਤੌਰ ਇਨ੍ਹਾਂ ਨੂੰ ਮਹਿਰਮਪੁਰ ਮੱਲਪੁਰ ਬੋਲਦੇ ਹਨ। ਸਾਡੇ ਨੌਰੇ-ਭੌਰੇ ਵਾਂਗ। ਜਸਵਿੰਦਰ ਜੌਹਲ ਦਾ ਪਿੰਡ ਜਲੰਧਰ ਵਿਚ ਦੁਸਾਂਝਾਂ ਲਾਗੇ ਅਨੀਹਰ ਹੈ। ਉਹਨੇ ਫਗਵਾੜੇ ਦੇ ਰਾਮਗੜ੍ਹੀਆ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਉਸ ਦੇ ਕੰਨ ਦੇਖ ਕੇ ਜ਼ਰੂਰ ਆਖੋਗੇ ਕਿ ਭਲਵਾਨੀ ਵੀ ਚੰਗੀ ਕੀਤੀ ਹੈ, ਉਹ ਸੰਨੀ ਦੇ ਬਾਪੂ ਪ੍ਰਿੰਸੀਪਲ ਕਸ਼ਮੀਰਾ ਸਿੰਘ ਦੀ ਅਗਵਾਈ ਹੇਠ ਫਗਵਾੜੇ ਅਖਾੜੇ ਵਿਚ ਚੰਗਾ ਪਹਿਲਵਾਨ ਰਿਹੈ।

ਆਮ ਪੰਜਾਬੀਆਂ ਵਾਂਗ ਉਹ ਵੀ ਸੁਫਨਿਆਂ ਦੀ ਦੁਨੀਆਂ ਜੇਬ 'ਚ ਪਾ ਕੇ 1983 ਦੇ ਕਰੀਬ ਅਮਰੀਕਾ ਆਏ, ਸਟੋਰਾਂ 'ਤੇ ਕੰਮ ਕੀਤਾ ਅਤੇ ਫਿਰ ਪੰਜ ਸੌ ਸਕੁਏਅਰ ਫੁੱਟ ਦਾ ਪਹਿਲਾ ਸਟੋਰ ਲਿਆ। ਇਤਫਾਕ ਇਹ ਸੀ ਕਿ ਜੌਹਲ ਤੇ ਦੀਪਕ 1986 ਵਿਚ ਕਿਸੇ ਦੇ ਘਰ ਅਚਾਨਕ ਮਿਲੇ ਤਾਂ ਦੀਪਕ ਕਹਿਣ ਲੱਗਾ, "ਜੌਹਲ ਤੂੰ ਮੇਰਾ ਭਰਾ ਲੱਗਦੈਂ!" ਇਹ ਸੁਭਾਵਿਕ ਗੱਲ ਹਕੀਕਤ 'ਚ ਬਦਲ ਗਈ ਤੇ ਛੋਟੇ ਸਟੋਰ ਤੋਂ 'ਕੈਸ਼ ਐਂਡ ਕੈਰੀ' ਦੇ ਵੱਡੇ ਵੱਡੇ ਅਤੇ ਕਈ ਸਟੋਰਾਂ ਦੇ ਮਾਲਕ ਬਣ ਗਏ। ਫਿਰ ਪੰਜਾਬੀਆਂ ਵਾਂਗ 'ਆਪਣਾ ਬਾਜ਼ਾਰ' ਤੀਕਰ ਸਾਧਾਰਨ ਪਗਡੰਡੀ ਨੂੰ ਜਰਨੈਲੀ ਸੜਕ ਬਣਾਉਣ ਦਾ ਸਿਦਕੀ ਪੈਂਡਾ ਤੈਅ ਕਰ ਲਿਆ।

ਕ੍ਰਿਸ਼ਨ ਤੇ ਸੁਦਾਮਾ ਦਾ ਪਿਆਰ ਤਾਂ ਦੇਖਿਆ ਹੈ, ਸੁਣਿਆ ਨਹੀਂ; ਪਰ ਇਨ੍ਹਾਂ ਦੋਹਾਂ ਦੇ ਪਿਆਰ ਦਾ ਸਿੱਟਾ ਹੈ ਕਿ ਅੱਜ ਤੀਕਰ ਉਹ ਗੂੜ੍ਹੇ ਹੀ ਹੁੰਦੇ ਗਏ ਨੇ, ਫਿੱਕੇ ਨਹੀਂ। ਐਡੇ ਵੱਡੇ ਕਾਰੋਬਾਰ 'ਚ ਦੋਹਾਂ ਨੇ ਕਦੇ ਇਕ ਦੂਜੇ ਨੂੰ ਨਹੀਂ ਪੁੱਛਿਆ ਕਿ ਕੌਣ ਕੀ ਲਿਜਾਂਦਾ ਹੈ ਤੇ ਕੌਣ ਕੀ? ਕੌਣ ਕਿੰਨੇ ਪੈਸੇ ਲੈ ਗਿਆ? ਦੋਹਾਂ ਦੀਆਂ ਪਤਨੀਆਂ ਤੀਰਥ ਕੌਰ ਜੌਹਲ ਅਤੇ ਰਮਨ ਕੁਮਾਰੀ ਭਾਰਦਵਾਜ ਸਕੀਆਂ ਭੈਣਾਂ ਵਾਂਗ ਪਕੜ 'ਚ ਪੂਰੀ ਤਰ੍ਹਾਂ ਗੜੁੱਚ। ਇਕ ਗੱਲ ਇੱਥੇ ਕਹਾਂਗਾ ਕਿ ਪੰਜਾਬੀ ਲੜੀ-ਭਿੜੀ ਜਾਂਦੇ ਨੇ, ਇਕ-ਦੂਜੇ ਦੀ ਲੱਤ 'ਚ ਲੱਤ ਫਸਾਈ ਜਾਂਦੇ ਨੇ; ਜੇ ਕਿਤੇ ਇਹ ਈਰਖਾ ਛੱਡ ਕੇ ਇਨ੍ਹਾਂ ਵਾਂਗ 'ਕੱਠੇ ਹੋ ਜਾਣ, ਗੱਲ ਹੋਰ ਵੀ ਸਿਰੇ ਜਾ ਲੱਗੇਗੀ। ਜੌਹਲ ਦੇ ਬੇਟੇ ਹਰਪ੍ਰੀਤ ਸਿੰਘ ਤੇ ਸਮਪ੍ਰੀਤ ਸਿੰਘ ਨੇ। ਇਕ ਕਰਨੇਲੀਆ ਯੂਨੀਵਰਸਿਟੀ 'ਚ ਗ੍ਰੈਜੂਏਸ਼ਨ ਕਰ ਰਿਹਾ ਤੇ ਦੂਜਾ ਇਹਦੇ ਨੇੜੇ-ਤੇੜੇ ਹੈ। ਦੀਪਕ ਦੇ ਬੱਚੇ-ਦੋ ਬੇਟੀਆਂ ਸਵੇਤਾ ਤੇ ਪੂਜਾ ਅਤੇ ਪੁੱਤ ਕਰਨ ਵੀ ਇੰਨੇ ਹੀ ਲਾਇਕ ਹਨ।

ਹਾਲੇ ਕਮਾਲ ਦੇਖੋ ਕਿ ਦੋਹਾਂ ਨੇ ਗੱਲ ਇੱਥੇ ਮੁਕਾਈ ਨਹੀਂ, ਸ਼ੁਰੂ ਕੀਤੀ ਹੈ। ਉਨ੍ਹਾਂ ਦੀ ਸੋਚ ਹੈ ਕਿ ਇੱਦਾਂ ਦੇ ਸਟੋਰ ਘੱਟੋ-ਘੱਟ ਆਪਣੀ ਇਸ ਜ਼ਿੰਦਗੀ ਵਿਚ ਅਮਰੀਕਾ ਦੇ ਹਰ ਵੱਡੇ ਸ਼ਹਿਰ ਵਿਚ ਖੋਲ੍ਹਣ ਦੇ ਸਮਰੱਥ ਹੋਣ। ਉਨ੍ਹਾਂ ਦੀ ਨਿਮਰਤਾ ਦਾ ਨਮੂਨਾ ਦੇਖੋ ਕਿ ਜੇ ਕੋਈ ਉਨ੍ਹਾਂ ਦੇ ਸਾਹਮਣੇ ਇੰਨੇ ਵੱਡੇ ਕਾਰੋਬਾਰ ਦੇ ਮਾਲਕ ਕਹਿਣ ਤਾਂ ਉਹ ਜੁਆਬ ਦੇਣਗੇ, "ਤੁਹਾਨੂੰ ਭੁਲੇਖਾ ਲਗਦੈ, ਮਾਲਕ ਇਕੋ ਈ ਐ, ਦੂਜਾ ਕੋਈ ਨਹੀਂ।"

ਇਹ ਗੱਲ ਵੀ ਲਗਦੇ ਹੱਥ ਹੀ ਕਰ ਦਿਆਂ ਕਿ ਜਸਵਿੰਦਰ ਜੌਹਲ ਜੱਟ ਹੈ ਅਤੇ ਦੀਪਕ ਭਾਰਦਵਾਜ ਬ੍ਰਾਹਮਣ; ਤੇ ਜੱਟ ਅਤੇ ਬ੍ਰਾਹਮਣ 'ਤੇ ਖਾਹ-ਮਖਾਹ ਵਿਅੰਗ ਵੀ ਕੱਸੇ ਗਏ ਨੇ। ਉਨ੍ਹਾਂ ਨੇ ਇੰਨੇ ਸਾਲ 'ਕੱਠਿਆਂ ਕੰਮ ਕਰਕੇ ਅੰਕੜਾ ਹੀ ਬਣਾ ਦਿੱਤਾ ਇਤਿਹਾਸ ਦਾ। ਗੱਲ ਬਹੁਤੀ ਪੁਰਾਣੀ ਨਹੀਂ, ਆਪਣੇ ਮੁਲਕ ਵਿਚ ਜੇ ਕਿਸੇ ਕੋਲ ਲੱਖ ਰੁਪਈਆ ਹੈ ਤਾਂ ਉਹਨੂੰ ਲੱਖਪਤੀ ਕਹਿੰਦੇ ਸਨ, ਤੇ ਲੋਕ ਕਾਨਾਫੂਸੀ ਕਰਦੇ ਸਨ-'ਅਹੁ ਜਾਂਦਾ ਲੱਖਪਤੀ', ਪਰ ਜੇ ਵਾਹਿਗੁਰੂ ਨੇ ਉਨ੍ਹਾਂ ਨੂੰ ਬਹੁਤ ਕੁਝ ਦਿੱਤਾ ਤਾਂ ਨਾਲ ਹੀ ਸਾਦਗੀ ਤੇ ਨਿਮਰਤਾ ਦਾ ਵੀ ਝੋਲਾ ਫੜਾਇਆ ਹੈ।

ਜਦੋਂ ਵੀ ਤੁਸੀਂ ਦੋਹਾਂ ਨੂੰ ਮਿਲੇ, ਆਪ ਮੁਹਾਰੇ ਆਖੋਗੇ-ਤੁਹਾਨੂੰ ਸਲਾਮ ਤਾਂ ਹੈ ਹੀ, ਨਾਲ ਪ੍ਰਣਾਮ ਵੀ।



ਐਸ. ਅਸ਼ੋਕ ਭੌਰਾ, ਜੌਹਲ ਤੇ ਦੀਪਕ ਆਪਣੇ ਦੋ ਹੋਰ ਮਿੱਤਰਾਂ ਨਾਲ



ਜਸਵਿੰਦਰ ਸਿੰਘ ਜੌਹਲ, ਸ੍ਰੀਮਤੀ ਤੀਰਥ ਕੌਰ ਜੌਹਲ ਤੇ ਪੁੱਤਰ ਹਰਪ੍ਰੀਤ ਜੌਹਲ ਨਾਲ ਸ਼ੁਭ ਕਾਮਨਾਵਾਂ ਕਬੂਲਦਿਆਂ



ਆਪਣਾ ਬਾਜ਼ਾਰ ਦੇ ਉਦਘਾਟਨ ਸਮੇਂ ਜਸਵਿੰਦਰ ਸਿੰਘ ਜੌਹਲ, ਦੀਪਕ ਭਾਰਦਵਾਜ, ਹਰਪ੍ਰੀਤ ਜੌਹਲ ਅਤੇ ਆਏ ਮਹਿਮਾਨ

**Apna Bazar Cash & Carry**

ਜਸਵਿੰਦਰ ਸਿੰਘ ਜੌਹਲ ਫੋਨ:917-442-9798
ਦੀਪਕ ਭਾਰਦਵਾਜ ਫੋਨ:917-254-5436

ALL INDIA
Sweets & Groceries

ਸਮੂਹ ਗਾਹਕਾਂ, ਸਰਪ੍ਰਸਤਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਦੀ

ਕੋਟਾਨਿ ਕੋਟਿ ਵਧਾਈ



Vegetarian Lunch & dinner buffet
Specializing in All Indian Mithais

VINOD KAMBOJ
&
BABBU KAMBOJ

1715 S. Real Road , Bakersfield CA 93309
661.832.3900

3150 PANAMA LANE #K BAKERSFIELD, CA 93313 Tel. : (661) 835-8930

# A & I Trucking Co.

123 E Lee Rd Watsonville, CA Ph: 831-763-7805

## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ ਪ੍ਰਥਮ ਪਾਤਸ਼ਾਹ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ

# ਲੱਖ ਲੱਖ ਵਧਾਈ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਅਮੋਲਕ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ:1-888-664-4004

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

ਏ. ਐਂਡ ਆਈ. ਟਰਾਂਸਪੋਰਟ

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ

> 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**

2011-12 ਮਾਡਲ ਦੇ ਨਵੇਂ ਨਕੋਰ ਟਰੱਕ



# Sunny Truck & RV Wash

ਫੋਨ:559-834-6200 ਫੈਕਸ:559-834-1577

## ਸਭਨਾਂ ਨੂੰ ਗੁਰਪੁਰਬ ਦੀ ਲਖ ਲਖ ਵਧਾਈ

ਸੰਨੀ ਟਰੱਕ ਵਾਸ਼ 'ਤੇ ਆਪਣਾ ਟਰੱਕ ਧੁਆਓ,
ਟਰੱਕ ਨੂੰ ਨਵਾਂ ਰੰਗ ਰੂਪ ਦਿਓ





## ਬਹੁਤ ਹੀ ਵਾਜਬ ਰੇਟ

ਟਰੱਕ ਵਾਸ਼ $30.00
ਟਰੱਕ ਤੇ ਟਰੇਲਰ ਵਾਸ਼ $55.00
ਟਰੇਲਰ ਵਾਸ਼ $30.00
ਟਰੇਲਰ ਵਾਸ਼ਆਊਟ $25.00
ਅੰਡਰ ਕੈਰੀਏਜ $90.00
ਟੈਂਕਰ ਵਾਸ਼ਆਊਟ $100.00
ਇੰਜਨ ਵਾਸ਼ $15.00



ਲਾ ਦਿੱਤਾ ਬਈ ਰੋਪੜੀਆ ਜਿੰਦਾ ਤੀਰਥ ਗਾਖਲ ਨੇ

## ਤੁਹਾਡੇ ਮਨ ਪਸੰਦ ਕਬੱਡੀ ਖਿਡਾਰੀ ਤੀਰਥ ਗਾਖਲ ਦਾ ਟਰੱਕ ਵਾਸ਼



## ਤੁਹਾਡੀ ਸਹੂਲਤ ਲਈ ਦੋ ਲੋਕੇਸ਼ਨਾਂ

2713 Vineyard Place, Fowler, Ca 93625
**Ph: 559-834-6200**

**Open**
Monday to Friday 6AM to 9PM
Saturday-Sunday 7AM to 7PM

From Hwy 99 > Take E manning Ave. exit 121, right turn at first light.

*Mini Mart Featuring Hot & Cold Foods and Beverages*

2255 F St. Livingston, CA 95334
**Ph: 209-394-8880**

**Open**
Monday to Saturday 7AM to 7PM
Sunday 8AM to 5PM

From Hwy 99 > take Hammatt Ave. exit 201, turn west on Hammatt ave. left at F st.

Ad sponsored by Amolak Singh Gakhal

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

ਸ੍ਰੀ ਗੁਰੂ ਨਾਨਕ ਸੂਰਜ ਪ੍ਰਗਟੇ, ਦਹਿਦਿਸ ਮਾਹਿ ਪ੍ਰਕਾਸ਼ ਭਯਾ।।
ਪਰਮ ਅਨੰਦ ਮੋਖ ਤਿਸ ਪਲਾਈ, ਜੋ ਸਤਿਗੁਰ ਕੋ ਦਾਸ ਭਯਾ।।

ਰੱਬ ਨੂੰ 'ਤੈ ਕੀ ਦਰਦ ਨਾ ਆਇਆ' ਦਾ ਉਲ੍ਹਾਮਾ ਦੇਣ ਵਾਲੇ
ਅਤੇ ਮੋਦੀਖਾਨੇ ਵਿਚ ਤੇਰਾ ਤੇਰਾ ਦਾ ਹੋਕਾ ਦੇਣ ਵਾਲੇ

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਸਮੂਹ ਸਿੱਖ ਭਾਈਚਾਰੇ ਨੂੰ

# ਕੋਟਾਨਿ ਕੋਟਿ ਵਧਾਈ


ਅਮੋਲਕ ਸਿੰਘ (ਭੋਲਾ) ਸਿੱਧੂ, ਗੁਣਾਚੌਰ

ਸੰਗਤਾਂ ਦਾ ਦਾਸ

## ਅਮੋਲਕ ਸਿੰਘ ਸਿੱਧੂ

ਅਤੇ ਪਰਿਵਾਰ

ਫਰਿਜ਼ਨੋ, ਕੈਲੀਫੋਰਨੀਆ

ਫੋਨ:559-709-0089

## NKRS TRUCKING

2680 NORTH MARKS AVE., FRESNO, CA 93722

# ਗੁਰੂ ਨਾਨਕ ਗੁਰਪੁਰਬ ਦੀ ਲਖ ਲਖ ਵਧਾਈ



ਅਕਾਸ਼ਦੀਪ ਅਤੇ ਰੋਜ਼ੀ ਸ਼ਰਮਾ



ਅਕਾਸ਼ਦੀਪ

# ਵੱਖਰਾ ਨਜ਼ਾਰਾ ਮਿਊਜ਼ੀਕਲ ਗਰੁਪ

## ਬਰਥ ਡੇ ਪਾਰਟੀ, ਵਿਆਹ-ਸ਼ਾਦੀ ਅਤੇ ਧਾਰਮਿਕ ਪ੍ਰੋਗਰਾਮਾਂ, ਮਾਤਾ ਦੇ ਜਗਰਾਤੇ ਜਾਂ ਕਿਸੇ ਵੀ ਪ੍ਰੋਗਰਾਮ ਲਈ ਸੰਪਰਕ ਕਰੋ

## ਫੋਨ:510-299-2901

### ਸਾਡੀਆਂ ਐਲਬਮਾਂ

ਚੱਲ ਮੇਲੇ ਚੱਲੀਏ
ਟੁੱਟੇ ਦਿਲਾਂ ਦੇ ਇਲਾਜ
ਸਾਡੀ ਤੂੰ ਦੀਵਾਲੀ

ਤੇਰੇ ਜਾਣ ਪਿਛੋਂ
ਵੱਖਰਾ ਨਜ਼ਾਰਾ
ਯਾਦ ਹਾਲੇ ਵੀ ਆਉਂਦੀ

ਗੋਰਾ ਰੰਗ (ਮਿਸ ਪੂਜਾ ਨਾਲ ਦੋਗਾਣਾ)
ਇਸ਼ਕ ਤੇਰਾ
ਜੈ ਮਾਤਾ ਦੀ ਬੋਲ (ਭੇਟਾ)

ਵਿਚਾਰ-ਚਰਚਾ

## ਸ. ਜਸਵੰਤ ਸਿੰਘ ਕੰਵਲ ਦੇ ਨਾਂ ਖੁੱਲ੍ਹਾ ਖ਼ਤ-3

# ਇਹ ਬੇਲਾ ਸੱਚ ਕੀ ਨਹੀਂ ਹੈ

**ਲਿਖਾਰੀ ਜਸਵੰਤ ਸਿੰਘ ਕੰਵਲ ਨੂੰ ਲਿਖੇ ਖੁੱਲ੍ਹੇ ਖਤ ਦੇ ਇਸ ਤੀਜੇ ਤੇ ਆਖਰੀ ਭਾਗ ਵਿਚ ਸ. ਅਭੈ ਸਿੰਘ ਨੇ ਲੇਖਕ ਵੱਲੋਂ ਤਰਕ ਦਾ ਪੱਲਾ ਛੱਡ ਕੇ ਕੀਤੀਆਂ ਗਲਤ ਬਿਆਨੀਆਂ ਦੀ ਨਿਸ਼ਾਨਦੇਹੀ ਕੀਤੀ ਹੈ। ਉਸ ਨੇ ਸ੍ਰੀ ਹਰਿਮੰਦਰ ਸਾਹਿਬ ਉਤੇ ਹੋਏ ਹਮਲੇ, 1984 ਦੇ ਕਤਲੇਆਮ, ਫਾਂਸੀ ਦੀ ਸਜ਼ਾ, ਦੰਗਿਆਂ ਦੀ ਸਿਆਸਤ ਤੇ ਘੱਟ-ਗਿਣਤੀ ਬਹੁ-ਗਿਣਤੀ ਅਤੇ ਇਨ੍ਹਾਂ ਸਾਰੇ ਮਸਲਿਆਂ ਨੂੰ ਆਧਾਰ ਬਣਾ ਕੇ ਕੁਝ ਲੋਕਾਂ ਵੱਲੋਂ ਕੀਤੀ ਜਾ ਰਹੀ ਸਿਆਸਤ ਬਾਰੇ ਕੁਝ ਅਹਿਮ ਮੁੱਦੇ ਉਠਾਏ ਹਨ। ਇਸ ਚਰਚਾ ਵਿਚ ਮੁੱਖ ਗੱਲ ਮਨੁੱਖਾ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਹੰਭਲਾ ਮਾਰਨ ਦੀ ਹੈ ਜਿਸ ਦਾ ਰਾਹ ਸਾਡੇ ਗੁਰੂ ਸਾਹਿਬਾਨ ਨੇ ਸੰਗਤ ਨੂੰ ਦਿਖਾਇਆ। ਪੰਜਾਬ ਬਾਰੇ ਇਹ ਚਰਚਾ ਚਲਾਉਣ ਦਾ ਆਧਾਰ ਬਿਹਤਰ ਜ਼ਿੰਦਗੀ ਲਈ ਰਾਹ ਮੋਕਲਾ ਕਰਨਾ ਹੀ ਹੈ, ਇਸ ਚਰਚਾ ਤਹਿਤ ਆਏ ਹਰ ਵਿਚਾਰ ਨੂੰ 'ਪੰਜਾਬ ਟਾਈਮਜ਼' ਵਿਚ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ**

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਗਲਤ ਬਿਆਨੀਆਂ ਤੇ ਅਰਧ ਬਿਆਨੀਆਂ

ਤੁਹਾਡੀ ਕਿਤਾਬ ਵਿਚ ਜਿੱਥੇ ਗਲਤ ਬਿਆਨੀਆਂ ਹਨ, ਉਥੇ ਜਾਣ ਬੁੱਝ ਕੇ ਕੀਤੀਆਂ ਅਰਧ ਬਿਆਨੀਆਂ ਵੀ ਹਨ। ਤੁਸੀਂ ਲਿਖਦੇ ਹੋ- 'ਫਰਾਂਸ ਨੇ ਤੁਹਾਡੇ ਸਿਰੋਂ ਪੱਗ ਲਾਹ ਲਈ, ਹਿੰਦ ਸਰਕਾਰ ਨੇ ਚੂੰ ਤੱਕ ਨਹੀਂ ਕੀਤੀ।' ਲੇਖਕ ਦਾ ਫਰਜ਼ ਹੁੰਦਾ ਹੈ ਕਿ ਲੋਕਾਂ ਨੂੰ ਸਹੀ ਜਾਣਕਾਰੀ ਦੇਵੇ ਤਾਂ ਜੋ ਉਹ ਉਸ ਬਾਰੇ ਆਪਣੀ ਰਾਏ ਬਣਾ ਸਕੇ। ਫਰਾਂਸ ਦੇ ਜਿਸ ਕਾਨੂੰਨ ਦੀ ਚਰਚਾ ਸੀ, ਉਹ ਸਾਡੇ ਵਾਸਤੇ ਨਹੀਂ, ਫਰਾਂਸ ਦੇ ਆਪਣੇ ਨਾਗਰਿਕਾਂ ਵਾਸਤੇ ਹੈ। ਉਸ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਦੇ ਬੱਚਿਆਂ ਵਾਸਤੇ ਈਸਾਈ

ਅਭੈ ਸਿੰਘ, ਚੰਡੀਗੜ੍ਹ
ਫੋਨ: 91-98783-75903

ਸੂਲੀ ਦਾ ਨਿਸ਼ਾਨ, ਯਹੂਦੀ ਟੋਪੀ, ਮੁਸਲਮਾਨੀ ਸਕਾਰਫ ਤੇ ਪੱਗੜੀ ਉਪਰ ਪਾਬੰਦੀ ਲਾਈ ਗਈ ਹੈ। ਫਿਰ ਵੀ ਟਿੱਪਣੀ ਕਰਨ ਦਾ ਸਾਡਾ ਹੱਕ ਹੈ, ਅਸਾਂ ਕੀਤੀ ਵੀ। ਇੱਧਰ ਕਈ ਲੇਖ ਲਿਖੇ ਗਏ, ਮੇਰਾ ਵੀ ਲੇਖ ਇਕ ਸੀ ਕਿ ਇਹ ਫੈਸਲਾ ਗਲਤ ਹੈ। ਇਹ ਕਹਿਣਾ ਸਹੀ ਨਹੀਂ ਕਿ ਹਿੰਦ ਸਰਕਾਰ ਨੇ ਚੂੰ ਨਹੀਂ ਕੀਤੀ। ਫਰਾਂਸ ਨੂੰ ਦੋ ਵਾਰ ਸਰਕਾਰੀ ਤੌਰ 'ਤੇ ਕਿਹਾ ਗਿਆ ਤੇ ਪਗੜੀ ਦਾ ਮਹੱਤਵ ਦੱਸਿਆ ਗਿਆ; ਉਹ ਨਹੀਂ ਮੰਨੇ। ਇਸ ਤੋਂ ਵੱਧ ਦੂਜੇ ਮੁਲਕ ਨੂੰ ਕੁਝ ਕਿਹਾ ਵੀ ਨਹੀਂ ਜਾ ਸਕਦਾ, ਉਨ੍ਹਾਂ ਦੀ ਆਪਣੀ ਜ਼ਰੂਰਤ ਹੋਵੇਗੀ। ਇਹ ਉਨ੍ਹਾਂ ਦੇ ਆਪਣੇ ਨਾਗਰਿਕਾਂ ਦਾ ਮਾਮਲਾ ਹੈ। ਸਾਡੇ ਸ਼ਹਿਰੀਆਂ ਵੱਲੋਂ ਉਥੇ ਪਗੜੀ ਬੰਨ੍ਹ ਕੇ ਜਾਣ 'ਤੇ ਕੋਈ ਪਾਬੰਦੀ ਨਹੀਂ। ਇਸ ਅਰਸੇ ਵਿਚ ਸਾਡੇ ਪ੍ਰਧਾਨ ਮੰਤਰੀ ਵੀ ਗਏ ਸਨ।

ਇਸ ਬਾਰੇ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਲੇਖ ਮੈਂ ਲਿਖਿਆ ਸੀ, ਉਸ ਵਿਚ ਇਹ ਵੀ ਲਿਖਿਆ ਸੀ ਕਿ ਉਨ੍ਹਾਂ ਦੇ ਇਸ ਕਾਨੂੰਨ ਦਾ ਅਸੂਲੀ ਵਿਰੋਧ ਕਰਨ ਤੋਂ ਬਾਅਦ ਵੀ ਸਾਨੂੰ ਕੋਈ ਅਮਲੀ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਕਿਸੇ ਬੱਚੇ ਦੀ ਪੜ੍ਹਾਈ ਖ਼ਰਾਬ ਨਾ ਹੋਵੇ। ਮੇਰਾ ਸੁਝਾਅ ਸੀ ਕਿ ਸਾਡੀ ਸਰਕਾਰ ਜਾਂ ਕੁਝ ਹੋਰ ਜਥੇਬੰਦੀਆਂ ਪੇਸ਼ਕਸ਼ ਕਰਨ ਕਿ ਜਿਨ੍ਹਾਂ ਬੱਚਿਆਂ ਨੂੰ ਪੱਗ ਕਰਕੇ ਦਾਖਲਾ ਨਹੀਂ ਮਿਲਦਾ, ਉਨ੍ਹਾਂ ਨੂੰ ਇਸ ਮੁਲਕ, ਯਾਨਿ ਭਾਰਤ ਵਿਚ ਮੁਫ਼ਤ ਪੜ੍ਹਾਇਆ ਜਾਵੇਗਾ। ਮੈਂ ਇਥੋਂ ਤੱਕ ਵੀ ਕਿਹਾ ਸੀ ਕਿ ਨਹੀਂ ਤਾਂ ਮੈਂ ਤਿਆਰ ਹਾਂ, ਉਨ੍ਹਾਂ ਬੱਚਿਆਂ ਨੂੰ ਇਥੇ ਮੰਗਾ ਕੇ ਆਪਣੇ ਖਰਚੇ ਉਪਰ ਪੜ੍ਹਾਉਣ ਵਾਸਤੇ। ਇਹ ਵੱਖਰੀ ਗੱਲ ਹੈ ਕਿ ਕੋਈ ਹੁੰਗਾਰਾ ਨਹੀਂ ਮਿਲਿਆ ਸੀ।

ਇਕ ਹੋਰ ਅਰਧ ਬਿਆਨੀ ਵਿਚ ਕੰਵਲ ਜੀ, ਤੁਸੀਂ ਲਿਖਦੇ ਹੋ ਕਿ 'ਹਰ ਰਾਜ ਨੇ ਬਾਹਰਲੇ ਰਾਜ ਦੇ ਸ਼ਹਿਰੀ ਨੂੰ ਜ਼ਮੀਨ ਤੇ ਘਰ ਲੈਣ ਤੋਂ ਮਨਾਹੀ ਕਰ ਦਿੱਤੀ ਹੈ।' ਇਹ ਗਲਤ ਹੈ। ਹਰ ਰਾਜ ਨੇ ਇਸ ਤਰ੍ਹਾਂ ਨਹੀਂ ਕੀਤਾ। ਘੱਟੋ ਘੱਟ ਹਰਿਆਣਾ, ਯੂ.ਪੀ., ਦਿੱਲੀ ਤੇ ਮੱਧ ਪ੍ਰਦੇਸ਼ ਵਿਚ ਅਜਿਹੀ ਕਿਸੇ ਕਿਸਮ ਦੀ ਮਨਾਹੀ ਨਹੀਂ। ਹਿਮਾਚਲ ਤੇ ਉਤਰਾਖੰਡ ਵਿਚ ਸਿਰਫ ਖੇਤੀ ਵਾਲੀ ਜ਼ਮੀਨ ਉਪਰ ਪਾਬੰਦੀ ਹੈ, ਮਕਾਨ ਉਪਰ ਨਹੀਂ ਤੇ ਲੋਕ ਖਰੀਦ ਵੀ ਰਹੇ ਹਨ। ਕੇਵਲ ਇਸੇ ਸਾਲ ਹੀ ਮੈਂ ਰਾਜਸਥਾਨ ਵਿਚ 20 ਵਿੱਘੇ ਜ਼ਮੀਨ ਖਰੀਦੀ ਹੈ ਤੇ ਰਜਿਸਟਰੀ ਵਿਚ ਮੇਰਾ ਚੰਡੀਗੜ੍ਹ ਦਾ ਐਡਰੈਸ ਲਿਖਿਆ ਗਿਆ ਹੈ। ਉਥੇ ਸਿਰਫ ਕਮਾਂਡ ਏਰੀਆ ਵਿਚ ਪਾਬੰਦੀ ਹੈ ਤੇ ਕੁਝ ਇਲਾਕਿਆਂ ਵਿਚ ਤਾਂ ਰਾਜਸਥਾਨ ਦਾ ਨਾਗਰਿਕ ਵੀ ਬਿਨਾਂ ਖਾਸ ਮਨਜ਼ੂਰੀ ਦੇ ਨਹੀਂ ਖਰੀਦ ਸਕਦਾ। ਫਿਰ ਵੈਸੇ ਤੁਸਾਂ ਕਾਹਨੂੰ ਪੰਜਾਬੀਆਂ ਨੂੰ ਬਾਹਰ ਘੱਲਣਾ ਹੈ? ਉਨ੍ਹਾਂ ਦਾ ਕਾਨੂੰਨ ਤਾਂ ਪੰਜਾਬ ਨੂੰ ਘੱਟ-ਗਿਣਤੀ ਵਿਚ ਜਾਣ ਤੋਂ ਰੋਕਣ ਵਿਚ ਮੱਦਦਗਾਰ ਹੈ!

ਕੁਝ ਗੱਲਾਂ ਤੁਹਾਡੀਆਂ ਆਪਾ-ਵਿਰੋਧੀ ਵੀ ਹਨ ਜੋ ਸ਼ਾਇਦ ਬੇਲੋੜੇ ਗੁੱਸੇ ਵਿਚ ਲਿਖ ਜਾਂਦੇ ਹੋ। ਤੁਸੀਂ ਲਿਖਦੇ ਹੋ ਕਿ 'ਤੁਹਾਡਾ ਸਿਰ ਮੁੰਨਿਆਂ ਦੀ ਪਾਰਟੀ, ਭਾਜਪਾ ਨਾਲ ਵਾਹ ਪਿਆ ਹੈ। ਉਹ ਤੁਹਾਨੂੰ ਆਪਣੇ ਵਰਗੇ ਸਿਰ ਮੁੰਨੇ ਹੀ ਬਣਾ ਸਕਦੀ ਹੈ।' ਉਧਰ, ਤੁਸੀਂ ਆਪ ਹੀ ਲਿਖਦੇ ਹੋ ਕਿ 80% ਤਾਂ ਆਪਾਂ ਮੋਨੇ ਹੋ ਹੀ ਚੁੱਕੇ ਹਾਂ। ਫਿਰ ਤੁਸੀਂ ਇਹ ਸੁਣਾ ਕਿਸ ਨੂੰ ਰਹੇ ਹੋ? ਪਤਾ ਨਹੀਂ ਤੁਸੀਂ ਕਿਹੜੀ ਵਿਗਿਆਨਕ ਸੋਧ ਦੇਣਾ ਚਾਹੁੰਦੇ ਹੋ? ਜੇ ਤੁਹਾਡਾ ਮਤਲਬ ਸਿਰਫ ਧਾਰਮਿਕ ਨਿਸ਼ਾਨੀਆਂ ਤੋਂ ਹੈ ਤਾਂ ਸਭ ਜਾਣਦੇ ਹਨ ਕਿ ਸਾਰੇ ਧਰਮਾਂ ਦੇ ਲੋਕਾਂ ਵਿਚ ਇਹ ਨਿਸ਼ਾਨੀਆਂ ਨਾ ਰੱਖਣ ਦਾ ਰੁਝਾਨ ਚੱਲ ਰਿਹਾ ਹੈ। ਜੇ ਪੱਗਾਂ-ਦਾੜ੍ਹੀਆਂ ਲੁਪਤ ਹੋ ਰਹੇ ਹਨ ਤਾਂ ਬੋਦੀਆਂ, ਜਨੇਊ, ਧੋਤੀਆਂ, ਟਿੱਕੇ, ਇਸਲਾਮੀ ਟੋਪੀਆਂ ਤੇ ਬੁਰਕੇ-ਚਾਦਰਾਂ ਵੀ ਲੁਪਤ ਹੋ ਰਹੇ ਹਨ। ਨਵੀਂ ਪੀੜ੍ਹੀ ਵੱਖਰੀ ਨਿਸ਼ਾਨੀ ਨਹੀਂ ਰੱਖਣਾ ਚਾਹੁੰਦੀ। ਇਹਦੇ ਬਾਰੇ ਨਾ ਤੁਸੀਂ ਕੁਝ ਕਰ ਸਕਦੇ ਹੋ ਨਾ ਮੈਂ। ਮੈਨੂੰ ਤਾਂ ਭਲਾ ਹੋਰ ਬਥੇਰੇ ਕੰਮ ਨੇ।

ਇਸ ਕਿਤਾਬ ਵਿਚ ਤੁਸਾਂ ਕਈ ਜਗ੍ਹਾ ਇਸ ਤਰ੍ਹਾਂ ਦੇ ਸੰਬੋਧਨ ਕੀਤੇ ਹਨ, 'ਮਜ਼ਦੂਰੋ, ਕਿਸਾਨੋ ਤੇ ਰਵਿਦਾਸ ਭਗਤੋ'। ਕੁਝ ਪੂਰੇ ਪੈਰ੍ਹੇ ਵੀ ਰਵਿਦਾਸ ਭਗਤਾਂ ਦੇ ਨਾਂ 'ਤੇ ਲਿਖੇ ਹਨ। ਮੇਰੀ ਉਲਝਣ ਇਹ ਹੈ ਕਿ ਕੌਣ ਨਹੀਂ ਹੈ ਰਵਿਦਾਸ ਜੀ ਦਾ ਭਗਤ। ਕੌਣ ਹੈ ਜੋ ਉਨ੍ਹਾਂ ਦੀ ਬਾਣੀ ਦਾ ਸਤਿਕਾਰ ਨਹੀਂ ਕਰਦਾ। ਫਿਰ ਵੱਖਰਾ ਸੰਬੋਧਨ ਕਿਉਂ? ਕੀ ਮਜ਼ਦੂਰਾਂ ਤੇ ਕਿਸਾਨਾਂ ਵਿਚ ਕੋਈ ਵੀ ਰਵਿਦਾਸ ਜੀ ਦਾ ਭਗਤ ਜਾਂ ਉਪਾਸ਼ਕ ਨਹੀਂ ਹੈ। ਕੀ ਤੁਸੀਂ ਰਵਿਦਾਸ ਭਗਤ ਨਹੀਂ ਹੋ ਜਾਂ ਮੈਂ ਨਹੀਂ ਹਾਂ। ਸਾਫ਼ ਗੱਲ ਹੈ ਕਿ ਤੁਸੀਂ ਇਹ ਇਸ਼ਾਰੇ ਜਾਤਾਂ 'ਤੇ ਆਧਾਰਤ ਸੰਬੋਧਨਾਂ ਵਾਸਤੇ ਕਰ ਰਹੇ ਹੋ! ਕੀ ਸਿਰਫ ਕਿਸਾਨਾਂ ਮਜ਼ਦੂਰਾਂ ਨੂੰ ਸੰਬੋਧਨ ਕੀਤਿਆਂ ਨਹੀਂ ਸਰਦਾ; ਹਾਲਾਂਕਿ ਤੁਸਾਂ ਇਹ ਸਾਫ਼ ਨਹੀਂ ਕੀਤਾ ਕਿ ਤੁਸੀਂ ਸਿਰਫ ਘੱਟ-ਗਿਣਤੀ ਨਾਲ ਸਬੰਧ ਰੱਖਣ ਵਾਲੇ ਮਜ਼ਦੂਰਾਂ ਕਿਸਾਨਾਂ ਤੇ ਰਵਿਦਾਸ ਭਗਤਾਂ ਦੀ ਗੱਲ ਕਰਦੇ ਹੋ ਕਿ ਇਸ ਵਿਚ ਬਹੁ-ਗਿਣਤੀ ਵਾਲੇ ਵੀ ਸ਼ਾਮਲ ਹਨ।

'ਰੰਗਰੇਟੇ ਗੁਰੂ ਦੇ ਬੇਟਿਓ ਅਤੇ ਰਵਿਦਾਸ ਭਗਤੋ' ਦੇ ਨਾਂ ਖੁੱਲ੍ਹੇ ਪੱਤਰ ਵਿਚ ਤੁਸੀਂ ਲਿਖਦੇ ਹੋ ਕਿ 'ਉਹ ਗੱਦਾਰ ਤੁਹਾਡੇ ਵਿਚੋਂ ਹੀ ਨਹੀਂ, ਸਾਡੇ ਵਿਚੋਂ ਵੀ ਕਿਤੇ ਬਹੁਤੇ ਐ।' ਇਹ ਤੁਹਾਡੇ ਤੇ ਸਾਡੇ ਦਾ ਕੀ ਮਤਲਬ ਹੋਇਆ?

### ਧਰਮ ਆਧਾਰਤ ਕਤਲ: ਬੰਦੇ ਦਾ ਵਹਿਸ਼ੀਪੁਣਾ

ਤੁਸਾਂ ਕਈ ਵਾਰ ਜ਼ਿਕਰ ਕੀਤਾ ਹੈ ਕਿ ਇੰਦਰਾ ਗਾਂਧੀ ਅਤੇ ਜਨਰਲ ਵੈਦਿਆ ਨੂੰ ਮਾਰਨ ਵਾਲਿਆਂ ਨੂੰ ਫਾਂਸੀਆਂ ਦੇ ਦਿੱਤੀਆਂ ਗਈਆਂ ਪਰ ਦਿੱਲੀ ਦੇ ਦੰਗਿਆਂ ਵਿਚ ਹਜ਼ਾਰਾਂ ਸਿੱਖਾਂ ਦੇ ਕਾਤਲਾਂ ਵਿਚੋਂ ਕਿਸੇ ਨੂੰ ਇਕ ਦਿਨ ਦੀ ਸਜ਼ਾ ਨਹੀਂ ਹੋਈ। ਜਿਥੋਂ ਤੱਕ ਫਾਂਸੀਆਂ ਦਾ ਸਵਾਲ ਹੈ, ਮੈਂ ਕਈ ਵਾਰ ਆਵਾਜ਼ ਵੀ ਉਠਾਈ ਹੈ ਤੇ ਲੇਖ ਵੀ ਲਿਖੇ ਹਨ ਕਿ ਮੌਤ ਦੀ ਹਰ ਸਜ਼ਾ ਇਨਸਾਨੀਅਤ ਦਾ ਕਤਲ ਹੈ। ਫਾਂਸੀ ਦੀ ਸਜ਼ਾ ਘੋਰ ਗੁਨਾਹ ਹੈ। ਅੱਧੀ ਤੋਂ ਵੱਧ ਦੁਨੀਆ ਵਿਚ ਇਹ ਖ਼ਤਮ ਹੋ ਚੁਕੀ ਹੈ, ਸਾਡੇ ਮੁਲਕ ਵਿਚ ਵੀ ਖ਼ਤਮ ਹੋਣੀ ਚਾਹੀਦੀ ਹੈ। ਫਾਂਸੀ ਦੀ ਸਜ਼ਾ ਦਾ ਕਾਨੂੰਨ ਹੀ ਗੈਰ-ਇਨਸਾਨੀ ਹੈ। ਇਸ ਨੂੰ ਸਾਰੀ ਦੁਨੀਆਂ ਵਿਚੋਂ ਖ਼ਤਮ ਕਰਨ ਵਾਸਤੇ ਹਰ ਉਪਰਾਲੇ ਤੇ ਹਰ ਅੰਦੋਲਨ ਲਈ ਮੈਂ ਤਿਆਰ ਹਾਂ ਤੇ ਲੋਕਾਂ ਦਾ ਸਾਥ ਮੰਗਦਾ ਰਹਿੰਦਾ ਹਾਂ। ਸ਼ਾਇਦ ਤੁਸੀਂ ਵੀ ਇਸ ਬਾਰੇ ਆਵਾਜ਼ ਉਠਾਈ ਹੋਵੇ।

ਦਿੱਲੀ ਦੇ ਕਾਤਲਾਂ ਨੂੰ ਸਜ਼ਾਵਾਂ ਬਾਰੇ ਤੁਹਾਡਾ ਇਹ ਕਹਿਣਾ ਤਾਂ ਭਾਵੇਂ ਦਰੁਸਤ ਨਹੀਂ ਕਿ ਕਿਸੇ ਨੂੰ ਇਕ ਦਿਨ ਦੀ ਵੀ ਸਜ਼ਾ ਨਹੀਂ ਹੋਈ ਪਰ ਜੋ ਵੀ ਸਜ਼ਾਵਾਂ ਹੋਈਆਂ ਹਨ, ਉਹ ਕਹਿਰ ਦੀ ਭਿਆਨਕਤਾ ਦੇ ਸਾਹਮਣੇ ਕੁਝ ਵੀ ਨਹੀਂ। ਸਜ਼ਾਵਾਂ ਤਾਂ ਕੀ ਮਿਲਣੀਆਂ ਸਨ, ਉਨ੍ਹਾਂ ਬੰਦਿਆਂ ਵੱਲ ਉਂਗਲਾਂ ਵੀ ਨਹੀਂ ਹੋ ਸਕੀਆਂ ਜੋ ਕਤਲ ਤੋਂ ਬਾਅਦ ਕਤਲ ਕਰੀ ਗਏ। ਇਹ ਹਜੂਮ ਵੱਲੋਂ ਹੋਈ ਹਿੰਸਾ ਦੀ ਵੱਡੀ ਤ੍ਰਾਸਦੀ ਹੁੰਦੀ ਹੈ। ਮੇਰੇ ਖਿਆਲ ਵਿਚ ਸਜ਼ਾਵਾਂ ਨਾਲੋਂ ਵੱਧ ਸ਼ਰਮ ਦੀ ਗੱਲ ਇਹ ਹੈ ਕਿ ਕਤਲ ਕਰਨ ਨਿਕਲੇ ਹਜੂਮ ਵਿਚੋਂ ਪੁਲਿਸ ਦੀ ਗੋਲੀ ਨਾਲ ਇਕ ਬੰਦਾ ਵੀ ਮੌਕੇ 'ਤੇ ਨਹੀਂ ਮਰਿਆ। ਕਿਧਰੇ ਲਾਠੀਚਾਰਜ ਜਾਂ ਟੀਅਰ ਗੈਸ ਦੇ ਗੋਲੇ ਵੀ ਨਹੀਂ ਚੱਲੇ।

ਵੱਡੇ ਕਤਲਾਂ ਦੀਆਂ ਵੱਡੀਆਂ ਸਜ਼ਾਵਾਂ ਚਾਹੀਦੀਆਂ ਹਨ ਪਰ ਇਕ ਵੀ ਨਹੀਂ ਮਿਲਦੀ। ਸੰਨ ਸੰਤਾਲੀ ਦੇ ਕਤਲਾਂ ਦੀ ਤਾਂ ਕੀ ਮਿਲਣੀ ਸੀ, ਉਸ ਤੋਂ ਬਾਅਦ ਇਸ ਮੁਲਕ ਵਿਚ ਕਈ ਜਗ੍ਹਾ ਦੰਗੇ ਤੇ ਹੋਰ ਸਮੂਹਕ ਕਤਲ ਹੋਏ ਹਨ ਪਰ ਸਜ਼ਾਵਾਂ ਨਹੀਂ ਮਿਲੀਆਂ। ਪੰਜਾਬ ਵਿਚ ਹੀ ਆਪਣੇ ਕੰਮਾਂ ਨੂੰ ਜਾਂਦੇ ਬੱਸ ਮੁਸਾਫਰਾਂ ਦੇ ਕਤਲ ਹੋਏ, ਸੈਰ ਕਰਨ ਵਾਲਿਆਂ ਦੇ ਹੋਏ, ਲਿੰਕ ਨਹਿਰ 'ਤੇ ਸੁੱਤੇ ਮਜ਼ਦੂਰ ਸਮੇਤ ਪਰਿਵਾਰਾਂ ਗੋਲੀਆਂ ਨਾਲ ਭੁੰਨੇ ਗਏ। ਕਿਸੇ ਨੂੰ ਸਜ਼ਾ ਨਹੀਂ ਮਿਲੀ। ਬਾਬਰੀ ਮਸਜਿਦ ਡੇਗਣ, ਗੱਡੀ ਦੇ ਡੱਬੇ ਵਿਚ ਜਿਉਂਦੇ ਬੰਦਿਆਂ ਨੂੰ ਸਾੜ ਦੇਣ ਤੇ ਗੁਜਰਾਤ ਦੇ ਕਤਲੇਆਮਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣਾ ਕਾਨੂੰਨ ਦੀ ਬਹੁਤ ਵੱਡੀ ਹਾਰ ਹੈ ਤੇ ਗੰਭੀਰ ਚਿੰਤਨ ਮੰਗਦੀ ਹੈ, ਹਾਲਾਂਕਿ ਇਨ੍ਹਾਂ ਵਾਸਤੇ ਵੀ ਫਾਂਸੀ ਦੀ ਸਜ਼ਾ ਮੈਂ ਨਹੀਂ ਚਾਹੁੰਦਾ। ਫਾਂਸੀ ਵੀ ਕਤਲ ਹੈ ਤੇ ਸਭਿਅਕ ਸਮਾਜ 'ਚ ਕਾਤਲ ਦਾ ਕਤਲ ਵੀ ਪਾਪ ਹੈ।

ਫਿਰ ਵੀ ਮੈਂ ਸਮਝਦਾ ਹਾਂ ਕਿ ਲੇਖਕ ਬਿਰਾਦਰੀ ਦੇ ਸਾਹਮਣੇ ਮੁੱਖ ਕੰਮ ਇਹ ਤਲਾਸ਼ਣਾ ਹੈ ਕਿ ਹਜੂਮ ਕਾਤਲ ਕਿਉਂ ਬਣਦਾ ਹੈ? ਇੰਨਾ ਇਨਸਾਨੀ ਖੂਨ ਕਿਉਂ ਵਹਿੰਦਾ ਹੈ? ਆਖਰ ਬੰਦਾ ਵਹਿਸ਼ੀ ਦਰਿੰਦਾ ਕਿਉਂ ਬਣ ਜਾਂਦਾ ਹੈ? ਗੱਲ ਸਿਰਫ ਭੜਕਾਉਣ ਵਾਲਿਆਂ ਦੀ ਨਹੀਂ, ਆਖਰ ਲੋਕ ਕਿਉਂ ਭੜਕਦੇ ਹਨ ਤੇ ਬੇਕਸੂਰਿਆਂ ਦੇ ਕਤਲ ਕਰਦੇ ਹਨ, ਉਨ੍ਹਾਂ ਦੇ ਕਤਲ ਕਰਦੇ ਹਨ ਜਿਨ੍ਹਾਂ ਨੂੰ ਉਹ ਜਾਣਦੇ ਤੱਕ ਨਹੀਂ ਹੁੰਦੇ, ਜਿਨ੍ਹਾਂ ਨਾਲ ਕੋਈ ਦੁਸ਼ਮਣੀ ਵੀ ਨਹੀਂ ਹੁੰਦੀ।


ਗੋਧਰਾ 2002

**ਲੇਖਕ ਬਿਰਾਦਰੀ ਦੇ ਸਾਹਮਣੇ ਮੁੱਖ ਕੰਮ ਇਹ ਤਲਾਸ਼ਣਾ ਹੈ ਕਿ ਹਜੂਮ ਕਾਤਲ ਕਿਉਂ ਬਣਦਾ ਹੈ? ਇੰਨਾ ਇਨਸਾਨੀ ਖੂਨ ਕਿਉਂ ਵਹਿੰਦਾ ਹੈ? ਆਖਰ ਬੰਦਾ ਵਹਿਸ਼ੀ ਦਰਿੰਦਾ ਕਿਉਂ ਬਣ ਜਾਂਦਾ ਹੈ? ਗੱਲ ਸਿਰਫ ਭੜਕਾਉਣ ਵਾਲਿਆਂ ਦੀ ਨਹੀਂ, ਆਖਰ ਲੋਕ ਕਿਉਂ ਭੜਕਦੇ ਹਨ ਤੇ ਬੇਕਸੂਰਿਆਂ ਦੇ ਕਤਲ ਕਰਦੇ ਹਨ, ਉਨ੍ਹਾਂ ਦੇ ਕਤਲ ਕਰਦੇ ਹਨ ਜਿਨ੍ਹਾਂ ਨੂੰ ਉਹ ਜਾਣਦੇ ਤੱਕ ਨਹੀਂ ਹੁੰਦੇ, ਜਿਨ੍ਹਾਂ ਨਾਲ ਕੋਈ ਦੁਸ਼ਮਣੀ ਵੀ ਨਹੀਂ ਹੁੰਦੀ।**

ਇਨ੍ਹਾਂ ਦੰਗਿਆਂ ਦਾ ਇਕ ਕਾਰਨ ਤੁਸੀਂ ਦੱਸਿਆ ਹੈ ਜੋ ਪੜ੍ਹ ਕੇ ਦੁੱਖ ਹੋਇਆ। ਤੁਸੀਂ ਲਿਖਦੇ ਹੋ ਕਿ ਭਾਜਪਾ ਨੇ 'ਦਿਨੇ ਦੁਪਹਿਰੇ ਬਾਬਰੀ ਮਸਜਿਦ ਢਾਹ ਕੇ ਫਿਰਕੂ ਦੰਗੇ ਕਰਵਾਏ।' ਬਾਬਰੀ ਮਸਜਿਦ ਢਹਿਣ ਤੋਂ ਬਾਅਦ ਕਸ਼ਮੀਰ, ਹੋਰ ਕਈ ਜਗ੍ਹਾ ਤੇ ਪਾਕਿਸਤਾਨ ਵਿਚ ਹਿੰਦੂ ਮੰਦਰ ਸਾੜੇ ਗਏ ਤੇ ਹਿੰਦੂਆਂ ਦੇ ਕਤਲ ਹੋਏ। ਬੰਗਲਾ ਦੇਸ਼ ਵਿਚ ਹਿੰਦੂਆਂ ਦੇ ਇਹ ਕਤਲ ਕਈ ਦਿਨ ਚੱਲਦੇ ਰਹੇ, ਮੰਦਰ ਸੜੇ ਤੇ ਔਰਤਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ। ਤੁਹਾਡਾ ਮਤਲਬ ਇਹ ਹੈ ਕਿ ਇਹ ਸਾਰੇ ਦੰਗੇ ਬਾਬਰੀ ਮਸਜਿਦ ਢਹਿਣ ਕਰਕੇ ਹੀ ਹੋਏ ਸਨ। ਜੇ ਬਾਬਰੀ ਮਸਜਿਦ ਨਾ ਢਹਿੰਦੀ ਤਾਂ ਨਹੀਂ ਹੋਣੇ ਸਨ। ਤੁਸਾਂ ਇਨ੍ਹਾਂ ਦੰਗਿਆਂ ਵਾਸਤੇ ਵੀ ਭਾਜਪਾ ਨੂੰ ਹੀ ਦੋਸ਼ੀ ਠਹਿਰਾਇਆ ਹੈ। ਐਸ ਹਿਸਾਬ ਨਾਲ ਤੁਸਾਂ ਕਾਤਲਾਂ ਨੂੰ ਨਿਰਦੋਸ਼ ਬਣਾ ਦਿੱਤਾ ਹੈ ਤੇ ਦੰਗਿਆਂ ਨੂੰ ਸੁਭਾਵਕ ਕਿ ਭਈ ਇਹ ਤਾਂ ਫਿਰ ਹੋਣੇ ਹੀ ਸਨ।

ਲੇਕਿਨ ਜੋ ਹਿੰਦੂ ਬੰਗਲਾ ਦੇਸ਼ ਦੇ ਮੰਦਰਾਂ ਵਿਚ ਅਰਾਮ ਨਾਲ ਆਪਣੀ ਪੂਜਾ ਪਾਠ ਕਰਦੇ ਪਏ ਸਨ, ਉਹ ਤਾਂ ਕਦੇ ਅਯੁੱਧਿਆ ਗਏ ਵੀ ਨਹੀਂ ਹੋਣੇ। ਢਾਕੇ ਦੀਆਂ ਹਿੰਦੂ ਲੜਕੀਆਂ ਨੇ ਭਾਵੇਂ ਬਾਬਰੀ ਮਸਜਿਦ ਦਾ ਨਾਂ ਵੀ ਨਾ ਸੁਣਿਆ ਹੋਵੇ। ਹੋ ਸਕਦਾ ਹੈ ਜਿਨ੍ਹਾਂ ਲੋਕਾਂ ਸੁਣਿਆ ਹੋਵੇ, ਉਹ ਮਸਜਿਦ ਢਾਹੁਣ ਵਾਲਿਆਂ ਨੂੰ ਫਿਟਕਾਰਾਂ ਪਾ ਰਹੇ ਹੋਣ ਪਰ ਸਿਰਫ ਇਕੋ ਨਾਹਰੇ ਦਾ ਸ਼ਿਕਾਰ ਹੋਏ ਕਿ 'ਬਾਬਰੀ ਮਸਜਿਦ ਢਾਹ ਦਿੱਤੀ, ਹਿੰਦੂਆਂ ਨੇ ਢਾਹ ਦਿੱਤੀ, ਹੁਣ ਇਹ ਨਹੀਂ ਛੱਡਣੇ।' ਉਨ੍ਹਾਂ ਨੇ ਢਾਹੁਣ ਵਾਲਿਆਂ ਦਾ ਨਾਂ ਨਹੀਂ ਲਿਆ, ਨਾ ਉਨ੍ਹਾਂ ਦੀ ਪਾਰਟੀ ਦਾ, ਬੱਸ ਉਨ੍ਹਾਂ ਦੇ ਧਰਮ ਦਾ ਤੇ ਸਾਰੇ ਹੀ ਦੋਸ਼ੀ ਬਣਾ ਦਿੱਤੇ।

ਜੇ ਤੁਹਾਡੇ ਵਾਲਾ ਹਿਸਾਬ ਲਾਈਏ ਤਾਂ ਗੁਜਰਾਤ ਦੇ ਕਤਲੇਆਮ ਦੇ ਜ਼ਿੰਮੇਵਾਰ ਉਹ ਲੋਕ ਸਨ ਜਿਨ੍ਹਾਂ ਗੋਧਰਾ ਵਿਚ ਕਾਰ ਸੇਵਕਾਂ ਦੇ ਰੇਲ ਡੱਬੇ ਨੂੰ ਅੱਗ ਲਾਈ ਤੇ ਉਨ੍ਹਾਂ ਨੂੰ ਜਿਉਂਦਿਆਂ ਸਾੜ ਦਿੱਤਾ। ਫਿਰ ਇਸ ਹਿਸਾਬ ਤਾਂ ਉਸ ਕਾਂਡ ਦੇ ਜ਼ਿੰਮੇਵਾਰ ਵੀ ਉਹ ਕਾਰ ਸੇਵਕ ਸਨ ਜਿਨ੍ਹਾਂ ਨੇ ਗੋਧਰਾ ਦੇ ਸਟੇਸ਼ਨ ਉਪਰ ਚਾਹ ਪੀਤੀ, ਮੁਸਲਮਾਨ ਦੁਕਾਨਦਾਰਾਂ ਦਾ ਮਜ਼ਾਕ ਉਡਾਇਆ ਤੇ ਚਾਹ ਦੇ ਪੈਸੇ ਵੀ ਨਾ ਦਿੱਤੇ; ਹਾਲਾਂਕਿ ਡੱਬੇ ਨੂੰ ਅੱਗ ਲਾਉਣ ਵਾਲਿਆਂ ਨੇ ਇਹ ਨਹੀਂ ਪੁੱਛਿਆ ਕਿ ਤੁਹਾਡੇ ਵਿਚੋਂ ਕੋਈ ਉਹ ਤਾਂ ਨਹੀਂ ਜਿਸ ਨੇ ਪੈਸੇ ਦਿੱਤੇ ਹੋਣ ਜਾਂ ਕੋਈ ਚਾਹ ਪੀਣ ਉਤਰਿਆ ਹੀ ਨਾ ਹੋਵੇ।

ਦੁੱਖ ਦੀ ਗੱਲ ਇਹ ਹੈ ਕਿ ਹਰ ਕਾਤਲ ਕੋਲ ਕਤਲ ਦਾ ਕਾਰਨ ਹੁੰਦਾ ਹੈ। ਉਹ ਜ਼ਹਿਰ ਜਾਂ ਗੁੱਸੇ ਦਾ ਭਰਿਆ ਉਸ ਨੂੰ ਕਰਨ ਵਾਲਾ ਕੰਮ ਸਮਝ ਕੇ ਕਰਦਾ ਹੈ। ਸੰਨ ਸੰਤਾਲੀ ਵਿਚ ਹਿੰਦੂਆਂ-ਸਿੱਖਾਂ ਤੇ ਮੁਸਲਮਾਨਾਂ ਨੂੰ ਕਤਲ ਕਰਨ ਵਾਲਿਆਂ ਕੋਲ ਵੀ ਕਾਰਨ ਸਨ ਤੇ ਲਾਸ਼ਾਂ ਦੀਆਂ ਗੱਡੀਆਂ ਭਰਨ ਵਾਲਿਆਂ ਕੋਲ ਵੀ। ਢਾਕੇ ਵਿਚ ਹਿੰਦੂਆਂ ਨੂੰ ਕਤਲ ਕਰਨ ਵਾਲਿਆਂ ਅਤੇ ਗੋਧਰਾ ਦੀ ਗੱਡੀ ਫੂਕਣ, ਗੁਜਰਾਤ ਦੇ ਸ਼ਹਿਰਾਂ ਤੇ ਦਿੱਲੀ ਦੇ ਕਾਤਲਾਂ-ਸਾਰਿਆਂ ਕੋਲ ਕਾਰਨ ਸਨ, ਨਾਹਰੇ ਸਨ।

ਸੰਨ ਸੰਤਾਲੀ ਤੋਂ ਬਾਅਦ ਆਪਣੇ ਮੁਲਕ ਤੇ ਪਾਕਿਸਤਾਨ ਵਿਚ ਵੀ ਸੈਂਕੜੇ ਦਿਲ ਵਲੂੰਧਰਨ ਵਾਲੇ ਕਤਲ ਕਾਂਡ ਹੋਏ, ਪੰਜਾਬ ਵਿਚ ਵੀ ਹੋਏ। ਬੰਦਿਆਂ ਹੱਥੋਂ ਬੰਦਿਆਂ ਦਾ ਹਰ ਕਤਲ ਹਿਰਦੇਵੇਦਕ ਹੁੰਦਾ ਹੈ ਪਰ ਪੰਜਾਬ ਵਿਚ ਸੰਤਾਲੀ ਤੋਂ ਬਾਅਦ ਸਭ ਤੋਂ ਵੱਧ ਦਿਲਾਂ ਨੂੰ ਚੀਰਦੇ ਦੋ ਕਾਂਡ ਹੋਏ ਹਨ ਜਿਨ੍ਹਾਂ ਨਾਲ ਇਨਸਾਨੀਅਤ ਸ਼ਰਮਾ ਜਾਂਦੀ ਹੈ। ਉਨ੍ਹਾਂ ਵਿਚੋਂ ਇਕ 1966 ਦਾ ਹੈ ਜਦੋਂ ਜਨਸੰਘ ਨੇ ਪੰਜਾਬੀ ਸੂਬਾ ਬਣਾਏ ਜਾਣ ਦੇ ਫੈਸਲੇ ਦੇ ਵਿਰੋਧ ਵਿਚ ਪਾਨੀਪਤ ਵਿਚ ਦੁਕਾਨ ਦਾ ਸ਼ਟਰ ਬੰਦ ਕਰਕੇ ਕਾਂਗਰਸੀ ਕਾਰਕੁਨਾਂ ਨੂੰ ਜ਼ਿੰਦਾ ਜਲਾ ਦਿੱਤਾ ਸੀ ਤੇ ਦੂਜਾ ਲਿੰਕ ਨਹਿਰ 'ਤੇ ਸੁੱਤੇ ਮਜ਼ਦੂਰ ਪਰਿਵਾਰਾਂ ਦਾ ਵਹਿਸ਼ਿਆਨਾ ਕਤਲ। ਇਨ੍ਹਾਂ ਦਰਿੰਦਗੀਆਂ ਦਾ ਵੀ ਕਾਤਲਾਂ ਕੋਲ ਜ਼ਰੂਰ ਕਾਰਨ ਹੋਵੇਗਾ। ਇਹੀ ਹੈ ਸਭ ਤੋਂ ਵੱਡਾ ਸੰਤਾਪ ਤੇ ਇਹੀ ਹੈ ਲੇਖਕ ਬਰਾਦਰੀ ਦੇ ਸਾਹਮਣੇ ਸਭ ਤੋਂ ਅਹਿਮ ਕੰਮ।

1984 ਵਿਚ ਦਿੱਲੀ ਦੇ ਕਾਤਲਾਂ ਕੋਲ ਜਿਹੜਾ ਕਾਰਨ ਸੀ, ਉਹ ਲਗਾਤਾਰ ਬੋਲਦੇ ਗਏ। ਤਿੰਨ ਦਿਨ ਦਿੱਲੀ ਅਤੇ ਮੁਲਕ ਦੇ ਹੋਰ ਕਈ ਸ਼ਹਿਰਾਂ ਵਿਚ ਇਕੋ ਹੀ ਨਾਹਰਾ ਦਹਿਸ਼ਤ ਵਰ੍ਹਾਈ ਗਿਆ ਕਿ 'ਇੰਦਰਾ ਗਾਂਧੀ ਮਾਰ ਦਿੱਤੀ, ਸਿੱਖਾਂ ਨੇ ਮਾਰ ਦਿੱਤੀ।' ਇਸ ਦੇ ਪਹਿਲੇ ਸ਼ਿਕਾਰ ਪੂਰਬੀ ਦਿੱਲੀ ਦੇ ਗਰੀਬ ਇਲਾਕਿਆਂ ਦੇ ਮਜ਼ਦੂਰ ਤਬਕੇ ਦੇ ਉਹ ਸਿੱਖ ਬਣੇ ਜੋ ਇੰਦਰਾ ਗਾਂਧੀ ਦੇ ਗਮ ਵਿਚ ਹੀ ਸੜਕਾਂ 'ਤੇ ਨਿਕਲੇ ਸਨ। ਭੂਤਰੇ ਹਜੂਮ ਕੋਲ ਕਿਸੇ ਤਰਕ ਜਾਂ ਦਲੀਲ ਦਾ ਕੋਈ ਵਕਤ

**ਮੈਂ ਸਮਝਦਾਂ ਕਿ ਤੁਹਾਡੀ ਕਲਮ ਵਿਚੋਂ ਮੌਤਾਂ ਤੇ ਜਿਸਮਾਨੀ ਪੀੜਾ ਦੇ ਦਰਦਾਂ ਦਾ ਅਹਿਸਾਸ ਇਸ ਲਈ ਗਾਇਬ ਹੋ ਗਿਆ ਕਿ ਤੁਸੀਂ ਘੱਟ-ਗਿਣਤੀ ਤੇ ਵੱਧ-ਗਿਣਤੀ ਦੀ ਸਿਆਹੀ ਵਿਚ ਟੋਭਾ ਲੈਣ ਲੱਗ ਪਏ ਹੋ। ਕਦੇ ਤੁਹਾਨੂੰ ਫਿਕਰ ਸੀ ਕਿ ਰਾਤ ਲੰਮੀ ਕਿਉਂ ਹੈ, ਹੁਣ ਫਿਕਰ ਲੱਗਾ ਲਗਦਾ ਹੈ ਕਿ ਕਿਤੇ ਸਵੇਰ ਹੀ ਨਾ ਹੋ ਜਾਵੇ। ਕਿਤੇ ਮਨੁੱਖ ਧਰਮਾਂ, ਜਾਤਾਂ, ਗੋਤਾਂ, ਕੌਮਾਂ, ਮੁਲਕਾਂ ਤੇ ਇਲਾਕਿਆਂ ਦੇ ਭੇਦ ਭੁੱਲ ਕੇ ਪੰਜ ਤੱਤ ਦਾ ਪੁਤਲਾ ਨਾ ਬਣ ਜਾਵੇ। ਤੁਸੀਂ ਦੋਵੇਂ ਬਾਹਵਾਂ ਖੜ੍ਹੀਆਂ ਕਰਕੇ, ਉਚੇ ਚੜ੍ਹ ਕੇ, ਚੌਰਾਹੇ ਵਿਚ ਖੜੋ ਕੇ, ਮਾਸ ਚੂੰਡ ਚੂੰਡ ਕੇ ਤੇ ਅਖੀਰ ਜਮੂਰ ਦੀਆਂ ਚੂੰਡੀਆਂ ਨਾਲ ਹਲੂਣ ਰਹੇ ਹੋ ਕਿ ਬੰਦਿਆ, ਤੇਰੀ ਫਲਾਣੀ ਜਾਤ ਈ, ਫਲਾਣਾ ਧਰਮ ਈ, ਫਲਾਣਾ ਮੁਲਕ, ਸੂਬਾ ਤੇ ਇਲਾਕਾ ਈ।**


ਦਿੱਲੀ 1984

ਨਹੀਂ ਸੀ। ਕਿਹੜਾ ਹਮੇਸ਼ਾਂ ਇੰਦਰਾ ਗਾਂਧੀ ਦਾ ਵੋਟਰ ਰਿਹਾ, ਕਿਹੜਾ ਨਹੀਂ, ਉਹਨੂੰ ਕੋਈ ਵਾਸਤਾ ਨਹੀ, ਉਨ੍ਹਾਂ ਕੋਲ ਇੱਕੋ ਹੀ ਫਿਕਰਾ ਸੀ, 'ਇੰਦਰਾ ਗਾਂਧੀ ਸਿੱਖਾਂ ਨੇ ਮਾਰ ਦਿੱਤੀ।'

ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਇਹੀ ਕਾਤਲ ਨਾਹਰਾ 47 ਵੇਲੇ ਚੱਲਿਆ; ਇਹੀ ਢਾਕਾ ਵਿਚ; ਇਹੀ ਗੋਧਰਾ ਤੇ ਇਹੀ ਗੁਜਰਾਤ ਵਿਚ। ਇਸੇ ਨਾਹਰੇ ਦੀ ਤਲਵਾਰ ਹੁਣ ਵੀ ਲਟਕਦੀ ਹੈ ਇਸ ਮੁਲਕ ਦੀ ਸਾਰੀ ਅਬਾਦੀ ਉਪਰ; ਪਤਾ ਨਹੀਂ ਕਿੱਥੇ ਕਦੋਂ ਆ ਡਿੱਗੇ ਪਰ ਇਸ ਦੇ ਨਾ ਕਾਰਨਾਂ ਦਾ ਪਤਾ ਲੱਗਦਾ ਹੈ ਤੇ ਨਾ ਇਲਾਜ ਦਾ। ਲੋਕ ਗੁਨਾਹਗਾਰਾਂ ਦੇ ਪਿੱਛੇ ਨੱਠਣ ਦੀ ਬਜਾਏ ਉਨ੍ਹਾਂ ਦੇ ਧਰਮਾਂ ਤੇ ਜਾਤਾਂ ਵਾਲਿਆਂ ਦੇ ਗਲ ਕਿਉਂ ਪੈਂਦੇ ਹਨ ਜਿਨ੍ਹਾਂ ਦਾ ਉਸ ਗੁਨਾਹ ਨਾਲ ਵਾਸਤਾ ਈ ਨਹੀਂ ਹੁੰਦਾ? ਆਮ ਧਾਰਨਾ ਇਹ ਹੈ ਕਿ ਸਾਡੇ ਲੋਕਾਂ ਵਿਚ ਸਮਾਜਕ ਚੇਤਨਾ ਨਹੀਂ, ਉਹ ਅਨਪੜ੍ਹ, ਗੰਵਾਰ ਤੇ ਪਿਛੜੀ ਸੋਚ ਵਾਲੇ ਹਨ। ਸਭਿਅਕ ਸੋਚ ਵਿਕਸਤ ਨਾ ਹੋਣ ਕਰਕੇ ਉਨ੍ਹਾਂ ਵਿਚ ਪਸ਼ੂਪੁਣਾ ਭਾਰੀ ਹੋ ਜਾਂਦਾ ਹੈ।

ਇਨ੍ਹਾਂ ਹੀ ਸੋਚਾਂ ਵਿਚ ਜਦੋਂ ਤੁਹਾਡੀ ਕਿਤਾਬ ਵਿਚ ਲਾਈਆਂ ਨਿਸ਼ਾਨੀਆਂ ਪੜ੍ਹੀਆਂ ਤਾਂ ਹੈਰਾਨੀ ਹੋਈ ਕਿ ਤੁਸਾਂ ਦਿੱਲੀ ਦੇ ਹਜੂਮ ਦਾ ਨਾਹਰਾ ਆਪਣੀ ਕਿਤਾਬ ਵਿਚ ਵੀ ਲਾਇਆ ਹੈ। ਦਿੱਲੀ ਦੇ ਕਾਤਲਾਂ ਨੂੰ ਹੁਣ ਤੱਕ ਪਾਈਆਂ ਗਈਆਂ ਸਭ ਫਿਟਕਾਰਾਂ ਤੋਂ ਤੁਸੀਂ ਰਾਹਤ ਦੇ ਦਿੱਤੀ। ਦਿੱਲੀ ਦੇ ਕਾਤਲਾਂ ਨੂੰ ਲਾਹਨਤਾਂ ਪਾਉਣ ਵਾਲਿਆਂ ਦਾ ਕਹਿਣਾ ਇਹ ਰਿਹਾ ਹੈ ਕਿ ਜਿਨ੍ਹਾਂ ਨੂੰ ਤੁਸੀਂ ਜਿਉਂਦਿਆਂ ਸਾੜ ਰਹੇ ਹੋ, ਜਿਨ੍ਹਾਂ ਦੀਆਂ ਦੁਕਾਨਾਂ ਤੇ ਧੀਆਂ ਭੈਣਾਂ ਦੀ ਇੱਜ਼ਤ ਲੁੱਟ ਰਹੇ ਹੋ, ਉਨ੍ਹਾਂ ਤਾਂ ਇੰਦਰਾ ਗਾਂਧੀ ਨੂੰ ਨਹੀਂ ਸੀ ਮਾਰਿਆ ਪਰ ਕਾਤਲਾਂ ਦਾ ਇਕੋ ਕਹਿਣਾ ਸੀ ਕਿ ਸਿੱਖਾਂ ਨੇ ਮਾਰੀ ਤੇ ਤੁਸਾਂ ਉਨ੍ਹਾਂ ਦੇ ਹੀ ਨਾਹਰੇ ਉਪਰ ਮੋਹਰ ਲਗਾ ਦਿੱਤੀ ਹੈ ਕਿ ਸਿੱਖਾਂ ਨੇ ਮਾਰੀ। ਤੁਸੀਂ ਲਿਖਦੇ ਹੋ ਕਿ ਸਿੰਘਾਂ ਨੇ ਜਲਦੀ ਹੀ ਇੰਦਰਾ ਗਾਂਧੀ ਤੋਂ ਬਦਲਾ ਲੈ ਲਿਆ, ਸਜ਼ਾ ਦੇ ਦਿੱਤੀ ਤੇ ਤੁਸਾਂ ਉਨ੍ਹਾਂ ਨੂੰ ਸੂਰਮੇ ਵੀ ਦੱਸਿਆ ਹੈ। ਇਸ ਹਿਸਾਬ ਸਮਾਜਕ ਚੇਤਨਾ ਦਾ ਤਾਂ ਮਸਲਾ ਹੀ ਨਹੀਂ ਰਹਿ ਗਿਆ। ਜੇ ਜਸਵੰਤ ਸਿੰਘ ਕੰਵਲ ਵਰਗਾ ਬੰਦਾ ਇੰਨੀਆਂ ਕਿਤਾਬਾਂ ਪੜ੍ਹ ਅਤੇ ਲਿਖ ਕੇ ਵੀ ਦਿੱਲੀ ਦੀ ਅਨਪੜ੍ਹ ਮੁੰਡ੍ਹੀਰ ਦਾ ਨਾਹਰਾ ਲਾਉਂਦਾ ਹੈ ਤਾਂ ਇਨਸਾਨੀਅਤ ਵਿਚਾਰੀ ਕਿਹੜੇ ਖੂਹ ਵਿਚ ਛਾਲ ਮਾਰੇ?

ਮੈਂ ਜਨਰਲ ਬਰਾੜ ਦੀ ਕਿਤਾਬ ਵਿਚੋਂ ਪੜ੍ਹਿਆ ਕਿ ਅੰਮ੍ਰਿਤਸਰ ਵਿਚ ਸੰਤ ਭਿੰਡਰਾਂਵਾਲਿਆਂ ਦੇ ਮਾਰੇ ਜਾਣ ਦੀ ਖ਼ਬਰ ਉਪਰ ਕੁਝ ਲੋਕਾਂ ਲੱਡੂ ਵੰਡੇ। ਮੌਤਾਂ ਉਪਰ ਲੱਡੂ? ਮੇਰੇ ਸਰੀਰ ਵਿਚ ਕੰਬਣੀ ਜਿਹੀ ਛਿੜੀ। ਫਿਰ ਖੁਸ਼ਵੰਤ ਸਿੰਘ ਦਾ ਲਿਖਿਆ ਪੜ੍ਹਿਆ ਕਿ 31 ਅਕਤੂਬਰ ਨੂੰ ਇੰਦਰਾ ਗਾਂਧੀ ਦੀ ਮੌਤ ਉਪਰ ਦਿੱਲੀ ਵਿਚ ਇਕ ਭਾਈ ਉਸ ਕੋਲ ਕੜਾਹ ਦਾ ਥਾਲ ਚੁੱਕ ਕੇ 'ਖੁਸ਼ਖ਼ਬਰੀ' ਸੁਣਾਉਣ ਆਇਆ। ਇਕ ਵਾਰੀ ਫਿਰ ਮੌਤਾਂ ਉਪਰ ਖੁਸ਼ ਹੋਣ ਵਾਲੇ ਲੋਕਾਂ ਦਾ ਪਤਾ ਲੱਗਾ। ਫਿਰ ਉਹੀ ਕੰਬਣੀ ਛਿੜੀ। ਇਨ੍ਹਾਂ ਕਿਤਾਬਾਂ ਵਿਚ ਉਨ੍ਹਾਂ ਲੋਕਾਂ ਦੀਆਂ ਫੋਟੋਆਂ ਨਹੀਂ ਸਨ। ਤੁਹਾਡੀ ਕਿਤਾਬ ਦੇ ਟਾਈਟਲ ਉਪਰ ਤੁਹਾਡੀ ਤਸਵੀਰ ਹੈ। ਹੁਣ ਮੈਨੂੰ ਇਹੀ ਚਿਹਰਾ ਦਿਸੀ ਜਾ ਰਿਹਾ ਹੈ ਜਿਸ ਨੇ ਪਹਿਲਾਂ ਅੰਮ੍ਰਿਤਸਰ ਲੱਡੂ ਵੰਡੇ, ਫਿਰ ਦਿੱਲੀ ਵਿਚ ਕੜਾਹ ਤੇ ਅਖੀਰ ਦਿੱਲੀ ਦੀਆਂ ਸੜਕਾਂ ਉਪਰ ਲੋਕਾਂ ਦਾ ਮਾਸ ਚੂੰਡ ਚੂੰਡ ਕੇ ਆਖਿਆ-ਓ ਬੇਸ਼ਰਮੋ, ਡੁੱਬ ਮਰੋ, ਬੇਗੈਰਤੋ, ਤੁਹਾਡੀ ਜ਼ਮੀਰ ਮਰ ਗਈ ਹੈ, ਲਾਹਨਤਾਂ, ਇੰਦਰਾ ਗਾਂਧੀ ਨੂੰ ਸਿੰਘਾਂ ਨੇ ਮਾਰਿਆ।

ਮੈਂ ਵੀ ਜ਼ਰੂਰ ਕਹਾਂਗਾ, ਮਾਸ ਚੂੰਡ ਚੂੰਡ ਕੇ ਨਹੀਂ, ਨਿਮਰਤਾ ਨਾਲ ਕਿ ਦਿੱਲੀ ਵਿਚ ਜਿਨ੍ਹਾਂ ਦੇ ਕਤਲ ਹੋਏ, ਉਹ ਮੇਰੇ ਲੋਕ ਸਨ। ਉਨ੍ਹਾਂ ਦਾ ਦੁੱਖ ਮੇਰਾ ਹੈ। ਉਨ੍ਹਾਂ ਉਪਰ ਰੋਣ ਦਾ ਹੱਕ ਮੇਰਾ ਹੈ, ਤੁਹਾਡਾ ਕੋਈ ਨਹੀਂ; ਜਿਹੜਾ ਇਕ ਕਤਲ ਨੂੰ ਸਰਾਹੇ, ਉਸ ਦਾ ਕੋਈ ਹੱਕ ਨਹੀਂ ਕਿ ਹੋਰ ਕਤਲਾਂ ਉਪਰ ਅੱਥਰੂ ਕੇਰੇ। ਤੁਸੀਂ ਪੰਜਾਬ ਦੇ ਪੁੱਤਰ ਹੋ, ਦਿੱਲੀ ਦੀ ਟੈਂਸ਼ਨ ਨਾ ਲਵੋ। ਉਹ ਦਿਨ ਗਏ ਜਦੋਂ ਇਹ ਸ਼ਹਿਰ ਤਿੰਨ ਪਾਸਿਓਂ ਪੰਜਾਬ ਨਾਲ ਘਿਰਿਆ ਸੀ, ਇਥੋਂ ਦੇ ਪੰਜਾਬੀਆਂ ਨੂੰ ਵੀ ਆਸਰਾ ਸੀ, ਸਿੱਖਾਂ ਨੂੰ ਵੀ। ਪੰਜਾਬ ਆਪ ਹੀ ਬੇਦਾਵਾ ਦੇ ਕੇ ਇਥੋਂ 200 ਮੀਲ ਦੂਰ ਚਲਾ ਗਿਆ।

ਫਿਰ ਪੰਜਾਬ ਦਾ ਦੁੱਖ ਵੀ ਮੇਰਾ ਤੁਹਾਡੇ ਨਾਲੋਂ ਬਹੁਤ ਵੱਡਾ ਹੈ। ਤੁਸੀਂ ਡੁੱਲੇ ਲਹੂ ਉਪਰ ਸੋਗ ਕਰਨ ਤੋਂ ਪਹਿਲਾਂ ਲੈਬਾਰਟਰੀ ਵਿਚ ਭੇਜ ਕੇ ਚੈੱਕ ਕਰਵਾਉਂਦੇ ਹੋ ਕਿ ਇਹ ਘੱਟ-ਗਿਣਤੀ ਦਾ ਹੈ ਕਿ ਵੱਧ-ਗਿਣਤੀ ਦਾ। ਮੈਂ ਇਸ ਤਰ੍ਹਾਂ ਨਹੀਂ ਕਰ ਸਕਦਾ। ਮੇਰੇ ਵਾਸਤੇ ਪੁਲਿਸ ਵੱਲੋਂ ਕੋਹ ਕੋਹ ਕੇ ਮਾਰੇ ਸਭਨਾਂ ਦਾ ਗਮ ਹੈ। ਮੈਂ ਸਿਰਫ਼ ਬੇਗੁਨਾਹਾਂ ਦੀ ਗੱਲ ਨਹੀਂ ਕਰਦਾ, ਗੁਨਾਹਗਾਰਾਂ ਦੀ ਵੀ ਕਰਦਾ ਹਾਂ, ਕਾਤਲਾਂ ਦੀ ਵੀ ਜਿਨ੍ਹਾਂ ਨੂੰ ਪੁਲਿਸ ਨੇ ਕਾਨੂੰਨ ਛਿੱਕੇ ਟੰਗ ਕੇ ਵਹਿਸ਼ੀ ਤਰੀਕੇ ਨਾਲ 'ਸਜ਼ਾਵਾਂ' ਦਿੱਤੀਆਂ। ਮੈਨੂੰ ਝੂਠੇ ਪੁਲਿਸ ਮੁਕਾਬਲਿਆਂ ਹੀ ਨਹੀਂ, ਸੱਚਿਆਂ ਪੁਲਿਸ ਮੁਕਾਬਲਿਆਂ ਦਾ ਵੀ ਗਮ ਹੈ। ਪੁਲਿਸ ਵਾਲਿਆਂ ਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਦਾ ਵੀ। ਬੱਸਾਂ ਵਿਚ ਜਾਂਦਿਆਂ, ਸੈਰ ਕਰਦਿਆਂ, ਘਰ ਬੈਠਿਆਂ ਤੇ ਹੋਰ ਰਾਹ ਜਾਂਦਿਆਂ ਦੀਆਂ ਮੌਤਾਂ ਦਾ ਵੀ ਗਮ ਹੈ। ਮੈਨੂੰ ਹਰ ਧੀ ਭੈਣ ਦੀ ਇੱਜ਼ਤ ਲੁੱਟੀ ਦਾ ਗਮ ਹੈ, ਚਾਹੇ ਉਨ੍ਹਾਂ ਦੇ ਵਡੇਰਿਆਂ ਨੇ ਇਤਿਹਾਸ ਵਿਚ ਕਿਸੇ ਦੀ ਇੱਜ਼ਤ ਬਚਾਉਣ ਵਾਸਤੇ ਜਾਨਾਂ ਵਾਰੀਆਂ ਹੋਣ ਜਾਂ ਨਾ। ਤੇ ਚਾਹੇ ਲੁੱਟਣ ਤੇ ਲੁੱਟੇ ਜਾਣ ਵਾਲਿਆਂ ਦੇ ਇਤਿਹਾਸਕ ਵਡੇਰੇ ਇਕੋ ਹੀ ਹੋਣ।

ਨੀਲਾ ਤਾਰਾ ਸਾਕੇ ਬਾਰੇ ਵੀ ਤੁਸਾਂ ਇਕੋ ਦੁੱਖ ਕਈ ਵਾਰ ਦੁਹਰਾਇਆ ਹੈ ਕਿ 'ਸ੍ਰੀ ਅਕਾਲ ਤਖਤ ਸਾਹਿਬ ਢਵਾਇਆ'। ਠੀਕ ਹੈ ਕਿ ਧਾਰਮਿਕ ਮਹੱਤਵ ਵਾਲੀ ਇਤਿਹਾਸਕ ਇਮਾਰਤ ਦਾ ਇਸ ਤਰੀਕੇ ਨਾਲ ਢੱਠਣਾ ਗਹਿਰੇ ਦੁੱਖ ਦੀ ਗੱਲ ਹੈ। ਜਦੋਂ ਆਪਰੇਸ਼ਨ ਤੋਂ ਬਾਅਦ ਹਰਮੰਦਰ ਸਾਹਿਬ ਲੋਕਾਂ ਦੇ ਦਰਸ਼ਨਾਂ ਵਾਸਤੇ ਖੋਲ੍ਹਿਆ ਸੀ ਤਾਂ ਮੈਂ ਅਗਲੇ ਦਿਨ ਹੀ ਪਹੁੰਚਿਆ। ਜਦੋਂ ਮੈਂ ਵੀ ਬੈਠ ਕੇ ਰੋਣ ਲੱਗ ਪਿਆ ਤਾਂ ਮੇਰੇ ਦਿਲ ਨੇ ਇਕ ਸਵਾਲ ਜ਼ਰੂਰ ਕੀਤਾ ਸੀ ਕਿ ਬੰਦਿਆ, ਜੇ ਤੇਰਾ ਨਾਸਤਿਕ ਬੰਦੇ ਦਾ ਇਹ ਹਾਲ ਹੈ ਤਾਂ ਉਨ੍ਹਾਂ ਦਾ ਕੀ ਹੋਵੇਗਾ ਜੋ ਇਥੇ ਮੁਰਾਦਾਂ ਮੰਗਣ ਆਉਂਦੇ ਹਨ ਤੇ ਜਿਨ੍ਹਾਂ ਦਾ ਵਿਸ਼ਵਾਸ ਹੀ ਹੈ ਕਿ ਇਥੋਂ ਝੋਲੀਆਂ ਭਰ ਜਾਂਦੀਆਂ ਹਨ। ਮੈਂ ਉਨ੍ਹਾਂ ਦੇ ਜਜ਼ਬਾਤ ਸਮਝ ਸਕਦਾ ਹਾਂ ਪਰ ਮੇਰੇ ਦੁੱਖ ਦਾ ਆਕਾਰ ਵੀ ਛੋਟਾ ਨਹੀਂ। ਮੈਨੂੰ ਉਥੇ ਮਾਰੇ ਗਏ ਨਿਰਦੋਸ਼ ਸ਼ਰਧਾਲੂ ਹੀ ਨਹੀਂ, ਅੰਦਰ ਕਾਬਜ਼ ਹਥਿਆਰਬੰਦ ਲੋਕਾਂ ਤੇ ਫ਼ੌਜ ਦੇ ਸਿਪਾਹੀਆਂ-ਸਾਰਿਆਂ ਦੀਆਂ ਮੌਤਾਂ ਦਾ ਗਮ ਹੈ। ਇਹ ਸਾਰੀਆਂ ਮੌਤਾਂ ਅਣਆਈਆਂ ਸਨ, ਬੇਲੋੜੀਆਂ ਸਨ।

ਮੈਂ ਸਮਝਦਾਂ ਕਿ ਤੁਹਾਡੀ ਕਲਮ ਵਿਚੋਂ ਮੌਤਾਂ ਤੇ ਜਿਸਮਾਨੀ ਪੀੜਾ ਦੇ ਦਰਦਾਂ ਦਾ ਅਹਿਸਾਸ ਇਸ ਲਈ ਗਾਇਬ ਹੋ ਗਿਆ ਕਿ ਤੁਸੀਂ ਘੱਟ-ਗਿਣਤੀ ਤੇ ਵੱਧ-ਗਿਣਤੀ ਦੀ ਸਿਆਹੀ ਵਿਚ ਟੋਭਾ ਲੈਣ ਲੱਗ ਪਏ ਹੋ। ਕਦੇ ਤੁਹਾਨੂੰ ਫ਼ਿਕਰ ਸੀ ਕਿ ਰਾਤ ਲੰਮੀ ਕਿਉਂ ਹੈ, ਹੁਣ ਫਿਕਰ ਲੱਗਾ ਲਗਦਾ ਹੈ ਕਿ ਕਿਤੇ ਸਵੇਰ ਹੀ ਨਾ ਹੋ ਜਾਵੇ। ਕਿਤੇ ਮਨੁੱਖ ਧਰਮਾਂ, ਜਾਤਾਂ, ਗੋਤਾਂ, ਕੌਮਾਂ, ਮੁਲਕਾਂ ਤੇ ਇਲਾਕਿਆਂ ਦੇ ਭੇਦ ਭੁੱਲ ਕੇ ਪੰਜ ਤੱਤ ਦਾ ਪੁਤਲਾ ਨਾ ਬਣ ਜਾਵੇ। ਇਸ ਲਈ ਤੁਸੀਂ ਦੋਵੇਂ ਬਾਹਵਾਂ ਖੜ੍ਹੀਆਂ ਕਰਕੇ, ਉਚੇ ਚੜ੍ਹ ਕੇ, ਚੌਰਾਹੇ ਵਿਚ ਖੜੋ ਕੇ, ਮਾਸ ਚੂੰਡ ਚੂੰਡ ਕੇ ਤੇ ਅਖੀਰ ਜਮੂਰ ਦੀਆਂ ਚੂੰਡੀਆਂ ਨਾਲ ਹਲੂਣ ਰਹੇ ਹੋ ਕਿ ਬੰਦਿਆ, ਤੇਰੀ ਫਲਾਣੀ ਜਾਤ ਈ, ਫਲਾਣਾ ਧਰਮ ਈ, ਫਲਾਣਾ ਮੁਲਕ, ਸੂਬਾ ਤੇ ਇਲਾਕਾ ਈ।

## ਪੰਜਾਬ ਦੀ ਦੁਖਦੀ ਰਗ

ਮੈਂ ਇਸ ਖਤ ਦੇ ਸ਼ੁਰੂ ਵਿਚ ਲਿਖਿਆ ਸੀ ਕਿ ਤੁਸੀਂ ਪੰਜਾਬ ਦੀ ਅਸਲੀ ਦੁਖਦੀ ਰਗ ਨਹੀਂ ਲੱਭ ਸਕੇ। ਪਰ ਹੁਣ ਮੈਂ ਵੇਖਦਾਂ ਕਿ ਤੁਸਾਂ ਲੱਭੀ ਜ਼ਰੂਰ ਪਰ ਨਜ਼ਰ ਅੰਦਾਜ਼ ਕਰ ਰੱਖੀ। ਤੁਸੀਂ ਪੰਜਾਬ ਦੇ ਉਹੀ ਦੁੱਖ ਦੱਸੇ ਜਿਹੜੇ ਨਫਰਤਾਂ ਪੈਦਾ ਕਰਨ ਵਾਲੇ ਹਨ। ਸਿਰਫ਼ ਇਕੋ ਸਤਰ ਵਿਚ ਤੁਸਾਂ ਇਕ ਜਗ੍ਹਾ ਜ਼ਿਕਰ ਕੀਤਾ ਹੈ ਕਿ ਸਕੂਲਾਂ ਵਿਚ ਡੈਸਕ ਦੇਣ ਦੀ ਬਜਾਏ ਤੱਪੜ ਵੀ ਖੋਹ ਲਏ ਹਨ। 'ਸਚ ਕੀ ਬੇਲਾ' ਤਾਂ ਇਹ ਹੈ ਕਿ ਇਹੀ ਸਭ ਤੋਂ ਵੱਡਾ ਦੁਖਾਂਤ ਹੈ। ਤੁਸਾਂ ਸਾਰੀ ਕਿਤਾਬ ਏਸੇ ਇਕ ਵਿਸ਼ੇ ਬਾਰੇ ਲਿਖੀ ਹੁੰਦੀ ਤਾਂ ਪੰਜਾਬ ਦੀ ਸਚਮੁੱਚ ਦੀ ਸੇਵਾ ਕਰਦੇ। ਜਦੋਂ ਤੁਸੀਂ ਪੰਜਾਬ ਦੀ ਰਾਮ ਨਾਮ ਸਤਿ ਹੋਣ ਦੀ ਗੱਲ ਕਰਦੇ ਹੋ, ਇਸ ਦੇ ਦੁਸ਼ਮਣਾਂ ਦੀ ਗੱਲ ਕਰਦੇ ਹੋ ਤਾਂ ਉਹ ਇਸੇ ਇਕੋ ਸਤਰ ਵਿਚ ਲੁਕੀ ਹੈ। ਇਹ ਜਗ੍ਹਾ ਜਗ੍ਹਾ ਖੁੱਲੇ ਪ੍ਰਾਈਵੇਟ ਸਕੂਲ ਹੀ ਹਨ, ਜਿਨ੍ਹਾਂ ਨੂੰ ਪਬਲਿਕ ਸਕੂਲ ਜਾਂ ਇੰਗਲਿਸ਼ ਮੀਡੀਅਮ ਸਕੂਲ ਆਖਿਆ ਜਾਂਦਾ ਹੈ, ਜੋ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਰਾਮ ਨਾਮ ਸਤਿ ਕਰਨ ਵਿਚ ਸਭ ਤੋਂ ਮੋਹਰੀ ਹਨ।




***ਕਿਤਾਬ ਵਿਚ ਤੁਸਾਂ ਕਈ ਜਗ੍ਹਾ ਇਸ ਤਰ੍ਹਾਂ ਦੇ ਸੰਬੋਧਨ ਕੀਤੇ ਹਨ, 'ਮਜ਼ਦੂਰੋ, ਕਿਸਾਨੋ ਤੇ ਰਵੀਦਾਸ ਭਗਤੋ'। ਕੁਝ ਪੂਰੇ ਪੈਰੇ ਵੀ ਰਵੀਦਾਸ ਭਗਤਾਂ ਦੇ ਨਾਂ 'ਤੇ ਲਿਖੇ ਹਨ। ਮੇਰੀ ਉਲਝਣ ਇਹ ਹੈ ਕਿ ਕੌਣ ਨਹੀਂ ਹੈ ਰਵੀਦਾਸ ਜੀ ਦਾ ਭਗਤ। ਕੌਣ ਹੈ ਜੋ ਉਨ੍ਹਾਂ ਦੀ ਬਾਣੀ ਦਾ ਸਤਿਕਾਰ ਨਹੀਂ ਕਰਦਾ। ਫਿਰ ਵੱਖਰਾ ਸੰਬੋਧਨ ਕਿਉਂ? ਕੀ ਮਜ਼ਦੂਰਾਂ ਤੇ ਕਿਸਾਨਾਂ ਵਿਚ ਕੋਈ ਵੀ ਰਵੀਦਾਸ ਜੀ ਦਾ ਭਗਤ ਜਾਂ ਉਪਾਸ਼ਕ ਨਹੀਂ ਹੈ। ਕੀ ਤੁਸੀਂ ਰਵੀਦਾਸ ਭਗਤ ਨਹੀਂ ਹੋ ਜਾਂ ਮੈਂ ਨਹੀਂ ਹਾਂ। ਸਾਫ਼ ਗੱਲ ਹੈ ਕਿ ਤੁਸੀਂ ਇਹ ਇਸ਼ਾਰੇ ਜਾਤਾਂ 'ਤੇ ਆਧਾਰਤ ਸੰਬੋਧਨਾਂ ਵਾਸਤੇ ਕਰ ਰਹੇ ਹੋ!***

ਤੁਸਾਂ ਬੜੀਆਂ ਖੋਜਾਂ ਕਰਕੇ ਪੰਜਾਬ ਦੇ ਦੁਸ਼ਮਣਾਂ ਦੀ ਲਿਸਟ ਬਣਾਈ ਹੈ। ਇਹ ਸਾਰੀ ਲਿਸਟ ਨਿਰਮੂਲ ਹੈ। ਐਸ ਵੇਲੇ ਮੁੱਖ ਦੁਸ਼ਮਣ ਨਾ ਕੇਂਦਰ ਸਰਕਾਰ ਹੈ ਤੇ ਨਾ ਪੜੋਸੀ ਸੂਬਿਆਂ ਦੀਆਂ ਸਰਕਾਰਾਂ ਤੇ ਨਾ ਹੀ ਤੁਹਾਡਾ ਹਿੰਦੂ ਰਾਸ਼ਟਰਵਾਦ ਬਲਕਿ ਇਹ ਗੈਰਸਰਕਾਰੀ ਸਕੂਲ ਹਨ ਜਿਨ੍ਹਾਂ ਨੂੰ ਚਾਹੇ ਕੋਈ ਵਿਦਿਆ ਦਾ ਵਪਾਰੀ ਚਲਾਵੇ ਤੇ ਚਾਹੇ ਸੰਤ ਜਾਂ ਬਾਬੇ ਚਲਾਉਣ। ਤੁਸਾਂ ਇਕ ਜਗ੍ਹਾ ਹਰ ਪੈਰੇ ਤੋਂ ਬਾਅਦ ਲਿਖਿਆ ਹੈ, 'ਬਿਲਕੁੱਲ ਸੱਚ' ਤੇ ਮੈਂ ਇਹੋ ਲਫ਼ਜ਼ ਐਸ ਫਿਕਰੇ ਦੇ ਅੱਗੇ ਲਿਖ ਰਿਹਾ ਹਾਂ ਕਿ ਪੰਜਾਬ ਨੂੰ ਭਈਏ ਕਦੇ ਨਹੀਂ ਖਾ ਸਕਦੇ ਪਰ ਇਸ ਨੂੰ 'ਪਹਿਲੀ ਜਮਾਤ ਤੋਂ ਅੰਗਰੇਜ਼ੀ' ਜ਼ਰੂਰ ਖਾ ਜਾਏਗੀ ਚਾਹੇ ਉਸ ਦੇ ਨਾਲ ਪੰਜਾਬੀ ਵੀ ਪੜ੍ਹਾਈ ਜਾਵੇ ਤੇ ਗੁਰਬਾਣੀ ਵੀ। ਬਿਲਕੁੱਲ ਸੱਚ।

ਤੁਹਾਡੇ ਕੋਲੋਂ ਸਿਰਫ ਇਕੋ ਸਤਰ ਸਰੀ ਕਿ ਜਗ੍ਹਾ ਜਗ੍ਹਾ ਗੁਰਦੁਆਰੇ ਉਸਰ ਰਹੇ ਹਨ। ਲੱਗਦਾ ਹੈ ਕਿ ਤੁਸੀਂ ਇਸ ਵਬਾ ਦੀ ਭਿਆਨਕਤਾ ਨਹੀਂ ਸਮਝੀ ਕਿ ਕਿਵੇਂ ਸਾਰੇ ਪੰਜਾਬ ਦਾ ਸੰਗਮਰਮਰੀਕਰਨ ਹੋ ਰਿਹਾ ਹੈ। ਠੀਕ ਹੈ ਕਿ ਤੁਸਾਂ ਇਕ ਸਤਰ ਵਿਚ ਇਹ ਵੀ ਕਹਿ ਦਿੱਤਾ ਕਿ 'ਲੋਕਾਂ ਨੂੰ ਕਮਲਿਆਂ ਕਰਨ ਵਾਸਤੇ ਛੱਤਾਂ ਉਪਰ ਲਾਊਡ ਸਪੀਕਰ ਗੱਡ ਦਿੱਤੇ'। ਤੁਸੀਂ ਦੱਸੋ ਜਾਂ ਕੋਈ ਹੋਰ ਦੱਸੇ ਕਿ ਕੀ ਕਿਸੇ ਨੂੰ ਕਮਲਿਆਂ ਕਰਨ ਤੋਂ ਵੱਡਾ ਕੋਈ ਗੁਨਾਹ ਹੋ ਸਕਦਾ ਹੈ? ਇਸ ਦਾ ਜਵਾਬ ਨਾਂਹ ਵਿਚ ਮਿਲੇਗਾ ਤੇ ਸ਼ਾਇਦ ਇਹ ਵੀ ਕਿਹਾ ਜਾਵੇ ਕਿ ਇਹ ਕਿਸੇ ਨੂੰ ਰੋਟੀ ਪਾਣੀ ਤੋਂ ਆਤਰ ਕਰਨ ਨਾਲੋਂ ਵੀ ਵੱਡਾ ਗੁਨਾਹ ਹੈ। ਇਸ ਘੋਰ ਪਾਪ ਦਾ ਜ਼ਿਕਰ ਤੁਸਾਂ ਮੂੰਹ ਵਿਚ ਮਿਣ ਮਿਣ ਕਰਕੇ ਕੀਤਾ ਹੈ ਤੇ ਕੋਠੇ ਚੜ੍ਹ ਕੇ ਕਹਿਣ ਦੀ ਡਿਊਟੀ ਮੇਰੀ ਬਣ ਗਈ ਲੱਗਦੀ ਹੈ।

ਹੁਣ ਮੈਂ ਕਹਿੰਦਾ ਹਾਂ, ਬਿਲਕੁੱਲ ਸੱਚ, ਕਿ ਚਾਹੇ ਪੰਜਾਬ ਹੋਵੇ ਜਾਂ ਕੋਈ ਹੋਰ ਸੂਬਾ ਜਾਂ ਆਬਾਦੀ ਦਾ ਕੋਈ ਇਲਾਕਾ, ਅਗਰ ਓਥੇ ਛੱਤਾਂ ਉਪਰ ਲੱਗੀਆਂ ਇਹ ਕਲਯੁਗੀ ਮਸ਼ੀਨਾਂ ਕਹਿਰ ਵਰਸਾਉਂਦੀਆਂ ਰਹਿਣਗੀਆਂ ਤਾਂ ਲੋਕ ਕਮਲੇ ਭਾਵੇਂ ਨਾ ਹੋਣ ਪਰ ਸਿਆਣੇ ਨਹੀਂ ਬਣ ਸਕਦੇ ਚਾਹੇ ਲਿਖ ਲਿਖ ਕਾਗਜ਼ ਕਾਲੇ ਤੁਸੀਂ ਕਰੀ ਜਾਓ ਤੇ ਚਾਹੇ ਮੈਂ। ਲੋਕ ਕਿਹੜੇ ਵੇਲੇ ਪੜ੍ਹਨਗੇ ਤੇ ਕਿਹੜੇ ਕਿਹੜੇ ਦਰਵਾਜ਼ੇ, ਖਿੜਕੀਆਂ ਤੇ ਰੋਸ਼ਨਦਾਨ ਬੰਦ ਕਰਨਗੇ।

ਤੁਸਾਂ ਅਕਾਲ ਤਖ਼ਤ ਸਾਹਿਬ ਨੂੰ ਸਾਰੇ ਪੱਖਾਂ ਦਾ ਤਰਜਮਾਨ ਹੋਣ ਦਾ ਦਾਅਵਾ ਕੀਤਾ ਪਰ ਪੁੱਛੋ ਕਿ ਕੀ ਸਿੱਖ ਮੰਨਦੇ ਹਨ? ਕੀ ਤੁਹਾਡੇ ਢੁੱਡੀਕੇ ਦੇ ਸਿੱਖ ਮੰਨਦੇ ਹਨ? ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਹਿਬ ਦੀ ਫੋਟੋ ਨਾਲ 'ਅਜੀਤ' ਅਖਬਾਰ ਵਿਚ ਉਨ੍ਹਾਂ ਦੀ ਅਪੀਲ ਛਪਦੀ ਹੈ, ਉਸ ਦਾ ਸਿਰਲੇਖ ਹੈ ਕਿ 'ਗੁਰਧਾਮਾਂ ਦੀ ਆਵਾਜ਼ ਚਾਰਦੀਵਾਰੀ ਦੇ ਅੰਦਰ ਰਹਿਣੀ ਚਾਹੀਦੀ ਹੈ'। ਕੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਤਰਜਮਾਨ ਮੰਨਣ ਵਾਲਾ ਕੋਈ ਗੇਟ 'ਤੇ ਖਲੋ ਕੇ ਤਸੱਲੀ ਕਰਦਾ ਹੈ ਕਿ ਕਿਤੇ ਅਕਾਲ ਤਖ਼ਤ ਸਾਹਿਬ ਦੀ ਅਵੱਗਿਆ ਤਾਂ ਨਹੀਂ ਹੋ ਰਹੀ, ਕਿਤੇ ਇਸ ਦੀ ਆਵਾਜ਼ ਗੇਟੋਂ ਬਾਹਰ ਤਾਂ ਨਹੀਂ ਜਾ ਰਹੀ ਜਦੋਂ ਕਿ ਉਹ ਦੂਸਰੇ ਪਿੰਡਾਂ ਦੇ ਗੁਰਧਾਮਾਂ ਨੂੰ ਵੀ ਟੱਪੀ ਜਾ ਰਹੀ ਹੁੰਦੀ ਹੈ। ਜਿੱਥੇ ਝਗੜਾ ਕਰਨਾ ਹੋਵੇ ਉਥੇ ਤਾਂ ਅਕਾਲ ਤਖਤ ਦਾ ਨਾਂ ਵਰਤਿਆ ਜਾਂਦਾ ਹੈ ਜਿਵੇਂ ਕਿ ਮੇਜ਼ਾਂ ਕੁਰਸੀਆਂ ਉਪਰ ਲੰਗਰ ਬਾਰੇ ਅਕਾਲ ਤਖ਼ਤ ਦੇ ਫੁਰਮਾਨ ਦਾ ਨਾਂ ਲੈ ਕੇ ਵਿਦੇਸ਼ਾਂ ਵਿਚ ਕਿਰਪਾਨਾਂ ਚੱਲੀਆਂ ਤੇ ਕਤਲ ਤੱਕ ਹੋਏ। ਇਥੇ ਨਾਮ-ਚਰਚਾ ਉਪਰ ਹਿੰਸਕ ਹਮਲੇ ਕਰਨ ਵਾਸਤੇ ਵੀ ਅਕਾਲ ਤਖਤ ਦਾ ਨਾਂ ਲਿਆ ਗਿਆ ਪਰ ਗੁਰਧਾਮਾਂ ਦੀ ਆਵਾਜ਼ ਬਾਰੇ ਵੀ ਤਾਂ ਉਸੇ ਅਕਾਲ ਤਖ਼ਤ ਦਾ ਫੁਰਮਾਨ ਹੈ, ਉਸ 'ਤੇ ਅਮਲ ਕਿਉਂ ਨਹੀਂ?

ਠੀਕ ਹੈ ਕਿ ਤੁਸਾਂ ਡੇਰਾਵਾਦ ਨੂੰ ਇਕ ਤੋਂ ਵੱਧ ਸਤਰਾਂ ਦਿੱਤੀਆਂ ਤੇ ਕਈ ਜਗ੍ਹਾ ਇਸ ਦੇ ਚਲਾਵੇਂ ਜਿਹੇ ਜ਼ਿਕਰ ਵੀ ਕੀਤੇ। ਸ਼ੁਕਰੀਆ। ਪਰ ਡੇਰਾਵਾਦ ਨਾਲ ਜੋੜ ਕੇ ਹੀ ਬਣਿਆ ਇਕ ਖ਼ਤਰਾ ਜੋ ਪੰਜਾਬ ਉਪਰ ਕੱਚੇ ਧਾਗੇ ਨਾਲ ਬੰਨੀ ਤਲਵਾਰ ਵਾਂਗ ਲਟਕ ਰਿਹਾ ਹੈ, ਤੁਹਾਡੇ ਨਜ਼ਰੀਂ ਨਹੀਂ ਪਿਆ। ਸ਼ਾਇਦ ਪੈ ਵੀ ਨਹੀਂ ਸਕਦਾ। ਹੋ ਸਕਦਾ ਹੈ ਕਿ ਤੁਸੀਂ ਉਸ ਨੂੰ ਖ਼ਤਰਾ ਹੀ ਨਾ ਸਮਝਦੇ ਹੋਵੋ ਤੇ ਸਗੋਂ ਅਜਿਹੇ 'ਵਡਭਾਗੇ ਦਿਨ' ਦਾ ਇੰਤਜ਼ਾਰ ਕਰ ਰਹੇ ਹੋਵੋ। ਇਹ ਖ਼ਤਰਾ ਡੇਰਾਮੁਖੀਆਂ ਦੇ ਕਤਲਾਂ ਦੇ ਹੋ ਰਹੇ ਉਪਰਾਲੇ ਹਨ। ਕਲਹਿਣੀ ਗੱਲ ਮੂੰਹੋਂ ਕੱਢਣੀ ਨਹੀਂ ਚਾਹੁੰਦਾ ਪਰ ਜੇ ਕਿਸੇ ਦਿਨ ਕਿਸੇ ਦਾ ਕਤਲ ਹੋ ਗਿਆ ਤਾਂ ਹੋ ਸਕਦਾ ਹੈ ਕਿ ਹੋਰਨਾਂ ਦੀ ਤਰ੍ਹਾਂ ਤੁਸੀਂ ਵੀ ਕਹਿ ਦਿਓ ਕਿ ਬਹਾਦਰਾਂ ਨੇ ਸੂਰਮਤਾਈ ਕਰ ਦਿੱਤੀ। ਫਿਰ ਮੇਰੇ ਵਰਗੇ ਜੋ ਪਿਛਲੇ ਕਈ ਦਹਾਕਿਆਂ ਤੋਂ ਡੇਰਾਵਾਦ ਵਿਰੁਧ ਸੰਘਰਸ਼ ਕਰ ਰਹੇ ਹਾਂ, ਸਭ ਬੁਜ਼ਦਿਲ ਤੇ ਡਰਪੋਕਾਂ ਦੀ ਲਿਸਟ ਵਿਚ ਆ ਜਾਣਗੇ।

ਅਜਿਹੀ ਕਿਸੇ ਕਾਰਵਾਈ ਨਾਲ ਪੰਜਾਬ ਦੀ ਫਿਜ਼ਾ ਨੂੰ ਜੋ ਗੰਭੀਰ ਖ਼ਤਰਾ ਹੋ ਸਕਦਾ ਹੈ, ਰੱਬ ਉਹ ਦਿਨ ਨਾ ਹੀ ਵਿਖਾਏ ਤਾਂ ਚੰਗਾ ਹੈ। ਠੀਕ ਹੈ ਇਹੋ ਹੀ ਖੌਫ਼ ਹੈ ਜੋ ਮੇਰੇ ਵਰਗੇ ਨਾਸਤਕਾਂ ਨੂੰ ਵੀ ਰੱਬ ਚੇਤੇ ਕਰਾ ਦਿੰਦਾ ਹੈ। ਪਤਾ ਨਹੀਂ ਤੁਹਾਨੂੰ ਚੇਤੇ ਆਇਆ ਹੈ ਕਿ ਨਹੀਂ, ਤੁਸੀਂ ਮੇਰੇ ਤੋਂ ਪਹਿਲਾਂ ਦੇ ਨਾਸਤਿਕ ਹੋ ਪਰ ਤੁਸੀਂ ਜ਼ਰੂਰ ਵੇਖਦੇ ਹੋਵੋਗੇ ਕਿ ਕਿਸ ਤਰ੍ਹਾਂ ਪੰਜਾਬ ਦੇ ਕੁਝ ਰਸਾਲੇ ਤੇ ਅਖ਼ਬਾਰ ਇਸ ਤਰ੍ਹਾਂ ਦੀ ਫਿਜ਼ਾ ਬਣਾਉਣ ਵਿਚ ਲੱਗੇ ਹਨ। ਕਿਸ ਤਰ੍ਹਾਂ ਖਬਰਾਂ ਦੀਆਂ ਸੁਰਖੀਆਂ ਛਪਦੀਆਂ ਹਨ ਕਿ 'ਨਾਮ ਚਰਚਾ ਰੋਕਣ ਗਏ ਲੋਕਾਂ ਉਪਰ ਹਮਲਾ'। ਡੇਰੇਦਾਰਾਂ ਉਪਰ ਕਾਤਲਾਨਾ ਹਮਲੇ ਦੀ ਸਾਜਿਸ਼ ਦੇ ਦੋਸ਼ ਵਿਚ ਫੜੇ ਗਏ ਲੋਕਾਂ ਨੂੰ ਕਿਸ ਤਰ੍ਹਾਂ ਸਨਮਾਨ ਦਿੱਤੇ ਜਾ ਰਹੇ। ਤੁਸਾਂ ਪੰਜਾਬ ਦੀ ਇਸ ਸਾੜਸੱਤੀ ਦੇ ਖਤਰੇ ਬਾਰੇ ਕਿਉਂ ਕੋਠੇ ਚੜ੍ਹ ਕੇ ਦੁਹਾਈ ਨਹੀਂ ਪਾਈ?

ਮੈਨੂੰ ਇਸ ਦਾ ਕਾਰਨ ਇਹ ਲੱਗ ਰਿਹਾ ਹੈ ਕਿ ਤੁਹਾਨੂੰ ਇਹ ਖ਼ਤਰਾ ਦਿੱਸਦਾ ਹੀ ਨਹੀਂ। ਜਿਸ ਤਰ੍ਹਾਂ ਤੁਸਾਂ ਇੰਦਰਾ ਗਾਂਧੀ ਤੇ ਜਨਰਲ ਵੈਦਿਆ ਨੂੰ ਕਤਲ ਕਰਨ ਵਾਲਿਆਂ ਨੂੰ ਸੂਰਮੇ ਕਿਹਾ ਹੈ, ਹੋ ਸਕਦਾ ਹੈ ਕਿ ਤੁਸੀਂ ਸਿਰਸਾ ਵਾਲੇ ਸਾਧ ਜਾਂ ਕਿਸੇ ਹੋਰ ਡੇਰੇ ਦੇ ਕਾਤਲਾਂ ਨੂੰ ਅਗਾਊਂ ਹੀ ਸੂਰਮਗਤੀ ਦਾ ਖ਼ਿਤਾਬ ਦੇ ਰਹੇ ਹੋ। ਜੇ ਅਜਿਹਾ ਹੋਇਆ, ਲੋਕ ਫੜ੍ਹੇ ਗਏ ਤੇ ਗੁਨਾਹ ਸਾਬਤ ਹੋਣ 'ਤੇ ਫਾਂਸੀ ਚੜ੍ਹ ਗਏ ਤਾਂ ਤੁਹਡੀ ਕਲਮ ਦੀਆਂ ਪੌਂ ਬਾਰਾਂ। ਤੁਹਾਨੂੰ ਸ਼ਹਾਦਤਾਂ ਬਾਰੇ ਭਾਵੁਕ ਇਬਾਰਤਾਂ ਲਿਖਣ ਵਾਸਤੇ ਮਸਾਲਾ ਮਿਲ ਜਾਵੇਗਾ। ਆਸਟਰੀਆ ਦੀ ਰਾਜਧਾਨੀ ਵਿਆਨਾ ਵਿਚ ਡੇਰਾ ਬੱਲਾਂ ਦੇ ਮੁਖੀ ਦਾ ਕਤਲ ਸ਼ਾਇਦ ਤੁਹਾਡੀ ਇਹ ਕਿਤਾਬ ਛਪਣ ਤੋਂ ਬਾਅਦ ਹੋਇਆ। ਇਸ ਵਾਸਤੇ ਸਿਰਫ਼ ਕਿਆਸ ਹੀ ਲਾ ਸਕਦਾ ਹਾਂ ਕਿ ਤੁਸਾਂ ਅਗਲੀ ਕਿਤਾਬ ਵਿਚ ਉਨ੍ਹਾਂ ਦੀ ਸੂਰਮਤਾਈ ਨੂੰ ਕਿਸ ਤਰ੍ਹਾਂ ਬਿਆਨ ਕੀਤਾ ਹੋਵੇਗਾ ਤੇ ਅਗਲੇ ਦਿਨ ਪੰਜਾਬ ਵਿਚ ਫੂਕੀਆਂ ਰੇਲ ਗੱਡੀਆਂ ਤੇ ਬੱਸਾਂ ਬਾਰੇ ਕੀ ਕਿਹਾ ਹੋਵੇਗਾ?

ਪਟਿਆਲਾ ਵਿਚ ਖਾੜਕੂਆਂ ਦੇ ਬੱਚਿਆਂ ਵਾਸਤੇ ਚਲਾਏ ਜਾਂਦੇ ਇਕ ਸਕੂਲ ਦੀ ਵਿਦਿਆਰਥਣ ਨੂੰ ਪੁਲਿਸ ਨੇ ਸਿਰਸਾ ਵਾਲੇ ਸਾਧ ਨੂੰ ਮਾਰਨ ਵਾਸਤੇ ਮਨੁੱਖੀ ਬੰਬ ਬਣਨ ਦੀ ਯੋਜਨਾ ਵਿਚ ਪਕੜਿਆ। ਕਿਹਾ ਗਿਆ ਕਿ ਇਹ ਕੇਸ ਝੂਠਾ ਹੈ। ਜ਼ਰੂਰ ਝੂਠਾ ਹੋ ਸਕਦਾ ਹੈ ਤੇ ਸੱਚਾ ਵੀ। ਇਸ ਬਾਰੇ ਐਸ ਵੇਲੇ ਨਾ ਮੈਂ ਕੁਝ ਕਹਿ ਸਕਦਾ ਹਾਂ ਤੇ ਨਾ ਤੁਸੀਂ ਕਹਿ ਸਕਦੇ ਹੋ। ਲੇਕਿਨ ਮੇਰੀ ਹੈਰਾਨੀ ਇਹ ਹੈ ਕਿ ਇਕ ਕੁੜੀ ਵੱਲੋਂ ਮਨੁੱਖੀ ਬੰਬ ਬਣਨ ਦੇ ਕਿਆਸ ਨਾਲ ਹੀ 'ਪੰਜਾਬ ਦੇ ਪੁੱਤਰ' ਦਾ ਦਿਲ ਕਿਉਂ ਨਹੀਂ ਕੰਬਿਆ। ਮੇਰਾ ਕੰਬਿਆ ਸੀ। ਜਦੋਂ ਅਖ਼ਬਾਰ ਵਿਚ ਉਸ ਕੁੜੀ ਨੂੰ ਪੰਥ ਦੀ ਧੀ ਦਾ ਖਿਤਾਬ ਦੇਣ ਬਾਰੇ ਲੇਖ ਛਪਿਆ ਤਾਂ ਮੈਂ ਲੇਖਕ ਨੂੰ ਵੀ ਫੋਨ ਕੀਤਾ, ਅਖ਼ਬਾਰ ਵਾਲਿਆਂ ਨੂੰ ਪੱਤਰ ਲਿਖਿਆ, ਲੜਕੀ ਨਾਲ ਵੀ ਗੱਲ ਕੀਤੀ ਪਰ ਮੈਨੂੰ ਕੋਈ ਨਹੀਂ ਦੱਸ ਸਕਿਆ ਕਿ ਕਿਹੜੀਆਂ ਸੇਵਾਵਾਂ ਕਰਕੇ ਉਸ ਲੜਕੀ ਨੂੰ ਪੰਥ ਦੀ ਧੀ ਦਾ ਖਿਤਾਬ ਦਿੱਤਾ ਗਿਆ ਸੀ। ਦੇਸ਼ ਵਿਦੇਸ਼ ਵਿਚੋਂ ਉਸ ਨੂੰ ਲੱਖਾਂ ਰੁਪਏ ਮਿਲ ਗਏ ਪਰ ਕਿਸੇ ਨੇ ਉਸ ਨੂੰ ਆਪਣੀ ਧੀ ਸਮਝ ਕੇ ਇਹ ਤਰਲਾ ਨਹੀਂ ਲਿਆ ਕਿ ਕਿਤੇ ਉਹ ਸੱਚਮੁਚ ਮਨੁੱਖੀ ਬੰਬ ਨਾ ਬਣ ਜਾਵੇ, ਸ਼ਾਇਦ ਮੇਰੇ ਸਿਵਾ।

## ਨਕਲੀ ਤੇ ਅਸਲੀ ਮਸਲੇ

ਆਪਣੀ 'ਸਚੁ ਕੀ ਬੇਲਾ' ਵਿਚ ਪੰਜਾਬ ਦੇ ਜੋ ਮਸਲੇ ਤੁਸਾਂ ਗਿਣਾਏ, ਉਹ ਸਭ ਨਕਲੀ ਹਨ। ਉਹ ਸਿਰਫ਼ ਝੂਠੇ ਅੰਕੜੇ ਵਰਤ ਕੇ ਨਫ਼ਰਤਾਂ ਫੈਲਾਉਣ ਵਾਲੀਆਂ ਗੱਲਾਂ ਹਨ ਤੇ ਜਾਂ ਹੋ ਨਿੱਬੜੇ ਦੁਖਾਂਤਾਂ ਨੂੰ ਕੁਰੇਦਣ ਦੀ ਕ੍ਰਿਆ ਹੈ। ਬੀਤੇ ਦੁਖਾਂਤ ਭੁਲਾਉਣ ਵਾਲੇ ਨਹੀਂ ਹੁੰਦੇ, ਵਿਚਾਰਨੇ ਜ਼ਰੂਰੀ ਹਨ ਪਰ ਰੱਟਾ ਹੀ ਲਾਈ ਜਾਣ ਦਾ ਲਾਭ ਨਹੀਂ। ਪਤਾ ਨਹੀਂ ਕਦੋਂ ਪੰਜਾਬ ਦੇ ਦਰਦੀ ਇਸ ਦੇ ਵਰਤਮਾਨ ਅਸਲੀ ਮਸਲੇ ਸਮਝਣਗੇ ਤੇ ਵਿਚਾਰਨਗੇ ਜੋ ਗੰਭੀਰਤਾ ਦੇ ਲਿਹਾਜ਼ ਨਾਲ ਹੇਠ ਲਿਖੀ ਤਰਤੀਬ ਵਿਚ ਆਉਂਦੇ ਹਨ:

(1) ਪੰਜਾਬ ਦੇ ਸਿਰ 'ਤੇ ਅਜੇ ਵੀ ਲਟਕਦਾ ਦਹਿਸ਼ਤਗਰਦੀ ਦਾ ਖਦਸ਼ਾ

(2) ਭਾਰਤ ਤੇ ਪਾਕਿਸਤਾਨ ਵਿਚਾਲੇ ਲੜਾਈ ਦੀਆਂ ਗੱਲਾਂ

(3) ਪ੍ਰਾਈਵੇਟ ਸਕੂਲਾਂ ਦਾ ਨਸੂਰ

(4) ਆਂਗਨਬਾੜੀਆਂ ਦੀ ਖ਼ਸਤਾ ਹਾਲਤ

(5) ਧਰਮ ਅਸਥਾਨਾਂ, ਡੇਰਿਆਂ ਤੇ ਮੈਰੈਜ ਪੈਲੈਸਾਂ ਦੀ ਅੰਨੇਵਾਹ ਉਸਾਰੀ

(6) ਕਹਿਰ ਵਰਸਾਉਂਦੇ ਲਾਊਡ ਸਪੀਕਰ

(7) ਤਬਾਹਕੁਨ ਫਸਲੀ ਚੱਕਰ

(8) ਡੇਰਾਵਾਦ ਤੇ ਅੰਧਵਿਸ਼ਵਾਸ ਦੀਆਂ ਫੈਲਦੀਆਂ ਜੜ੍ਹਾਂ

(9) ਡੂੰਘਾ ਹੋ ਰਿਹਾ ਜਾਤੀਵਾਦ

(10) ਨਸ਼ਿਆਂ ਦਾ ਹੜ੍ਹ

ਮੈਂ ਨਹੀਂ ਕਹਿ ਸਕਦਾ ਕਿ ਇਹ ਮਸਲੇ ਘੱਟਗਿਣਤੀ ਦੇ ਦ੍ਰਿਸ਼ਟੀਕੋਣ ਤੋਂ ਹਨ ਜਾਂ ਬਹੁਗਿਣਤੀ ਦੇ, ਪਰ ਇਹ ਪੰਜਾਬ ਦੇ ਮਸਲੇ ਹਨ। ਇਨ੍ਹਾਂ ਵਿਚ ਪੰਜਾਬ ਦਾ ਵਰਤਮਾਨ ਤੇ ਪੰਜਾਬ ਦਾ ਭਵਿੱਖ ਹੈ। ਇਨ੍ਹਾਂ ਦਾ ਹੱਲ ਐਨਿਆਂ ਵਿਚੋਂ ਉਠਿਆ ਕੋਈ ਇਕ ਸੂਰਮਾ ਨਹੀਂ ਕਰ ਸਕਦਾ, ਪੰਜਾਬ ਦੇ ਲੋਕ ਹੀ ਕਰ ਸਕਦੇ ਹਨ। ਸੂਰਮਿਆਂ ਦਾ ਕੰਮ ਇਨ੍ਹਾਂ ਮਸਲਿਆਂ ਉਪਰ ਲਾਮਬੰਦੀ ਕਰਨਾ ਹੈ। ਅੱਜ ਹਕੀਕੀ ਸੂਰਮਿਆਂ ਦੇ ਸਿਰਾਂ ਦੀ ਲੋੜ ਨਹੀਂ ਉਨ੍ਹਾਂ ਦੇ ਸਿਰੜ ਦੀ ਲੋੜ ਹੈ। ਸਿਰ ਦੇਣ ਨਾਲੋਂ ਸਿਰੜ ਜ਼ਿਆਦਾ ਤਰੱਦਦ ਮੰਗਦਾ ਹੈ, ਅਸਲੀ ਸੰਘਰਸ਼ ਤੇ ਅਸਲੀ ਕੁਰਬਾਨੀ ਮੰਗਦਾ ਹੈ।

ਇਨ੍ਹਾਂ ਵਿਚੋਂ ਮੈਂ ਪਹਿਲੇ ਦੋ ਮੁੱਦਿਆਂ ਬਾਰੇ ਹੀ ਕੁਝ ਕਹਿਣਾ ਚਾਹੁੰਦਾ ਹਾਂ ਕਿਉਂਕਿ ਮੈਂ ਸਮਝਦਾਂ ਕਿ ਅਸਲ ਵਿਚ ਇਹੀ ਨੁਕਤੇ ਹਨ ਜਿਨ੍ਹਾਂ ਵਿਚ ਪੰਜਾਬ ਦਾ ਵਰਤਮਾਨ ਤੇ ਭਵਿੱਖ ਨਿਰਭਰ ਕਰਦਾ ਹੈ। ਜਿਹੜੀ ਤੁਸੀਂ ਪੰਜਾਬ ਨੂੰ ਬਚਾਉਣ ਦੀ ਗੱਲ ਕਰਦੇ ਹੋ, ਉਸ ਦਾ ਆਧਾਰ ਵੀ ਇਹੀ ਮੁੱਦੇ ਹਨ ਤੇ ਪੰਜਾਬ ਦੀ ਰਾਮ ਨਾਮ ਸੱਤ ਹੋਣ ਦਾ ਖਤਰਾ ਵੀ ਇਨ੍ਹਾਂ ਵਿਚ ਹੀ ਹੈ। ਇਹ ਗੱਲ ਵੱਖਰੀ ਹੈ ਕਿ ਪੰਜਾਬ ਨੂੰ ਬਚਾਉਣ ਜਾਂ ਦਰਪੇਸ਼ ਖਤਰਿਆਂ ਦੇ ਅਰਥ ਤੁਹਾਡੇ ਵਾਸਤੇ ਕੁਝ ਹੋਰ ਹੋਣ। ਘੱਟਗਿਣਤੀ - ਵੱਧਗਿਣਤੀ ਦੇ ਚੱਕਰ ਵਿਚੋ ਨਿਕਲ ਕੇ ਵੇਖੀਏ ਤਾਂ ਬਚਾਉਣ ਦਾ ਸਧਾਰਨ ਅਰਥ ਇਥੋਂ ਦੇ ਵਸਨੀਕਾਂ ਦੀ ਰੋਟੀ ਰੋਜ਼ੀ, ਸਿੱਖਿਆ, ਸਿਹਤ, ਰਿਹਾਇਸ਼ ਤੇ ਆਮ ਤਰੱਕੀ ਦਾ ਸਵਾਲ ਹੈ। ਦੂਜੇ ਲਫ਼ਜ਼ਾਂ ਵਿਚ ਇਸ ਨੂੰ ਪੰਜਾਬ ਦੀ ਆਰਥਿਕਤਾ ਕਹਿ ਸਕਦੇ ਹਾਂ।

ਕੋਈ ਮੁਲਕ ਹੋਵੇ, ਸੂਬਾ ਜਾਂ ਇਲਾਕਾ-ਅੱਜ ਦੁਨੀਆਂ ਭਰ ਵਿਚ ਆਰਥਕ ਤਰੱਕੀ ਦਾ ਇਕ ਹੀ ਮੰਤਰ ਪੜ੍ਹਿਆ ਜਾ ਰਿਹਾ ਹੈ। ਕਮਿਊਨਿਸਟ ਚੀਨ ਹੋਵੇ ਜਾਂ ਧਰਮਿਕ ਕੱਟੜਤਾ ਵਾਲੇ ਅਰਬ ਦੇਸ਼-ਸਭ ਦੀ ਦੌੜ ਇਹੀ ਹੈ ਕਿ ਜਿਥੇ ਬਿਜ਼ਨੈਸਮੈਨ ਪੈਸਾ ਲਾਉਣਗੇ, ਧੰਦੇ ਖੋਲ੍ਹਣਗੇ, ਉਥੇ ਹੀ ਵਿਕਾਸ ਹੋ ਸਕਦਾ ਹੈ ਨਹੀਂ ਤਾਂ ਕਰਜੇ ਲੈ ਕੇ ਜਿਹੜਾ ਡੰਗ ਕੋਈ ਟਪਾ ਸਕਦਾ ਹੈ ਟਪਾ ਲਵੇ। ਸੋਲਾਂ ਆਨੇ ਸੱਚ ਕਿ ਇਹ ਪੂੰਜੀਵਾਦੀ ਵਿਕਾਸ ਦਾ ਸਿਧਾਂਤ ਹੈ ਪਰ ਇਸ ਤੋਂ ਬਿਨਾਂ ਕਿਸੇ ਕੋਲ ਹੁਣ ਹੋਰ ਕੁਝ ਨਹੀਂ। ਜਾਂ ਤਾਂ ਇਸ ਤਰਜ ਦਾ ਵਿਕਾਸ ਲਵੋ ਜਾਂ ਭੁੱਖੇ ਤੇ ਪਿਛੜੇ ਰਹੋ। ਹਰਿਆਣਾ ਤੇ ਹਿਮਾਚਲ ਵਿਚ ਪੈਸਾ ਆਈ ਜਾ ਰਿਹਾ ਹੈ। ਹਰਿਆਣਾ ਵਿਚ ਜਪਾਨ ਤੇ ਕੋਰੀਆ ਤੋਂ ਵੀ ਆ ਰਿਹਾ ਹੈ। ਪਰ ਪੰਜਾਬ ਵਿਚ ਕੋਈ ਧੇਲਾ ਲਾ ਕੇ ਰਾਜ਼ੀ ਨਹੀਂ। ਪੰਜਾਬੀ ਸਨਅਤਕਾਰ ਤੇ ਵਪਾਰੀ ਵੀ ਫਰੀਦਾਬਾਦ ਹੀ ਜਾ ਕੇ ਖੁਸ਼ ਹੈ। ਬਾਦਲ ਨੇ ਵੀ ਹੋਟਲ ਵਾਸਤੇ ਗੁੜਗਾਵਾਂ ਚੁਣਿਆ ਹੈ, ਲੁਧਿਆਣਾ ਨਹੀਂ। ਅਮਰਿੰਦਰ ਸਿੰਘ ਦਾ ਜਾਤੀ

***(ਅਗਲੇ ਸਫੇ 'ਤੇ ਜਾਰੀ)***

ਨਿਵੇਸ਼ ਜੋ ਵੀ ਹੋਵੇ ਸਭ ਹਿਮਾਚਲ ਵਿਚ ਹੈ। ਕਿਉਂ?

ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਹੈ ਕਿ ਮਨਪ੍ਰੀਤ ਸਿੰਘ ਨੇ ਕਰਜੇ ਦਾ ਰੌਲਾ ਪਾ ਕੇ ਪੂੰਜੀ ਦਾ ਨਿਵੇਸ਼ ਰੋਕ ਦਿੱਤਾ ਹੈ ਪਰ ਇਹ ਪਹਿਲਾਂ ਹੀ ਨਹੀਂ ਹੋ ਰਿਹਾ ਸੀ। ਕਾਰੋਬਾਰੀ ਲੋਕ ਇੰਨੇ ਲੋਲ੍ਹੇ ਨਹੀਂ ਕਿ ਸਿਰਫ ਰੌਲਾ ਸੁਣਨ, ਉਹ ਸਭ ਕੁਝ ਆਪ ਜਾਂਚਦੇ ਹਨ। ਜ਼ਮੀਨਾਂ ਮਹਿੰਗੀਆਂ ਹੋਣ ਅਤੇ ਇਕਵਾਇਰ ਕਰਨ ਵੇਲੇ ਅੰਦੋਲਨਾਂ ਦੇ ਖਦਸ਼ਿਆਂ ਨੇ ਵੀ ਕੁਝ ਰੁਕਾਵਟਾਂ ਪਾ ਦਿੱਤੀਆਂ ਹਨ ਪਰ ਵੈਸੇ ਕਿਸੇ ਵੱਲੋਂ ਵੀ ਪੰਜਾਬ ਵਿਚ ਪੈਸਾ ਲਾ ਕੇ ਧੰਦਾ ਖੋਲ੍ਹਣ ਵਾਸਤੇ ਦੋ ਸ਼ਰਤਾਂ ਬਹੁਤ ਜ਼ਰੂਰੀ ਹਨ। ਪਹਿਲੀ, ਇਥੇ ਕਦੇ ਦਹਿਸ਼ਤਗਰਦੀ ਦੇ ਦੋਬਾਰਾ ਉਠਣ ਦਾ ਖਤਰਾ ਨਹੀਂ ਹੈ ਤੇ ਦੂਜੀ, ਪਾਕਿਸਤਾਨ ਨਾਲ ਜੋ ਲੜਾਈਆਂ ਹੋਣੀਆਂ ਸਨ ਉਹ ਹੋ ਚੁਕੀਆਂ, ਹੁਣ ਹੋਰ ਕੋਈ ਨਹੀਂ ਹੋਣੀ। ਇਹ ਸਿਰਫ ਸਾਡੇ ਕਹਿਣ ਨਾਲ ਕੰਮ ਨਹੀਂ ਬਣਦਾ ਕਿ ਜੀ ਤੁਸੀਂ ਫਿਕਰ ਨਾ ਕਰੋ ਹੁਣ ਆਤੰਕਵਾਦ ਵਰਗੀ ਕੋਈ ਗੱਲ ਨਹੀਂ, ਇਹ ਪੈਸਾ ਲਾਉਣ ਵਾਲਿਆਂ ਨੂੰ ਆਪ ਵਿਖਾਈ ਦੇਣਾ ਚਾਹੀਦਾ ਹੈ ਕਿ ਇਸ ਦਾ ਵਰਕਾ ਪਾਟ ਚੁੱਕਾ ਹੈ।

ਸਨਅਤਕਾਰਾਂ ਤੇ ਕਾਰੋਬਾਰੀ ਲੋਕਾਂ ਨੇ ਪਿਛਲੀ ਦਹਿਸ਼ਤਗਰਦੀ ਦਾ ਸੰਤਾਪ ਝੱਲਿਆ ਹੋਇਆ ਹੈ। ਕਈ ਲੋਕ ਉਨ੍ਹਾਂ ਦਿਨਾਂ ਨੂੰ ਪੰਜਾਬ ਦੇ ਕਾਲੇ ਦਿਨ ਕਰਕੇ ਯਾਦ ਕਰਦੇ ਹਨ ਤੇ ਕਈ ਉਸ ਨੂੰ ਸਿੱਖ ਸੰਘਰਸ਼ ਦੇ ਸੁਨਹਿਰੀ ਪੰਨੇ ਦੱਸਦੇ ਹਨ। ਤੁਸੀਂ ਪਤਾ ਨਹੀਂ ਕੀ ਕਹਿੰਦੇ ਹੋਵੋਗੇ? ਵੈਸੇ ਕਿਸੇ ਮੰਗ ਉਪਰ ਲੋਕਾਂ ਦੀ ਲਾਮਬੰਦੀ ਤੇ ਅੰਦੋਲਨ ਕਰਨਾ ਤਾਂ ਸੰਘਰਸ਼ ਹੋਇਆ ਪਰ ਬੰਦੇ ਮਾਰਨੇ ਤੇ ਆਪ ਮਰੀ ਜਾਣਾ ਕਿਧਰ ਦਾ ਸੰਘਰਸ਼ ਹੈ? ਉਹ ਵੀ ਬਿਨਾਂ ਕਿਸੀ ਮੰਗ ਤੋਂ। ਸਭ ਜਾਣਦੇ ਹਨ ਕਿ ਉਨ੍ਹਾਂ ਦਿਨਾਂ ਕਰਕੇ ਪੰਜਾਬ ਬਹੁਤ ਪਿੱਛੇ ਚਲਾ ਗਿਆ ਹੈ ਪਰ ਉਹ ਦੁਬਾਰਾ ਨਾ ਆ ਜਾਣ ਇਸ ਵਾਸਤੇ ਪੰਜਾਬ ਦਰਦੀਆਂ ਨੂੰ ਜੋ ਕਰਨਾ ਚਾਹੀਦਾ ਹੈ, ਨਹੀਂ ਹੋ ਰਿਹਾ। ਸੱਪ ਦਾ ਡੰਗਿਆ ਪੰਜਾਬ ਰੱਸੀ ਤੋਂ ਵੀ ਹੁਸ਼ਿਆਰ ਰਹੇ ਦਾ ਹੋਕਾ ਪੰਜਾਬ ਦਰਦੀ ਲੇਖਕਾਂ ਨੂੰ ਉਚੇ ਚੜ੍ਹ ਕੇ ਦੇਣਾ ਚਾਹੀਦਾ ਹੈ। ਦੁੱਖ ਦੀ ਗੱਲ ਹੈ ਕਿ ਇੰਜ ਨਹੀਂ ਹੋ ਰਿਹਾ।

ਹੋ ਸਕਦਾ ਹੈ ਕਿ ਬਾਪੂ ਪੰਜਾਬ ਇਹੋ ਜਿਹੀਆਂ ਉਮੀਦਾਂ ਤੁਹਾਡੇ ਵਰਗੇ ਰੋਸ਼ਨ ਦਿਮਾਗ ਤੇ ਦਲੇਰ ਪੁੱਤਰਾਂ ਉਪਰ ਲਾਈ ਬੈਠਾ ਹੋਵੇ ਪਰ ਤੁਸਾਂ ਤਾਂ ਇੰਦਰਾਂ ਗਾਂਧੀ ਅਤੇ ਵੈਦਿਆ ਦਾ ਕਤਲ ਕਰਨ ਵਾਲਿਆਂ ਨੂੰ ਸੂਰਮਗਤੀ ਦਾ ਸਰਟੀਫਿਕੇਟ ਦੇਈ ਜਾ ਰਹੇ ਹੋ! ਅੱਜ ਨਿਹੱਥੀ ਬਿਰਧ ਔਰਤ ਨੂੰ ਮਾਰਨਾ, ਉਹ ਵੀ ਉਸੇ ਵੱਲੋਂ ਆਪਣੀ ਰੱਖਿਆ ਦੀ ਖਾਤਰ ਵਿਸ਼ਵਾਸ ਕਰਕੇ ਦਿੱਤੇ ਹਥਿਆਰ ਨਾਲ, ਬਹਾਦਰੀ ਦੀ ਲਿਸਟ ਵਿਚ ਆ ਰਿਹਾ ਹੈ। ਓਧਰ ਸਭ ਜਾਣਦੇ ਹਨ ਕਿ ਜਨਰਲ ਵੈਦਿਆ ਦਾ ਨੀਲਾ ਤਾਰਾ ਕਾਰਵਾਈ ਨਾਲ ਕੋਈ ਲੈਣਾ ਦੇਣਾ ਨਹੀਂ ਸੀ ਸਿਵਾਏ ਇਸ ਦੇ ਕਿ ਉਹ ਓਦੋਂ ਇਤਫਾਕ ਨਾਲ ਫੌਜਾਂ ਦਾ ਸੈਨਾਪਤੀ ਸੀ ਤੇ ਉਸ ਸਿਰਫ ਸਰਕਾਰ ਦਾ ਹੁਕਮ ਨਿਭਾਇਆ। ਹਾਲਾਂਕਿ ਕਈ ਹੋਰ ਜਰਨੈਲਾਂ ਨੇ ਅਖ਼ਬਾਰੀ ਬਿਆਨਾਂ ਤੇ ਕਿਤਾਬਾਂ ਰਾਹੀਂ ਇਸ ਆਪਰੇਸ਼ਨ ਨੂੰ ਦਰੁਸਤ ਠਹਿਰਾਇਆ ਸੀ, ਇਸ ਦੀਆਂ ਤਾਰੀਫਾਂ ਕੀਤੀਆਂ, ਜਰਨੈਲ ਵੈਦਿਆ ਨੇ ਅਜਿਹਾ ਕੁਝ ਨਹੀਂ ਕੀਤਾ ਸੀ। ਰਿਟਾਇਰ ਹੋਣ ਤੋਂ ਬਾਅਦ ਘਰ ਵਾਲੀ ਨਾਲ ਸਬਜ਼ੀ ਖਰੀਦਣ ਗਏ ਵੈਦਿਆ ਨੂੰ ਜਦੋਂ ਦੋ ਸਿਰ ਘੋਨੇ ਮੁੰਡਿਆਂ ਨੇ ਗੋਲੀਆਂ ਮਾਰੀਆਂ ਤਾਂ ਉਸ ਨੂੰ ਪਤਾ ਵੀ ਨਹੀਂ ਲੱਗਾ ਹੋਵੇਗਾ ਕਿ ਉਸ ਨੂੰ ਕਿਉਂ ਮਾਰਿਆ ਜਾ ਰਿਹਾ ਹੈ?

ਸ਼ਾਇਦ ਤੁਹਾਨੂੰ ਪਤਾ ਨਹੀਂ ਕਿ ਕਤਲਾਂ ਨੂੰ ਬਹਾਦਰੀਆਂ ਦੇ ਪੱਲੇ ਵਿਚ ਤੋਲਣ ਦੇ ਨਤੀਜੇ ਕੀ ਨਿਕਲ ਸਕਦੇ ਹਨ। ਸਭ ਤੋਂ ਪਹਿਲਾਂ ਤਾਂ ਇਹ ਸੂਰਮਤਾਈਆਂ ਹਾਸਲ ਕਰਨ ਦੇ ਖਾਹਸ਼ਮੰਦਾਂ ਨੂੰ ਲੰਬੇ ਜਾਂ ਕਠਿਨ ਘੋਲਾਂ ਅਤੇ ਸਿਦਕੀ ਜੱਦੋਜਹਿਦਾਂ ਤੋਂ ਮੂੰਹ ਮੋੜ ਕੇ ਕਤਲਾਂ ਦਾ ਰਾਹ ਵਿਖਾਉਂਦਾ ਹੈ। ਇਹ ਸਿਰਫ ਹਿੰਸਕ ਤੇ ਸ਼ਰਾਰਤੀ ਲੋਕਾਂ ਨੂੰ ਹੀ ਨਹੀਂ ਅਕਸਰ ਬੇਇਨਸਾਫੀਆਂ, ਜ਼ੁਲਮ ਤੇ ਅਪਮਾਨਜਨਕ ਵਧੀਕੀਆਂ ਦੇ ਵਿਰੁਧ ਸੱਚੇ ਦਿਲ ਨਾਲ ਜੂਝਣ ਵਾਲੇ ਲੋਕਾਂ ਨੂੰ ਵੀ ਕਤਲਾਂ ਵੱਲ ਖਿੱਚ ਲੈਂਦਾ ਹੈ। ਅੱਗੋਂ ਇਹ ਕਤਲ ਸਾਰੇ ਅੰਦੋਲਨ ਨੂੰ ਬਹੁਤ ਪਿੱਛੇ ਜਾ ਸੁੱਟਦੇ ਹਨ ਅਤੇ ਜੇ ਨਾ ਸੰਭਾਲਿਆ ਜਾਵੇ ਤਾਂ ਪੁੱਠੇ ਰਾਹ ਪੈ ਕੇ ਆਪਣੀ ਮੌਤ ਆਪ ਹੀ ਮਰ ਜਾਂਦੇ ਹਨ।

ਵੈਸੇ ਸਿਰਫ ਤੁਹਾਡੀ ਗੱਲ ਨਹੀਂ ਬਦਕਿਸਮਤੀ ਨਾਲ ਸਾਡੇ ਸਮਾਜ ਵਿਚ ਅਜੇ ਵੀ ਲੋਕਰਾਜੀ ਕਦਰਾਂ ਕੀਮਤਾਂ ਜਾਗ੍ਰਿਤ ਨਹੀਂ ਹੋਈਆਂ। ਅਜੇ ਵੀ ਹਿੰਸਾ ਤੇ ਕਤਲਾਂ ਨੂੰ ਸਮਾਜਕ ਮਾਨਤਾ ਹਾਸਲ ਹੈ। ਸਾਡੇ ਗੀਤ, ਕਿੱਸੇ-ਕਹਾਣੀਆਂ ਤੇ ਫਿਲਮਾਂ ਇਹੀ ਦਰਸਾ ਰਹੀਆਂ ਹਨ। ਜਿਨ੍ਹਾਂ ਦਾ ਫਰਜ਼ ਹੈ ਕਿ ਸਮਾਜ ਨੂੰ ਇਸ ਪਾਸਿਓਂ ਮੋੜਨ, ਲੋਕਾਂ ਨੂੰ ਹੱਕੀ ਸੰਘਰਸ਼ ਦੇ ਰਸਤੇ ਲਿਆਉਣ, ਜੇ ਉਹੀ ਕਤਲਾਂ ਦੇ ਕਿੱਸੇ ਗਾਉਣ ਲੱਗ ਪੈਣ ਤਾਂ ਸਮਾਜ ਕਿਹੜੀ ਕੰਧ ਨਾਲ ਸਿਰ ਮਾਰੇ? ਲੇਖਕ ਸਮਾਜ ਦੀਆਂ ਅੱਖਾਂ ਹੁੰਦੀਆਂ ਹਨ ਪਰ ਜੇ ਅੱਖਾਂ ਹੀ ਹਨੇਰੇ ਵੱਲ ਧੱਕਣ ਤਾਂ ਕੀ ਬਣੂ?

ਇਹ ਗੱਲਾਂ ਸਿਧਾਂਤਕ ਹੀ ਨਹੀਂ, ਇਨ੍ਹਾਂ ਦਾ ਤਕੜਾ ਵਿਹਾਰਕ ਪਹਿਲੂ ਵੀ ਹੈ, ਪੰਜਾਬ ਦੇ ਹਰ ਸੱਚੇ ਪੁੱਤਰ ਨੂੰ ਸਮਝਣਾ ਚਾਹੀਦਾ ਹੈ ਕਿ ਕੋਈ ਵੀ ਹੋਰ ਕਤਲ ਪੰਜਾਬ ਨੂੰ ਭਾਰੀ ਸੱਟ ਮਾਰੇਗਾ। ਇਸ ਦਾ ਫੌਰੀ ਖ਼ਤਰਾ ਡੇਰੇਦਾਰਾਂ ਬਾਰੇ ਹੈ। ਜੇ ਲੇਖਕ ਨਹੀਂ ਤਾਂ ਹੋਰ ਕੌਣ ਦੁਹਾਈ ਪਾਏਗਾ ਕਿ ਡੇਰਾਵਾਦ ਦੀਆਂ ਜੜ੍ਹਾਂ ਡੇਰੇਦਾਰਾਂ ਦੇ ਮੋਟੇ ਢਿੱਡਾਂ ਵਿਚ ਨਹੀਂ, ਉਨ੍ਹਾਂ ਦੇ ਹਜ਼ਾਰਾਂ ਲੱਖਾਂ ਸ਼ਰਧਾਲੂਆਂ ਦੇ ਦਿਲ- ਦਿਮਾਗ ਵਿਚ ਹਨ। ਇਹ ਜੜ੍ਹਾਂ ਤਰਕ ਦੀ ਵੱਡੀ ਜਾਗ੍ਰਿਤੀ ਬਿਨਾਂ ਨਹੀਂ ਨਿਕਲ ਸਕਦੀਆਂ। ਇਸ ਦੇ ਨਾਲ ਹੀ ਇਹ ਦੁਹਾਈ ਵੀ ਜ਼ਰੂਰੀ ਹੈ ਕਿ ਕਿਸੇ ਦੇ ਵਿਚਾਰ ਕਿਤਨੇ ਵੀ ਗਲਤ ਕਿਉਂ ਨਾ ਹੋਣ, ਸਮੇਤ ਡੇਰੇਦਾਰਾਂ ਤੇ ਅੰਧਵਿਸ਼ਵਾਸੀਆਂ ਦੇ, ਸਭ ਨੂੰ ਆਪਣੇ ਇਕੱਠ ਕਰਨ ਦਾ ਹੱਕ ਹੈ। ਗੱਲ ਦਾ ਜਵਾਬ ਗੱਲ ਵਿਚ ਤੇ ਲਿਖਤ ਦਾ ਜਵਾਬ ਲਿਖਤ ਵਿਚ ਹੀ ਦੇਣਾ ਬਣਦਾ ਹੈ, ਡਾਂਗ ਸੋਟੇ ਵਿਚ ਨਹੀਂ।

ਦਹਿਸ਼ਤਗਰਦੀ ਦਾ ਖ਼ਤਰਾ ਪੰਜਾਬ ਦੇ ਸਿਰ ਤੋਂ ਉਤਾਰਨ ਵਾਸਤੇ ਜਿਹੜੇ ਲੋਕ ਪੁਲਿਸ ਦੇ ਭਰੋਸੇ ਬੈਠੇ ਹਨ, ਵੱਡੀ ਗਲਤੀ ਕਰਦੇ ਹਨ। ਅਸਾਂ ਵੇਖਿਆ ਹੈ ਕਿ ਕਿਵੇਂ ਦਹਿਸ਼ਤਗਰਦੀ ਦੇ ਵੇਲੇ ਪੁਲਿਸ ਬਰਾਬਰ ਦੀ ਦਹਿਸ਼ਤਗਰਦ ਬਣਦੀ ਹੈ। ਸ਼ਾਇਦ ਬਰਾਬਰ ਤੋਂ ਵੱਧ, ਬੀਤੇ ਸਮੇਂ ਵਿਚ ਪੰਜਾਬ ਪੁਲਿਸ ਨੇ ਤਸ਼ੱਦਦ ਦੇ ਮੌਕੇ ਸਿਰਫ ਕਾਨੂੰਨ ਹੀ ਨਹੀਂ, ਇਨਸਾਨੀਅਤ ਵੀ ਛਿੱਕੇ 'ਤੇ ਟੰਗ ਰੱਖੀ ਸੀ। ਲੋਕਾਂ ਦੀ ਜਾਗਰੂਕਤਾ, ਹੱਕਾਂ ਦੀ ਸਹੀ ਪਛਾਣ ਤੇ ਜੂਝਣ ਦੇ ਸਿਦਕੀ ਰਸਤੇ ਅਤੇ ਹਿੰਸਾ ਪ੍ਰਤੀ ਵਿਆਪਕ ਨਫ਼ਰਤ ਹੀ ਇਸ ਨੂੰ ਰੋਕ ਸਕਦੀ ਹੈ। ਇਹ ਕੰਮ ਸਭ ਤੋਂ ਅੱਗੇ ਹੋ ਕੇ ਲੇਖਕ ਬਿਰਾਦਰੀ ਹੀ ਕਰ ਸਕਦੀ ਹੈ, ਬੇਸ਼ੱਕ ਹਰ ਲੇਖਕ ਦਾ ਤਰੀਕਾ ਤੇ ਅੰਦਾਜ਼ ਵੱਖਰਾ ਹੋ ਸਕਦਾ ਹੈ। ਇਸ ਸਬੰਧ ਵਿਚ ਸ਼ਾਇਦ ਤੁਸੀਂ ਹੈਰਾਨ ਹੋਵੋ ਕਿ ਇਸ ਖਤ ਦੇ ਲੇਖਕ ਨੇ ਬੰਬਈ ਕਾਂਡ ਦੇ ਦਹਿਸ਼ਤਗਰਦ ਅਜਮਲ ਕੱਸਾਬ ਦੇ ਨਾਂ ਵੀ ਖੁੱਲ੍ਹਾ ਖਤ ਲਿਖਿਆ ਸੀ ਜਿਸ ਵਿਚ ਉਸ ਨੂੰ 'ਪਿਆਰੇ ਪੁੱਤਰ ਅਜਮਲ' ਕਹਿ ਕੇ ਸੰਬੋਧਨ ਕੀਤਾ ਤੇ ਉਸ ਦੀ ਨੁਕਤਾਚੀਨੀ ਦੇ ਨਾਲ ਹੀ ਲੰਮੀ ਉਮਰ ਦੀ ਦੁਆ ਵੀ ਕੀਤੀ ਸੀ। ਇਹ ਪੰਜਾਬੀ, ਹਿੰਦੀ ਤੇ ਉਰਦੂ ਵਿਚ ਕੁਝ ਜਗ੍ਹਾ ਹੀ ਛਪਿਆ। ਤਾਰੀਫ਼ ਵੀ ਮਿਲੀ ਤੇ ਧਮਕੀਆਂ ਵੀ। ਮੈਂ ਤਿਹਾੜ ਜੇਲ ਵਿਚ ਦਵਿੰਦਰ ਸਿੰਘ ਭੁੱਲਰ ਦੇ ਨਾਂ ਵੀ ਚਿੱਠੀ ਲਿਖੀ ਸੀ ਜੋ ਉਸ ਤੱਕ ਨਹੀਂ ਪਹੁੰਚ ਸਕੀ।

ਦਹਿਸ਼ਤਗਰਦੀ ਦੇ ਖ਼ਤਰੇ ਦੇ ਬਰਾਬਰ ਹੀ ਪੰਜਾਬ ਉਪਰ ਹਿੰਦੁਸਤਾਨ ਤੇ ਪਾਕਿਸਤਾਨ

*ਸਨਅਤਕਾਰਾਂ ਤੇ ਕਾਰੋਬਾਰੀ ਲੋਕਾਂ ਨੇ ਪਿਛਲੀ ਦਹਿਸ਼ਤਗਰਦੀ ਦਾ ਸੰਤਾਪ ਝੱਲਿਆ ਹੋਇਆ ਹੈ। ਕਈ ਲੋਕ ਉਨ੍ਹਾਂ ਦਿਨਾਂ ਨੂੰ ਪੰਜਾਬ ਦੇ ਕਾਲੇ ਦਿਨ ਕਰਕੇ ਯਾਦ ਕਰਦੇ ਹਨ ਤੇ ਕਈ ਉਸ ਨੂੰ ਸਿੱਖ ਸੰਘਰਸ਼ ਦੇ ਸੁਨਹਿਰੀ ਪੰਨੇ ਦੱਸਦੇ ਹਨ। ਤੁਸੀਂ ਪਤਾ ਨਹੀਂ ਕੀ ਕਹਿੰਦੇ ਹੋਵੋਗੇ? ਵੈਸੇ ਕਿਸੇ ਮੰਗ ਉਪਰ ਲੋਕਾਂ ਦੀ ਲਾਮਬੰਦੀ ਤੇ ਅੰਦੋਲਨ ਕਰਨਾ ਤਾਂ ਸੰਘਰਸ਼ ਹੋਇਆ ਪਰ ਬੰਦੇ ਮਾਰਨੇ ਤੇ ਆਪ ਮਰੀ ਜਾਣਾ ਕਿਧਰ ਦਾ ਸੰਘਰਸ਼ ਹੈ?*

ਵਿਚਾਲੇ ਲੜਾਈ ਦੀ ਚਰਚਾ ਵੀ ਤਬਾਹਕੁਨ ਸਾਬਿਤ ਹੋ ਰਹੀ ਹੈ। ਲੜਾਈ ਨਹੀਂ, ਲੜਾਈ ਦੀ ਚਰਚਾ ਹੀ ਪੰਜਾਬ ਦੇ ਵਿਕਾਸ ਉਪਰ ਡੱਕਾ ਲਾ ਕੇ ਖੜੋ ਜਾਂਦੀ ਹੈ। ਜਦ ਤਕ ਇਸ ਲੜਾਈ ਦਾ ਵਰਕਾ ਹੀ ਨਹੀਂ ਪਾਟ ਜਾਂਦਾ ਪੰਜਾਬ ਵਿਚ ਪੈਸੇ ਦਾ ਨਿਵੇਸ਼ ਨਹੀਂ ਹੋ ਸਕਦਾ। ਦੂਜੇ ਪਾਸੇ ਮੈਂ ਇਹ ਵੀ ਕਹਿ ਸਕਦਾ ਹਾਂ ਕਿ ਚਾਹੇ ਅਰਥਸ਼ਾਸਤਰੀਆਂ ਦੀ ਕਾਨਫਰੰਸ ਬੁਲਾ ਕੇ ਪੁੱਛ ਲਵੋ, ਮੈਂ ਵੀ ਕਈ ਸਾਲ ਅਰਥਸ਼ਾਸਤਰ ਪੜ੍ਹਾਇਆ ਹੈ ਤੇ ਸ਼ਰਤ ਨਾਲ ਕਹਿੰਦਾ ਹਾਂ ਕਿ ਪੰਜਾਬ ਦੀ ਆਰਥਿਕਤਾ ਵਿਚ ਇਕੋ ਚੀਜ਼ ਜਾਨ ਪਾ ਸਕਦੀ ਹੈ, ਉਹ ਹੈ ਪਾਕਿਸਤਾਨ ਨਾਲ ਵੱਡੇ ਪੈਮਾਨੇ ਦਾ ਵਪਾਰ। ਇਸੇ ਤਰੀਕੇ ਨਾਲ ਪੰਜਾਬ 1966 ਵਿਚ ਇਸ ਦੇ ਸਿਰ ਮੜ੍ਹੀ ਪਾਕਿਸਤਾਨ ਦੇ ਨਜ਼ਦੀਕ ਹੋਣ ਦੇ ਸਰਾਪ ਨੂੰ ਵਰਦਾਨ ਵਿਚ ਬਦਲ ਸਕਦਾ ਹੈ।

ਲੇਖਕ ਸੱਜਣ ਹਰ ਪੰਦਰਾਂ ਅਗਸਤ ਨੂੰ ਵਾਹਗਾ ਬਾਰਡਰ 'ਤੇ ਮੋਮਬੱਤੀਆਂ ਬਾਲਦੇ ਹਨ। ਆਪਣੀਆਂ ਲਿਖਤਾਂ ਰਾਹੀਂ ਕਾਫ਼ੀ ਉਪਰਾਲੇ ਵੀ ਕਰਦੇ ਹਨ। ਲੇਕਿਨ ਸਰਹੱਦ ਦੇ ਦੋਹੀਂ ਪਾਸੀਂ ਪੰਜਾਬੀ ਵੱਸਦੇ ਹੋਣ ਦਾ ਜੋ ਅਸਰ ਪਾਇਆ ਜਾ ਸਕਦਾ ਹੈ, ਯਤਨ ਨਹੀਂ ਕੀਤੇ ਗਏ। ਸਮੁੱਚੇ ਪੰਜਾਬੀਆਂ ਦੀ ਏਕਤਾ ਦਾ ਨਾਹਰਾ ਦੋ ਮੁਲਕਾਂ ਦੀ ਏਕਤਾ ਵਾਸਤੇ ਸਹਾਈ ਹੋ ਸਕਦਾ ਹੈ। ਲੇਖਕ ਕਰਦੇ ਜ਼ਰੂਰ ਹਨ ਪਰ ਇਸ ਬਾਰੇ ਜੋ ਵੱਧ ਤੋਂ ਵੱਧ ਕੀਤਾ ਜਾ ਸਕਦਾ ਹੈ, ਨਹੀਂ ਹੋ ਰਿਹਾ। ਤੁਸਾਂ ਸਾਰੀ ਕਿਤਾਬ ਪੰਜਾਬ ਦੇ ਦਰਦ ਵਿਚ ਲਿਖੀ ਪਰ ਇਸ ਬਾਰੇ ਇਕ ਸਤਰ ਨਹੀਂ ਸਰੀ। ਘੱਟੋ ਘੱਟ ਤੁਸੀਂ ਤਾਂ ਇਹ ਵੀ ਕਹਿ ਸਕਦੇ ਸਉ ਕਿ ਏਧਰ ਵੀ ਬਹੁਗਿਣਤੀ ਦਾ ਰਾਜ ਤੇ ਓਧਰ ਵੀ। ਫਿਰ ਬਹੁਗਿਣਤੀਆਂ ਦੇ ਏਕੇ ਦੀ ਦੁਹਾਈ ਤਾਂ ਪਾ ਹੀ ਸਕਦੇ ਸਉ।

## ਪੰਜਾਬ ਦੀ ਪੱਗ

ਇਨ੍ਹਾਂ ਸਤਰਾਂ ਨੂੰ ਸਮੇਟ ਹੀ ਰਿਹਾ ਸਾਂ ਕਿ ਅਖ਼ਬਾਰ ਵਿਚ ਇਕ ਕਿਤਾਬ ਦਾ ਜ਼ਿਕਰ ਪੜ੍ਹਿਆ ਜਿਸ ਵਿਚ ਜਸਵੰਤ ਸਿੰਘ ਕੰਵਲ ਨੂੰ ਪੰਜਾਬ ਦੀ ਪੱਗ ਦਾ ਖ਼ਿਤਾਬ ਦਿੱਤਾ ਹੈ। ਪਤਾ ਨਹੀਂ ਕਦੋਂ ਪੜ੍ਹ ਸਕਾਂ ਪਰ ਇਕ ਉਤਸੁਕਤਾ ਜ਼ਰੂਰ ਹੈ ਕਿ ਪਤਾ ਨਹੀਂ ਉਸ ਵਿਚ ਤੁਹਾਨੂੰ ਵਡਿਆਇਆ ਗਿਆ ਹੈ ਕਿ ਛੁਟਿਆਇਆ ਗਿਆ ਹੈ। ਇਕ ਵਿਅਕਤੀ ਕਿਸੇ ਇਕ ਸੂਬੇ ਦੀ ਪੱਗ ਹੋ ਸਕਦਾ ਹੋਵੇਗਾ ਅਜੇ ਬੁਝਾਰਤ ਹੀ ਹੈ। ਕੀ ਬਾਕੀ ਸੂਬਿਆਂ ਵਿਚ ਵੀ ਹਰ ਸੂਬੇ ਦੀ ਕੋਈ ਬੰਦਾ ਪੱਗ ਹੁੰਦਾ ਹੋਵੇਗਾ। ਅਜੇ ਇਹ ਵੀ ਨਹੀਂ ਪਤਾ ਕਿ ਤੁਹਾਨੂੰ ਇਕ ਨਿੱਕੀ ਜਿਹੀ ਸੂਬੀ ਦੀ ਪੱਗ ਅਖਵਾ ਕੇ ਕੀ ਮਹਿਸੂਸ ਹੁੰਦਾ ਹੋਵੇਗਾ? ਇਕ ਚਿੰਤਾ ਹੋਰ ਵੀ ਹੈ ਜਿਸ ਤਰ੍ਹਾਂ ਮੇਰਾ, ਮੇਰਾ, ਮੇਰਾ ਦੀ ਰੱਟ ਚੱਲ ਰਹੀ ਹੈ, ਕੱਲ ਨੂੰ ਕਿਸੇ 'ਅਣਖੀ ਯੋਧੇ' ਨੇ, 'ਆਪਣੀ ਮਿੱਟੀ ਦੇ ਜਾਏ' ਨੇ, ਮਾਲਵੇ ਦੀ ਧਰਤੀ ਦੇ ਲੋਕਾਂ ਦੀ 'ਅਣਖ ਜਗਾ' ਦਿੱਤੀ ਤੇ ਲੰਬੇ ਸੰਘਰਸ਼ ਤੋਂ ਬਾਅਦ ਮਾਲਵਾ ਸੂਬਾ ਬਣ ਗਿਆ ਤਾਂ ਫਿਰ ਕੀ ਤੁਸੀਂ ਆਪਣੇ ਖ਼ਿਤਾਬ ਵਿਚ ਤਰਮੀਮ ਕਰਕੇ 'ਮਾਲਵੇ ਦੀ ਪੱਗ' ਬਣੋਗੇ?

ਸ਼ਾਇਦ ਤੁਸੀਂ ਕਹੋਗੇ ਕਿ ਵੰਡੀਆਂ ਨਾ ਪਾ। ਮਾਲਵਾ, ਮਾਝਾ ਤੇ ਦੋਆਬਾ ਸਭ ਪੰਜਾਬ ਦੀ ਸ਼ਾਨ ਹਨ। ਇਸੇ ਲੜੀ ਵਿਚ ਜੇ ਮੈਂ ਕਹਾਂ ਕਿ ਪੰਜਾਬ, ਹਰਿਆਣਾ ਤੇ ਬੰਗਾਲ ਸਭ ਹਿੰਦੁਸਤਾਨ ਦੀ ਸ਼ਾਨ ਹੈ ਤੇ ਕਹਾਂ ਕਿ ਹਿੰਦੁਸਤਾਨ, ਪਾਕਿਸਤਾਨ ਤੇ ਚੀਨ ਸਭ ਇਸ ਸੰਸਾਰ ਦੀ ਸ਼ਾਨ ਹੈ ਤਾਂ ਤੁਸੀਂ ਕਹੋਗੇ ਕਿ ਨਹੀਂ ਆਪਣੀ ਮਿੱਟੀ ਦੀ ਪਛਾਣ ਕਰ ਤੇ ਹੋ ਸਕਦਾ ਹੈ ਕਿ ਉਹ ਮਿੱਟੀ ਮੈਨੂੰ ਆਪਣੇ ਪਿੰਡ ਦੀ 'ਆਪਣੀ ਪੱਤੀ' ਵਿਚ ਹੀ ਰੱਖੇ। ਧਰਤੀ ਦੀਆਂ ਲਕੀਰਾਂ ਦੀ ਗੱਲ ਇਸ ਕਰਕੇ ਜ਼ਰੂਰੀ ਹੋ ਗਈ ਕਿ ਹੋ ਸਕਦਾ ਹੈ ਕਿ 1947 ਜਾਂ 1966 ਤੋਂ ਪਹਿਲਾਂ ਵੀ ਕੋਈ ਪੰਜਾਬ ਦੀ ਪੱਗ ਬਣੇ ਹੋਣ। ਜੇ ਹੋਏ ਤਾਂ ਕੀ ਹੁਣ ਉਹ ਪਟਕਾ ਹੀ ਰਹਿ ਗਏ ਹੋਣਗੇ? ਇਸੇ ਵਿਚ ਸਵਾਲ ਹੈ ਕਿ ਤੁਹਾਨੂੰ ਕਿਸ ਪੰਜਾਬ ਦੀ ਪੱਗ ਬਣਾਇਆ ਗਿਆ ਹੈ! 47 ਤੋਂ ਪਹਿਲਾਂ ਵਾਲੇ, 66 ਤੋਂ ਪਹਿਲਾਂ ਵਾਲੇ ਕਿ ਹੁਣ ਵਾਲੀ ਸੂਬੀ ਦੀ?

ਖੈਰ! ਫਿਰ ਵੀ ਜੇ ਤੁਹਾਨੂੰ ਇਹ ਖ਼ਿਤਾਬ ਮਿਲਿਆ ਹੈ ਤਾਂ ਕੋਈ ਤਾਂ ਸਿਫ਼ਤ ਵਾਲੀ ਗੱਲ ਹੋਵੇਗੀ, ਨਹੀਂ ਤਾਂ ਮੈਨੂੰ ਕਿਉਂ ਨਾ ਮਿਲ ਗਿਆ। ਜੇ ਨਹੀਂ ਮਿਲਿਆ ਤਾਂ ਮੈਂ ਕਾਹਨੂੰ ਸਾੜਾ ਕਰਾਂ। ਤੁਹਾਨੂੰ ਮੁਬਾਰਕਾਂ। ਨਾਲ ਹੀ ਮੈਂ ਇਹ ਵੀ ਸੋਚਦਾ ਹਾਂ ਕਿ ਕਿਤੇ ਇਹ ਖ਼ਿਤਾਬ ਪੰਜਾਬੀਆਂ ਨੂੰ ਗਾਲ੍ਹਾਂ ਕੱਢ ਕੇ ਤਾਂ ਨਹੀਂ ਲਿਆ। ਵੈਸੇ ਤੁਹਾਡੇ ਜਿਨ੍ਹਾਂ ਲਫ਼ਜ਼ਾਂ ਦੀ ਮੈਂ ਹੁਣ ਗੱਲ ਕਰਨ ਲੱਗਾ ਹਾਂ ਜੇ ਤਾਂ ਉਹ ਗਾਲ੍ਹ ਹੀ ਹੈ ਤਾਂ ਕੋਈ ਗੱਲ ਨਹੀਂ ਪਰ ਜੇ ਤੁਸੀਂ ਸੱਚੀ ਮੁੱਚੀਂ ਅਜਿਹੀ ਤਮੰਨਾ ਰੱਖਦੇ ਹੋ ਤਾਂ ਸੁਣ ਕੇ ਦਿਲ ਕੰਬਦਾ ਹੈ। ਤੁਸਾਂ ਲਿਖਿਆ ਹੈ, 'ਪੰਜਾਬ ਦੇ ਕਾਂਗਰਸੀਓ ਤੇ ਅਕਾਲੀਓ ਤੁਹਾਨੂੰ ਸੁੱਤਿਆਂ ਨੂੰ ਮੌਤ ਆ ਜਾਵੇ, ਮੈਂ ਕਦੇ ਨਾ ਰੋਵਾਂ'। ਲੇਕਿਨ ਪੰਜਾਬ ਵਿਚ ਕਾਂਗਰਸੀਆਂ ਤੇ ਅਕਾਲੀਆਂ ਤੋਂ ਬਿਨਾ ਹੋਰ ਹੈ ਕੌਣ? ਇਨ੍ਹਾਂ ਦੀਆਂ ਅੱਡ ਅੱਡ 30 ਤੋਂ 40 ਪ੍ਰਤੀਸ਼ਤ ਵੋਟਾਂ ਹੁੰਦੀਆਂ ਹਨ। ਇਹ ਸਾਰੇ ਮਰ ਗਏ ਤਾਂ ਇਨ੍ਹਾਂ ਨੂੰ ਫੂਕੂ ਕੌਣ? ਫਿਰ ਪੰਜਾਬ ਘੱਟਗਿਣਤੀ ਤਾਂ ਅਗਲੇ ਦਿਨ ਹੀ ਹੋ ਗਿਆ ਜਿਸ ਦਾ ਤੁਸੀਂ ਫਿਕਰ ਕਰ ਰਹੇ ਹੋ। ਤੁਸੀਂ ਇਹ ਕਹਿ ਕੇ ਫਿਕਰਾ ਪੂਰਾ ਕਰਦੇ ਹੋ ਕਿ 'ਸਿੱਖ ਕੌਮ ਸ਼ੁਕਰ ਮਨਾਵੇ ਕਿ ਲਾਹਨਤਾਂ ਗਲੋਂ ਲੱਥੀਆਂ'। ਲੇਕਿਨ ਸਿੱਖ ਕੌਮ ਦੀਆਂ ਵੋਟਾਂ ਨਾਲ ਹੀ ਤਾਂ ਇਹ ਜ਼ਿੰਦਾ ਹਨ। ਜੇ ਉਸ ਨੇ ਇਨ੍ਹਾਂ ਨੂੰ ਗਲੋਂ ਲਾਹੁਣਾ ਹੋਵੇ ਤਾਂ ਜਾਨੋਂ ਮਾਰਨ ਦੀ ਕੀ ਜ਼ਰੂਰਤ ਹੈ, ਵੋਟਾਂ ਨਾ ਪਾਵੇ ਤਾਂ ਇਹ ਨਾ ਜਿਉਂਦਿਆਂ ਵਿਚ ਤੇ ਨਾ ਮਰਿਆਂ ਵਿਚ! ਮੈਂ ਵੀ ਵੇਖ ਰਿਹਾ ਹਾਂ ਤੇ ਤੁਸੀਂ ਵੀ ਵੇਖ ਰਹੇ ਹੋ ਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਲੋਕ ਅਕਾਲੀਆਂ ਤੇ ਕਾਂਗਰਸੀਆਂ ਤੋਂ ਬਿਨਾਂ ਹੋਰ ਕਿਸੇ ਨੂੰ ਇਕ ਸੀਟ ਵੀ ਨਹੀਂ ਦੇ ਰਹੇ, ਸਹੁੰ ਖਾਣ ਨੂੰ ਵੀ ਨਹੀਂ। ਫਿਰ ਇਹ ਤੁਹਾਡੀ ਗਾਲ੍ਹ ਅਸਲ ਵਿਚ ਪੰਜਾਬੀਆਂ ਨੂੰ ਹੀ ਹੈ ਬੇਸ਼ੱਕ ਸਾਹਿਤਕ ਤਰਜ਼ ਵਿਚ 'ਸੁਣਾਉਣੀ ਨੂੰਹ ਨੂੰ ਤੇ ਕਹਿਣੀ ਧੀ ਨੂੰ' ਹੋਵੇ।

ਤੁਸੀਂ ਇਸ ਕਿਤਾਬ ਦੇ ਸ਼ੁਰੂ ਵਿਚ ਜਾਂਦੀ ਵਾਰ ਦੀ ਫਤਿਹ ਬੁਲਾਈ ਹੈ ਪਰ ਇਸ ਤੋਂ ਬਾਅਦ ਫਿਰ ਇਕ ਕਿਤਾਬ 'ਪੰਜਾਬ ਤੇਰਾ ਕੀ ਬਣੂ?' ਲਿਖੀ ਹੈ। ਮੈਂ ਨਹੀਂ ਪੜ੍ਹੀ। ਇਕ ਤਾਂ ਮੈਨੂੰ ਨਹੀਂ ਲੱਗਦਾ ਕਿ ਉਸ ਵਿਚ ਤੁਸਾਂ ਐਸ ਕਿਤਾਬ ਨਾਲੋਂ ਵੱਖਰਾ ਕੁਝ ਲਿਖਿਆ ਹੋਵੇਗਾ ਦੂਜਾ ਮੈਂ ਸਮਝਦਾ ਹਾਂ ਕਿ ਬੇਸ਼ੱਕ ਅੱਜ ਪੰਜਾਬ ਵਿਕਾਸ ਵਿਚ ਗੁਆਂਢੀ ਰਾਜਾਂ ਤੋਂ ਪਿੱਛੇ ਹੈ ਪਰ ਉਹ ਤੇਜ਼ੀ ਨਾਲ ਤਰੱਕੀ ਕਰ ਰਹੇ ਮੁਲਕ ਦਾ ਅਹਿਮ ਹਿੱਸਾ ਹੈ। ਫਿਰ ਜਿਵੇਂ ਹੁਣ ਦਹਿਸ਼ਤਗਰਦੀ ਦੇ ਬੱਦਲ ਉਚੇ ਹੋਏ ਹਨ, ਅਕਾਸ਼ ਸਾਫ ਵੀ ਹੋ ਸਕਦਾ ਹੈ ਤੇ ਪਾਕਿਸਤਾਨ ਨਾਲ ਵਪਾਰ ਖੋਲ੍ਹਣ ਦੀ ਹੋਈ ਸ਼ੁਰੂਆਤ ਤੇਜ਼ ਵੀ ਹੋ ਸਕਦੀ ਹੈ। ਇਹ ਦੋਵੇਂ ਚੀਜ਼ਾਂ ਪੰਜਾਬ ਨੂੰ ਜ਼ਰੂਰ ਹੁਲਾਰਾ ਦੇਣਗੀਆਂ। ਨਵੀਂ ਤਾਲੀਮ ਨਾਲ ਫਿਰਕੂ ਸੋਚਾਂ ਵੀ ਘਟ ਰਹੀਆਂ ਹਨ। ਛੂਤ ਛਾਤ ਖ਼ਤਮ ਹੋ ਰਹੀ ਹੈ। ਅੰਤਰਜਾਤੀ ਤੇ ਅੰਤਰ-ਧਰਮ ਵਿਆਹ ਤੇਜ਼ੀ ਫੜ੍ਹ ਰਹੇ ਹਨ। ਇਨ੍ਹਾਂ ਹੜ੍ਹਾਂ ਤੋਂ ਬਾਅਦ ਪੜੋਸੀ ਸੂਬਿਆਂ ਨਾਲ ਮਿਲਵਰਤਨ ਦੀ ਲੋੜ ਉਜਾਗਰ ਹੋਈ ਹੈ, ਇਹ ਅੱਗੇ ਵਧੇਗੀ। ਲਾਊਡਸਪੀਕਰਾਂ ਦੇ ਕਹਿਰ, ਅੰਧਵਿਸ਼ਵਾਸਾਂ, ਭਰੂਣ ਹੱਤਿਆ ਤੇ ਨਸ਼ਿਆਂ ਬਾਰੇ ਵੀ ਚੇਤਨਾ ਪੈਦਾ ਹੋ ਰਹੀ ਹੈ। ਆਪਾਂ ਇਨ੍ਹਾਂ ਪਾਸਿਆਂ ਵੱਲ ਉਪਰਾਲੇ ਵੀ ਕਰੀਏ ਤੇ ਅਰਦਾਸਾਂ ਵੀ। ਰੱਬ ਸੁੱਖ ਰੱਖੇ, ਸਭ ਠੀਕ ਹੋ ਸਕਦਾ ਹੈ। ਵੇਖੋ, ਚੰਗੀਆਂ ਉਮੀਦਾਂ ਨਾਲ ਨਾਸਤਿਕਾਂ ਨੂੰ ਵੀ ਰੱਬ ਚੇਤੇ ਆ ਜਾਂਦਾ ਹੈ। ਹਾਂ, ਤੁਸੀਂ ਜਾਂਦੀ ਵਾਰ ਦੀ ਫਤਿਹ ਦੀ ਗੱਲ ਨਾ ਕਰੋ। ਚੰਗੀ ਸਿਹਤ ਪਾਓ। ਲੰਮੀ ਉਮਰ ਪਾਓ, ਕੁਝ ਵਧੀਆ ਜਿਹਾ ਲਿਖੋ ਤੇ ਸੱਚੀਂ ਮੁੱਚੀਂ ਦਾ ਸੱਚ ਲਿਖੋ।

(ਸਮਾਪਤ)

# ਵਿਆਹ ਕਰਵਾ ਕੇ ਆਉਂਦੇ ਨਵੇਂ ਮੁੰਡੇ-ਕੁੜੀਆਂ ਦੀ ਮਾਨਸਿਕਤਾ

ਅਸੀਂ ਅੱਜ ਪਰਦੇਸਾਂ ਵਿਚ ਬੈਠੇ ਮੌਜਾਂ ਮਾਣ ਰਹੇ ਹਾਂ ਅਤੇ ਹਰ ਕੋਸ਼ਿਸ਼ ਕਰਦੇ ਹਾਂ ਕਿ ਆਪਣੇ-ਆਪ ਨੂੰ ਆਪਣੇ ਪੰਜਾਬ, ਪੰਜਾਬੀ ਸਭਿਆਚਾਰ ਤੇ ਵਿਰਸੇ ਨਾਲ ਜੋੜੀ ਰੱਖੀਏ। ਸਾਡੇ ਮਾਤਾ-ਪਿਤਾ ਜਾਂ ਦਾਦਾ-ਦਾਦੀ ਜੋ ਆਪਣੀ ਉਮਰ ਦਾ ਬਹੁਤ ਹਿੱਸਾ ਪੰਜਾਬ ਵਿਚ ਹੀ ਗੁਜ਼ਾਰ ਚੁੱਕੇ ਹਨ,

ਅੰਮ੍ਰਿਤਪਾਲ ਸਿੰਘ ਵਿਰਕ
ਫੋਨ:817-262-7938

ਕਿਸੇ ਅਣਗੁੱਤੇ ਬੂਟੇ ਵਾਂਗ ਇੱਥੇ ਜੜ੍ਹਾਂ ਕਰੜੀਆਂ ਕਰਨ ਤੋਂ ਅਸਮੱਰਥ ਨਜ਼ਰ ਆਉਂਦੇ ਹਨ। ਅਸੀਂ ਵੀ ਭਾਵੇਂ ਆਪਣੀ ਉਮਰ ਦੇ ਲਚਕੀਲੇਪਣ ਜਾਂ ਇਥੋਂ ਦੀ ਚਮਕ-ਦਮਕ ਵਾਲੀ ਦੁਨੀਆਂ ਕਾਰਨ ਆਪਣੇ-ਆਪ ਨੂੰ ਫਿੱਟ ਕਰ ਲਿਆ ਹੈ ਪਰ ਪੂਰੀ ਤਰ੍ਹਾਂ ਅਸੀਂ ਵੀ ਇੱਥੇ ਨਾ ਹੀ ਖੁਸ਼ ਹਾਂ ਅਤੇ ਨਾ ਹੀ ਸੁਰੱਖਿਅਤ ਮਹਿਸੂਸ ਕਰਦੇ ਹਾਂ। ਇੱਥੇ ਸਥਾਪਤ ਹੋਣ ਦੇ ਬਾਵਜੂਦ ਅਸੀਂ ਆਪਣੀ ਹਰ ਰਹੁ-ਰੀਤ ਵਿਚ ਆਪਣੇ ਪੰਜਾਬ ਦੀ ਮਿੱਟੀ ਸ਼ਾਮਲ ਕਰਨਾ ਲੋਚਦੇ ਹਾਂ। ਇਸੇ ਲਈ ਆਪਣੇ ਬੱਚਿਆਂ ਲਈ ਰਿਸ਼ਤੇ ਲੱਭਣ ਲਈ ਅਸੀਂ ਪੰਜਾਬ ਨੂੰ ਹੀ ਪਹਿਲ ਦਿੰਦੇ ਹਾਂ। ਆਪਣੀ ਸਮਝ ਅਤੇ ਪਹੁੰਚ ਮੁਤਾਬਕ ਅਸੀਂ ਯਤਨ ਕਰਦੇ ਹਾਂ ਕਿ ਉਥੋਂ ਆਉਣ ਵਾਲੇ ਜਵਾਈ ਜਾਂ ਨੂੰਹ ਉਥੋਂ ਦੇ ਚੰਗੇ, ਅਮੁੱਲੇ ਸੰਸਕਾਰ ਲੈ ਕੇ ਘਰ ਵਿਚ ਆਉਣ।

ਸਮੇਂ ਦੇ ਬਦਲਣ ਨਾਲ ਸਭ ਕੁਝ ਬਦਲਦਾ ਜਾ ਰਿਹਾ ਹੈ। ਪੰਜਾਬ ਦੇ ਹਾਲਾਤ ਹੁਣ ਉਹ ਨਹੀਂ ਰਹੇ ਜਿਸ ਵੇਲੇ ਅਸੀਂ ਉਥੋਂ ਪਰਦੇਸੀ ਹੋਏ ਸੀ। ਅੱਜਕੱਲ੍ਹ ਉਥੋਂ ਦੇ ਮੁੰਡੇ ਕੁੜੀਆਂ ਇਨ੍ਹਾਂ ਸੰਸਕਾਰਾਂ ਨੂੰ ਗ੍ਰਹਿਣ ਕਰਨ ਦੀ ਬਜਾਏ ਗੀਤਾਂ-ਗਾਣਿਆਂ ਅਤੇ ਫਿਲਮਾਂ ਬਣਾਉਣ ਵਾਲਿਆਂ ਦੀ ਜ਼ਿਆਦਾ ਨਕਲ ਕਰਦੇ ਹਨ। ਮੁੰਡੇ ਦੇ ਘਰ ਭਾਵੇਂ ਚੱਜ ਨਾਲ ਰੋਟੀ ਵੀ ਨਾ ਪੱਕਦੀ ਹੋਵੇ ਪਰ ਉਹਦੇ ਥੱਲੇ ਬੁਲੇਟ ਜ਼ਰੂਰ ਹੋਵੇ, ਇਹ ਉਥੋਂ ਦਾ ਟਰੈਂਡ ਬਣ ਗਿਆ ਹੈ। ਇਸੇ ਤਰ੍ਹਾਂ ਕੁੜੀ ਭਾਵੇਂ ਦਸਵੀਂ 'ਚੋਂ ਸਿਫਾਰਸ਼ਾਂ ਲਾ ਕੇ ਮਸਾਂ ਪਾਸ ਕਰਵਾਈ ਹੋਵੇ ਪਰ ਉਹ ਵੀ ਚੰਡੀਗੜ੍ਹ ਜਾ ਕੇ ਆਇਲੈਟਸ ਦਾ ਬਹਾਨਾ ਬਣਾਉਣ ਤੋਂ ਗੁਰੇਜ਼ ਨਹੀਂ ਕਰਦੀ। ਹਾਲਾਤ ਇੱਥੋਂ ਤੱਕ ਬਦਤਰ ਹੈ ਕਿ ਨਾ ਹੀ ਕਿਸੇ ਮੁੰਡੇ, ਤੇ ਨਾ ਹੀ ਕਿਸੇ ਕੁੜੀ ਨੂੰ ਘਰਦਿਆਂ ਦੀ ਆਰਥਿਕਤਾ ਦਾ ਕੋਈ ਫ਼ਿਕਰ ਹੈ; ਘਰਦਿਆਂ ਬਾਰੇ ਤਾਂ ਕੀ ਫਿਕਰ ਹੋਣਾ ਹੈ? ਉਨ੍ਹਾਂ ਨੂੰ ਐਸ਼ ਭਰਪੂਰ ਜ਼ਿੰਦਗੀ ਚਾਹੀਦੀ ਹੈ, ਘਰ ਦੇ ਭਾਵੇਂ ਗੁਆਂਢੀਆਂ ਤੋਂ ਆਟਾ ਮੰਗ ਕੇ ਹੀ ਸਾਰਨ। ਇਹੋ ਜਿਹੇ ਮੁੰਡੇ ਕੁੜੀਆਂ ਤੋਂ ਅਸੀਂ ਕਿਸ ਤਰ੍ਹਾਂ ਦੇ ਸੰਸਕਾਰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ? ਇਸ ਤਰ੍ਹਾਂ ਦੇ ਘਰੋਂ ਬਾਹਰੇ ਹੋਏ ਮੁੰਡੇ ਕੁੜੀਆਂ ਦੇ ਸੁਰੱਖਣ ਦਾ ਮੁੱਲ ਪੈ ਕੇ ਜਦੋਂ ਕਦੇ ਉਨ੍ਹਾਂ ਦਾ ਬਾਹਰਲੇ ਮੁਲਕਾਂ ਦੀ ਧਰਤੀ 'ਤੇ ਪੈਰ ਪੈ ਜਾਂਦਾ ਹੈ ਤਾਂ ਉਨ੍ਹਾਂ ਦੇ ਤਾਂ ਨਖ਼ਰੇ ਹੀ ਨਹੀਂ ਮਾਣ ਹੁੰਦੇ! ਇਹ ਇੱਥੇ ਦੂਸਰਿਆਂ ਨੂੰ ਇਉਂ ਮਹਿਸੂਸ ਕਰਵਾਉਂਦੇ ਹਨ ਜਿਵੇਂ ਇੱਥੇ ਸਾਰੇ ਅਨਪੜ੍ਹ ਹੋਣ, ਤੇ ਦੁਨੀਆਂ ਬਾਰੇ ਸਿਰਫ ਉਹ ਹੀ ਜਾਣਦੇ ਹੋਣ। ਇਨ੍ਹਾਂ ਵਿਚੋਂ ਕਈਆਂ ਦੀ ਤਾਂ ਸਟੇਟਮੈਂਟ ਇਹੋ ਜਿਹੀ ਹੁੰਦੀ ਹੈ ਕਿ ਤੁਹਾਨੂੰ ਪੈਸਾ ਖ਼ਰਚਣਾ ਹੀ ਨਹੀਂ ਆਉਂਦਾ, ਹਾਲਾਂਕਿ ਕਮਾਉਣ ਬਾਰੇ ਉਹ ਕੁਝ ਨਹੀਂ ਜਾਣਦੇ ਹੁੰਦੇ!

ਇਹੋ ਜਿਹੇ ਕਾਕੇ, ਕਾਕੀਆਂ ਦਾ ਖੁਦ ਦਾ ਕੋਈ ਸਟੈਂਡ ਹੁੰਦਾ ਨਹੀਂ। ਉਹ ਇੱਥੇ ਵਸਦੇ-ਰਸਦੇ ਮਿਹਨਤੀ ਪਰਿਵਾਰਾਂ ਵਿਚ ਜ਼ਰੂਰ ਪੁਆੜਾ ਪਾ ਦਿੰਦੇ ਨੇ, ਤੇ ਕੁਝ ਉਨ੍ਹਾਂ ਪ੍ਰਤੀ ਬਣੇ ਇੱਥੋਂ ਦੇ ਨਰਮ ਕਾਨੂੰਨ ਉਨ੍ਹਾਂ ਦੇ ਹਰ ਮਕਸਦ ਨੂੰ ਪੂਰਾ ਕਰਨ ਵਿਚ ਪੂਰੀ ਤਰ੍ਹਾਂ ਸਹਾਈ ਹੁੰਦੇ ਨੇ। ਕਈ ਵਾਰ ਤਾਂ ਉਹ ਇੱਥੋਂ ਤੱਕ ਚਲਾਕੀ ਵਰਤਦੇ ਹਨ ਕਿ ਕਿਸੇ ਦੂਰ ਦੇ ਰਿਸ਼ਤੇਦਾਰ ਜਾਂ ਮਿੱਤਰ ਦੇ ਕੰਨ ਭਰ ਕੇ ਕਿ ਉਹ ਇਸ ਪਰਿਵਾਰ ਵਿਚ ਬਹੁਤ ਦੁਖੀ ਹਨ, ਘਰ ਵਾਲਿਆਂ ਲਈ ਇੱਥੋਂ ਦੇ ਨਾਗਰਿਕਾਂ ਤੋਂ ਹੀ ਮੁਸ਼ਕਲ ਖੜ੍ਹੀ ਕਰਵਾ ਦਿੰਦੇ ਹਨ। ਇਹੋ ਜਿਹਾ ਹਾਦਸਾ ਮੇਰੇ ਇਕ ਜਾਣਕਾਰ ਨਾਲ ਵਾਪਰ ਚੁੱਕਿਆ ਹੈ ਜੋ 300 ਕਿਲੋਮੀਟਰ ਦੀ ਸਪੀਡ ਨਾਲ ਮੁਸ਼ਕਲ ਵਿਚ ਫਸੀ ਇਕ ਲੜਕੀ ਦੀ ਮੱਦਦ ਕਰ ਰਿਹਾ ਸੀ ਅਤੇ ਉਸ ਨੂੰ ਇੱਥੋਂ ਦੀ ਨਾਗਰਿਕ ਬਣਾਉਣ ਵਿਚ ਸਹਾਇਤਾ ਕਰ ਰਿਹਾ ਸੀ, ਨਾਲ ਉਸ ਲੜਕੀ ਦੇ ਸਹੁਰੇ ਪਰਿਵਾਰ ਨੂੰ ਵੀ ਬੁਰਾ ਭਲਾ ਕਹਿੰਦਾ ਰਿਹਾ। ਬਾਅਦ ਵਿਚ ਪਤਾ ਲੱਗਿਆ ਕਿ ਪਰਿਵਾਰ ਦੀ ਕੋਈ ਗਲਤੀ ਨਹੀਂ ਸੀ ਸਗੋਂ ਕੁੜੀ ਪਿੱਛੇ ਕਿਸੇ ਮੁੰਡੇ ਨਾਲ ਪਿਆਰ ਵਿਆਹ ਦਾ ਲਾਰਾ ਲਾ ਚੁੱਕੀ ਸੀ ਜਿੱਥੇ ਉਸ ਨੇ ਬਾਅਦ ਵਿਚ ਵਿਆਹ ਵੀ ਕਰਵਾਇਆ। ਮੇਰੇ ਇਸ ਜਾਣਕਾਰ ਨੇ ਗਲਤੀ ਮੰਨਦਿਆਂ ਦੱਸਿਆ ਕਿ ਉਦੋਂ ਲੜਕੀ ਦੇ ਸਹੁਰੇ ਪਰਿਵਾਰ ਨੇ ਉਸ ਨੂੰ ਗੱਲ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਗੱਲ ਸਮਝਣ ਦੀ ਬਜਾਏ ਸਿਰਫ਼ ਕੁੜੀ ਦੀ ਗੱਲ ਹੀ ਸੁਣਦਾ ਰਿਹਾ ਜੋ ਸਰਾਸਰ ਝੂਠ ਬੋਲ ਕੇ ਆਪਣਾ ਮਕਸਦ ਪੂਰਾ ਕਰਨਾ ਚਾਹੁੰਦੀ ਸੀ। ਇਉਂ ਮੁੰਡੇ ਵਾਲਿਆਂ ਦਾ ਕੋਈ ਕਸੂਰ ਨਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਨਮੋਸ਼ੀ ਅਤੇ ਦੁੱਖ ਤਕਲੀਫ਼ਾਂ ਝੱਲਣੀਆਂ ਪਈਆਂ। ਇਸ ਤਰ੍ਹਾਂ ਦੇ ਮਸਲਿਆਂ ਵਿਚ ਬਹੁਤਾ ਕਰਕੇ ਉਹ ਲੋਕ ਖੱਜਲ-ਖੁਆਰ ਹੋ ਰਹੇ ਹਨ ਜਿਨ੍ਹਾਂ ਨੇ ਉਥੋਂ ਬਿਨਾਂ ਕਿਸੇ ਲਾਲਚ ਦੇ ਵਿਆਹ ਕੀਤੇ ਹਨ ਜਾਂ ਕੁੜੀ ਵਾਲਿਆਂ ਦੀ ਆਰਥਿਕ ਮੱਦਦ ਵੀ ਕੀਤੀ ਹੈ। ਇਸ ਤਰ੍ਹਾਂ ਹੀ ਉੱਥੋਂ ਦੇ ਮੁੰਡਿਆਂ ਵੱਲੋਂ ਕੀਤਾ ਜਾ ਰਿਹਾ ਹੈ।

ਸੋ, ਇੱਥੋਂ ਜਾ ਕੇ ਪੰਜਾਬ ਵਿਚ ਰਿਸ਼ਤੇ ਲੱਭਣ ਦੇ ਚਾਹਵਾਨ ਭੈਣ-ਭਰਾਵਾਂ ਨੂੰ ਬੇਨਤੀ ਹੈ ਕਿ ਇਹੋ ਜਿਹੀਆਂ ਗੱਲਾਂ ਦਾ ਧਿਆਨ ਰੱਖ ਕੇ ਹੀ ਰਿਸ਼ਤਾ ਲੱਭਣ ਤਾ ਕਿ ਕੋਈ ਅਜਿਹੀ ਮਾੜੀ ਘਟਨਾ ਨਾ ਵਾਪਰੇ। ਨਾਲ ਹੀ ਇਹ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ ਕਿ ਕਿਸੇ ਰਿਸ਼ਤੇਦਾਰ ਮਿੱਤਰ ਰਾਹੀਂ ਹੀ ਰਿਸ਼ਤਾ ਲੱਭਿਆ ਜਾਵੇ। ਦੂਜੀ ਗੱਲ, ਇੱਥੇ ਰਹਿੰਦਿਆਂ ਜੇ ਕੋਈ ਮੁੰਡਾ ਜਾਂ ਕੁੜੀ ਤੁਹਾਥੋਂ ਮੱਦਦ ਮੰਗਦਾ ਹੈ ਤਾਂ ਉਸ ਦੀ ਸਿੱਧੀ ਮਦਦ ਕਰਨ ਦੀ ਬਜਾਏ ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਕਰੋ ਤਾਂ ਕਿ ਕੋਈ ਸ਼ਰੀਫ਼ ਪਰਿਵਾਰ ਐਵੇਂ ਮੁਸੀਬਤ ਵਿਚ ਨਾ ਫਸ ਜਾਵੇ। ਇੱਥੇ ਨਾ ਹੀ ਮੈਂ ਸਾਰੇ ਮੁੰਡੇ ਜਾਂ ਕੁੜੀਆਂ ਨੂੰ ਗਲਤ ਕਿਹਾ ਹੈ ਅਤੇ ਨਾ ਹੀ ਇੱਥੇ ਰਹਿਣ ਵਾਲੇ ਸਾਰੇ ਪਰਿਵਾਰਾਂ ਨੂੰ ਸਹੀ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਪੰਜੇ ਉਂਗਲੀਆਂ ਕਦੀ ਵੀ ਬਰਾਬਰ ਨਹੀਂ ਹੁੰਦੀਆਂ ਪਰ ਕਿਤੇ ਵੀ ਅਜਿਹੇ ਹਾਲਾਤ ਪੈਦਾ ਹੋਣ ਬਾਰੇ ਹੀ ਜਾਣੂ ਕਰਵਾਇਆ ਹੈ ਤਾਂ ਕਿ ਜਿਸ ਮਕਸਦ ਨੂੰ ਪੂਰਾ ਕਰਨ ਲਈ ਅਸੀਂ ਮੁੰਡੇ-ਕੁੜੀਆਂ ਪੰਜਾਬ ਤੋਂ ਲਿਆਉਂਦੇ ਹਾਂ, ਉਹ ਪੂਰਾ ਹੋ ਸਕੇ।

## ਸਫ਼ਰ ਜ਼ਿੰਦਗੀ ਦਾ



**ਵਰਿਆਮ ਸਿੰਘ ਸੰਧੂ**

# ਧੂੜ ਵਿਚਲੇ ਕਣ

***ਵਰਿਆਮ ਸਿੰਘ ਸੰਧੂ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਅਤੇ ਸੰਤੋਖ ਸਿੰਘ ਧੀਰ ਦੀ ਪੀੜ੍ਹੀ ਤੋਂ ਅਗਲੀ ਪੀੜ੍ਹੀ ਦਾ ਮੋਹਰੀ ਕਹਾਣੀਕਾਰ ਹੈ। ਉਹ ਪੰਜਾਬ ਦੇ ਪੇਂਡੂ ਅਤੇ ਖਾਸ ਕਰ ਕਿਸਾਨੀ ਜੀਵਨ ਨੂੰ ਅਜਿਹੀ ਬਾਰੀਕੀ ਨਾਲ ਚਿਤਵਦਾ ਅਤੇ ਚਿਤਰਦਾ ਹੈ ਕਿ ਪਾਠਕ ਨੂੰ ਉਸ ਦੀਆਂ ਕਹਾਣੀਆਂ ਵਿਚਲਾ ਸੱਚ ਆਪਣੇ ਹੱਡੀਂ ਹੰਢਾਇਆ ਸੱਚ ਲੱਗਣ ਲੱਗ ਜਾਂਦਾ ਹੈ। ਪਾਠਕਾਂ ਨੂੰ ਇਹ ਸ਼ਿਕਾਇਤ ਤਾਂ ਹੋ ਸਕਦੀ ਹੈ ਕਿ ਉਸ ਦੀਆਂ ਕਹਾਣੀਆਂ ਕੁਝ ਵੱਧ ਲੰਮੀਆਂ ਹੁੰਦੀਆਂ ਹਨ ਪਰ ਭਾਵੇਂ ਇਹ ਪੰਜਾਬ ਦੀ ਦੋ ਦਹਾਕੇ ਲੰਮੀ ਖਾੜਕੂ ਲਹਿਰ ਦੇ ਵੇਲੇ ਤੋਂ ਪਹਿਲਾਂ ਦੀਆਂ "ਡੁੰਮ" ਜਿਹੀਆਂ ਕਹਾਣੀਆਂ ਹੋਣ ਜਾਂ ਖਾੜਕੂ ਵੇਲੇ ਦੀਆਂ "ਭੱਜੀਆਂ ਬਾਹੀਂ" ਵਰਗੀਆਂ ਅਤੇ ਜਾਂ ਖਾੜਕੂ ਲਹਿਰ ਤੋਂ ਬਾਅਦ ਦੀ "ਰਿਮਝਿਮ ਪਰਬਤ" ਵਰਗੀ ਕਹਾਣੀ-ਵਰਿਆਮ ਸੰਧੂ ਆਪਣੇ ਪਾਤਰਾਂ ਦੇ ਮਨਾਂ ਦੀਆਂ ਅਜਿਹੀਆਂ ਤੈਹਾਂ ਫੋਲਦਾ ਹੈ ਕਿ ਪਾਠਕ ਨੂੰ ਉਹ ਪਾਤਰ ਆਪਣੇ ਆਲੇ ਦੁਆਲੇ ਵਸਦੇ ਦਾਦੇ, ਨਾਨੇ, ਤਾਏ, ਚਾਚੇ ਜਾਂ ਵੱਡੇ-ਛੋਟੇ ਭਰਾ ਹੀ ਜਾਪਣ ਲੱਗਦੇ ਹਨ। ਹਾਲ ਹੀ ਵਿਚ ਉਸ ਦੀ ਛਪੀ ਸਾਹਿਤਕ ਸਵੈ-ਜੀਵਨੀ "ਧੂੜ ਵਿਚਲੇ ਕਣ" ਉਸ ਦੀ ਰਚਨਾ ਪ੍ਰਕ੍ਰਿਆ ਉਤੇ ਡੂੰਘੀ ਝਾਤ ਪੁਆਉਂਦੀ ਹੈ। ਇਨ੍ਹਾਂ ਕਾਲਮਾਂ ਵਿਚ ਅਸੀਂ ਇਹ ਸਵੈ-ਜੀਵਨੀ ਪਾਠਕਾਂ ਲਈ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ***

ਕੋਈ ਵੀ ਵਿਅਕਤੀ ਆਪਣੇ ਇਤਿਹਾਸ ਅਤੇ ਹਾਲਾਤ ਦੀ ਪੈਦਾਵਾਰ ਹੁੰਦਾ ਹੈ। ਜੇਕਰ ਮੈਂ ਲੇਖਕ ਬਣ ਸਕਿਆਂ ਤਾਂ ਇਸ ਕਰਕੇ ਨਹੀਂ ਕਿ ਮੇਰੇ ਉਤੇ ਪਰਮਾਤਮਾ ਦੀ ਕੋਈ ਖ਼ਾਸ ਮਿਹਰ ਹੋਈ ਸਗੋਂ ਇਸ ਕਰਕੇ ਕਿ ਮੇਰੇ ਪਿਛੋਕੜ ਅਤੇ ਚੌਗਿਰਦੇ ਵਿਚ ਕਿਧਰੇ ਨਾ ਕਿਧਰੇ, ਕੁੱਝ ਨਾ ਕੁੱਝ ਅਜਿਹਾ ਜ਼ਰੂਰ ਹੋਵੇਗਾ, ਜਿਸ ਸਦਕਾ ਮੇਰੇ ਅੰਦਰ ਲੇਖਕ ਬਣਨ ਦਾ ਬੀਜ ਡਿੱਗ ਪਿਆ, ਜੋ ਸਮਾਂ ਆਉਣ 'ਤੇ ਲੋੜੀਂਦੀ 'ਰੌਸ਼ਨੀ' ਅਤੇ 'ਗਰਮੀ' ਮਿਲਣ ਨਾਲ ਫੁੱਟ ਪਿਆ।

ਭਾਵੇਂ ਇਸ 'ਕੁਝ ਨਾ ਕੁਝ' ਦੀ ਪਛਾਣ ਕਰ ਸਕਣੀ ਡਾਢੀ ਮੁਸ਼ਕਿਲ ਹੈ ਪਰ ਫ਼ਿਰ ਵੀ ਬੀਤੇ ਉਤੇ ਨਜ਼ਰ ਮਾਰਿਆਂ ਕੋਈ ਕੋਈ ਨਕਸ਼ ਉਘੜਦਾ ਉਭਰਦਾ ਦਿੱਸ ਪੈਂਦਾ ਹੈ।

ਮੇਰਾ ਇਹ ਦਾਅਵਾ ਹਰਗਿਜ਼ ਨਹੀਂ ਕਿ ਮੋਗੇ ਦੇ ਖ਼ਾਨਦਾਨੀ ਵੈਦਾਂ ਦੀ 'ਵੈਦਗੀ' ਵਾਂਗ ਸਾਹਿਤਕਾਰੀ ਵੀ ਮੈਨੂੰ 'ਵਿਰਾਸਤ' ਵਿਚ ਮਿਲੀ ਹੈ! ਜਿੱਥੋਂ ਤੱਕ ਮੇਰਾ ਧਿਆਨ ਜਾਂਦਾ ਹੈ ਮੇਰੇ ਨਾਨਕਿਆਂ ਅਤੇ ਦਾਦਕਿਆਂ ਦੋਹਾਂ ਪਰਿਵਾਰਾਂ ਵਿਚੋਂ ਮੇਰਾ ਪਿਓ ਪਹਿਲਾ ਆਦਮੀ ਸੀ ਜਿਸਨੇ ਸੱਤ ਜਮਾਤਾਂ ਪਾਸ ਕੀਤੀਆਂ ਅਤੇ ਆਪਣੇ ਖ਼ਾਨਦਾਨ ਵਿਚੋਂ ਮੈਂ ਪਹਿਲਾ ਆਦਮੀ ਸਾਂ ਜਿਸਨੇ ਦਸ ਜਮਾਤਾਂ ਪਾਸ ਕੀਤੀਆਂ। ਇੰਜ ਪੜ੍ਹਨ-ਲਿਖਣ ਦਾ ਨਿਸਚੈ ਹੀ ਮੇਰਾ ਕੋਈ ਗੌਰਵਸ਼ਾਲੀ ਪਿਛੋਕੜ ਨਹੀਂ। 'ਮਾਝੇ ਦੀ ਧੁੰਨੀ' ਦੇ ਨਾਮ ਨਾਲ ਪ੍ਰਸਿੱਧ, ਜਿਸ ਇਲਾਕੇ ਵਿਚ ਮੈਂ ਜੰਮਿਆ ਪਲਿਆ ਤੇ ਪ੍ਰਵਾਨ ਚੜ੍ਹਿਆ ਉਸ ਭੁਗੋਲਿਕ ਖਿੱਤੇ ਵਿਚ 'ਤੇਗ ਦੇ ਧਨੀ' ਤਾਂ ਬਹੁਤ ਹੋਏ ਪਰ 'ਕਲਮ ਦਾ ਧਨੀ' ਕੋਈ ਵਿਰਲਾ ਹੀ ਹੋਇਆ। ਪਹਿਲਾਂ ਲਾਹੌਰ, ਆਜ਼ਾਦੀ ਪਿੱਛੋਂ ਅੰਮ੍ਰਿਤਸਰ ਅਤੇ ਹੁਣ ਵਾਲੇ ਜ਼ਿਲ੍ਹੇ ਤਰਨਤਾਰਨ ਵਿਚਲੇ ਮੇਰੇ ਆਪਣੇ ਪਿੰਡ ਸੁਰ ਸਿੰਘ ਦੇ ਭਾਈ ਬਿਧੀ ਚੰਦ ਅਤੇ ਭਾਈ ਮਹਾਂ ਸਿੰਘ ਤੋਂ ਇਲਾਵਾ, ਮਾਈ ਭਾਗੋ (ਝਬਾਲ), ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ (ਸਿੰਘਪੁਰਾ), ਸ਼ਹੀਦ ਭਾਈ ਤਾਰੂ ਸਿੰਘ (ਪੂਹਲਾ), ਸ਼ਹੀਦ ਬਾਬਾ ਦੀਪ ਸਿੰਘ (ਪਹੂਵਿੰਡ) ਸੁੱਖਾ ਸਿੰਘ (ਮਾੜੀ ਕੰਬੋਕੇ), ਬਾਬਾ ਬੀਰ ਸਿੰਘ ਆਦਿ ਅਨੇਕ ਸ਼ਹੀਦ ਸੂਰਮਿਆਂ ਦੀਆਂ ਯਾਦਾਂ ਨਾਲ ਸਬੰਧਤ ਪਿੰਡ ਇੱਕ ਦੂਜੇ ਦੀ ਵੱਖੀ ਨਾਲ ਵੱਖੀ ਲਾਈ ਖੜੋਤੇ ਹਨ। ਇਨ੍ਹਾਂ ਸੂਰਮਿਆਂ ਦੇ ਖੜਕਦੇ ਖੰਡਿਆਂ ਤੇ ਲਿਸ਼ਕਦੀਆਂ ਤਲਵਾਰਾਂ ਤੋਂ ਪਾਰ ਕਸੂਰ ਵਿਚ ਬਾਬਾ ਬੁੱਲੇ ਸ਼ਾਹ ਵੀ ਹੁਣ ਨਜ਼ਰੀਂ ਪੈ ਰਿਹਾ ਹੈ ਅਤੇ ਪਰ੍ਹੇ ਰਾਵੀ ਤੋਂ ਪਾਰ ਬਾਬਾ ਨਾਨਕ ਆਪਣੀ ਬਾਣੀ ਅਲਾਪ ਰਿਹਾ ਹੈ। ਇਹ ਦੋਵੇਂ ਸ਼ਾਇਰ ਭਾਵੇਂ ਸਮੁੱਚੀ ਪੰਜਾਬੀ ਕੌਮ ਦੀ ਮਹਾਨ ਵਿਰਾਸਤ ਹਨ ਪਰ ਮੈਨੂੰ ਲੇਖਕ ਬਣਾਉਣ ਵਿਚ ਇਨ੍ਹਾਂ ਦਾ ਕੋਈ ਤਤਕਾਲੀ ਰੋਲ ਨਹੀਂ।

ਉਂਜ ਵੀ ਜੱਟ ਭਾਈਚਾਰੇ ਦਾ ਮੁੱਖ ਕੰਮ ਮਾਲ-ਡੰਗਰ ਸਾਂਭਣਾ ਤੇ ਖੇਤੀ ਕਰਨਾ ਰਿਹਾ ਹੈ। ਪੜ੍ਹਨ-ਲਿਖਣ ਤੋਂ ਬਿਨਾਂ ਹੀ ਸਾਰ ਲੈਣ ਵਿਚ ਇਸ ਭਾਈਚਾਰੇ ਨੂੰ ਕਦੇ ਬਹੁਤਾ ਉਜਰ ਨਹੀਂ ਰਿਹਾ। ਹਾਂ, ਸਾਡੇ ਸੰਧੂ ਵਡੇਰਿਆਂ ਵਿਚੋਂ ਬਾਬਾ ਜੱਲ੍ਹਣ ਜ਼ਰੂਰ ਇੱਕ ਸ਼ਾਇਰ ਹੋਇਆ ਹੈ ਜਿਸ ਦੀ ਹਾਸ-ਰਸੀ ਖੜਕਵੀਂ ਕਵਿਤਾ ਦੀ ਮਿਸਾਲ ਪੰਜਾਬੀ ਸਾਹਿਤ ਦੇ ਇਤਿਹਾਸ ਵਿਚੋਂ ਮਿਲ ਜਾਂਦੀ ਹੈ। ਮੇਰੇ ਵਡੇਰਿਆਂ ਦੇ ਪਿੰਡ ਭਡਾਣਾ ਦੇ ਗੁਆਂਢੀ ਪਿੰਡ ਨੌਸ਼ਹਿਰਾ-ਢਾਲਾ ਵਿਚ ਪੈਦਾ ਹੋਏ ਬਾਬੇ ਜੱਲ੍ਹਣ ਨਾਲ ਜ਼ਰੂਰ ਮੇਰੀ ਕਿਤੇ ਨਾ ਕਿਤੇ ਜਾ ਕੇ ਖ਼ੂਨ ਦੀ ਸਾਂਝ ਬਣ ਜਾਂਦੀ ਹੋਣੀ ਹੈ ਕਿਉਂਕਿ 'ਭਡਾਣਾ' ਅਤੇ 'ਨੌਸ਼ਹਿਰਾ' ਦੋਵੇਂ ਸੰਧੂਆਂ ਦੇ ਵਸਾਏ ਪਿੰਡ ਹਨ। ਸੰਧੂ ਕਾਦਰਯਾਰ ਵਾਂਗ ਸੰਧੂ ਜੱਲ੍ਹਣ ਜੱਟ ਮੇਰੇ ਗੋਤੀ ਅਤੇ ਭਾਈਚਾਰਕ 'ਮਾਣ' ਦਾ ਕਾਰਨ ਤਾਂ ਹੋ ਸਕਦੇ ਹਨ ਪਰ ਮੈਨੂੰ ਲੇਖਕ ਬਨਾਉਣ ਵਿਚ ਉਨ੍ਹਾਂ ਦਾ ਕੋਈ ਯੋਗਦਾਨ ਨਹੀਂ ਆਖਿਆ ਜਾ ਸਕਦਾ। ਕਸੂਰ ਦੇ ਨੇੜਲੇ ਪਿੰਡ ਕਾਦੀਵਿੰਡ ਦਾ ਜੰਮ-ਪਲ ਸ਼੍ਰੋਮਣੀ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਭਾਵੇਂ ਪਿੱਛੋਂ ਜਾ ਕੇ ਇੱਕ ਬਹੁਤ ਮਾਣਯੋਗ ਨਾਵਲਕਾਰ ਵਜੋਂ ਵੀ ਉਭਰਿਆ; ਪਰ ਮੇਰੇ ਲਿਖਣ ਵਾਲੇ ਮੁੱਢਲੇ ਸਾਲਾਂ ਵਿਚ ਅਸੀਂ ਉਸ ਨੂੰ ਸਿਰਫ਼ ਢਾਡੀ ਵਾਰਾਂ ਦੇ ਲੇਖਕ ਵਜੋਂ ਹੀ ਜਾਣਦੇ ਹੁੰਦੇ ਸਾਂ।

ਤਾਂ ਕੀ ਮੈਂ ਰੱਬ ਵੱਲੋਂ 'ਵਰੋਸਾਈ' ਕੋਈ ਸ਼ਖ਼ਸੀਅਤ ਹਾਂ?

ਕਿਸੇ ਵਿਅਕਤੀ ਨੂੰ ਪ੍ਰਾਪਤ ਵਾਤਾਵਰਣ/ਪਰਿਵੇਸ਼ ਜਿੱਥੇ ਉਸ ਦੀ ਸ਼ਖ਼ਸੀਅਤ ਦੀ ਉਣਤਰ-ਬਣਤਰ ਵਿਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ, ਓਥੇ ਉਹ ਆਪਣੇ ਮਾਪਿਆਂ ਦੁਆਰਾ ਪ੍ਰਾਪਤ ਜੀਨਜ਼ ਰਾਹੀਂ, ਪੀੜ੍ਹੀ-ਦਰ-ਪੀੜ੍ਹੀ ਦੂਰ ਤੱਕ, ਆਪਣੇ ਖ਼ਾਨਦਾਨੀ ਵਡੇਰਿਆਂ ਤੋਂ ਵੀ ਅਜਿਹੇ ਸਰੀਰਕ/ਮਾਨਸਿਕ ਗੁਣ-ਲੱਛਣ ਗ੍ਰਹਿਣ ਕਰਦਾ ਹੈ, ਜਿਨ੍ਹਾਂ ਦਾ ਉਸ ਦੀ ਸ਼ਖ਼ਸੀਅਤ ਦੀ ਉਸਾਰੀ ਵਿਚ ਗੁੱਝਾ ਅਤੇ ਸਹਿਜ ਯੋਗਦਾਨ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

ਆਪਣੇ ਪ੍ਰਸੰਗ ਵਿਚ ਇਸ 'ਗੁੱਝੇ ਅਤੇ ਸਹਿਜ ਯੋਗਦਾਨ' ਦੀ ਵਿਆਖਿਆ ਕਰ ਸਕਣੀ ਸੰਭਵ ਨਹੀਂ। ਫ਼ਿਰ ਵੀ ਜੇ ਮੈਂ ਮੋਟਾ ਜਿਹਾ ਅਨੁਮਾਨ ਲਾਵਾਂ ਤਾਂ ਮੈਨੂੰ ਲੱਗਦਾ ਹੈ ਕਿ ਸਰੀਰਕ ਪੱਖੋਂ ਮੈਂ ਆਪਣੇ ਪਿਓ ਅਤੇ ਨਾਨੇ ਨਾਲ ਕਈ ਪੱਖਾਂ ਤੋਂ ਮਿਲਦਾ ਹਾਂ। ਇੱਕ ਵਾਰ ਮੇਰਾ ਨਾਨਾ ਸਾਡੇ ਪਿੰਡ ਆਇਆ, ਸਰਦੀਆਂ ਦੀ ਧੁੱਪ ਮਾਨਣ ਲਈ, ਹਵੇਲੀ ਵਿਚ ਲੇਟਿਆ ਹੋਇਆ ਆਰਾਮ ਕਰ ਰਿਹਾ ਸੀ। ਸਾਡੀ ਇੱਕ ਗੁਆਂਢਣ ਕੁੜੀ, ਮੇਰੀ ਭੈਣ ਦੀ ਸਹੇਲੀ, ਆਈ। ਉਸ ਨੇ ਅੱਖਾਂ ਮੀਟੀ ਸੁੱਤੇ ਜਾਪਦੇ ਨਾਨੇ ਦੇ ਚਿਹਰੇ ਵੱਲ ਵੇਖਿਆ ਤੇ ਹੈਰਾਨੀ ਨਾਲ ਮੇਰੀ ਭੈਣ ਨੂੰ ਆਖਿਆ, "ਹਾਇ ਨੀ! ਬਾਪੂ ਤਾਂ ਨਿਰਾ-ਪੁਰਾ ਭਾਅ ਜੀ ਵਰਗਾ...।"

ਨਾਨਾ ਜਾਗਦਾ ਪਿਆ ਸੀ। ਉਠ ਬੈਠਾ ਤੇ ਮੁਸਕਰਾ ਕੇ ਆਖਣ ਲੱਗਾ, "ਪੁੱਤ! ਬਾਪੂ ਭਾਅ ਜੀ ਵਰਗਾ ਨਹੀਂ; ਭਾਅ ਜੀ ਬਾਪੂ ਵਰਗਾ ਆਖ।"

ਸ਼ਬਦਾਂ ਦੀ ਠੀਕ ਤੇ ਸੁਚੇਤ ਵਰਤੋਂ ਕਰਨ ਦਾ ਹੁਨਰ ਕਿਸੇ ਵੀ ਲੇਖਕ ਦੀ ਪਹਿਲੀ ਵੱਡੀ ਲੋੜ ਹੈ। ਨਾਨਾ ਲੇਖਕ ਤਾਂ ਨਹੀਂ ਸੀ ਪਰ ਸ਼ਬਦਾਂ ਦੀ ਵਰਤੋਂ ਬਾਰੇ ਕਿੰਨਾਂ ਸੁਚੇਤ ਸੀ!

ਸੁਭਾਅ ਪੱਖੋਂ ਵੀ ਮੇਰਾ ਕੁੱਝ ਨਾ ਕੁੱਝ ਆਪਣੇ ਪਿਓ ਅਤੇ ਨਾਨੇ ਨਾਲ ਮਿਲਦਾ ਜੁਲਦਾ ਨਜ਼ਰ ਆਉਂਦਾ ਹੈ। ਮੇਰਾ ਪਿਓ ਅਤੇ ਨਾਨਾ ਦੋਵੇਂ ਹੀ ਬਹੁਤੀਆਂ ਗੱਲਾਂ ਕਰਨ ਵਾਲੇ ਇਨਸਾਨ ਨਹੀਂ ਸਨ। ਉਹ ਚੁੱਪ ਰਹਿਣ ਵਾਲੇ, ਥੋੜ੍ਹਾ ਕਹਿਣ ਵਾਲੇ ਤੇ ਬਹੁਤਾ ਸੁਣਨ ਵਾਲੇ ਇਨਸਾਨ ਸਨ। ਬਚਪਨ ਉਪਰ ਝਾਤ ਮਾਰਦਾ ਹਾਂ ਤਾਂ ਲੱਗਦਾ ਹੈ; ਮੈਂ ਵੀ ਬਹੁਤ ਅੰਤਰਮੁਖੀ ਕਿਸਮ ਦਾ ਬੱਚਾ ਸਾਂ। ਬਹੁਤ ਘੱਟ ਬੋਲਦਾ ਸਾਂ। ਬਹੁਤਾ ਸੁਣਦਾ ਤੇ ਵਾਚਦਾ ਸਾਂ। ਵੇਖੇ, ਸੁਣੇ, ਜਾਣੇ-ਮਾਣੇ ਤੇ ਵਾਚੇ ਵਰਤਾਰਿਆਂ ਦਾ ਅੰਦਰ ਹੀ ਅੰਦਰ ਪ੍ਰਭਾਵ ਮਹਿਸੂਸ ਕਰਦਾ ਰਹਿੰਦਾ। ਬੂੰਦ ਬੂੰਦ ਚੋਏ ਜਾਂਦੇ ਸ਼ਹਿਦ ਵਾਂਗ ਇਹ ਪ੍ਰਭਾਵ ਮੇਰੇ ਮਨ ਵਿਚ ਇਕੱਠੇ ਹੁੰਦੇ ਜਾਂਦੇ। ਮੈਂ ਬਿਆਨ ਨਾ ਕਰਦਾ ਪਰ ਦੁੱਖ-ਸੁੱਖ ਦੇ ਭਾਵ ਮੇਰੇ ਅੰਦਰ ਨੂੰ ਝੂਣਦੇ-ਹਲੂਣਦੇ ਰਹਿੰਦੇ। ਮੈਂ ਇਨ੍ਹਾਂ ਭਾਵਾਂ ਵਿਚ ਭਿੱਜਦਾ-ਸੁੱਕਦਾ ਰਹਿੰਦਾ।

ਹੁਣ ਵੀ ਮੈਂ ਬਹੁਤ ਵਧੀਆ ਸਰੋਤਾ ਹਾਂ। ਮਹਿਫ਼ਿਲਾਂ ਵਿਚ ਆਮ ਤੌਰ 'ਤੇ ਚੁੱਪ ਹੀ ਰਹਿੰਦਾ ਹਾਂ। ਦੂਜਿਆਂ ਨੂੰ ਕੁੱਝ ਸੁਣਾਉਣ ਨਾਲੋਂ ਉਨ੍ਹਾਂ ਕੋਲੋਂ ਕੁੱਝ ਸੁਣਨਾ ਮੈਨੂੰ ਵਧੇਰੇ ਚੰਗਾ ਲੱਗਦਾ ਹੈ। ਮੈਂ ਉਨ੍ਹਾਂ ਦੇ ਬੋਲਾਂ ਤੇ ਰਮਜ਼ਾਂ ਨੂੰ ਮਾਣਦਾ ਹਾਂ ਤੇ ਅੰਦਰ ਹੀ ਅੰਦਰ ਰਸ ਲੈਂਦਾ ਰਹਿੰਦਾ ਹਾਂ। ਜਿਹੜੇ ਮੇਰੇ ਨਿਕਟੀ ਦੋਸਤਾਂ ਨੇ ਮੈਨੂੰ ਇੱਕ 'ਗੱਲ-ਬਾਜ਼' ਵਜੋਂ ਜਾਣਿਆ ਅਤੇ ਵੇਖਿਆ ਹੈ ਉਨ੍ਹਾਂ ਨੂੰ ਮੇਰਾ 'ਚੁੱਪ ਰਹਿਣ' ਬਾਰੇ ਦਿੱਤਾ ਬਿਆਨ ਸ਼ਾਇਦ ਓਪਰਾ ਲੱਗਦਾ ਹੋਵੇ। ਬਹੁਤਾ ਚੁੱਪ ਰਹਿਣ ਦੇ ਨਾਲ ਨਾਲ ਹੀ ਕਦੀ ਕਦੀ ਮੈਨੂੰ ਬਹੁਤੀਆਂ ਗੱਲਾਂ ਮਾਰਨ ਦਾ ਵੀ ਸ਼ੌਕ ਜਾਗ ਪੈਂਦਾ ਹੈ। ਝੂਠ-ਸੱਚ ਰਲਾ ਕੇ ਮੈਂ ਮਹਿਫ਼ਿਲ ਨੂੰ ਗਰਮਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ। ਇਹ 'ਕਲਾ' ਮੈਨੂੰ ਸ਼ਾਇਦ ਮੇਰੀ ਮਾਂ ਕੋਲੋਂ ਮਿਲੀ ਹੈ। ਮੇਰਾ ਪਿਓ ਜਿੰਨਾ ਘੱਟ ਬੋਲਦਾ ਸੀ, ਮੇਰੀ ਮਾਂ ਉਸ ਤੋਂ ਉਲਟ ਆਏ-ਗਏ ਤੇ ਆਂਢਣਾਂ-ਗੁਆਂਢਣਾਂ ਨਾਲ ਘੰਟਿਆਂ ਬੱਧੀ ਗੱਲਾਂ ਮਾਰ ਸਕਦੀ ਸੀ। ਉਹਦੀ ਇਹ 'ਕਲਾ-ਕੌਸ਼ਲਤਾ' ਇਸ ਹੱਦ ਤੱਕ ਪ੍ਰਭਾਵਸ਼ਾਲੀ ਸੀ ਕਿ ਕਦੀ ਕਦੀ ਮੇਰੇ ਬੱਚੇ ਤੇ ਮੇਰੀ ਪਤਨੀ ਹੱਸਦੇ ਹੋਏ ਮੇਰੇ ਨਾਲ ਸ਼ਾਮਿਲ ਹੋ ਜਾਂਦੇ; ਜਦ ਮੈਂ ਕਹਿੰਦਾ, "ਬੀਬੀ ਤਾਂ ਕਦੀ ਕਦੀ ਐਨ ਸੱਚੀਂ-ਮੁੱਚੀਂ ਝੂਠ ਦਾ ਮਹਿਲ ਉਸਾਰ ਕੇ ਵਿਖਾ ਦਿੰਦੀ ਹੈ...।"

ਭਾਵੇਂ ਕਿ ਸੱਚ ਦਾ ਵਿਸ਼ਵਾਸ ਦਿਵਾਉਂਦਾ ਹੋਇਆ ਉਸ ਦਾ ਝੂਠ ਕਿਸੇ ਨਾ ਕਿਸੇ ਪੱਖੋਂ ਪਰਿਵਾਰਕ ਹਿਤ ਵਿਚ ਹੀ ਹੁੰਦਾ। ਬਕੌਲ ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਸੀਂ ਇਸ ਝੂਠ ਨੂੰ 'ਸੱਚਾ ਝੂਠ' ਦੇ ਖ਼ਾਨੇ ਵਿਚ ਰੱਖ ਸਕਦੇ ਹਾਂ। ਬੀਬੀ ਸਭ ਰਿਸ਼ਤੇਦਾਰਾਂ, ਭੈਣ-ਭਰਾਵਾਂ ਨੂੰ ਇੱਕ ਦੂਜੇ ਬਾਰੇ ਇਹੋ ਜਿਹੇ ਸੁਖਾਵੇਂ ਤੇ ਚੰਗੇ ਵੇਰਵੇ ਦੱਸਦੀ ਕਿ ਸੁਣਨ ਵਾਲੇ ਨੂੰ ਹੈਰਾਨੀ ਤੇ ਖ਼ੁਸ਼ੀ ਵਿਚ ਜਾਪਣ ਲੱਗਦਾ ਕਿ ਸ਼ਾਇਦ ਸੱਚੀਂ ਹੀ ਅਗਲਾ ਮੇਰੇ ਬਾਰੇ ਇੰਨੀ ਚੰਗੀ ਰਾਇ ਰੱਖਦਾ ਹੈ! ਉਂਜ ਭਾਵੇਂ ਅਸੀਂ ਇੱਕ ਦੂਜੇ ਬਾਰੇ ਥੋੜ੍ਹੀ ਬਹੁਤੀ ਕੜਵਾਹਟ ਜਾਂ ਤਣਾਓ ਹੀ ਮਹਿਸੂਸ ਕਿਉਂ ਨਾ ਕਰ ਰਹੇ ਹੁੰਦੇ, ਪਰ ਬੀਬੀ ਦੀਆਂ ਗੱਲਾਂ ਸੁਣਨ ਪਿੱਛੋਂ ਲੱਗਦਾ ਕਿ ਅਸੀਂ ਗ਼ਲਤ ਹਾਂ। ਪਰ ਅਸਲ ਵਿਚ ਜਦੋਂ ਅਸੀਂ ਆਪਸ ਵਿਚ ਮਿਲ ਕੇ, ਵਿਹਾਰ ਵਿਚ ਪੈ ਕੇ ਇੱਕ ਦੂਜੇ ਨੂੰ ਜਾਣਦੇ ਜਾਂ ਕੁੱਝ ਚਿਰ ਪਿੱਛੋਂ ਅਸਲੀਅਤ ਸਮਝ ਆਉਂਦੀ ਤਾਂ ਪਤਾ ਲੱਗਦਾ ਕਿ ਬੀਬੀ ਵੱਲੋਂ 'ਦੂਜੀ ਧਿਰ' ਬਾਰੇ ਦੱਸੀਆਂ ਬਹੁਤੀਆਂ ਗੱਲਾਂ ਤਾਂ ਮਨਘੜ੍ਹਤ ਸਨ। ਪਰ ਚੰਗੀ ਗੱਲ ਇਹ ਸੀ ਕਿ ਬੀਬੀ ਦੀਆਂ ਬਹੁਤੀਆਂ 'ਮਨਘੜ੍ਹਤ ਗੱਲਾਂ' ਪਰਿਵਾਰਕ ਅਤੇ ਸਮਾਜਕ ਸਬੰਧਾਂ ਨੂੰ ਵਿਗਾੜਨ ਦੀ ਥਾਂ, ਉਹਦੇ ਆਪਣੇ ਦ੍ਰਿਸ਼ਟੀਕੋਣ ਤੋਂ, ਸਵਾਰਨ ਦਾ ਹੀ ਇੱਕ ਸੁਹਿਰਦ ਉਪਰਾਲਾ ਹੁੰਦੀਆਂ।

ਤੇ 'ਗਲਪ' ਲਿਖਣਾ ਵੀ ਤਾਂ ਮੰਨਣਯੋਗ ਜਾਪਣ ਵਾਲਾ 'ਝੂਠ-ਸੱਚ ਦਾ ਰਲਾ' ਹੀ ਹੁੰਦਾ ਹੈ, ਜਿਹੜਾ ਕਿਤੇ ਨਾ ਕਿਤੇ ਪਾਠਕਾਂ ਅੰਦਰੋਂ 'ਮਾੜਾ ਤੋੜਨ' ਤੇ 'ਚੰਗਾ ਜੋੜਨ' ਦਾ ਉਪਰਾਲਾ ਕਰਦਾ ਹੈ। ਇੰਜ ਮੇਰੀ ਬੀਬੀ 'ਮੌਖਿਕ ਗਲਪਕਾਰ' ਦਾ ਰੋਲ ਅਦਾ ਕਰਦੀ ਨਹੀਂ ਜਾਪਦੀ! ਉਸ ਵੱਲੋਂ ਚੰਗੇ ਤੇ ਸੁਖਾਵੇਂ ਸਬੰਧ ਬਣਾਈ ਰੱਖਣ ਦੀ ਸੁਹਿਰਦ ਕੋਸ਼ਿਸ਼ ਆਪਣੇ ਰਿਸ਼ਤਿਆਂ ਅਤੇ ਚੌਗਿਰਦੇ ਵਿਚ ਚੰਗਾ ਵੇਖਣ ਦੀ ਰੀਝ ਦਾ ਪ੍ਰਤੀਕ ਹੀ ਤਾਂ ਸੀ! ਸਾਹਿਤਕਾਰ ਦਾ ਮੰਤਵ ਵੀ ਤਾਂ ਇਹੋ ਹੁੰਦਾ ਹੈ।

ਮੈਨੂੰ ਯਾਦ ਹੈ, ਛੋਟੇ ਹੁੰਦਿਆਂ ਸਾਡੇ ਘਰ ਜਦੋਂ ਕੋਈ ਦੂਰ ਨੇੜੇ ਦਾ ਪ੍ਰਾਹੁਣਾ ਆਉਣਾ ਤਾਂ ਬੀਬੀ ਨੇ ਉਨ੍ਹਾਂ ਦੇ ਸੁਆਗਤ ਵਿਚ 'ਜੀ ਆਇਆਂ' ਆਖਦਿਆਂ ਤੇ ਭਰਪੂਰ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਣਾ ਕਿ ਕਿਵੇਂ ਉਸ ਵਿਸ਼ੇਸ਼ ਪ੍ਰਾਹੁਣੇ ਨੂੰ ਸਾਰਾ ਪਰਿਵਾਰ ਯਾਦ ਕਰਦਾ ਸੀ ਤੇ ਕਿਵੇਂ ਕੱਲ੍ਹ ਪਰਸੋਂ ਜਾਂ ਰਾਤੀਂ ਹੀ ਗੱਲ ਹੁੰਦੀ ਪਈ ਸੀ ਕਿ ਉਹ 'ਪ੍ਰਾਹੁਣਾ' ਕਦੀ ਆਇਆ ਕਿਉਂ ਨਹੀਂ ਹੁਣ! ਤੇ ਕਦੀ-ਕਦੀ ਬੀਬੀ ਨੇ ਇਹ ਵੀ ਆਖਣਾ, "ਅਜੇ ਵਰਿਆਮ ਕੱਲ੍ਹ ਗੱਲ ਕਰਦਾ ਸੀ ਕਿ ...ਨੂੰ ਆਇਆਂ ਬੜਾ ਹੀ ਚਿਰ ਹੋ ਗਿਐ...ਉਹਨੂੰ ਮਿਲਣ ਨੂੰ ਬੜਾ ਜੀਅ ਕਰਦਾ ਹੈ!"

ਫ਼ਿਰ ਉਸ ਨੇ ਮੁਸਕਰਾ ਕੇ ਮੈਨੂੰ ਆਖਣਾ, "ਲੈ ਆ ਗਿਆ ਈ! ਮਿਲ ਅੱਗੇ ਹੋ ਕੇ। ਹੁਣ ਵੇਖ ਕਿਵੇਂ ਸੰਗਦਾ ਪਿੱਛੇ ਖਲੋਤਾ ਹੈ।"

ਆਇਆ ਪ੍ਰਾਹੁਣਾ ਮੈਨੂੰ ਪਿਆਰ ਨਾਲ ਗੱਲਵਕੜੀ ਵਿਚ ਲੈ ਲੈਂਦਾ। ਮੈਂ ਹੈਰਾਨ ਹੋਇਆ ਸੋਚ ਰਿਹਾ ਹੁੰਦਾ, 'ਕੱਲ੍ਹ ਤਾਂ ਕਿਧਰੇ ਰਿਹਾ, ਮੈਂ ਤਾਂ ਕਦੇ ਇਸ ਬੰਦੇ ਦੇ ਆਉਣ ਬਾਰੇ ਸੋਚਿਆ ਵੀ ਨਹੀਂ ਸੀ। ਮੇਰੀ ਬੀਬੀ ਝੂਠ ਕਿਉਂ ਮਾਰੀ ਜਾਂਦੀ ਹੈ?' ਪਰ ਆਇਆ ਮਹਿਮਾਨ ਖ਼ੁਸ਼ ਹੋ ਰਿਹਾ ਹੁੰਦਾ ਕਿ ਉਹ ਇਸ ਘਰ ਵਿਚ ਅਣਚਾਹਿਆ-ਪ੍ਰਾਹੁਣਾ ਨਹੀਂ। ਇਥੇ ਉਸ ਦੀ ਮੁਹੱਬਤ ਅਤੇ ਚਾਅ ਨਾਲ ਉਡੀਕ ਕੀਤੀ ਜਾਂਦੀ ਹੈ।

ਇਕ ਘਟਨਾ ਯਾਦ ਆਉਂਦੀ ਹੈ। ਕਿਸੇ 'ਸਾਹਿਤ-ਸਭਾ' ਵੱਲੋਂ ਮੇਰੇ ਨਾਲ ਰੂ-ਬ-ਰੂ ਕੀਤਾ ਜਾ ਰਿਹਾ ਸੀ। ਸਵਾਲਾਂ-ਜਵਾਬਾਂ ਦਾ ਸਿਲਸਿਲਾ ਚੱਲ ਰਿਹਾ ਸੀ ਕਿ ਇੱਕ ਸਰੋਤੇ ਨੇ ਉਠ ਕੇ ਕਿਹਾ, "ਸੰਧੂ ਸਾਹਿਬ! ਮੇਰੀ ਤੁਹਾਡੇ ਤੋਂ ਮੰਗ ਹੈ ਕਿ ਤੁਸੀਂ ਹੁਣੇ ਹੀ ਆਪਣੇ ਮਨ ਅੰਦਰ ਝਾਤੀ ਮਾਰੋ ਅਤੇ ਵੇਖੋ ਕਿ ਤੁਹਾਨੂੰ ਆਪਣੇ ਚੇਤੇ ਵਿਚੋਂ ਇੱਕ-ਦਮ ਕਿਹੜੀ ਤਸਵੀਰ ਉਘੜਦੀ ਦਿਸਦੀ ਹੈ, ਸਾਡੇ ਨਾਲ ਉਹੋ ਗੱਲ ਸਾਂਝੀ ਕਰੋ!"

ਸਵਾਲ ਦਿਲਚਸਪ ਸੀ। ਮੈਂ ਆਪਣੇ ਮਨ ਵਿਚ ਪਲ ਕੁ ਲਈ ਉਤਰਿਆ। ਮੈਨੂੰ ਪਹਿਲੀ ਨਜ਼ਰੇ ਹੀ ਆਪਣੀ ਸੋਚ ਦੇ ਚਿਤਰ-ਪੱਟ 'ਤੇ ਆਪਣੀ ਮਾਂ ਦੀ ਤਸਵੀਰ ਨਜ਼ਰ ਆਈ। ਆਪਣੇ ਆਪ 'ਤੇ ਹੈਰਾਨੀ ਵੀ ਹੋਈ ਅਤੇ ਸ਼ਰਮ ਵੀ ਆਈ ਕਿ ਆਪਣੀ ਮਾਂ ਨਾਲ ਜੁੜੀ ਇਸ ਘਟਨਾ ਨੂੰ ਕਿਵੇਂ ਭੁਲਾਈ ਬੈਠਾ ਸਾਂ!

ਤੇ ਫਿਰ ਆਪਣੇ ਸਰੋਤਿਆਂ ਨਾਲ ਇਹ ਯਾਦ ਇਸਤਰ੍ਹਾਂ ਸਾਂਝੀ ਕੀਤੀ:

1972 ਦੀ 'ਮੋਗਾ-ਐਜੀਟੇਸ਼ਨ' ਵਿਚ ਕੁਝ ਦਿਨ ਜੇਲ੍ਹ ਵਿਚ ਕੱਟਣ ਤੋਂ ਬਾਅਦ ਮੈਂ ਥੋੜ੍ਹੇ ਚਿਰ ਲਈ ਪੁਲਿਸ ਤੋਂ ਬਚਣ ਵਾਸਤੇ 'ਆਸੇ-ਪਾਸੇ' ਹੋਇਆ, ਹੋਇਆ ਸਾਂ ਤਾਕਿ ਕਿਧਰੇ ਮੈਨੂੰ ਦੋਬਾਰਾ ਗ੍ਰਿਫ਼ਤਾਰ ਨਾ ਕਰ ਲਿਆ ਜਾਵੇ। ਮੇਰੇ ਘਰਦਿਆਂ ਨੂੰ ਮੇਰੀ ਠਾਹਰ ਦਾ ਪਤਾ ਸੀ। ਇੱਕ ਦੋਸਤ ਮੇਰੇ ਕੋਲ ਪੁੱਜਾ ਤੇ ਦੱਸਿਆ ਕਿ ਮੇਰੇ ਪਿਉ ਦੀ ਹਾਲਤ ਠੀਕ ਨਹੀਂ ਅਤੇ ਬੀਬੀ ਦਾ ਸੁਨੇਹਾ ਹੈ ਕਿ ਮੈਂ ਤੁਰਤ ਘਰ ਪਹੁੰਚਾਂ। ਮੈਂ ਉਸ ਦੇ ਨਾਲ ਹੀ ਤੁਰ ਪਿਆ। ਪਿੰਡ ਪਹੁੰਚਿਆ ਤਾਂ ਪਤਾ ਲੱਗਾ ਕਿ ਮੇਰੇ ਪਿਤਾ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਉਸ ਨੂੰ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿਚ ਲੈ ਗਏ ਸਨ। ਮੈਂ ਅੰਮ੍ਰਿਤਸਰ ਪੁੱਜਾ। ਆਕਸੀਜਨ ਲੱਗੀ ਹੋਈ; ਮੇਰਾ ਪਿਤਾ ਬੇਹੋਸ਼ ਪਿਆ ਸੀ। ਬੀਬੀ ਮੇਰੇ ਪਿਤਾ ਦੇ ਸਿਰਹਾਣੇ ਬੈਠੀ ਸੀ। ਉਸ ਨੇ ਸਟੂਲ ਤੋਂ ਉਠ ਕੇ ਮੈਨੂੰ ਜੱਫੀ ਵਿਚ ਲਿਆ ਅਤੇ 'ਫਿਕਰ ਨਾ ਕਰਨ ਲਈ' ਕਿਹਾ। ਉਸ ਮੁਤਾਬਕ "ਡਾਕਟਰ ਆਪਣੀ ਪੂਰੀ ਵਾਹ ਲਾ ਰਹੇ ਨੇ। ਮਹਾਂਰਾਜ ਭਲੀ ਕਰੂਗਾ।" ਉਹ ਹੌਂਸਲੇ ਵਿਚ ਸੀ।

ਪਿਤਾ ਨੂੰ ਬੇਹੋਸ਼ੀ ਦੀ ਅਵਸਥਾ ਵਿਚ ਬੈੱਡ 'ਤੇ ਪਿਆਂ ਅੱਜ ਤੀਸਰਾ ਦਿਨ ਸੀ। ਦਿਮਾਗ਼ ਦੀ ਨਾੜੀ ਫਟ ਗਈ ਸੀ। ਡਾਕਟਰ 'ਹਾਂ' ਜਾਂ 'ਨਾਂਹ' ਵਿਚ ਜਵਾਬ ਨਹੀਂ ਸਨ ਦਿੰਦੇ। ਟੈਸਟ ਹੋ ਰਹੇ ਸਨ। ਅੱਜ ਮੈਂ ਅਤੇ ਮੇਰਾ ਇੱਕ ਦੋਸਤ ਮੈਡੀਕਲ ਕਾਲਜ ਤੋਂ ਕਿਸੇ ਟੈਸਟ ਦੀ ਰਿਪੋਰਟ ਲੈਣ ਗਏ ਸਾਂ। ਨੌਂ-ਦਸ ਵਜੇ ਦੇ ਗਿਆਂ ਨੂੰ ਰਿਪੋਰਟ ਲੈਂਦਿਆਂ-ਕਰਦਿਆਂ ਸਾਨੂੰ ਡੇਢ-ਦੋ ਦਾ ਸਮਾਂ ਹੋ ਗਿਆ ਸੀ।

ਜਦੋਂ ਅਸੀਂ ਵਾਪਸ ਪਰਤੇ ਤਾਂ ਬੀਬੀ ਮੇਰੇ ਪਿਤਾ ਦੇ ਸਿਰਹਾਣਿਓਂ ਉਠ ਕੇ ਅੱਗਲਵਾਂਢੀ ਸਾਨੂੰ ਕਮਰੇ ਤੋਂ ਬਾਹਰ ਹੀ ਆਣ ਮਿਲੀ।

"ਰਿਪੋਟ ਲੈ ਆਂਦੀ? ਚੱਲੋ ਚੰਗਾ ਹੋਇਆ!" ਉਸ ਨੇ ਸਾਡੇ ਹੱਥਾਂ ਵਿਚ ਫੜ੍ਹੇ ਲਿਫ਼ਾਫ਼ੇ ਵੱਲ ਵੇਖਿਆ। ਫਿਰ ਜਿਵੇਂ ਕੋਈ ਭੁੱਲੀ ਹੋਈ ਗੱਲ ਚੇਤੇ ਆ ਗਈ ਹੋਵੇ। ਆਖਣ ਲੱਗੀ, "ਹੈਂ ਵਰਿਆਮ! ਲੌਢਾ ਵੇਲਾ ਹੋ ਗਿਆ। ਤੁਸੀਂ ਕੁਝ ਖਾਧਾ ਪੀਤਾ ਵੀ ਹੈ ਕਿ ਨਹੀਂ?" ਸਾਡਾ ਜਵਾਬ 'ਨਾਂਹ' ਵਿਚ ਸੁਣ ਕੇ ਕਹਿੰਦੀ, "ਜਾਓ ਮੇਰੇ ਪੁੱਤ! ਪਹਿਲਾਂ ਜਾ ਕੇ ਰੋਟੀ ਖਾ ਕੇ ਆਵੋ। ਕਿਵੇਂ ਸਵੇਰ ਦੇ ਭੁੱਖਣ-ਭਾਣੇ ਤੁਰੇ ਫਿਰਦੇ ਜੇ!" ਉਹਦਾ ਚਿਹਰਾ ਮਮਤਾ ਵਿਚ ਮੋਮ ਬਣਿਆ ਹੋਇਆ ਸੀ।

ਅਸੀਂ ਕਮਰੇ ਵੱਲ ਵਧਦਿਆਂ, ਅਗਲੇ ਇਲਾਜ ਲਈ, ਪਹਿਲਾਂ ਡਾਕਟਰ ਨੂੰ ਰਿਪੋਰਟ ਦਿਖਾਉਣ ਲਈ ਕਿਹਾ ਤਾਂ ਕਹਿੰਦੀ, "ਕੋਈ ਨਹੀਂ ਰਿਪੋਰਟ ਮੈਂ ਵਿਖਾ ਲੈਂਦੀ ਆਂ। ਤੁਸੀਂ ਪਹਿਲਾਂ ਢਿੱਡ ਵਿਚ ਕੁਝ ਪਾ ਕੇ ਆਓ। ਤੁਹਾਡੇ ਬਾਪੂ ਕੋਲ ਮੈਂ ਬੈਠੀ ਆਂ। ਉਹਦਾ ਫ਼ਿਕਰ ਨਾ ਕਰੋ।"

ਉਸ ਦੇ ਜ਼ੋਰ ਦੇਣ 'ਤੇ ਅਸੀਂ ਲਾਗਲੇ ਢਾਬੇ 'ਤੇ ਰੋਟੀ ਖਾਣ ਤੁਰ ਗਏ। ਰੋਟੀ ਖਾ ਕੇ ਆਏ ਤਾਂ ਪਿਤਾ ਦੇ ਸਿਰਹਾਂਦੀ ਬੈਠੀ ਮਾਂ ਉਠ ਕੇ ਖਲੋ ਗਈ ਅਤੇ ਉਸ ਦੀਆਂ ਅੱਖਾਂ 'ਚ ਤੈਰ ਆਇਆ ਪਾਣੀ ਬੇਵੱਸ ਹੋ ਕੇ ਉਹਦੇ ਚਿਹਰੇ 'ਤੇ 'ਤਿੱਪ! ਤਿੱਪ!' ਵਰ੍ਹਨ ਲੱਗਾ।

"ਜਾਓ ਪੁੱਤ! ਕੋਈ ਟੈਕਸੀ ਲੈ ਆਓ! ਤੁਹਾਡਾ ਬਾਪੂ ਪੂਰਾ ਹੋ ਗਿਆ।" ਉਸ ਨੇ ਬੁੱਲ੍ਹ ਚਿੱਥਦਿਆਂ ਆਪਣੀ ਭੁੱਬ ਅੰਦਰੇ ਡੱਕ ਲਈ। ਫੇਰ ਅੱਥਰੂ ਪੂੰਝਦਿਆ ਕਿਹਾ, "ਪੂਰਾ ਤਾਂ ਇਹ ਉਦੋਂ ਈ ਹੋ ਗਿਆ ਸੀ, ਜਦੋਂ ਤੁਸੀਂ ਰਪੋਟ ਲੈ ਕੇ ਆਏ ਸੀ। ਪਰ ਮੈਂ ਤੁਹਾਨੂੰ ਜਾਣ-ਬੁੱਝ ਕੇ ਨਹੀਂ ਸੀ ਦੱਸਿਆ। ਮੈਂ ਸੋਚਿਆ ਜੇ ਤੁਹਾਨੂੰ ਹੁਣੇ ਦੱਸ ਦਿੱਤਾ ਤਾਂ ਤੁਸੀਂ ਉਂਜ ਹੀ ਦੇਹ ਲੈ ਕੇ ਪਿੰਡ ਨੂੰ ਤੁਰ ਪੈਣਾ ਹੈ! ਫਿਰ ਰੋਣ ਕੁਰਲਾਉਣ ਵਿਚ ਪਏ ਮੇਰੇ ਲਾਲਾਂ ਨੂੰ ਪਤਾ ਨਹੀਂ ਕਦੋਂ ਰੋਟੀ ਦਾ ਟੁੱਕ ਨਸੀਬ ਹੋਣਾ ਹੈ! ਤੁਹਾਡੀਆਂ ਭੁੱਖੀਆਂ ਵਿਲਕਦੀਆਂ ਆਂਦਰਾਂ ਦਾ ਸੋਚ ਕੇ ਹੀ ਮੈਂ ਤੁਹਾਨੂੰ ਰੋਟੀ ਖਾਣ ਤੋਰਿਆ ਸੀ।"

ਏਨੀ ਆਖ ਕੇ ਉਸ ਨੇ ਮੈਨੂੰ ਬਾਹੋਂ ਫੜ੍ਹ ਕੇ ਅੱਗੇ ਕੀਤਾ, "ਆ! ਹੁਣ ਆਪਣੇ ਤੁਰ ਗਏ ਪਿਓ ਦਾ ਮੂੰਹ ਵੇਖ ਲੈ।" ਉਸ ਨੇ ਮੇਰੇ ਪਿਤਾ ਦੇ ਚਿਹਰੇ 'ਤੇ ਦਿੱਤਾ ਕੱਪੜਾ ਚੁਕਿਆ ਅਤੇ ਉਸ ਦੇ ਸਦਾ ਲਈ ਸੌਂ ਗਏ ਸ਼ਾਂਤ ਚਿਹਰੇ ਨੂੰ ਨਿਹਾਰਦੀ ਨੇ ਮੈਨੂੰ ਛੋਟੇ ਬਾਲ ਵਾਂਗ ਆਪਣੀ ਛਾਤੀ ਨਾਲ ਘੁੱਟ ਲਿਆ।

ਮੇਰੀ ਮਾਂ ਦੀ ਉਮਰ ਉਦੋਂ ਇਕਤਾਲੀ-ਬਤਾਲੀ ਸਾਲ ਦੀ ਸੀ ਅਤੇ ਮੇਰਾ ਪਿਓ ਪੰਜਤਾਲੀ-ਛਿਆਲੀ ਸਾਲ ਦਾ ਹੋਵੇਗਾ। ਉਸ ਦਾ ਸੁਹਾਗ ਉਸ ਨੂੰ ਸਦਾ ਲਈ ਛੱਡ ਕੇ ਚਲਾ ਗਿਆ ਸੀ। ਪਤੀ ਤੋਂ ਬਿਨਾਂ ਉਸ ਅੱਗੇ ਦੂਰ ਤੱਕ ਬ੍ਰਿਹਾ ਦੀ ਮਾਰੂਥਲ ਵਾਂਗ ਭੁੱਜਦੀ ਜ਼ਿੰਦਗੀ ਵਿਛੀ ਪਈ ਸੀ। ਉਸ ਦਾ ਜਹਾਨ ਲੁੱਟਿਆ ਗਿਆ ਸੀ। ਇਸ ਪਰਬਤੋਂ ਭਾਰੇ ਦੁੱਖ ਨੂੰ ਕਸੀਸ ਵੱਟ ਕੇ ਪੀ ਜਾਣ ਦੀ ਤਾਕਤ ਉਸ ਦੀ ਕਿਹੋ ਜਿਹੀ ਅਦੁੱਤੀ ਮਮਤਾ ਨੇ ਉਸ ਮਹਾਨ ਔਰਤ ਨੂੰ ਬਖਸ਼ੀ ਸੀ ਕਿ ਉਹਦੀ ਜ਼ਿੰਦਗੀ ਦੀਆਂ ਇਨ੍ਹਾਂ ਸਭ ਤੋਂ ਦੁਖਾਂਤਕ ਘੜੀਆਂ ਵਿਚ ਵੀ ਉਸ ਨੂੰ ਆਪਣੇ ਪੁੱਤ ਦੀ ਭੁੱਖ ਦਾ ਖ਼ਿਆਲ ਰਿਹਾ ਸੀ।

ਉਸ ਨੇ ਇਸ ਵਿਹਾਰ ਰਾਹੀਂ ਮੇਰੀ ਅੰਤਰ-ਆਤਮਾ ਵਿਚ ਜ਼ਿੰਦਗੀ ਦਾ ਬਿਹਤਰੀਨ ਗਲਪ-ਟੋਟਾ ਲਿਖ ਧਰਿਆ ਸੀ! ਮੇਰੀ ਬੀਬੀ ਦਾ ਮੈਨੂੰ ਗਲਪਕਾਰ ਬਣਾਉਣ ਵਿਚ ਕੁੱਝ ਨਾ ਕੁੱਝ ਅਸਿੱਧਾ ਯੋਗਦਾਨ ਤਾਂ ਜ਼ਰੂਰ ਹੋਵੇਗਾ ਹੀ। ਪਿਓ ਤੋਂ ਪ੍ਰਾਪਤ ਚੁੱਪ ਨੇ ਮੈਨੂੰ, ਖ਼ਾਮੋਸ਼ ਰਹਿ ਕੇ, ਜ਼ਿੰਦਗੀ ਨੂੰ ਵੇਖਣ, ਜਾਨਣ ਤੇ ਮਾਨਣ ਵਿਚ ਜੇ ਕੁੱਝ ਹਿੱਸਾ ਪਾਇਆ ਤਾਂ ਉਸ ਜ਼ਿੰਦਗੀ ਨੂੰ ਬਿਆਨਣ ਵਿਚ ਕੁੱਝ ਨਾ ਕੁੱਝ ਹਿੱਸਾ ਤਾਂ ਮਾਂ ਦਾ ਵੀ ਹੋਵੇਗਾ; ਭਾਵੇਂ ਕਤਰੇ ਕੁ ਜਿੰਨਾ ਹੀ ਕਿਉਂ ਨਾ ਹੋਵੇ!

'ਪਤਲਚੰਮਾ' ਤੇ ਸੰਵੇਦਨਸ਼ੀਲ ਮੈਂ ਸ਼ੁਰੂ ਤੋਂ ਹੀ ਬਹੁਤ ਸਾਂ। ਸੰਵੇਦਨਸ਼ੀਲ ਹੋਏ ਬਿਨਾਂ ਲੇਖਕ ਨਹੀਂ ਬਣਿਆ ਜਾ ਸਕਦਾ। ਮੈਂ ਆਪਣੇ ਵਿਦਿਆਰਥੀਆਂ ਨੂੰ ਆਪਣੇ ਦੋਸਤ ਨਾਲ ਵਾਪਰੀ ਅਤੇ ਉਸ ਵੱਲੋਂ ਦੱਸੀ ਇੱਕ ਘਟਨਾ ਅਕਸਰ ਸੁਣਾਉਂਦਾ ਰਿਹਾ ਹਾਂ। ਮੇਰਾ ਉਹ ਦੋਸਤ ਕਿਸੇ ਬੱਸ ਵਿਚ ਬੈਠਾ ਸਫ਼ਰ ਕਰ ਰਿਹਾ ਸੀ। ਫਰੰਟ-ਸੀਟ ਤੋਂ ਪਿਛਲੀ ਦੋ ਸਵਾਰੀਆਂ ਵਾਲੀ ਸੀਟ ਉਤੇ ਉਹ ਡਰਾਈਵਰ ਵਾਲੇ ਪਾਸੇ ਬੈਠਾ ਸੀ ਜਦ ਕਿ ਉਹਦੇ ਖੱਬੇ ਹੱਥ ਬਾਰੀ ਵਾਲੀ ਸੀਟ ਉਤੇ ਕੋਈ ਅਜਨਬੀ ਬੈਠਾ ਹੋਇਆ ਸੀ। ਬੱਸ ਕਿਸੇ ਅੱਡੇ 'ਤੇ ਰੁਕੀ। ਅੱਗੇ ਸੜਕ ਦੇ ਨਾਲ-ਨਾਲ ਕੁੱਝ ਕੁੜੀਆਂ ਸਕੂਲੋਂ ਜਾਂ ਕਾਲਜੋਂ ਛੁੱਟੀ ਹੋਣ ਕਰਕੇ ਘਰਾਂ ਨੂੰ ਪਰਤ ਰਹੀਆਂ ਸਨ। ਰੁਕਦੀ ਰੁਕਦੀ ਧੀਮੀ ਚਾਲ ਨਾਲ ਚੱਲਦੀ ਬੱਸ ਦਾ ਪਾਸਾ ਇੱਕ ਕੁੜੀ ਨੂੰ ਵੱਜਾ। ਲੜਕੀ ਚੌਫ਼ਾਲ, ਮੂਧੇ-ਮੂੰਹ ਧਰਤੀ 'ਤੇ ਜਾ ਡਿੱਗੀ ਅਤੇ ਉਹਦੇ ਹੱਥ ਵਿਚ ਫ਼ੜੀਆਂ ਕਿਤਾਬਾਂ ਖਿੱਲਰ ਗਈਆਂ। ਦੋਸਤ ਨੂੰ ਅਹਿਸਾਸ ਹੋਇਆ ਜਿਵੇਂ ਉਹਦੇ ਕਲੇਜੇ ਦਾ ਰੁੱਗ ਭਰਿਆ ਗਿਆ ਹੋਵੇ।

ਉਹਦੇ ਅੰਦਰੋਂ ਹਾਉਕਾ ਨਿਕਲਿਆਂ, 'ਹਾਇ! ਕੁੜੀ ਨੂੰ ਪਤਾ ਨਹੀਂ ਕਿੰਨੀ ਕੁ ਸੱਟ ਲੱਗੀ ਹੈ! ਭਾਵੇਂ ਕਿਸੇ ਅੰਗ ਦਾ ਨੁਕਸਾਨ ਹੋ ਗਿਆ ਹੋਵੇ!" ਮੇਰਾ ਦੋਸਤ ਅਜੇ ਇਸ ਸਦਮੇ ਦੀ ਗ੍ਰਿਫ਼ਤ ਵਿਚ ਸੀ ਕਿ ਉਸ ਦੇ ਨਾਲ ਬੈਠੀ ਅਜਨਬੀ ਸਵਾਰੀ ਹੱਥ ਉਤੇ ਹੱਥ ਮਾਰ ਕੇ ਹੱਸੀ ਤੇ ਉਚੀ ਸਾਰੀ ਖ਼ੁਸ਼ੀ ਵਿਚ ਉਛਲ ਕੇ ਆਖਣ ਲੱਗੀ, "ਔਹ ਮਾਰੀ ਊ ਬੂੜ੍ਹਕਾ ਕੇ।" ਉਸ ਦਾ ਇਸ਼ਾਰਾ ਉਛਲ ਕੇ ਸੜਕ ਕਿਨਾਰੇ ਡਿੱਗੀ ਕੁੜੀ ਵੱਲ ਸੀ।

ਘਟਨਾ ਤਾਂ ਇੱਕੋ ਹੀ ਵਾਪਰੀ ਸੀ ਪਰ ਕੋਲ-ਕੋਲ ਬੈਠੇ ਬੰਦਿਆਂ ਦਾ ਉਸ ਬਾਰੇ ਪ੍ਰਤੀਕਰਮ ਕਿੰਨਾ ਭਿੰਨ ਸੀ! ਇੱਕ ਦੇ 'ਕਲੇਜੇ ਦਾ ਰੁੱਗ ਭਰਿਆ ਗਿਆ' ਤੇ ਦੂਜੇ ਦਾ 'ਤਾੜੀ ਮਾਰ ਕੇ ਹੱਸਣ ਨੂੰ ਜੀ ਕਰ ਆਇਆ।'

ਲੇਖਕ ਬਣਨ ਲਈ ਕਿਸੇ ਪਰਾਏ ਦੇ ਦੁੱਖ

*(ਬਾਕੀ ਅਗਲੇ ਸਫ਼ੇ 'ਤੇ)*

ਵਿਚ ਆਪਣੇ 'ਕਲੇਜੇ ਦਾ ਰੁੱਗ ਭਰਿਆ ਜਾਣਾ' ਲਾਜ਼ਮੀ ਹੈ।

ਮੇਰੇ ਬਚਪਨ ਦੀਆਂ ਦੋ ਬੜੀਆਂ ਸਾਧਾਰਨ ਜਿਹੀਆਂ ਘਟਨਾਵਾਂ ਹਨ, ਪਰ ਅਜੇ ਤੱਕ ਉਨ੍ਹਾਂ ਦੀ ਛਾਪ ਮੇਰੇ ਮਨ-ਮਸਤਕ 'ਤੇ ਡੂੰਘੀ ਉਕਰੀ ਹੋਈ ਹੈ।

ਮੇਰੇ ਪਿਤਾ ਨੇ ਕੁੱਝ ਜ਼ਮੀਨ ਆਪ ਵਾਹੀ ਹੇਠਾਂ ਰੱਖੀ ਹੋਈ ਸੀ ਅਤੇ ਕੁੱਝ ਹੋਰ ਹਿੱਸੇ ਠੇਕੇ ਉਤੇ ਦਿੱਤੀ ਹੋਈ ਸੀ। ਮੈਂ ਛੋਟਾ ਜਿਹਾ ਸਾਂ; ਅਸੀਂ ਗੱਡ ਜੋਤ ਕੇ ਜ਼ਮੀਨ ਦਾ ਹਿੱਸਾ-ਠੇਕਾ ਲੈਣ ਗਏ। ਪਿੜ ਵਿਚ ਗੱਡਾ ਖੜ੍ਹਾ ਕੀਤਾ। ਕਣਕ ਦਾ ਵੱਡਾ ਬੋਹਲ ਸਾਹਮਣੇ ਸੀ। ਸਾਡੀ ਜ਼ਮੀਨ ਵਿਚ ਖੇਤੀ ਕਰਨ ਵਾਲਾ ਕਿਸਾਨ ਤੇ ਉਹਦਾ ਮੇਰੇ ਤੋਂ ਥੋੜ੍ਹਾ ਵੱਡੀ ਉਮਰ ਦਾ ਮੁੰਡਾ ਉਸ ਦੇ ਨਜ਼ਦੀਕ ਬੋਹਲ ਕੋਲ ਖਲੋਤੇ ਸਨ; ਮੁੰਡਾ ਜਿਹੜਾ ਨੰਗੇ ਪੈਰੀਂ, ਨਿੱਕੇ ਨਿੱਕੇ ਕਦਮੀਂ, ਕਈ ਦਿਨ ਸੜਦੀ ਧੁੱਪ ਵਿਚ ਬਲਦਾਂ ਦੇ ਪਿੱਛੇ-ਪਿੱਛੇ ਤੁਰਦਾ ਫਲ੍ਹੇ ਹਿੱਕਦਾ ਰਿਹਾ ਸੀ। ਸ਼ਾਇਦ ਉਸ ਕਿਸਾਨ ਨੇ ਪਹਿਲਾਂ ਮੇਰੇ ਪਿਓ ਕੋਲੋਂ ਕੁੱਝ ਪੈਸੇ ਵੀ ਫੜ੍ਹੇ-ਫੜ੍ਹਾਏ ਹੋਣਗੇ ਜਾਂ ਪਿਛਲਾ ਕੋਈ ਹੋਰ ਬਕਾਇਆ ਰਹਿੰਦਾ ਹੋਵੇਗਾ; ਮੇਰੇ ਪਿਓ ਨੇ ਉਹ ਬਕਾਇਆ ਵੀ ਹੁਣ ਦੇ ਦਾਣਿਆਂ 'ਚੋਂ ਹੀ ਨਿਬੇੜ ਦੇਣ ਲਈ ਆਖਿਆ। ਉਸ ਕਿਸਾਨ ਨੇ ਇੱਕ ਵਾਰ ਬੋਹਲ ਵੱਲ ਵੇਖਿਆ ਤੇ ਬਿਨਾਂ ਕੋਈ ਉਜਰ ਕੀਤਿਆਂ ਹਉਕਾ ਜਿਹਾ ਲੈ ਕੇ ਆਖਿਆ, "ਤੇਰੀ ਮਰਜ਼ੀ ਦੀਦਾਰ ਸਿਆਂ!" ਉਹਦਾ ਇਹ ਅਰਧ-ਹਉਕਾ ਅਜੇ ਵੀ ਮੇਰੀ ਯਾਦ ਵਿਚ ਤਾਜ਼ਾ ਹੈ।

ਤੁਲਵਾ ਅਸੀਂ ਨਾਲ ਖੜਿਆ ਹੋਇਆ ਸੀ। 'ਬਰਕਤ! ਦੋਆ! ਵਾਧੇ!' ਕਰਦਿਆਂ ਉਹ ਕਣਕ ਤੋਲ ਕੇ ਬੋਰੀਆਂ ਵਿਚ ਪਾਈ ਜਾਂਦਾ। ਤੱਕੜੀ ਦਾ ਪੱਲਾ ਬੋਹਲ ਵਿਚ 'ਗਰਚ' ਕਰਕੇ ਖੁਭਦਾ। ਉਡਦੇ ਪੱਲੜੇ ਵਿਚ ਨੇੜੇ ਬੈਠਾ ਕਿਸਾਨ ਤੁਲਾਵੇ ਦੇ ਕਹਿਣ 'ਤੇ ਬੁੱਕ ਭਰ ਕੇ ਪਲੜੇ ਵਿਚ ਕਣਕ ਪਾਉਂਦਾ। ਲਾਗੇ ਖਲੋਤਾ ਉਹਦਾ ਪੁੱਤਰ ਪੱਲੜੇ ਦਾ ਬੋਹਲ ਵਿਚ ਧਸਣਾ ਤੇ ਫਿਰ ਬੋਰੀ ਵਿਚ ਪੈਂਦਿਆਂ ਬੜੀ ਹਸਰਤ ਨਾਲ ਵੇਖ ਰਿਹਾ ਸੀ। ਜਦੋਂ ਬੋਹਲ ਸਿਖਰ ਤੋਂ ਕਿਰ ਕੇ ਹੇਠਾਂ ਨੂੰ ਡਿੱਗਾ ਤਾਂ ਉਹ ਮੁੰਡਾ ਅਹੁਲ ਕੇ ਬੋਹਲ ਵੱਲ ਹੋਇਆ ਅਤੇ ਕਿਰਨ-ਮ-ਕਿਰਨੀ ਢਹਿ ਰਹੀ ਬੋਹਲ ਦੀ ਸਿਖ਼ਰਲੀ ਚੋਟੀ ਨੂੰ ਨਿੱਕੇ ਨਿੱਕੇ ਹੱਥਾਂ ਨਾਲ ਸੰਭਾਲਣ ਦੀ ਨਿਰਮੂਲ ਕੋਸ਼ਿਸ਼ ਕਰਨ ਲੱਗਾ! ਬੋਹਲ ਦੀ ਸਿਖਰਲੀ ਚੋਟੀ ਦੇ ਢਹਿਣ ਨਾਲ ਉਹਨੂੰ ਇੰਜ ਲੱਗਾ ਜਿਵੇਂ ਉਹਦੀ ਆਸਾਂ ਦੀ ਢੇਰੀ ਢਹਿ ਚੱਲੀ ਹੋਵੇ, ਜਿਸਨੂੰ ਉਹ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਸਾਂਭ ਕੇ ਬਚਾਈ ਰੱਖਣਾ ਚਾਹੁੰਦਾ ਸੀ!

ਉਹਦੇ ਪਿਓ ਨੇ ਆਖਿਆ, "ਕਰਮਿਆਂ! ਆਉਣ ਦੇ ਕਣਕ ਹੇਠਾਂ ਨੂੰ।"

ਉਹ ਰੁਕ ਗਿਆ ਤੇ ਦੂਜੇ ਛਿਣ ਬੋਹਲ ਦੇ ਦੁਆਲੇ ਫਿਰ ਕੇ ਨੀਝ ਨਾਲ ਵੇਖਣ ਲੱਗਾ। ਉਹਦਾ ਅੱਧਾ ਬੋਹਲ 'ਹੜੱਪਿਆ' ਚੱਲਿਆ ਸੀ। ਮੁੰਡੇ ਦੀਆਂ ਪਰੇਸ਼ਾਨ ਨਜ਼ਰਾਂ ਵੇਖ ਕੇ ਪਤਾ ਨਹੀਂ ਮੇਰੇ ਦਿਲ ਨੂੰ ਕੀ ਹੋਇਆ! ਜਦੋਂ ਅਗਲੀ ਵਾਰ ਤੱਕੜੀ ਦਾ ਪਲੜਾ ਕਣਕ ਵਿਚ ਖੁਭਿਆ ਤਾਂ ਮੈਨੂੰ ਜਾਪਿਆ ਇਹ ਤੱਕੜੀ ਦਾ ਪੱਲੜਾ ਨਹੀਂ ਸਗੋਂ ਇੱਕ ਅਜਿਹੀ ਤਿੱਖੀ ਬਰਛੀ ਸੀ ਜਿਹੜੀ ਉਸ ਮੁੰਡੇ ਦੇ ਧੁਰ ਅੰਦਰ ਕਲੇਜੇ ਤੱਕ ਖੁਭ ਗਈ ਸੀ। ਅੱਜ ਵੀ ਸੋਚਦਾ ਹਾਂ ਕਿ ਉਹਦੀ ਉਹ ਪੀੜ ਮੇਰੇ ਕਲੇਜੇ ਅੰਦਰ ਕਿਉਂ ਜਾਗ ਉਠੀ ਸੀ! ਮੇਰਾ ਜੀ ਕੀਤਾ ਇਸੇ ਪਲੜੇ ਨਾਲ ਹੀ ਤੋਲਾ ਆਖ ਦੇਵੇ ਕਿ ਸਾਡਾ ਬਣਦਾ ਹਿੱਸਾ ਜੁਖ ਗਿਆ ਹੈ।

ਹਿੱਸੇ ਦੀ ਕਣਕ ਲੱਦ ਕੇ ਤੁਰੇ ਜਾਂਦੇ ਗੱਡੇ ਵਿਚ ਪਈਆਂ ਕਣਕ ਦੀਆਂ ਬੋਰੀਆਂ ਅਤੇ ਬਾਕੀ ਬਚੇ ਬੋਹਲ ਵੱਲ ਵਾਰ ਵਾਰ ਵੇਖਦੀਆਂ ਉਸ ਮੁੰਡੇ ਦੀਆਂ ਨਜ਼ਰਾਂ ਵਿਚਲੀ ਪੀੜ ਮੈਨੂੰ ਹੁਣ ਤੱਕ ਨਹੀਂ ਭੁੱਲੀ। ਅੱਜ ਵੀ ਇਸ ਦ੍ਰਿਸ਼ ਦੀ ਕਲਪਨਾ ਕਰਦਾ ਹਾਂ ਤਾਂ ਮੇਰੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ ਹਨ।

ਇੱਕ ਹੋਰ ਗੱਲ ਯਾਦ ਆਉਂਦੀ ਹੈ। ਉਦੋਂ ਬੱਸਾਂ ਦੇ ਟਾਈਮ ਬੜੇ ਥੋੜ੍ਹੇ ਹੁੰਦੇ ਸਨ। ਉਂਜ ਵੀ ਬੱਸਾਂ ਉਦੋਂ ਮੁੱਖ ਅੱਡਿਆਂ ਤੋਂ ਸਵਾਰੀਆਂ ਭਰ ਕੇ ਕਾਫ਼ੀ ਦੇਰ ਨਾਲ ਚੱਲਦੀਆਂ ਸਨ। ਛੋਟਾ ਪੈਂਡਾ ਕਰਨ ਵਾਲਿਆਂ ਕੋਲ ਏਨਾ ਸਬਰ ਨਹੀਂ ਸੀ ਹੁੰਦਾ ਕਿ ਦੋ ਚਾਰ ਮੀਲ ਦੂਰ ਜਾਣ ਵਾਸਤੇ ਉਹ ਘੰਟਾ ਭਰ ਅੱਡੇ 'ਤੇ ਖੜੋਤੇ ਬੱਸ ਦੀ ਉਡੀਕ ਕਰਦੇ ਰਹਿਣ। ਚਾਰ-ਪੰਜ ਮੀਲ ਦੂਰ ਜਾਣ ਵਾਲੇ ਤਾਂ ਬਹੁਤੇ ਪੈਦਲ ਹੀ ਤੁਰ ਪੈਂਦੇ। ਕੁੱਝ ਟਾਂਗਿਆਂ ਦੀ ਸਵਾਰੀ ਕਰ ਲੈਂਦੇ। ਮੈਨੂੰ ਇਹ ਵੀ ਯਾਦ ਨਹੀਂ ਕਿ ਆਪਣੇ ਪਿਤਾ ਨਾਲ ਟਾਂਗੇ ਉਪਰ ਬੈਠਾ ਮੈਂ ਕਿੱਥੋਂ ਕਿੱਥੇ ਜਾ ਰਿਹਾ ਸਾਂ। ਏਨਾ ਯਾਦ ਹੈ, ਰਾਹ ਵਿਚ ਤੁਰੀ ਜਾਂਦੀ ਇੱਕ ਜ਼ਨਾਨੀ ਟਾਂਗੇ ਕੇ ਪਿੱਛੇ ਪਿੱਛੇ ਤੁਰੇ ਆਉਂਦੇ ਆਪਣੇ ਪੰਜ-ਛੇ ਸਾਲ ਦੇ ਬਾਲ ਨੂੰ ਆਪਣੇ ਨਾਲ ਰਲਣ ਲਈ ਆਖ ਰਹੀ ਸੀ। ਦੂਜਾ ਤਿੰਨ ਕੁ ਸਾਲ ਦਾ ਨਿਆਣਾ ਉਹਨੇ ਕੁੱਛੜ ਚੁੱਕਿਆ ਹੋਇਆ ਸੀ। ਜਦੋਂ ਤੱਕ ਟਾਂਗਾ ਕੋਲ ਪੁੱਜਾ, ਉਹ ਉਦੋਂ ਕੁੱਛੜ ਵਾਲੇ ਬੱਚੇ ਨੂੰ ਵੀ ਉਤਾਰ ਕੇ, ਉਸ ਦੀ ਉਂਗਲੀ ਫੜ੍ਹ ਕੇ, ਥੋੜ੍ਹਾ ਜਿਹਾ ਤੁਰਨ ਲਈ ਹੱਲਾ-ਸ਼ੇਰੀ ਦੇ ਰਹੀ ਸੀ।

"ਆ ਜਾਹ ਬੀਬੀ! ਆ ਜਾਹ! ਐਵੇਂ ਨਿਆਣਿਆਂ ਨੂੰ ਥਕਾਉਣ ਡਹੀ ਏਂ। ਬਹੁਤੇ ਪੈਸੇ ਨਹੀਂ ਲੱਗਦੇ...।" ਟਾਂਗੇ ਵਾਲੇ ਨੇ ਘੋੜੀ ਦੀਆਂ ਵਾਗਾਂ ਖਿੱਚੀਆਂ।

ਜ਼ਨਾਨੀ ਥੱਕ ਚੁੱਕੀ ਸੀ ਪਰ ਅਜੇ ਵੀ ਉਹਦਾ ਮਨ ਟਾਂਗੇ 'ਤੇ ਸਵਾਰ ਹੋਣ ਨੂੰ ਨਹੀਂ ਸੀ ਕਰਦਾ।

"ਤਾਂ ਵੀ ਕਿੰਨੇ ਪੈਸੇ ਲਵੇਂਗਾ, ਵੀਰਾ?"

"ਕੋਈ ਬਹੁਤੇ ਨਹੀਂ ਲੱਗਣ ਲੱਗੇ। ਆ ਤੂੰ ਨਿਆਣਿਆਂ ਨੂੰ ਲੈ ਕੇ।" ਟਾਂਗੇ ਵਾਲੇ ਨੇ ਸਵਾਰੀਆਂ ਨੂੰ ਥਾਂ ਬਣਾਉਣ ਲਈ ਆਖਿਆ। ਸ਼ਾਇਦ ਉਸ ਨੇ ਔਰਤ ਨੂੰ ਕਿਰਾਏ ਦੇ ਪੈਸੇ ਵੀ ਦੱਸੇ।

ਨਿਸ਼ਚਿਤ ਅੱਡੇ 'ਤੇ ਜਦੋਂ ਉਹ ਜ਼ਨਾਨੀ ਉਤਰੀ ਤਾਂ ਉਸ ਨੇ ਆਪਣੇ ਪੱਲੇ ਨਾਲ ਬੱਧਾ ਮੁੜਿਆ ਤੁੜਿਆ 'ਦੋ ਰੁਪਏ ਦਾ ਇੱਕੋ-ਇੱਕ ਨੋਟ' ਕੱਢਿਆ ਤੇ ਟਾਂਗੇ ਵਾਲੇ ਨੂੰ ਬਣਦੇ ਪੈਸੇ ਕੱਟਣ ਲਈ ਫੜਾਇਆ। ਟਾਂਗੇ ਵਾਲੇ ਨੇ ਕਿਰਾਇਆ ਕੱਟ ਕੇ ਬਾਕੀ ਬਚਦੇ ਪੈਸੇ ਉਹਦੀ ਤਲੀ ਉਤੇ ਰੱਖੇ। ਆਪਣੀ ਖੁੱਲ੍ਹੀ ਤਲੀ 'ਤੇ ਪੈਸਿਆਂ ਦਾ ਜੋੜ ਕਰਦੀ ਉਸ ਜ਼ਨਾਨੀ ਨੇ ਟਾਂਗੇ ਵਾਲੇ ਨੂੰ ਆਖਿਆ, "ਵੀਰਾ! ਤੂੰ ਤਾਂ ਆਹਨਾਂ ਸੈਂ...।"

"ਬੀਬੀ ਉਹ ਤਾਂ ਇੱਕ ਸਵਾਰੀ ਦੇ ਆਖੇ ਸਨ। ਮੁੰਡਿਆਂ ਦੇ ਨਹੀਂ ਲੱਗਣੇ?" ਕਹਿ ਕੇ ਉਸ ਨੇ ਘੋੜੀ ਨੂੰ ਛਾਂਟ ਮਾਰੀ।

ਜ਼ਨਾਨੀ ਅੱਗੋਂ ਕੁੱਝ ਨਹੀਂ ਬੋਲੀ। ਬੱਚਿਆਂ ਨੂੰ ਲੈ ਕੇ ਵਾਂਢੇ ਜਾ ਰਹੀ ਸੀ। ਕੋਲ ਸਿਰਫ਼ ਦੋ ਰੁਪਏ ਸਨ। ਕਿੰਨੀਆਂ ਗਿਣਤੀਆਂ-ਮਿਣਤੀਆਂ ਕਰਕੇ ਉਹ ਘਰੋਂ ਪੈਦਲ ਤੁਰੀ ਹੋਵੇਗੀ। ਬੱਚੇ ਲੈ ਕੇ ਤੁਰਨਾ ਮੁਸ਼ਕਿਲ ਵੇਖ ਕੇ ਤੇ ਟਾਂਗੇ ਵਾਲੇ ਨੂੰ ਪੈਸੇ ਪੁੱਛ ਕੇ ਕਿੰਨੀ ਗਿਣਤੀ-ਮਿਣਤੀ ਨਾਲ ਟਾਂਗੇ ਵਿਚ ਬੈਠੀ ਹੋਵੇਗੀ! ਉਸ ਵਿਚਾਰੀ ਦੀ ਤਾਂ ਇਹ ਸਾਰੀ ਗਿਣਤੀ ਉਲਟ-ਪੁਲਟ ਹੋ ਗਈ ਸੀ! ਉਸ ਨੇ ਟਾਂਗੇ ਵਾਲੇ ਨਾਲ ਕੋਈ ਝਗੜਾ ਨਹੀਂ ਕੀਤਾ ਪਰ ਆਸ ਤੋਂ ਘੱਟ ਰਹਿ ਗਏ ਪੈਸਿਆਂ ਨੂੰ ਉਹ ਆਪਣੀ ਤਲੀ 'ਤੇ ਬੜੀ ਹਸਰਤ ਨਾਲ ਨਿਹਾਰਦੀ ਰਹੀ। ਮੈਂ ਪਿਛਾਂਹ ਮੁੜ ਕੇ ਵੇਖਿਆ। ਉਹ ਅਜੇ ਵੀ ਓਥੇ ਖਲੋਤੀ ਸੀ। ਬੱਚੇ ਉਹਦੇ ਕੋਲ ਕੋਲ ਸਨ ਅਤੇ ਉਹ ਅਜੇ ਵੀ ਤਲੀ ਉਤੇ ਪਏ ਪੈਸਿਆਂ ਨੂੰ ਨਿਹਾਰਦੀ ਪਈ ਸੀ। ਉਹਨੂੰ ਇੰਜ ਨਿਰਾਸ਼ ਤੇ ਉਦਾਸ ਖਲੋਤੀ ਵੇਖ ਕੇ ਮੇਰੇ ਕਲੇਜੇ ਦਾ ਰੁੱਗ ਭਰਿਆ ਗਿਆ।

ਇਹ ਝਾਕੀ ਅੱਜ ਵੀ ਮੇਰੇ ਚੇਤੇ ਵਿਚ ਸਥਿਰ ਖਲੋਤੀ ਹੋਈ ਹੈ ਅਤੇ ਅਜੇ ਵੀ ਮੇਰੇ ਦਿਲ ਨੂੰ ਭਿਉਂ ਜਾਂਦੀ ਹੈ।

(ਚਲਦਾ)

# ਹੱਥਾਂ ਬਾਝ ਕਰਾਰਿਆਂ...


ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com


ਸੂਰਜ ਦੇ ਛਿਪਣ ਨਾਲ ਹੀ ਅਸਮਾਨ 'ਤੇ ਕਾਲੀਆਂ ਘਟਾਵਾਂ ਚੜ੍ਹ ਆਈਆਂ ਸਨ। ਚਾਰ-ਚੁਫ਼ੇਰੇ ਗੂੜ੍ਹਾ ਹਨੇਰਾ ਹੋ ਗਿਆ ਸੀ। ਮੰਡੀ ਵਿਚ ਝੋਨਾ ਸੁੱਟੀ ਬੈਠੇ ਜੱਟਾਂ ਦੀ ਜਾਨ ਮੁੱਠੀ ਵਿਚ ਆਈ ਹੋਈ ਸੀ। ਪੁੱਤਾਂ ਨਾਲੋਂ ਪਿਆਰੀ ਫਸਲ ਅੱਜ ਮੰਡੀ ਦੇ ਕੱਚੇ ਫੜ੍ਹ 'ਤੇ ਪਈ ਮਾੜੀ ਸਰਕਾਰ ਵਿਰੁਧ ਪਿੱਟ-ਸਿਆਪਾ ਕਰਦੀ ਨਜ਼ਰ ਆ ਰਹੀ ਸੀ। ਆਪੋ-ਧਾਪੀ ਵਿਚ ਜੱਟ ਬਾਣੀਏ ਨੂੰ ਸੇਠ ਜੀ, ਸੇਠ ਜੀ ਕਰਦੇ ਪੱਲਿਆਂ ਦੀ ਮੰਗ ਕਰ ਰਹੇ ਸਨ। ਵਕਤ ਦੇ ਮਾਰਿਆਂ ਨੇ ਜਿਸ ਤਰ੍ਹਾਂ ਝੋਨਾ ਢਕ ਹੋਇਆ, ਢਕ ਦਿੱਤਾ ਤੇ ਪਰਮਾਤਮਾ ਅੱਗੇ ਅਰਦਾਸਾਂ ਕਰਨ ਲੱਗੇ, "ਵਾਹਿਗੁਰੂ ਹੁਣ ਬਖ਼ਸ਼ ਲਵੀਂ, ਇਕ-ਇਕ ਤੁਪਕਾ ਖੂਨ ਦਾ ਨਿਚੋੜ ਕੇ ਇਕ ਇਕ ਦਾਣਾ ਅਨਾਜ ਦਾ ਇਕੱਠਾ ਕੀਤਾ ਹੈ। ਰਾਤਾਂ ਦੀ ਨੀਂਦ ਹੀ ਨਹੀਂ ਗੁਆਈ, ਦਿਨ ਦਾ ਚੈਨ ਵੀ ਗੁਆ ਕੇ ਚਾਰ ਮਣ ਦਾਣੇ ਇਕੱਠੇ ਕੀਤੇ ਨੇ। ਹੁਣ ਅਨਾਜ ਬੋਰੀਆਂ ਵਿਚ ਤੇ ਚਾਰ ਦਮੜੇ ਸਾਡੀ ਜੇਬ ਵਿਚ ਪਾ ਦੇਵੀਂ।"

ਜਵਾਲਾ ਸਿਉਂ ਨੇ ਮੋਢੇ ਉਤਲਾ ਪਰਨਾ ਝੋਨੇ ਦੀਆਂ ਬੋਰੀਆਂ 'ਤੇ ਰੱਖਿਆ ਤੇ ਸਾਹ ਲੈਣ ਲਈ ਬੈਠਾ ਹੀ ਸੀ ਕਿ ਮੋਟੀ ਕਣੀ ਦਾ ਮੀਂਹ ਉਤਰ ਆਇਆ। ਦੇਖਦਿਆਂ ਹੀ ਮੰਡੀ ਵਾਲੀ ਸੜਕ ਮੀਂਹ ਦੇ ਪਾਣੀ ਨਾਲ ਭਰ ਗਈ। ਜੱਟ ਵਿਚਾਰੇ ਬਾਣੀਏ ਦੇ ਹੱਟ ਅੰਦਰ ਬੈਠੇ ਹੋਏ 'ਖੇਤੀ ਕਰਮਾਂ ਸੇਤੀ' ਦਾ ਰੋਣਾ ਧੋਣਾ ਇਸ ਤਰ੍ਹਾਂ ਸਾਂਝਾ ਕਰ ਰਹੇ ਸਨ,

"ਪਿਆਰਾ ਸਿਆਂ, ਕਹਿੰਦੇ ਨੇ ਬੰਦੇ ਨੂੰ ਮਿਹਨਤ ਕਰਨੀ ਚਾਹੀਦੀ ਹੈ, ਫਿਰ ਮਿਹਨਤ ਦਾ ਮਿੱਠਾ ਫਲ ਮਿਲਦਾ ਹੈ। ਆਹ, ਪੁੱਤਾਂ ਨਾਲੋਂ ਵੀ ਵੱਧ ਪਿਆਰੀ ਫਸਲ ਮਿਹਨਤ ਨਾਲ ਹੀ ਸਿਰੇ ਲਾਈ ਸੀ ਤੇ ਆਹ, ਮਿੱਠਾ ਫਲ ਮਿਲ ਗਿਆ! ਇਉਂ ਲੱਗਦਾ, ਜਿਵੇਂ ਜੌੜੇ ਪੁੱਤ ਅੱਖਾਂ ਸਾਹਮਣੇ ਡੁੱਬਦੇ ਨਜ਼ਰ ਆ ਰਹੇ ਹਨ ਤੇ ਅਸੀਂ ਰੋਣ ਤੋਂ ਸਵਾਏ ਕੁਝ ਕਰ ਹੀ ਨਹੀਂ ਸਕਦੇ।" ਇਹ ਕਹਿੰਦਿਆਂ ਜਵਾਲਾ ਸਿੰਘ ਦੀ ਜਿਵੇਂ ਧਾਹ ਨਿਕਲ ਗਈ।

"ਮਹਿੰਗੀਆਂ ਖਾਦਾਂ ਤੇ ਕੀੜੇ ਮਾਰ ਦਵਾਈਆਂ, ਅਸਮਾਨਾਂ ਨੂੰ ਛੂਹ ਰਿਹਾ ਡੀਜ਼ਲ ਦਾ ਭਾਅ, ਬਿਜਲੀ ਦੇ ਲੰਮੇ ਕੱਟ ਸਹਿ ਕੇ ਜਦੋਂ ਚਾਰ ਮਣ ਦਾਣੇ ਇਕੱਠੇ ਕਰ ਲੈਂਦਾ ਹੈ ਤਾਂ ਫਿਰ ਜੱਟ ਦੀ ਕਿਸਮਤ ਰੱਬ ਤੇ ਬਾਣੀਏ ਦੇ ਹੱਥ ਵਿਚ ਹੋ ਜਾਂਦੀ ਹੈ। ਸਾਡੇ ਤਨ ਤੁੜਵਾ ਕੇ ਕੀਤੀ ਮਿਹਨਤ ਦਾ ਮੁੱਲ ਬਾਣੀਏ ਦੀ ਕਲਮ ਪਾਉਂਦੀ ਹੈ। ਸਾਡੇ ਪੱਲੇ ਪੈਂਦੀ ਹੈ ਆਹ ਖੱਜਲ-ਖੁਆਰੀ।" ਪਿਆਰਾ ਸਿੰਘ ਨੇ ਥੋੜ੍ਹੀ ਦੀ ਜੁੱਤੀ ਵਿਚੋਂ ਮੀਂਹ ਦਾ ਪਾਣੀ ਕੱਢਦਿਆਂ ਉੱਤਰ ਦਿੱਤਾ।

"ਸਰਦਾਰ ਜੀ, ਲਓ ਘੁੱਟ-ਘੁੱਟ ਚਾਹ ਪੀ ਲਵੋ। ਠੰਢ ਜਿਹੀ ਹੋ ਗਈ ਹੈ, ਫਿਰ ਮੈਂ ਰੋਟੀ ਨੂੰ ਆਡਰ ਦਿੰਦਾ ਹਾਂ।" ਚੂਹੇ ਦੀ ਪੂਛ ਵਰਗੀਆਂ ਮੁੱਛਾਂ ਤੇ ਲਾਲ ਬਹਾਦਰ ਸ਼ਾਸਤਰੀ ਦੇ ਨਾਲ ਦੀ ਪਾਈ ਹੋਈ ਟੋਪੀ ਵਾਲਾ ਤਿਲਕ ਰਾਜ ਆੜ੍ਹਤੀਆ ਬੋਲਿਆ।

ਜਿਹੜੇ ਜੱਟ ਖੜੇ ਹੋਏ ਅਸਮਾਨ ਨੂੰ ਦੇਖ ਕੇ ਘੁੱਟ-ਘੁੱਟ ਦਾਰੂ ਪੀਣ ਦੀ ਸਲਾਹ ਕਰਦੇ ਸਨ, ਉਨ੍ਹਾਂ ਨੇ ਮਕਾਣੀ ਆਏ ਬੰਦਿਆਂ ਵਾਂਗ ਚਾਹ ਦੇ ਗਲਾਸ ਫੜ ਲਏ ਤੇ ਤਿਲਕ ਰਾਜ ਪਿੱਛੇ ਮੁੜ ਗਿਆ।

ਖੁੱਲ੍ਹੀ ਹੋਈ ਬਾਰੀ ਥਾਣੀਂ ਆਈ ਵਾਛੜ ਨੇ ਸਾਰਿਆਂ ਦੀ ਲੂਈਂ ਕੰਡੀ ਖੜ੍ਹੀ ਕਰ ਦਿੱਤੀ ਤੇ ਸਾਰਿਆਂ ਨੇ ਬੇਵਸੀ ਦਾ ਲੰਮਾ ਹਾਉਕਾ ਲਿਆ। ਬਿਜਲੀ ਦੀ ਚਮਕ ਨੇ ਝੋਨੇ ਦੀਆਂ ਨੰਗੀਆਂ ਹੋਈਆਂ ਢੇਰੀਆਂ ਜੱਟਾਂ ਨੂੰ ਦਿਖਾ ਦਿੱਤੀਆਂ, ਪਰ ਕਿਸੇ ਦੀ ਹਿੰਮਤ ਨਾ ਪਈ ਕਿ ਦੁਬਾਰਾ ਪੱਲਿਆਂ ਨੂੰ ਠੀਕ ਕੀਤਾ ਜਾਵੇ।



"ਜੀਤ ਸਿਆਂ, ਇੰਸਪੈਕਟਰ ਬਹੁਤਾ ਧੱਕਾ ਕਰਦੈ, ਪੰਜ ਰੁਪਏ ਬੋਰੀ ਦੇ ਮੰਗਦਾ ਹੈ। ਰੁਪਏ ਦੋ ਰੁਪਏ ਤਾਂ ਚੱਲ, ਸਬਰ ਸਬੂਰੀ ਕਰਕੇ ਦੇ ਦਿੰਦੇ ਪਰ ਪੰਜਾਂ ਦੇ ਨੋਟ ਵਾਲਾ ਵੱਟਾ ਭਾਰਾ ਹੈ। ਸਾਲਾ ਲਾਲਚੀ ਬਾਹਲਾ ਹੈ। ਕਹਿੰਦਾ, 'ਮੈਂ ਵੀ ਜੱਟ ਦਾ ਪੁੱਤ ਹਾਂ', ਜੇ ਇਹ ਜੱਟ ਦਾ ਪੁੱਤ ਹੁੰਦਾ ਤਾਂ ਸਾਡੇ ਨਾਲ ਇੰਜ ਨਾ ਕਰਦਾ।" ਪਿਆਰਾ ਸਿਉਂ ਨੇ ਜੁੱਤੀ ਨਾਲ ਕੀੜਾ ਮਾਰਦਿਆਂ ਕਿਹਾ।

"ਇਹੋ ਜਿਹੇ ਬੰਦੇ ਨੂੰ ਬੁੱਚੜਾਂ ਨੂੰ ਦੇ ਆਵੇ। ਸਾਲਾ ਜੱਟ ਹੋ ਕੇ ਜੱਟਾਂ ਦਾ ਲਹੂ ਚੂਸੀ ਜਾਂਦਾ ਹੈ। ਕੋਈ ਨਾ ਪੁੱਤ, ਸਾਡੀ ਹਾਅ ਲੱਗ ਗਈ ਤਾਂ ਤੇਰੇ ਖੇਡਦੇ ਨਾ ਮਰੇ ਤਾਂ ਮੈਨੂੰ ਸੁੱਚਾ ਨਾ ਆਖੀਂ।" ਸੁੱਚਾ ਸਿੰਘ ਇੰਸਪੈਕਟਰ ਤੋਂ ਔਕਿਆ ਪਿਆ ਸੀ।

"ਸੁੱਚਾ ਸਿਆਂ, ਇਸ ਤਰ੍ਹਾਂ ਨਾ ਆਖ। ਪੁੱਤ ਤਾਂ ਕਿਸੇ ਵੈਰੀ ਦਾ ਵੀ ਨਾ ਮਰੇ, ਇਹ ਤਾਂ ਫਿਰ ਆਪਣਾ ਜੱਟ ਭਰਾ ਹੈ। ਕੋਈ ਨਾ ਹੌਲੀ-ਹੌਲੀ ਆਨੇ ਵਾਲੀ ਥਾਂ ਆ ਜਾਊ। ਕਿਸੇ ਨੂੰ ਬਦਅਸੀਸ ਦੇਣੀ ਮਾੜੀ ਹੁੰਦੀ ਹੈ।" ਪਿਆਰਾ ਸਿਉਂ ਨੂੰ ਆਪਣਾ ਗੱਭਰੂ ਪੁੱਤ ਮਰਿਆ ਚੇਤੇ ਆ ਗਿਆ, "ਘਰ ਵਿਚ ਮੁਟਿਆਰ ਨੂੰਹ ਸਿਰੋਂ ਨੰਗੀ ਹੋਈ ਦੇਖ ਕੇ ਧਾਹ ਨਿਕਲ ਜਾਂਦੀ ਹੈ। ਵਹਿਗੁਰੂ-ਵਾਹਿਗੁਰੂ ਕਰੋ।" ਪਿਆਰਾ ਸਿੰਘ ਨੇ ਅੱਖਾਂ ਪਰਨੇ ਨਾਲ ਢੱਕ ਲਈਆਂ।

"ਜੱਟ ਫਸਲ ਖੜ੍ਹੀ ਦੇਖ ਕੇ ਜਿਉਂਦਾ ਹੈ। ਫਸਲ ਨਾਲ ਹੀ ਜੱਟ ਦੇ ਸੁਫਨੇ ਹੁੰਦੇ ਹਨ। ਕਿਸੇ ਨੇ ਧੀ ਦੇ ਹੱਥ ਪੀਲੇ ਕਰਨੇ ਹੁੰਦੇ ਹਨ, ਕਿਸੇ ਨੇ ਚਾਰ ਖਣ ਛੱਤਣੇ ਹੁੰਦੇ ਹਨ, ਕਿਸੇ ਨੇ ਨਵਾਂ ਟਰੈਕਟਰ ਲਿਆਉਣਾ ਹੁੰਦਾ ਹੈ, ਕਿਸੇ ਨੇ ਪੁੱਤ ਪਰਦੇਸ ਤੋਰਨਾ ਹੁੰਦਾ ਹੈ, ਕਿਸੇ ਨੇ ਬਾਣੀਏ ਦੇ ਕਰਜ਼ੇ ਤੋਂ ਖਹਿੜਾ ਛੁਡਾਉਣਾ ਹੁੰਦਾ ਹੈ। ਸਭ ਕੁਝ ਫਸਲ ਦੀ ਵੱਟਤ ਨਾਲ ਹੀ ਹੋਣਾ ਹੁੰਦਾ ਹੈ ਪਰ ਰੱਬ ਤਾਂ ਕਹਿਰਵਾਨ ਹੋ ਕੇ ਸਾਰੇ ਸੁਫਨੇ ਹੀ ਰੋੜ੍ਹ ਕੇ ਲਈ ਜਾਂਦਾ ਹੈ।" ਬਾਬਾ ਭਾਗ ਸਿੰਘ ਨੇ ਖਾਲੀ ਗਲਾਸ ਥੱਲੇ ਰੱਖਦਿਆਂ ਕਿਹਾ।

"ਜਿਵੇਂ ਆਹ ਮੀਂਹ ਪੈ ਰਿਹਾ ਹੈ, ਇਸ ਨਾਲ ਸੁਪਨੇ ਤਾਂ ਕੀ ਪੂਰੇ ਹੋਣੇ ਹਨ, ਫਸਲ 'ਤੇ ਕੀਤਾ ਖਰਚਾ ਹੀ ਪੂਰਾ ਹੋ ਜਾਵੇ ਤਾਂ ਆਪਣੀ ਕਿਸਮਤ ਚੰਗੀ ਹੈ।" ਜਵਾਲਾ ਸਿਉਂ ਨੂੰ ਜਿਵੇਂ ਪਤਾ ਲੱਗ ਪਿਆ ਹੋਵੇ ਕਿ ਐਤਕੀਂ ਵੀ ਬਾਣੀਏ ਦੀ ਲਾਲ ਵਹੀ ਆਜ਼ਾਦ ਨਹੀਂ ਕਰਦੀ।

"ਓਏ ਕਮਲਿਓ ਜੱਟੋ, ਤੁਹਾਨੂੰ ਕੌਣ ਸਮਝਾਵੇ। ਤੁਸੀਂ ਖੁਦ ਆਪ ਹੀ ਆਪਸ ਵਿਚ ਪਾਟੇ ਹੋਏ ਹੋ। ਇੰਸਪੈਕਟਰ ਦੀ ਕੀ ਮਜਾਲ ਹੈ ਕਿ ਉਹ ਭਾਅ ਨਾ ਲਾਵੇ। ਤਿਲਕ ਰਾਜ ਕੋਲ ਭਿੱਜੀ ਬਿੱਲੀ ਬਣ ਜਾਂਦੇ ਹੋ। ਇੰਸਪੈਕਟਰ ਅੱਗੇ ਐਵੇਂ ਹੀ ਹੱਥਾਂ ਦੇ ਵਿਚਾਲੇ ਪਰਨੇ ਦੇ ਕੇ ਹੱਥ ਜੋੜੀ ਜਾਂਦੇ ਹੋ ਜਿਵੇਂ ਕਿਸੇ ਥਾਣੇਦਾਰ ਕੋਲੋਂ ਮੁਆਫ਼ੀ ਮੰਗਦੇ ਹੋਵੋ। ਸਾਰੇ ਇਕੱਠੇ ਹੋਵੋ, ਤਿਲਕ ਰਾਜ ਤੇ ਇੰਸਪੈਕਟਰ ਦੇ ਗਲ ਪਵੋ, ਫਿਰ ਦੇਖਿਓ ਬੋਲੀ ਕਿਵੇਂ ਨਹੀਂ ਲਾਉਂਦਾ।" ਨਾਜ਼ਰ ਪੰਚ ਪਤਾ ਨਹੀਂ ਕਿੱਥੋਂ ਦੋ ਪੈਗ ਲਾ ਆਇਆ ਸੀ ਜਿਹੜਾ ਇਸ ਤਰ੍ਹਾਂ ਦੀ ਸੱਚੀ ਤੇ ਅਣਖੀ ਤਕਰੀਰ ਕਰਕੇ ਜੱਟਾਂ ਨੂੰ ਜਾਗਰੂਕ ਕਰ ਰਿਹਾ ਸੀ।

ਨਾਜ਼ਰ ਪੰਚ ਦੀ ਆਵਾਜ਼ ਸੁਣ ਕੇ ਤਿਲਕ ਰਾਜ ਭੱਜਾ ਆਇਆ, "ਸਰਦਾਰ ਜੀ, ਬੈਠੋ ਰੋਟੀ ਆਉਂਦੀ ਹੈ। ਪਿਆਰਾ ਸਿਆਂ ਤੁਸੀਂ ਵੀ ਸਿੱਧੇ ਜਿਹੇ ਹੋ ਜਾਵੋ, ਆਰਾਮ ਨਾਲ ਰੋਟੀ ਛਕੋ। ਸਵੇਰੇ ਦੇਖਦੇ ਹਾਂ ਕੀ ਬਣਦਾ ਹੈ।" ਤਿਲਕ ਰਾਜ ਵਿਆਹ ਵਿਚ ਫਿਰਦੇ ਲਾਗੀ ਵਾਂਗ ਇਕੱਲੇ-ਇਕੱਲੇ ਨੂੰ ਬੇਨਤੀ ਕਰਦਾ ਬੋਲਿਆ।

"ਲਾਲਾ ਰੋਟੀ ਨਾਲ ਸਾਰੇਂਗਾ ਕਿ ਮੂੰਹ ਵੀ ਕੌੜਾ ਕਰਾਵੇਂਗਾ?" ਨਾਜ਼ਰ ਪੰਚ ਨੇ ਤਿਲਕ ਰਾਜ ਨੂੰ ਪੁੱਛਿਆ।

"ਬੈਠੋ ਬੈਠੋ ਸਰਦਾਰ ਜੀ, ਸਾਰਾ ਕੁਝ ਮਿਲੇਗਾ। ਤੁਹਾਡਾ ਆਪਣਾ ਘਰ ਹੈ ਪਰ ਕੁਝ ਖ਼ਿਆਲ ਨਾਲ ਬੋਲਿਓ, ਪਿੱਛੇ ਸ਼ੀਲਾ ਹੋਰੀਂ ਰੋਟੀ ਤਿਆਰ ਕਰਦੀਆਂ ਨੇ।" ਤਿਲਕ ਰਾਜ ਨਾਜ਼ਰ ਨੂੰ ਚੰਦ ਸ਼ਬਦਾਂ ਵਿਚ ਸਭ ਕੁਝ ਸਮਝਾ ਗਿਆ।

ਦੋ ਬੋਤਲਾਂ ਸ਼ਰਾਬ ਦੀਆਂ ਲਿਆ ਕੇ ਤਿਲਕ ਰਾਜ ਨੇ ਨਾਜ਼ਰ ਨੂੰ ਫੜਾ ਦਿੱਤੀਆਂ। ਨਾ ਨਾ ਕਰਦੇ ਸਾਰੇ ਹੀ ਦੋ-ਦੋ ਪੈਗ ਮਾਰ ਗਏ। ਅਗੇਤੀ ਗੋਭੀ ਦੀ ਬਣੀ ਸਬਜ਼ੀ ਨਾਲ ਮਹਾਜਨ ਰੋਟੀ ਦੀਆਂ ਜੱਟਾਂ ਨੇ ਚੰਗੀਆਂ ਤਹੀਆਂ ਲਾਹੀਆਂ।

ਦਿਨ ਭਰ ਦਾ ਥਕੇਵਾਂ, ਰੋਟੀ ਤੇ ਦਾਰੂ ਦਾ ਨਸ਼ਾ ਕਰ ਕੇ ਜੱਟਾਂ ਨੇ ਤਿਲਕ ਰਾਜ ਤੋਂ ਬਿਸਤਰਿਆਂ ਦੀ ਮੰਗ ਨਾ ਕੀਤੀ। ਆਪਣੇ ਖੇਸਾਂ, ਕੰਬਲਾਂ ਵਿਚ ਹੀ ਮੰਜਿਆਂ 'ਤੇ ਡਿੱਗ ਪਏ। ਮੀਂਹ ਹੁਣ ਹਟ ਗਿਆ ਸੀ। ਨਾਜ਼ਰ ਪੰਚ ਨੇ ਇਕੱਲੇ ਇਕੱਲੇ ਜੱਟ ਨੂੰ ਸਭ ਕੁਝ ਸਮਝਾਇਆ ਜੋ ਬਾਣੀਏ ਤੇ ਇੰਸਪੈਕਟਰ ਨਾਲ ਕਰਨਾ ਸੀ।

ਸਵੇਰ ਹੁੰਦਿਆਂ ਸੀਵਰੇਜ ਨੇ ਮੀਂਹ ਦਾ ਸਾਰਾ ਪਾਣੀ ਖਿੱਚ ਲਿਆ ਸੀ ਤੇ ਸੂਰਜ ਨੇ ਆਪਣੀ ਚਮਕ ਦਿਖਾ ਦਿੱਤੀ ਸੀ। ਜੱਟਾਂ ਨੇ ਪੱਲੜ ਲਾਹ ਕੇ ਝੋਨੇ ਨੂੰ ਹਵਾ ਪ੍ਰਵਾਹ ਦਿੱਤੀ। ਧੁੱਪ ਨਾਲ ਝੋਨਾ ਸੇਕ ਛੱਡ ਰਿਹਾ ਸੀ। ਦੋ ਦਿਨ ਝੋਨੇ ਨੂੰ ਹਵਾ ਤੇ ਧੁੱਪ ਲਵਾਈ ਗਈ, ਫਿਰ ਤਿਲਕ ਰਾਜ ਨੇ ਇੰਸਪੈਕਟਰ ਨੂੰ ਸੱਦ ਕੇ ਸਾਰਿਆਂ ਦਾ ਝੋਨਾ ਦਿਖਾ ਦਿੱਤਾ ਪਰ ਉਹ ਪੰਜ ਰੁਪਏ ਬੋਰੀ 'ਤੇ ਅੜਿਆ ਪਿਆ ਸੀ। ਨਾਜ਼ਰ ਨੇ ਬਹੁਤ ਸਮਝਾਇਆ ਪਰ ਉਹ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦਾ।

ਫਿਰ ਨਾਜ਼ਰ ਪੰਚ ਗੱਲ ਕਰਨ ਦੇ ਬਹਾਨੇ ਇੰਸਪੈਕਟਰ ਨੂੰ ਤਿਲਕ ਰਾਜ ਦੇ ਚੁਬਾਰੇ ਵਿਚ ਲੈ ਗਿਆ। ਨਾਲ ਚਾਰ ਜੱਟ ਹੋਰ ਚਲੇ ਗਏ। ਤਿਲਕ ਰਾਜ ਚਾਹ ਲੈ ਕੇ ਆ ਗਿਆ। ਚਾਹ ਪੀਣ ਤੋਂ ਬਾਅਦ ਫਿਰ ਗੱਲ ਤੁਰੀ, ਉਹੀ ਬਾਹੀਆਂ, ਉਹੀ ਕੁਹਾੜੀ। ਇੰਸਪੈਕਟਰ ਟੱਸ ਤੋਂ ਮੱਸ ਨਾ ਹੋਇਆ। ਪੰਜ ਰੁਪਏ ਬੋਰੀ ਤੋਂ ਨਾ ਘਟਿਆ।

ਫਿਰ ਨਾਜ਼ਰ ਪੰਚ ਦੀ ਅਤੇ ਇੰਸਪੈਕਟਰ ਦੀ ਤੂੰ-ਤੂੰ-ਮੈਂ-ਮੈਂ ਹੋ ਗਈ। ਸਾਰੇ ਦੇਖਦੇ ਰਹਿ ਗਏ ਜਦੋਂ ਨਾਜ਼ਰ ਪੰਚ ਨੇ ਇੰਸਪੈਕਟਰ ਨੂੰ ਗੋਡਿਆਂ ਥੱਲੇ ਦੇ ਲਿਆ ਤੇ ਪਿਆਰਾ ਸਿਉਂ ਤੇ ਜਵਾਲਾ ਸਿਉਂ ਨੇ ਚੰਗਾ ਛਿੱਤਰ ਫੇਰਿਆ। ਦੋ ਕੁ ਜੁੱਤੀਆਂ ਤਿਲਕ ਰਾਜ ਨੂੰ ਵੀ ਲੱਗ ਗਈਆਂ।

ਨਾਜ਼ਰ ਪੰਚ ਨੇ ਚੰਗੀ ਗਾਲ ਵਾਹੀ। ਇੰਸਪੈਕਟਰ ਨੇ ਪੱਗ ਨਾਜ਼ਰ ਪੰਚ ਦੇ ਪੈਰੀਂ ਰੱਖ ਦਿੱਤੀ ਤੇ ਮੁਆਫ਼ੀ ਮੰਗਣ ਲੱਗਾ। ਨਾਜ਼ਰ ਪੰਚ ਕਹਿੰਦਾ, "ਤੂੰ ਜੱਟ ਦਾ ਪੁੱਤ ਨਹੀਂ, ਤੂੰ ਕੋਈ ਮਜ਼ਬੀ ਸਿੱਖ ਏਂ ਜੋ ਜੱਟਾਂ ਨਾਲ ਇੰਨਾ ਧੱਕਾ ਕਰਦਾ ਹੈਂ ਪਰ ਤੂੰ ਪਲਿਆ ਜੱਟਾਂ ਦੇ ਅਨਾਜ ਨਾਲ ਹੀ ਹੈਂ।" ਨਾਜ਼ਰ ਪੰਚ ਦੇ ਬੋਲਾਂ ਨਾਲ ਸਾਰਾ ਚੁਬਾਰਾ ਬੋਲ ਰਿਹਾ ਸੀ। ਨਾਜ਼ਰ ਪੰਚ ਇੰਸਪੈਕਟਰ ਦੀ ਜਨਮਪੱਤਰੀ ਬਣਾਈ ਬੈਠਾ ਸੀ।

"ਤਿਲਕ ਰਾਜ ਕਰ ਪੁਲਿਸ ਨੂੰ ਫ਼ੋਨ।" ਨਾਜ਼ਰ ਪੰਚ ਹੁਣ ਬਾਣੀਏ ਵੱਲ ਹੋਇਆ। ਇੰਸਪੈਕਟਰ ਨਾਜ਼ਰ ਵੱਲ ਡਰੀ ਹੋਈ ਗਾਂ ਵਾਂਗ ਦੇਖ ਰਿਹਾ ਸੀ, "ਨਹੀਂ ਸਰਦਾਰ ਜੀ, ਪੁਲਿਸ ਨੂੰ ਕਿਉਂ ਬੁਲਾਉਂਦਾ ਏਂ। ਇਸ ਨਾਲ ਤਾਂ ਸਾਬ੍ਹ ਦੀ ਬੇਇੱਜ਼ਤੀ ਹੋਰ ਹੋ ਜਾਊ।" ਤਿਲਕ ਰਾਜ ਨੇ ਇੰਸਪੈਕਟਰ ਨੂੰ ਬਾਹੋਂ ਫੜ ਕੇ ਪਲੰਘ 'ਤੇ ਬਿਠਾਉਂਦਿਆਂ ਕਿਹਾ।

"ਸਾਬ੍ਹ, ਜੱਟ ਕਮਲੀ ਕੌਮ ਨਹੀਂ, ਇਹ ਪਿਆਰ ਦੇ ਭੁੱਖੇ ਹਨ। ਇਹ ਅੜਬਾਈ ਨਾਲ ਸੂਤ ਨਹੀਂ ਆਉਂਦੇ, ਇਹ ਤਾਂ ਪਿਆਰ ਨਾਲ ਰੱਖਣ ਵਾਲੇ ਬੰਦੇ ਹਨ।" ਤਿਲਕ ਰਾਜ ਸਮੇਂ ਦੀ ਮੰਗ ਅਨੁਸਾਰ ਜੱਟਾਂ ਵੱਲ ਪਾਸਾ ਮਾਰ ਗਿਆ।

ਫਿਰ ਉਹੀ ਝੋਨਾ, ਉਹੀ ਇੰਸਪੈਕਟਰ, ਇਕ ਰੁਪਇਆ ਬੋਰੀ ਰਿਸ਼ਵਤ ਵਿਚ ਵੀ ਨਹੀਂ ਲਿਆ ਤੇ ਸਾਰਾ ਝੋਨਾ ਤੁਲਾ ਦਿੱਤਾ। ਸਾਰੇ ਜੱਟ ਬਾਗੋ-ਬਾਗ ਹੋ ਗਏ। ਨਾ ਕੋਈ ਪੁਲਿਸ ਰਿਪੋਰਟ ਹੋਈ, ਨਾ ਕੋਈ ਕੇਸ ਚੱਲਿਆ। ਵਿਗੜੇ ਜੱਟਾਂ ਨੇ ਇੰਸਪੈਕਟਰ ਤਕਲੇ ਵਾਂਗ ਸਿੱਧਾ ਕਰ ਦਿੱਤਾ। ਨਾਜ਼ਰ ਪੰਚ ਦੀ ਦਲੇਰੀ ਪਿੱਛੇ ਵੀ ਕੋਈ ਬੋਲਦਾ ਸੀ, ਐਵੇਂ ਨਹੀਂ ਇੰਸਪੈਕਟਰ ਨੂੰ ਹੱਥ ਪਾ ਲਿਆ। ਇਹ ਸਭ ਕੁਝ ਮੈਂ ਆਪਣੀ ਅੱਖੀਂ ਦੇਖਿਆ ਸੀ ਤੇ ਅੱਜ ਮਨ ਵਿਚ ਸੋਚਦਾ ਹਾਂ ਕਿ ਜਿਸ ਤਰ੍ਹਾਂ ਦਸ ਜੱਟਾਂ ਦੇ ਏਕੇ ਨਾਲ ਇੰਸਪੈਕਟਰ ਵੱਤ ਆ ਗਿਆ, ਇਸੇ ਤਰ੍ਹਾਂ ਮੇਰੀ ਕੌਮ ਵਿਚ ਵੀ ਏਕਾ ਹੋ ਜਾਵੇ ਤਾਂ ਸਾਨੂੰ ਪਰਦੇਸੀ ਹੋਣ ਦਾ ਸੰਤਾਪ ਨਾ ਭੋਗਣਾ ਪਵੇ।

# ਹੇਮਾ ਮਾਲਿਨੀ

## ਅੱਜ ਵੀ ਸੁਪਨਿਆਂ ਦੀ ਮਲਕਾ



ਦੱਖਣੀ ਭਾਰਤ ਤੋਂ ਬਾਲੀਵੁੱਡ ਵਿਚ ਫ਼ਿਲਮ ਅਭਿਨੇਤਰੀਆਂ ਦੇ ਦਾਖਲੇ ਦਾ ਲੰਮਾ ਇਤਿਹਾਸ ਰਿਹਾ ਹੈ। ਪਦਮਨੀ, ਵੈਜੰਤੀ ਮਾਲਾ, ਵਹੀਦਾ ਰਹਿਮਾਨ, ਰੇਖਾ, ਜੈਪ੍ਰਦਾ, ਸ੍ਰੀਦੇਵੀ ਤੇ ਹੁਣ ਆਸਿਨ, ਸਭ ਦੱਖਣ ਭਾਰਤ ਨਾਲ ਸਬੰਧਤ ਅਭਿਨੇਤਰੀਆਂ ਹਨ। ਹੇਮਾ ਮਾਲਿਨੀ ਨੂੰ 'ਡਰੀਮ ਗਰਲ' ਦਾ ਖਿਤਾਬ ਹਾਸਲ ਹੈ ਤੇ ਉਹ ਆਪਣੇ ਸਮੇਂ ਦੀਆਂ ਤਕਰੀਬਨ ਅਲੋਪ ਹੋ ਚੁੱਕੀਆਂ ਸਾਰੀਆਂ ਅਭਿਨੇਤਰੀਆਂ ਤੋਂ ਬਾਅਦ ਅੱਜ ਵੀ ਫ਼ਿਲਮ ਸਨਅਤ ਵਿਚ ਸਰਗਰਮ ਹੈ।

ਉਸ ਦੇ ਦੀਵਾਨਿਆਂ ਵਿਚ ਆਮ ਦਰਸ਼ਕਾਂ ਤੋਂ ਇਲਾਵਾ ਫ਼ਿਲਮਾਂ ਦੇ ਹੀਰੋ ਵੀ ਸ਼ਾਮਲ ਹਨ। ਉਸ ਨੇ ਭਾਰਤੀ ਆਦਰਸ਼ ਨਾਰੀ ਦਾ ਸਰਬੋਤਮ ਪ੍ਰਦਰਸ਼ਨ ਆਪਣੇ ਫ਼ਿਲਮੀ ਚਰਿੱਤਰਾਂ ਰਾਹੀਂ ਕੀਤਾ ਹੈ। ਇਸ ਲਈ ਹੇਮਾ ਮਾਲਿਨੀ ਮਰਦਾਂ ਦੇ ਨਾਲ-ਨਾਲ ਮਹਿਲਾ ਦਰਸ਼ਕਾਂ ਦੀ ਵੀ ਬੇਹੱਦ ਹਰਮਨ-ਪਿਆਰੀ ਅਭਿਨੇਤਰੀ ਰਹੀ ਹੈ। ਉਸ ਦੀ ਪਹਿਲੀ ਹਿੰਦੀ ਫ਼ਿਲਮ 'ਸਪਨੋਂ ਕਾ ਸੌਦਾਗਰ' (1968) ਸੀ। ਇਸ ਵਿਚ ਉਸ ਨੇ ਸਵਰਗੀ ਰਾਜ ਕਪੂਰ ਦੇ ਨਾਲ ਕੰਮ ਕੀਤਾ ਸੀ। ਦੱਖਣ ਭਾਰਤ ਦੇ ਫ਼ਿਲਮ ਨਿਰਮਾਤਾ ਅਨੰਤ ਸੁਆਮੀ ਨੇ ਹੇਮਾ ਮਾਲਿਨੀ ਨੂੰ ਹਿੰਦੀ ਫ਼ਿਲਮਾਂ ਵਿਚ ਆਉਣ 'ਤੇ 'ਡਰੀਮ ਗਰਲ' ਦਾ ਖਿਤਾਬ ਦੇ ਕੇ ਮੀਡੀਆ ਵਿਚ ਪ੍ਰਚਾਰਤ ਕੀਤਾ ਸੀ ਤੇ ਹੇਮਾ ਮਾਲਿਨੀ ਸੱਚਮੁੱਚ ਡਰੀਮ ਗਰਲ ਸਾਬਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦੇ ਦੌਰਾਨ ਰਾਜ ਕਪੂਰ ਨੇ ਆਪਣੇ ਮਿੱਤਰ ਸੰਗੀਤਕਾਰ ਸ਼ੰਕਰ ਨੂੰ ਕਿਹਾ ਸੀ ਕਿ ਦੇਖਣਾ ਇਕ ਦਿਨ ਇਹ ਲੜਕੀ ਬਹੁਤ ਹੀ ਵੱਡੀ ਸਟਾਰ ਬਣੇਗੀ ਤੇ ਬਾਅਦ ਵਿਚ ਇਹ ਸੱਚ ਵੀ ਸਾਬਤ ਹੋਇਆ। ਫ਼ਿਲਮ ਨਗਰੀ ਦੇ ਕਈ ਨਾਇਕ ਵੀ ਹੇਮਾ ਮਾਲਿਨੀ 'ਤੇ ਫ਼ਿਦਾ ਸਨ। ਸਵਰਗੀ ਸੰਜੀਵ ਕੁਮਾਰ ਨੇ ਸਾਰੀ ਜ਼ਿੰਦਗੀ ਵਿਆਹ ਨਹੀਂ ਕਰਵਾਇਆ ਕਿਉਂਕਿ ਹੇਮਾ ਮਾਲਿਨੀ ਨੇ ਉਸ ਨਾਲ ਵਿਆਹ ਦੀ ਪੇਸ਼ਕਸ਼ ਖਾਰਜ ਕਰ ਦਿੱਤੀ ਸੀ। ਜੇ ਧਰਮਿੰਦਰ ਦੇ ਜਾਸੂਸ ਸਹੀ ਸਮੇਂ 'ਤੇ ਖ਼ਬਰ ਉਸ ਤੱਕ ਨਾ ਪਹੁੰਚਾਉਂਦੇ ਤਾਂ ਹੇਮਾ ਮਾਲਿਨੀ ਸ੍ਰੀਮਤੀ ਜਤਿੰਦਰ ਹੋ ਗਈ ਹੁੰਦੀ।

ਧਰਮਿੰਦਰ ਤੇ ਹੇਮਾ ਮਾਲਿਨੀ ਦੀ ਜੋੜੀ ਫ਼ਿਲਮੀ ਪਰਦੇ 'ਤੇ ਬੇਹੱਦ ਹਰਮਨ-ਪਿਆਰੀ ਹੋਈ ਕਿਉਂਕਿ ਅਸਲ ਜ਼ਿੰਦਗੀ ਵਿਚ ਵੀ ਧਰਮਿੰਦਰ ਤੇ ਹੇਮਾ ਮਾਲਿਨੀ ਦੇ ਸਬੰਧ ਗੂੜ੍ਹੇ ਹੋ ਰਹੇ ਸਨ। ਇਸ ਜੋੜੀ ਨੇ ਕਈ ਸੁਪਰਹਿੱਟ ਫ਼ਿਲਮਾਂ ਦਿੱਤੀਆਂ ਤੇ ਬਾਲੀਵੁੱਡ ਦੀਆਂ ਚਰਚਿਤ ਜੋੜੀਆਂ ਵਿਚ ਧਰਮਿੰਦਰ ਤੇ ਹੇਮਾ ਮਾਲਿਨੀ ਦੀ ਚਰਚਾ ਆਮ ਹੁੰਦੀ ਰਹੀ ਹੈ। ਇਹ ਦੋਵੇਂ ਪਹਿਲੀ ਵਾਰ ਫ਼ਿਲਮ 'ਤੂ ਹਸੀਂ ਮੈਂ ਜਵਾਂ' (1970) ਵਿਚ ਇਕੱਠੇ ਆਏ। ਉਸ ਤੋਂ ਬਾਅਦ ਟਿਕਟ ਖਿੜਕੀ 'ਤੇ ਇਸ ਜੋੜੀ ਦੀਆਂ 'ਸ਼ਰਾਫ਼ਤ', 'ਪ੍ਰਤਿੱਗਿਆ', 'ਨਯਾ ਜ਼ਮਾਨਾ', 'ਰਾਜਾ ਜਾਨੀ', 'ਜੁਗਨੂੰ', 'ਡਰੀਮ ਗਰਲ', 'ਚਰਸ', 'ਬਗ਼ਾਵਤ' ਤੇ 'ਸ਼ੋਅਲੇ' ਵਰਗੀਆਂ ਸੁਪਰਹਿੱਟ ਫ਼ਿਲਮਾਂ ਆਈਆਂ। ਇਸ ਜੋੜੀ ਨੂੰ ਸਫ਼ਲਤਾ ਦੀ ਪੱਕੀ ਗਾਰੰਟੀ ਮੰਨਿਆ ਜਾਣ ਲੱਗਾ ਸੀ।

ਗਰਮ ਸੁਭਾਅ ਦੇ ਧਰਮਿੰਦਰ ਤੋਂ ਇਲਾਵਾ ਹੇਮਾ ਮਾਲਿਨੀ ਨੇ ਆਪਣੇ ਉਸ ਫ਼ਿਲਮੀ ਦੌਰ ਵਿਚ ਸਾਰੇ ਦੇ ਸਾਰੇ ਨਾਮੀ-ਗਰਾਮੀ ਨਾਇਕਾਂ ਨਾਲ ਕੰਮ ਕੀਤਾ। ਉਨ੍ਹਾਂ ਵਿਚ ਰਾਜ ਕੁਮਾਰ, ਰਾਜਿੰਦਰ ਕੁਮਾਰ, ਸੰਜੀਵ ਕੁਮਾਰ, ਰਾਜ ਕਪੂਰ ਤੇ ਸ਼ੰਮੀ ਕਪੂਰ, ਮਨੋਜ ਕੁਮਾਰ, ਰਾਜੇਸ਼ ਖੰਨਾ, ਸ਼ਸ਼ੀ ਕਪੂਰ, ਵਿਨੋਦ ਖੰਨਾ, ਸ਼ਤਰੂਘਨ ਸਿਨਹਾ, ਜਤਿੰਦਰ ਤੇ ਅਮਿਤਾਭ ਬੱਚਨ ਸ਼ਾਮਲ ਹਨ।



# ਵਿੱਦਿਆ ਨੂੰ ਹੋਇਆ ਔਰਤ ਹੋਣ ਦਾ ਅਹਿਸਾਸ

ਵਿੱਦਿਆ ਬਾਲਨ ਨੇ 'ਪਰਿਣੀਤਾ' ਤੋਂ ਲੈ ਕੇ 'ਨੋ ਵਨ ਕਿੱਲਡ ਜੈਸਿਕਾ' ਤਕ ਕਈ ਫ਼ਿਲਮਾਂ ਕੀਤੀਆਂ ਹਨ ਤੇ ਸਾਰੀਆਂ ਫਿਲਮਾਂ 'ਚ ਚੁਣੌਤੀਪੂਰਨ ਕਿਰਦਾਰ ਵੀ ਨਿਭਾਏ ਹਨ। ਇਨ੍ਹਾਂ 'ਚੋਂ ਕੁਝ ਫ਼ਿਲਮਾਂ ਹਿੱਟ ਵੀ ਹੋਈਆਂ ਤੇ ਆਪਣੀਆਂ ਇਨ੍ਹਾਂ ਫ਼ਿਲਮਾਂ ਦੀ ਬਦੌਲਤ ਵਿੱਦਿਆ ਬਾਲੀਵੁੱਡ ਦੀ ਬੇਹਤਰੀਨ ਅਦਾਕਾਰਾ ਦੇ ਰੂਪ 'ਚ ਸਾਹਮਣੇ ਆਈ ਹੈ ਪਰ ਵਿੱਦਿਆ ਦਾ ਕਹਿਣੈ ਕਿ ਉਸ ਨੂੰ ਇਨ੍ਹਾਂ 'ਚੋਂ ਕਿਸੇ ਵੀ ਫ਼ਿਲਮ 'ਚ ਔਰਤ ਹੋਣ ਦੇ ਸੁੱਖ ਦਾ ਅਹਿਸਾਸ ਨਹੀਂ ਹੋਇਆ ਪਰ 'ਦਿ ਡਰਟੀ ਪਿਕਚਰ' 'ਚ ਕੰਮ ਕਰਨ ਵੇਲੇ ਇਹ ਖਾਸ ਅਹਿਸਾਸ ਹੋਇਆ ਹੈ।

**'ਦਿ ਡਰਟੀ ਪਿਕਚਰ' ਨੇ ਮੇਰੀ ਜ਼ਿੰਦਗੀ ਅਤੇ ਸੋਚ ਹੀ ਬਦਲ ਕੇ ਰੱਖ ਦਿੱਤੀ-ਵਿਦਿਆ ਬਾਲਨ**

ਫ਼ਿਲਮ ਨਿਰਮਾਤਰੀ ਏਕਤਾ ਕਪੂਰ ਦੀ ਮਿਲਨ ਲੂਥਰੀਆ ਦੇ ਨਿਰਦੇਸ਼ਨ 'ਚ ਬਣੀ ਫ਼ਿਲਮ 'ਦਿ ਡਰਟੀ ਪਿਕਚਰ' 'ਚ ਵਿੱਦਿਆ ਨੇ ਅਜਿਹੀ ਮਨਮੋਹਕ ਅਦਾਕਾਰੀ ਕੀਤੀ ਹੈ ਕਿ ਹਰ ਕੋਈ ਵਿੱਦਿਆ ਦੇ ਨਵੇਂ ਸੈਕਸੀ ਰੂਪ ਨੂੰ ਦੇਖ ਕੇ ਦੰਗ ਹੈ। ਉਂਜ ਇਸ ਫ਼ਿਲਮ 'ਚ ਵਿੱਦਿਆ ਦੇ ਕੁਝ ਦ੍ਰਿਸ਼ਾਂ ਨੂੰ ਅਸ਼ਲੀਲ ਵੀ ਦੱਸਿਆ ਜਾ ਰਿਹਾ ਹੈ ਪਰ ਵਿੱਦਿਆ ਦਾ ਇਸ ਬਾਰੇ ਕਹਿਣਾ ਹੈ ਕਿ ਫ਼ਿਲਮ 'ਚ ਕੋਈ ਵੀ ਦ੍ਰਿਸ਼ ਅਸ਼ਲੀਲ ਨਹੀਂ। ਇਹ ਜ਼ਰੂਰ ਹੋ ਸਕਦਾ ਹੈ ਕਿ ਫ਼ਿਲਮ ਦੇ ਕੁਝ ਦ੍ਰਿਸ਼ਾਂ ਨੂੰ ਪਚਾਉਣਾ ਕੁਝ ਲੋਕਾਂ ਲਈ ਸੌਖਾ ਨਾ ਹੋਵੇ ਪਰ ਇਕ ਔਰਤ ਦੇ ਰੂਪ 'ਚ ਇਹ ਦ੍ਰਿਸ਼ ਕਰਕੇ ਉਹ ਤਾਂ ਬੇਹੱਦ ਖੁਸ਼ ਹੈ। ਉਂਜ ਵੀ ਉਸ ਨੇ ਇਸ ਫ਼ਿਲਮ ਤੋਂ ਪਹਿਲਾਂ ਕਿਸੇ ਵੀ ਫ਼ਿਲਮ 'ਚ ਅਦਾਕਾਰੀ ਕਰਨ ਵੇਲੇ ਉਹ ਮਹਿਸੂਸ ਨਹੀਂ ਕੀਤਾ ਜੋ ਉਸ ਨੂੰ ਇਸ ਫ਼ਿਲਮ ਨੇ ਕਰਵਾਇਆ। ਇਹ ਫ਼ਿਲਮ 1980 ਦੇ ਦਹਾਕੇ ਦੀ ਦੱਖਣ ਦੀ ਬੋਲਡ, ਗਲੈਮਰਸ ਤੇ ਕੰਟ੍ਰੋਵਰਸ਼ੀਅਲ ਹੀਰੋਇਨ ਸਿਲਕ ਸਮਿਤਾ ਦੇ ਜੀਵਨ ਤੇ ਚਰਿੱਤਰ 'ਤੇ ਆਧਾਰਤ ਹੈ।

ਸਿਲਕ ਸਮਿਤਾ ਨੂੰ 'ਸਾਫਟ ਪੋਰਨ ਸਟਾਰ' ਕਿਹਾ ਜਾਂਦਾ ਸੀ ਤਾਂ ਕੀ ਸਿਲਕ ਸਮਿਤਾ ਦਾ ਲੋੜ ਤੋਂ ਵਧੇਰੇ ਬੋਲਡ ਤੇ ਬਹੁਤ ਹੀ ਸੈਕਸੀ ਕਿਰਦਾਰ ਨਿਭਾਅ ਕੇ ਵਿੱਦਿਆ 'ਤੇ ਵੀ 'ਸਾਫਟ ਪੋਰਨ ਸਟਾਰ' ਦਾ ਟੈਗ ਨਹੀਂ ਲੱਗ ਜਾਵੇਗਾ? ਇਸ ਬਾਰੇ ਵਿੱਦਿਆ ਕਹਿੰਦੀ ਹੈ ਕਿ ਉਹ ਕੋਈ 'ਸਾਫਟ ਪੋਰਨ ਸਟਾਰ' ਨਹੀਂ। ਉਹ ਇਕ ਕਲਾਕਾਰ ਹੈ ਤੇ ਸਿਰਫ ਇਕ ਕਿਰਦਾਰ ਨਿਭਾਇਆ ਹੈ। ਇਸ ਲਈ ਇਸ ਦਾ ਕੋਈ ਅਰਥ ਨਹੀਂ ਕਿ ਜੋ ਟੈਗ ਸਿਲਕ ਸਮਿਤਾ 'ਤੇ ਲੱਗਾ ਸੀ, ਉਹੀ ਉਸ 'ਤੇ ਵੀ ਲੱਗ ਜਾਏ।

# ਜ਼ਮੀਨੀ ਹਕੀਕਤ ਨਾਲ ਜੁੜੀ ਫ਼ਿਲਮ 'ਆਤੂ ਖੋਜੀ'

ਪੰਜਾਬ 'ਚ ਬਣਨ ਵਾਲੀਆਂ ਫਿਲਮਾਂ ਆਮ ਤੌਰ 'ਤੇ ਹੇਰਵਾ ਭਰਪੂਰ ਹੁੰਦੀਆਂ ਹਨ ਜਾਂ ਹਿੰਦੀ ਫਿਲਮਾਂ ਦੀ ਨਕਲ ਜੋ ਨਾ ਤਾਂ ਧਰਤੀ ਨਾਲ ਜੁੜੀਆਂ ਹੋਈਆਂ ਹਨ ਤੇ ਨਾ ਹੀ ਅਸਲ ਜ਼ਿੰਦਗੀ ਨਾਲ। ਇਸ ਲਕੀਰ ਤੋਂ ਲਾਂਭੇ ਹੋ ਕੇ ਪੰਜਾਬ ਫਿਲਮ 'ਆਤੂ ਖੋਜੀ' ਬਣਾਈ ਗਈ ਹੈ। ਇਸ ਫ਼ਿਲਮ ਦਾ ਲੇਖਕ ਗੁਰਮੀਤ ਕੜਿਆਲਵੀ ਚੌਥੀ ਪੀੜ੍ਹੀ ਦਾ ਪ੍ਰਤੀਬੱਧ ਲੇਖਕ ਹੈ। ਛੋਟੀ ਜਿਹੀ ਜ਼ਿੰਦਗੀ ਵਿਚ ਉਸ ਨੇ ਖੁਦ ਭਾਵੇਂ ਬਹੁਤ ਸੰਘਰਸ਼ ਕੀਤਾ ਹੈ ਪਰ ਉਸ ਦੀਆਂ ਕਹਾਣੀਆਂ ਸਿਰਫ ਉਸ ਦੇ ਆਪਣੇ ਵਿਅਕਤੀਗਤ ਦਾ ਪ੍ਰਗਟਾਵਾ ਨਹੀਂ ਹਨ। ਉਸ ਦੀਆਂ ਕਹਾਣੀਆਂ ਵਿਚ ਜਾਤੀਵਾਦੀ ਪ੍ਰਬੰਧ ਤੋਂ ਸਤਾਏ ਲੋਕਾਂ ਦੀ ਹੀਣ ਭਾਵਨਾ ਤੇ ਮਾਨਸਿਕਤਾ ਦਾ ਸੁੰਦਰ ਵਰਨਣ ਹੈ। ਉਸ ਨੇ ਆਪਣੀ ਕਹਾਣੀ ਵਿਚ ਦੱਬੇ ਲਤਾੜੇ ਲੋਕਾਂ 'ਚ ਆ ਰਹੀ ਸਮਾਜਿਕ, ਰਾਜਨੀਤਕ ਚੇਤਨਾ ਦੀ ਗੱਲ ਵੀ ਛੋਹੀ ਹੈ।

**ਇਸ ਫ਼ਿਲਮ ਦਾ ਨਿਰਦੇਸ਼ਨ ਪੰਜਾਬੀ ਟੈਲੀਵਿਜ਼ਨ ਪਰੋਗਰਾਮਿੰਗ ਵਿਚ ਨਵੇਂ ਮੀਲ ਪੱਥਰ ਕਾਇਮ ਕਰਨ ਵਾਲੇ ਰਜੀਵ ਸ਼ਰਮਾ ਨੇ ਕੀਤਾ ਹੈ। ਉਨ੍ਹਾਂ ਆਪਣੀ ਸ਼ੁਰੂਆਤ 25 ਸਾਲ ਪਹਿਲਾਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਕੀਤੀ ਸੀ। ਫਿਲਮ 'ਆਤੂ ਖੋਜੀ' ਰਾਹੀਂ ਰਜੀਵ ਸ਼ਰਮਾ ਨੇ ਚੰਗੇ ਸਾਹਿਤ ਨੂੰ ਪੰਜਾਬੀ ਦਰਸ਼ਕਾਂ ਦੇ ਸਨਮੁੱਖ ਕੀਤਾ ਹੈ।**

ਫ਼ਿਲਮ 'ਆਤੂ ਖੋਜੀ' ਦਾ ਨਾਇਕ ਸੈਮੂਅਲ ਜੌਹਨ ਅਦਾਕਾਰੀ ਦੇ ਖੇਤਰ ਦਾ ਵਡਮੁੱਲਾ ਹੀਰਾ ਹੈ। ਬਾਲ ਵਰੇਸ ਤੋਂ ਅੱਜ ਤੱਕ ਰੰਗਮੰਚ ਉਸ ਲਈ ਸਭ ਕੁਝ ਹੈ। ਕੋਟਕਪੂਰਾ ਦਾ ਨੇੜਲਾ ਪਿੰਡ ਢਿਲਵਾਂ ਕਲਾਂ ਉਸ ਦੀ ਜਨਮ ਭੂਮੀ ਹੈ ਤੇ ਪੀਪਲਜ਼ ਥੀਏਟਰ ਲਹਿਰਾਗਾਗਾ ਉਸ ਦੀ ਕਰਮ ਭੂਮੀ ਹੈ। ਪਦਮ ਸ੍ਰੀ ਪ੍ਰੋ. ਗੁਰਦਿਆਲ ਸਿੰਘ ਦੇ ਨਾਵਲ ਦੇ ਆਧਾਰ 'ਤੇ ਬਣੀ ਪੰਜਾਬੀ ਫਿਲਮ 'ਅੰਨੇ ਘੋੜੇ ਦਾ ਦਾਨ' ਵਿਚ ਸੈਮੂਅਲ ਵੱਲੋਂ ਨਿਭਾਏ ਗਏ ਮਜ਼ਦੂਰ ਦੇ ਦਮਦਾਰ ਰੋਲ ਸਕਦਾ ਹੀ ਇਹ ਫ਼ਿਲਮ ਕੌਮਾਂਤਰੀ ਵੀਨਸ ਫ਼ਿਲਮ ਮੇਲੇ ਲਈ ਚੁਣੀ ਗਈ ਹੈ। ਸੈਮੂਅਲ ਦਾ ਕਹਿਣਾ ਹੈ ਕਿ ਹਰ ਥੀਏਟਰ ਦੀ ਆਪਣੀ ਜਮਾਤ ਹੁੰਦੀ ਹੈ ਤੇ ਉਹ ਲੁੱਟੀ ਜਾ ਰਹੀ ਕਿਰਤੀ ਜਮਾਤ ਦੀ ਨੁਮਾਇੰਦਗੀ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਜਦ ਤੱਕ ਲੁੱਟ ਰਹਿਤ ਸਮਾਜਕ ਬਰਾਬਰੀ ਵਾਲਾ ਸਮਾਜ ਕਾਇਮ ਨਹੀਂ ਹੋ ਜਾਂਦਾ ਉਦੋਂ ਤੱਕ ਥੀਏਟਰ ਆਪਣਾ ਰੋਲ ਨਿਭਾਉਂਦਾ ਰਹੇਗਾ।

ਇਸ ਫ਼ਿਲਮ ਦਾ ਨਿਰਦੇਸ਼ਨ ਪੰਜਾਬੀ ਟੈਲੀਵਿਜ਼ਨ ਪ੍ਰੋਗਰਾਮਿੰਗ ਵਿਚ ਨਵੇਂ ਮੀਲ ਪੱਥਰ ਕਾਇਮ ਕਰਨ ਵਾਲੇ ਰਜੀਵ ਸ਼ਰਮਾ ਨੇ ਕੀਤਾ ਹੈ। ਉਨ੍ਹਾਂ ਆਪਣੀ ਸ਼ੁਰੂਆਤ 25 ਸਾਲ ਪਹਿਲਾਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਕੀਤੀ ਸੀ। ਫਿਲਮ 'ਆਤੂ ਖੋਜੀ' ਰਾਹੀਂ ਰਜੀਵ ਸ਼ਰਮਾ ਨੇ ਚੰਗੇ ਸਾਹਿਤ ਨੂੰ ਪੰਜਾਬੀ ਦਰਸ਼ਕਾਂ ਦੇ ਸਨਮੁੱਖ ਕੀਤਾ ਹੈ। ਇਸ ਬਾਰੇ ਉਸ ਦਾ ਕਹਿਣਾ ਹੈ ਕਿ ਮੇਰਾ ਮਨੋਰਥ ਚੰਗੇ ਤੇ ਲੋਕ ਪੱਖੀ ਸਾਹਿਤ ਨੂੰ ਪੇਸ਼ ਕਰਨਾ ਹੈ ਜਿਸ ਵਿਚੋਂ ਅੱਜ ਦੇ ਨੌਜਵਾਨ ਨੂੰ ਗਲਤ ਕਦਰਾਂ ਕੀਮਤਾਂ ਖ਼ਿਲਾਫ਼ ਲੜਨ ਦੀ ਪ੍ਰੇਰਨਾ ਮਿਲ ਸਕੇ। ਫਿਲਮ 'ਆਤੂ ਖੋਜੀ' ਦਾ ਨਾਇਕ ਆਤੂ ਨਾਂ ਦਾ ਖੋਜੀ ਹੈ ਜੋ ਪੈੜਾਂ ਕੱਢਣ ਦਾ ਕੰਮ ਕਰਦਾ ਹੈ। ਆਪਣੇ ਕਿੱਤੇ ਨੂੰ ਇਮਾਨਦਾਰੀ ਨਾਲ ਕਰਨਾ ਹੀ ਜਿਸ ਦਾ ਧਰਮ ਹੈ। ਆਪਣੇ ਕਿੱਤੇ ਪ੍ਰਤੀ ਏਨਾ ਸਮਰਪਿਤ ਹੈ ਕਿ ਉਹ ਆਪਣੇ ਜਵਾਈ ਨੂੰ ਵੀ ਚੋਰੀ ਤੇ ਕਤਲ ਦੇ ਕੇਸ ਵਿਚ ਫੜਾ ਦਿੰਦਾ ਹੈ। ਭਾਵੇਂ ਇਸ ਦੇ ਨਤੀਜੇ ਵਜੋਂ ਉਸ ਦੀ ਲੜਕੀ ਵਿਧਵਾ ਹੋ ਕੇ ਉਸ ਦੇ ਬੂਹੇ ਆ ਬੈਠਦੀ ਹੈ।



*ਫ਼ਿਲਮ 'ਆਤੂ ਖੋਜੀ' ਦੇ ਇਕ ਦ੍ਰਿਸ਼ 'ਚ ਸੈਮੂਅਲ ਜੌਹਨ*

ਇਸ ਦੇ ਨਾਲ ਹੀ ਪਿਛਲੇ ਸਮੇਂ ਦੌਰਾਨ ਹਰਿਆਣਾ ਪ੍ਰਾਂਤ ਦੇ ਇਕ ਉਚ ਪੁਲੀਸ ਅਫਸਰ ਵੱਲੋਂ ਤਾਕਤ ਦੀ ਧੌਂਸ ਵਿਚ ਇਕ ਵਿਦਿਆਰਥਣ ਨਾਲ ਕੀਤੀ ਛੇੜਖਾਨੀ ਦੀ ਘਟਨਾ ਨੂੰ ਵੀ ਫ਼ਿਲਮ ਦਾ ਆਧਾਰ ਬਣਾਇਆ ਗਿਆ ਹੈ। ਅਫਸਰ ਦੀ ਇਸ ਧੱਕੇਸ਼ਾਹੀ ਤੋਂ ਪੀੜਤ ਲੜਕੀ ਰਿਚਾ ਦਾ ਸਾਥ ਉਸ ਦੀ ਸਹੇਲੀ ਰੀਮਾ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਦੇ ਰਿਹਾ। ਉਸ ਦੀ ਸਹੇਲੀ ਰੀਮਾ ਦੇ ਮਾਤਾ ਪਿਤਾ ਰਿਚਾ ਦਾ ਸਾਥ ਦੇਣ ਤੋਂ ਰੋਕ ਕੇ ਉਸ ਨੂੰ ਨਾਨਕੇ ਭੇਜ ਦਿੰਦੇ ਹਨ। ਉਹ ਦਰਿਆ ਦੇ ਪਾਰ ਵੱਗਦੇ ਆਪਣੇ ਨਾਨਕੇ ਪਿੰਡ ਜਾਣ ਲਈ ਬੇੜੀ ਵਿਚ ਸਵਾਰ ਹੁੰਦੀ ਹੈ। ਜਿੱਥੇ ਉਸ ਦੀ ਮੁਲਾਕਾਤ ਆਤੂ ਖੋਜੀ ਨਾਲ ਹੁੰਦੀ ਹੈ।

ਇਥੇ ਹੀ ਆਤੂ ਰੀਮਾ ਨੂੰ ਆਪਣੇ ਜਵਾਈ ਨੂੰ ਫੜਾਉਣ ਵਾਲੀ ਕਹਾਣੀ ਸੁਣਾਉਂਦਾ ਹੈ। ਦੁਬਿਧਾ ਦਾ ਸ਼ਿਕਾਰ ਆਤੂ ਰੀਮਾ ਨੂੰ ਸਵਾਲ ਕਰਦਾ ਹੈ ਕਿ ਉਸ ਨੇ ਆਪਣੇ ਜਵਾਈ ਨੂੰ ਫੜਾ ਕੇ ਠੀਕ ਕੀਤਾ ਹੈ ਜਾਂ ਨਹੀਂ। ਰੀਮਾ ਜੋ ਹੁਣ ਤੱਕ ਆਤੂ ਖੋਜੀ ਦੀ ਕਹਾਣੀ ਸੁਣ ਕੇ ਆਪਣੇ ਆਪ ਨੂੰ ਸੰਘਰਸ਼ ਲਈ ਤਿਆਰ ਕਰ ਚੁੱਕੀ ਹੁੰਦੀ ਹੈ, ਆਤੂ ਨਾਲ ਆਪਣਾ ਰਿਸ਼ਤਾ ਵੀ ਜੋੜ ਲੈਂਦੀ ਹੈ ਤੇ ਆਖਦੀ ਹੈ "ਨਾਨਾ ਜੀ ਤੁਸੀਂ ਬਿਲਕੁੱਲ ਠੀਕ ਕੀਤਾ ਸੀ ਤੇ ਮੈਨੂੰ ਵੀ ਆਸ਼ੀਰਵਾਦ ਦਿਉ ਕਿ ਮੈਂ ਵੀ ਵਾਪਸ ਜਾ ਕੇ ਕੁਝ ਠੀਕ ਕਰ ਸਕਾਂ।

ਇਸ ਤਰ੍ਹਾਂ ਬੜੇ ਹੀ ਭਾਵੁਕ ਤੇ ਨਿਰਨਾਇਕ ਮੋੜ 'ਤੇ ਆ ਕੇ ਸਾਰਥਕ ਸੁਨੇਹੇ ਨਾਲ ਫਿਲਮ ਖਤਮ ਹੋ ਜਾਂਦੀ ਹੈ। ਫ਼ਿਲਮ ਆਤੂ ਖੋਜੀ ਦਾ ਨਿਰਮਾਣ ਮੁੱਲਾਂਪੁਰ ਤੋਂ ਲੰਮੇ ਸਮੇਂ ਤੋਂ ਲੋਕਪੱਖੀ ਰੰਗਮੰਚ ਨਾਲ ਜੁੜੇ ਹੋਏ ਤੇਜਿੰਦਰਪਾਲ ਧੀਰ ਨੇ ਕੀਤਾ ਹੈ। ਫਿਲਮ ਦੀਆਂ ਮੁੱਖ ਭੂਮਿਕਾਵਾਂ ਵਿਚ ਸੈਮੂਅਲ ਜੌਹਨ ਤੋਂ ਇਲਾਵਾ ਗੁਨੀਤ ਕੌਰ, ਤੇਜਿੰਦਰਪਾਲ ਧੀਰ, ਮਾਈਕਲ, ਸੁਧੀਕਸ਼ਾ, ਮਨਭਵਨ ਤੇ ਨਵਲੀਨ ਲੱਖੀ ਨੇ ਨਿਭਾਈਆਂ ਹਨ। ਫਿਲਮ ਦਾ ਸੰਗੀਤ ਦੇਸ਼ ਰਾਜ ਛਾਜਲੀ ਤੇ ਰਵੀ ਸ਼ੀਨ ਦਾ ਹੈ। ਇਹ ਫਿਲਮ ਪੰਜ ਦਰਿਆ ਵਿਰਾਸਤ ਫਾਊਂਡੇਸ਼ਨ ਦੀ ਪੇਸ਼ਕਸ਼ ਹੈ ਜੋ ਬਹੁਤ ਜਲਦ ਪੰਜਾਬ ਦੀ ਕਿਸਾਨੀ ਦੀ ਮਾੜੀ ਹਾਲਤ 'ਤੇ ਬਣਾਈ ਗਈ ਦਸਤਾਵੇਜ਼ੀ ਫ਼ਿਲਮ 'ਕਿਸਾਨ ਨਾਸ਼ਕ' ਨਾਲ ਇਕ ਵਾਰ ਫਿਰ ਤੁਹਾਡੀ ਕਚਹਿਰੀ ਵਿਚ ਹਾਜ਼ਰ ਹੋਵੇਗੀ।

JEEWAY PUNJAB

ENTERTAINMENT & 5 STAR INC

ਜੱਸੀ ਬੰਗਾ ਅਤੇ ਪਰਿਵਾਰ ਵਲੋਂ
ਸੱਚੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦੇ
ਗੁਰਪੁਰਬ ਦੀ ਕੋਟਾਨਿ ਕੋਟਿ ਵਧਾਈ



JASSI BANGA & FAMILY

PH : 916-796-5003

ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ

ੴ ਸਤਿਗੁਰ ਪ੍ਰਸਾਦਿ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ

## 542ਵੇਂ ਆਗਮਨ ਪੁਰਬ ਦੀ

# ਬਹੁਤ ਬਹੁਤ ਵਧਾਈ

## ਦੁਨੀਆਂ ਦੇ ਕੋਨੇ-ਕੋਨੇ, ਯੂਬਾ ਸਿਟੀ ਅਤੇ ਬੇ-ਏਰੀਆ ਕੈਲੀਫੋਰਨੀਆ ਵਿਚ ਸਭ ਤੋਂ ਵਧ ਸੁਣਿਆ ਜਾਣ ਵਾਲਾ ਪੰਜਾਬੀ ਰੇਡੀਓ:

# ਰੇਡੀਓ ਚੜ੍ਹਦੀ ਕਲਾ

RADIO CHARDI KALA

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ

DESI WORLD RADIO
Pure Desi Entertainment

*ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ*

### *ਸੰਗਤਾਂ ਤੋਂ ਮੁਆਫੀ*

ਰੇਡੀਓ ਚੜ੍ਹਦੀ ਕਲਾ ਦੇ ਦੁਨੀਆਂ ਭਰ ਵਿਚ ਵਸਦੇ ਸਮੂਹ ਸਰੋਤਿਆਂ ਤੋਂ ਖਿਮਾ ਦੇ ਜਾਚਕ ਹਾਂ ਕਿ ਅਸੀਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਯੂਬਾ ਸਿਟੀ ਦੇ 32ਵੇਂ ਮਹਾਨ ਨਗਰ ਕੀਰਤਨ ਸਮਾਗਮ ਦੌਰਾਨ ਕੀਰਤਨ ਦਾ ਸਿੱਧਾ ਪ੍ਰਸਾਰਣ ਨਹੀਂ ਕਰ ਸਕੇ। ਸਰੋਤਿਆਂ ਦੀ ਜਾਣਕਾਰੀ ਹਿੱਤ ਅਸੀਂ ਇਹ ਦੱਸਣਾ ਮੁਨਾਸਿਬ ਸਮਝਦੇ ਹਾਂ ਇਸ ਦੀ ਵਜ੍ਹਾ ਇਹ ਹੈ ਕਿ ਨਗਰ ਕੀਰਤਨ ਦੀ ਪ੍ਰਬੰਧਕ ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੇ ਜਾਣਬੁੱਝ ਕੇ ਆਪਣੀ ਵੈਬਸਾਈਟ 'ਨਿਰਮਾਣ ਅਧੀਨ' ਦਾ ਬੈਨਰ ਲਾ ਕੇ ਸਾਰੇ ਲੋੜੀਂਦੇ ਕੁਨੈਕਸ਼ਨ ਬੰਦ ਕਰ ਦਿੱਤੇ। ਜਦੋਂ ਇਸ ਸਬੰਧੀ ਕਮੇਟੀ ਨਾਲ ਸੰਪਰਕ ਕੀਤਾ ਗਿਆ ਤਾਂ ਜਨਰਲ ਸਕੱਤਰ ਸ. ਤਜਿੰਦਰ ਸਿੰਘ ਦੁਸਾਂਝ ਦਾ ਜੁਆਬ ਸੀ, "ਸਾਡੇ ਨਜ਼ਦੀਕੀ ਸੱਜਣ ਅਤੇ ਸਾਡੀ ਪਾਰਟੀ ਦੇ ਭਾਈ ਦਾ ਰੇਡੀਓ ਸਟੇਸ਼ਨ ਵੀ ਚਲਦਾ ਹੈ, ਅਸੀਂ ਸਿਰਫ ਤੇ ਸਿਰਫ ਉਸ ਨੂੰ ਹੀ ਕੁਨੈਕਸ਼ਨ ਦਿੱਤਾ ਹੈ, ਬਾਕੀ ਸਭ ਲਈ ਬੰਦ ਹੈ।" ਜਾਹਰ ਹੈ, ਉਨ੍ਹਾਂ ਨੂੰ ਸੰਗਤ ਨਾਲੋਂ ਆਪਣੇ ਭਾਈਵੰਦਾਂ ਦਾ ਵੱਧ ਫਿਕਰ ਹੈ। ਗੁਰਬਾਣੀ ਕੀਰਤਨ ਨਾਲੋਂ ਆਪਣੀਆਂ ਵੋਟਾਂ ਦੀ ਵੱਧ ਚਿੰਤਾ ਹੈ। ਜਦੋਂ ਪ੍ਰਧਾਨ ਭਾਈ ਪਵਿੰਦਰ ਸਿੰਘ ਕਰੀਹਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦਾ ਪਹਿਲਾ ਜੁਆਬ ਸੀ ਕਿ ਪੁੱਛ ਕੇ ਦੱਸਦਾ ਹਾਂ ਕਿ ਵੈਬਸਾਈਟ ਕਿਉਂ ਨਹੀਂ ਚਲਦੀ। ਫਿਰ ਜੁਆਬ ਆਇਆ ਕਿ ਸਾਡੀ ਕਮੇਟੀ ਦਾ ਜੋ ਫੈਸਲਾ ਹੈ ਉਹ ਤੁਹਾਨੂੰ ਸਾਡਾ ਜਨਰਲ ਸਕੱਤਰ ਦੱਸ ਚੁਕਾ ਹੈ।

ਅਸੀਂ ਰੇਡੀਓ ਚੜ੍ਹਦੀ ਕਲਾ ਦੇ ਸਮੂਹ ਸਰੋਤਿਆਂ ਅਤੇ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਰੇਡੀਓ ਚੜ੍ਹਦੀ ਕਲਾ (ਪਹਿਲਾ ਹੋਰ ਨਾਂ ਹੇਠ) ਪਿਛਲੇ ਪੰਦਰਾਂ ਸਾਲ ਤੋਂ ਇਸ ਨਗਰ ਕੀਰਤਨ ਦੌਰਾਨ ਗੁਰਬਾਣੀ ਕੀਰਤਨ ਘਰ ਘਰ ਪਹੁੰਚਾਉਂਦਾ ਆ ਰਿਹਾ ਹੈ। ਪ੍ਰਬੰਧਕਾਂ ਨੂੰ ਪੁੱਛਣਾ ਬਣਦਾ ਹੈ ਕਿ ਉਨ੍ਹਾਂ ਸਿਰਫ ਧੜੇਬੰਦੀ ਨੂੰ ਮੁੱਖ ਰੱਖ ਕੇ ਗੁਰਬਾਣੀ ਕੀਰਤਨ ਦੇ ਪ੍ਰਸਾਰਣ ਲਈ ਕਿਸੇ ਇਕ ਰੇਡੀਓ ਵਿਸ਼ੇਸ਼ ਉਤੇ ਪਾਬੰਦੀ ਕਿਉਂ ਲਾਈ? ਜਿਹੜੇ ਵੀਰ, ਭੈਣਾਂ-ਭਰਾਵਾਂ ਨੇ ਸਾਨੂੰ ਫੋਨ ਕਰਕੇ ਪੁਛਿਆ ਤੇ ਉਲਾਂਭਾ ਦਿੱਤਾ ਕਿ ਅਸੀਂ ਇਸ ਵਾਰ ਯੂਬਾ ਸਿਟੀ ਨਗਰ ਕੀਰਤਨ ਸਮਾਗਮ ਦੌਰਾਨ ਗੁਰਬਾਣੀ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਕਿਉਂ ਨਹੀਂ ਕੀਤਾ? ਉਨ੍ਹਾਂ ਸਭ ਸਰੋਤਿਆਂ ਤੋਂ ਖਿਮਾ ਚਾਹੁੰਦੇ ਹਾਂ ਅਤੇ ਦੱਸਣਾ ਚਾਹੁੰਦੇ ਹਾਂ ਕਿ ਪ੍ਰਬੰਧਕਾਂ ਨੇ ਪ੍ਰਸਾਰਣ ਲਈ ਸਾਨੂੰ ਸਾਧਨ ਹੀ ਨਹੀਂ ਦਿੱਤੇ।

## ਹੋਰ ਜਾਣਕਾਰੀ ਲਈ ਫੋਨ ਕਰੋ

**Gurcharan Singh Mann, Ph:510-557-0061**
**Mann@radiock.com**

**Lakhbir Singh, Ph:510-760-9882**
**Lakhbir@radiock.com**

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*
***Radio CK, PO Box 296, Fremont, CA 94537***

ਰੇਡੀਓ ਚੜ੍ਹਦੀ ਕਲਾ ਦੇ ਸਮੂਹ ਸਰੋਤਿਆਂ, ਵਿਗਿਆਪਕਾਂ, ਗੁਰਬਾਣੀ ਸਪਾਂਸਰਾਂ ਅਤੇ ਸੁਭਚਿੰਤਕਾਂ ਦਾ ਅਦਾਰਾ ਰੇਡੀਓ ਚੜ੍ਹਦੀ ਕਲਾ ਵਲੋਂ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ

ਸਮੂਹ ਗਾਹਕਾਂ, ਸਰਪ੍ਰਸਤਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਗੁਰੂ ਨਾਨਕ ਗੁਰਪੁਰਬ ਦੀ ਲਖ ਲਖ ਵਧਾਈ

# Short Sale Specialist



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**We Can Sell Your Home in Short Sale at No Cost to You**

**For Buying & Selling Residential Property And For Loans**

*Call: Sohanpreet 'Sam' Chahal*

**@916-612-5773**

Serving from Bay Area to Sacramento

**Call for free listing of Reo-Bankowned Properties**

*Multi-Million Dollars Producer-2007, 2008 & 2009*

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

## Golden State Realty

Sacramento Office: 8695 Territorial Way, Elk Grove CA 95624
Tel:916-612-5773 Fax:916-689-5707

ਡਾ. ਮਨਬੀਰ ਸਿੰਘ ਅਤੇ ਪਰਿਵਾਰ ਵਲੋਂ

ਸਮੁੱਚੀ ਲੋਕਾਈ ਨੂੰ ਜਗਤ ਜਲੰਦੇ ਦੇ ਰਾਖੇ
ਪ੍ਰਥਮ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਗੁਰਪੁਰਬ ਦੀ ਲੱਖ ਲੱਖ ਵਧਾਈ




Dr. Manbir Singh
MD. FACP

Mc Farland Location
733, 3rd Street, Mc Farland CA 93250
Tel : 661.792.3097
Fax : 661.792.3095

Bakersfield Location
3905 Hughes Ln, Suite E1, Bakersfield CA 93304
Tel : 661.827.1033
Fax : 661.827.1138

E-mail : manbirsinghmd@hotmail.com

SINGH MEDICAL CLINIC

Dedicated to the Immigration, Citizenship, DMV and other Medical Needs of the Community.

ੴ ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ੴ
ਸਮੂਹ ਸਰਪ੍ਰਸਤਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
ਗੁਰੂ ਨਾਨਕ ਗੁਰਪੁਰਬ ਦੀ ਲੱਖ ਲੱਖ ਵਧਾਈ ਹੋਵੇ ਜੀ

# Golden State Realty

Real Estate and Loans Under One Roof

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

15 & 30 Yr Fixed Rates Are Getting Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**

CA DRE Lic.#01180969, NMLS# 352095

## Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## Hot Listing




4172 Eugene St.
Fremont, CA 94538
3 Bedrooms, 2 Baths,
2 Car Garage
Living Area: 2225 Sq. Ft.
Lot 5500 Sq. Ft.
Offered at $329,000




847 Downing Cir.,
Lincoln, CA 95648
3 Bedrooms,
2.5 Baths,
2 Car Garage
Living Area: 2225 Sq. Ft.
Offered at $180,000



4611 Carmen Way
Union City, CA 94587
4 Bedrooms, 2.5 Baths,
2 Car Garage Living
Area: 2031 Sq. Ft.
Lot 6900 Sq. Ft.
Offered at $449,000



304 Pennyhill drive
San Jose, CA 95127
4 Bedrooms, 3 Baths,
2 Car Garage.
Area 1933 Sq. Ft.
Lot 4500 Sq. Ft
Offered at $450,000



1921 Delafield Way
Sacramento, CA 95835
4 Bedrooms, 3.5 Baths,
3 Car Garage
Area 2734 Sq. Ft.
Lot 6100 Sq. Ft.
Offered at $249,000

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Jaswinder Gill M.Sc (PAU)
CA DRE# 00966763
Broker/Owner/Notary

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings